

# Moving to Indiana?

Contact Ray Dhaliwal @ 317-993-4987

for Free Consultation!!!

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

*Ray Dhaliwal*
*Real Estate Broker*

Helpful in Easy and Accessible Home Loans at low Interest Rates.

CENTURY 21 SCHEETZ
RAYD@C21Scheetz.com



Twenty First Year of Publication | *ਨਿਊ ਯਾਰਕ ਐਡੀਸ਼ਨ* | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 41, October 10, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਖੇਤੀ ਕਾਨੂੰਨ: ਸਿਆਸੀ ਧਿਰਾਂ ਗਿਣਤੀ-ਮਿਣਤੀ 'ਚ ਪਈਆਂ

## ਲੋਕ ਰੋਹ ਨੂੰ ਆਪਣੇ ਵਲ ਕਰਨ ਲਈ ਤਰਲੋਮੱਛੀ; ਚੋਣਾਂ ਵਰਗਾ ਮਾਹੌਲ ਬਣਿਆ

**ਚੰਡੀਗੜ੍ਹ:** ਮੋਦੀ ਸਰਕਾਰ ਵਲੋਂ ਖੇਤੀ ਨਾਲ ਸਬੰਧਤ ਬਣਾਏ ਤਿੰਨ ਨਵੇਂ ਕਾਨੂੰਨਾਂ ਖਿਲਾਫ ਉਠੇ ਰੋਹ ਨੇ ਪੰਜਾਬ ਦਾ ਸਿਆਸੀ ਮਾਹੌਲ ਇਕਦਮ ਭਖਾ ਦਿੱਤਾ ਹੈ। ਪੰਜਾਬ ਵਿਚ ਵਿਧਾਨ ਸਭਾ ਚੋਣਾਂ ਭਾਵੇਂ 2022 ਵਿਚ ਹੋਣੀਆਂ ਹਨ ਪਰ ਸੂਬੇ ਦੀਆਂ ਸਿਆਸੀ ਧਿਰਾਂ ਦੀਆਂ ਸਰਗਰਮੀਆਂ ਨੇ ਚੋਣਾਂ ਵਰਗਾ ਮਾਹੌਲ ਬਣਾ ਦਿੱਤਾ ਹੈ।

ਆਮ ਕਰ ਕੇ ਚੋਣਾਂ ਤੋਂ ਗਿਣਵੇਂ ਦਿਨ ਪਹਿਲਾਂ ਹੀ 'ਦਿੱਲੀ ਵਾਲੇ' ਪੰਜਾਬ ਗੇੜਾ ਮਾਰਦੇ ਹਨ ਪਰ ਭਖਿਆ ਮਾਹੌਲ ਸਿਆਸੀ ਧਿਰਾਂ ਨੂੰ ਲਲਚਾ ਰਿਹਾ ਹੈ। ਕਾਂਗਰਸ ਦੇ ਸਾਬਕਾ ਕੌਮੀ ਪ੍ਰਧਾਨ ਰਾਹੁਲ ਗਾਂਧੀ ਦੀ ਪੰਜਾਬ ਫੇਰੀ ਨੇ ਦੂਜੀਆਂ ਧਿਰਾਂ ਨੂੰ ਵੀ ਮੌਕਾ ਸਾਂਭਣ ਦੀ ਕਾਹਲੀ ਪਾ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਵਲੋਂ ਟਰੈਕਟਰ ਰੈਲੀ ਤੋਂ ਬਾਅਦ ਕਾਂਗਰਸ ਦੇ ਰਾਹੁਲ ਗਾਂਧੀ ਵੀ ਟਰੈਕਟਰਾਂ ਦਾ ਕਾਫਲਾ ਲੈ ਕੇ ਸੜਕਾਂ ਆ ਨਿੱਤਰੇ। 'ਆਪ' ਦੇ ਸੂਬਾ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਭਗਵੰਤ ਮਾਨ ਵੀ ਸ਼ਹਿਰ-ਸ਼ਹਿਰ, ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਇਸ ਕਾਨੂੰਨ ਖਿਲਾਫ ਗ੍ਰਾਮ ਸਭਾ ਸੱਦਣ ਤੇ ਇਸ ਕਾਨੂੰਨ ਨੂੰ ਰੱਦ ਕਰਨ ਦੀ ਅਪੀਲ ਕਰ ਰਹੇ ਹਨ। ਭਾਜਪਾ ਤੋਂ ਇਲਾਵਾ ਬਾਕੀ ਸਾਰੀਆਂ ਹੀ ਸਿਆਸੀ ਪਾਰਟੀਆਂ ਸੱਤਾਧਾਰੀ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ ਤੇ ਵਿਧਾਇਕ ਬੈਂਸ ਭਰਾ ਖੇਤੀ ਕਾਨੂੰਨਾਂ ਖਿਲਾਫ ਉਠੀ ਕਿਸਾਨ ਲਹਿਰ ਨੂੰ ਆਪਣੇ ਵਲ ਉਲਾਰਨ ਲਈ ਤਰਲੋਮੱਛੀ ਜਾਪ ਰਹੇ ਹਨ। ਸਿਆਸੀ ਧਿਰਾਂ ਗੱਲਾਂ ਤਾਂ ਕਿਸਾਨੀ ਬਚਾਉਣ ਲਈ ਹਰ ਕੁਰਬਾਨੀ ਦੇਣ ਦੀਆਂ ਕਰ ਰਹੀਆਂ ਹਨ ਪਰ ਇਹ ਕਾਲੇ ਕਾਨੂੰਨ ਕਿਸਾਨਾਂ ਸਿਰ ਮੜ੍ਹਨ ਲਈ ਆਪਣੀ ਭੂਮਿਕਾ ਬਾਰੇ ਉਠੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਤੋਂ ਅਸਮਰੱਥ ਹਨ।



### ਸਿਆਸੀ ਧਿਰਾਂ ਤੇ ਕਿਸਾਨ ਜਥੇਬੰਦੀਆਂ ਦੀਆਂ ਰਣਨੀਤੀਆਂ...


ਮੋਦੀ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਦਾ ਤੋੜ ਲੱਭਣ ਲਈ ਸਿਆਸੀ ਧਿਰਾਂ ਤੇ ਕਿਸਾਨ ਜਥੇਬੰਦੀਆਂ ਆਪਣੇ ਪੱਧਰ ਉਤੇ ਹਰ ਨੁਕਤਾ ਵਰਤਣ ਦੀ ਕੋਸ਼ਿਸ਼ ਵਿਚ ਜੁਟ ਗਈਆਂ ਹਨ। ਕਿਸਾਨ ਜਥੇਬੰਦੀਆਂ ਨੇ ਜਿਥੇ ਸਿਰਫ ਲੋਕ ਲਹਿਰ ਆਸਰੇ ਹੀ ਲੜਾਈ ਜਿੱਤਣ ਦਾ ਮਨ ਬਣਾ ਲਿਆ ਹੈ, ਉਥੇ ਸਿਆਸੀ ਧਿਰਾਂ ਸੰਵਿਧਾਨ ਤੇ ਕਾਨੂੰਨੀ ਘੇਰਾਬੰਦੀ ਯੋਜਨਾ ਬਣਾ ਰਹੀਆਂ ਹਨ। ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਕਾਂਗਰਸ ਦੀ ਅਗਵਾਈਆਂ ਵਾਲੀਆਂ ਸੂਬਾ ਸਰਕਾਰਾਂ ਨੂੰ ਸੰਵਿਧਾਨ ਦੀ ਧਾਰਾ 254 (2) ਅਨੁਸਾਰ ਰਾਜਾਂ ਅੰਦਰ ਕਾਨੂੰਨ ਬਣਾਉਣ ਦਾ ਸੁਝਾਅ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਦੇਸ਼ ਵਿਚ ਖੇਤਰੀ ਅਤੇ ਫੈਡਰਲ ਢਾਂਚੇ ਦੇ ਨਾਲ ਸਹਿਮਤ ਪਾਰਟੀਆਂ ਦਾ ਇਕ ਫੈਡਰਲ ਫਰੰਟ ਬਣਾਉਣ ਦੀ ਕੋਸ਼ਿਸ਼ ਕਰਨ ਦਾ ਐਲਾਨ ਕੀਤਾ ਹੈ। ਆਮ ਆਦਮੀ ਪਾਰਟੀ ਨੇ ਗ੍ਰਾਮ ਸਭਾਵਾਂ ਦੇ ਮਤੇ ਪਵਾ ਕੇ ਕੇਂਦਰ ਸਰਕਾਰ ਨੂੰ ਭੇਜਣ ਦਾ ਫੈਸਲਾ ਕਰ ਕੇ ਲੋਕਾਂ ਦੀ ਫੈਸਲਾਕੁਨ ਭਾਗੀਦਾਰੀ ਦੀ ਆਵਾਜ਼ ਨੂੰ ਸੰਗਠਿਤ ਰੂਪ ਦੇਣ ਦਾ ਕਦਮ ਉਠਾਇਆ ਹੈ। ਸਿਆਸੀ ਧਿਰਾਂ ਤੇ ਕਿਸਾਨ ਜਥੇਬੰਦੀਆਂ ਦੀਆਂ ਇਨ੍ਹਾਂ ਰਣਨੀਤੀਆਂ ਤੋਂ ਤੈਅ ਹੈ ਕਿ ਆਉਣ ਵਾਲੇ ਦਿਨਾਂ ਵਿਚ ਇਹ ਜੰਗ ਕਾਫੀ ਦਿਲਚਸਪ ਬਣ ਜਾਵੇਗੀ ਤੇ ਮੋਦੀ ਸਰਕਾਰ ਨੂੰ ਖਿੱਚ ਪਾਵੇਗੀ।

ਸ਼੍ਰੋਮਣੀ ਅਕਾਲੀ ਦਲ ਲੰਮੇ ਸਮੇਂ ਤੱਕ ਇਨ੍ਹਾਂ ਕਾਨੂੰਨਾਂ ਨੂੰ ਕਿਸਾਨ-ਪੱਖੀ ਦੱਸਦਾ ਰਿਹਾ। ਕਿਸਾਨਾਂ ਦੇ ਭਾਰੀ ਵਿਰੋਧ ਅਤੇ ਸੰਘਰਸ਼ਮ ਵਾਲਾ ਰੁਖ ਦੇਖ ਕੇ ਦਲ ਦੇ ਪੈਰਾਂ ਹੇਠੋਂ ਸਿਆਸੀ ਜ਼ਮੀਨ ਤਿਲਕਣ ਲੱਗੀ ਤਾਂ ਆਖ ਦਿੱਤਾ ਕਿ ਉਸ ਨੇ ਇਹ ਕਾਨੂੰਨ ਹੁਣੇ ਪੜ੍ਹੇ ਹਨ। ਪੰਜਾਬ ਦੀ ਕਾਂਗਰਸ ਸਰਕਾਰ ਇਨ੍ਹਾਂ ਕਾਨੂੰਨਾਂ ਨੂੰ ਸੰਸਦ ਵਿਚ ਪੇਸ਼ ਕਰਨ ਤੋਂ ਪਹਿਲਾਂ ਸੰਘਰਸ਼ ਕਰ ਰਹੇ ਕਿਸਾਨਾਂ ਉਤੇ ਕਰੋਨਾ ਦਾ ਬਹਾਨਾ ਬਣਾ ਕੇ ਪਰਚੇ ਦਰਜ ਕਰਦੀ ਰਹੀ। ਕਾਨੂੰਨਾਂ ਖਿਲਾਫ ਹੁਣ ਪੰਜਾਬ ਵਿਚ ਮੋਰਚਾ ਲਾਉਣ ਵਾਲੇ ਰਾਹੁਲ ਗਾਂਧੀ ਖੇਤੀ ਬਿੱਲਾਂ ਉਤੇ ਸੰਸਦ ਵਿਚ ਬਹਿਸ ਸਮੇਂ ਗਾਇਬ ਹੋ ਗਏ। ਭਾਜਪਾ ਆਗੂ ਸ਼ਰੇਆਮ ਦਾਅਵਾ ਕਰ ਰਹੇ ਹਨ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਸ ਕਮੇਟੀ ਦਾ ਹਿੱਸਾ ਸਨ, ਜਿਸ ਨੇ ਕਾਨੂੰਨਾਂ ਦੇ ਖਰੜੇ ਦਾ ਅਧਿਐਨ ਕੀਤਾ ਸੀ ਤੇ ਕੈਪਟਨ ਸਰਕਾਰ ਪਹਿਲਾਂ ਇਨ੍ਹਾਂ ਕਾਨੂੰਨਾਂ ਨੂੰ ਲਿਉਣ ਲਈ ਸਹਿਮਤ ਸੀ। ਇਸ ਤੋਂ ਇਲਾਵਾ ਕਾਂਗਰਸ ਦੇ 2019 ਦੇ ਚੋਣ ਮੈਨੀਫੈਸਟੋ ਵਿਚ ਵੀ ਇਨ੍ਹਾਂ ਖੇਤੀ ਬਿੱਲਾਂ ਦਾ ਵੇਰਵਾ ਦਿੱਤਾ ਗਿਆ ਹੈ। ਇਥੋਂ ਤੱਕ ਕਿ ਪੰਜਾਬ ਸਰਕਾਰ ਨੇ ਖੇਤੀ ਆਰਡੀਨੈਂਸਾਂ ਨੂੰ ਰੱਦ ਕਰਨ ਲਈ ਇਕ ਮਤਾ ਪਾਸ ਕੀਤਾ ਸੀ ਪਰ 14 ਸਤੰਬਰ ਤੱਕ ਇਹ ਮਤਾ ਕੇਂਦਰ ਸਰਕਾਰ ਨੂੰ ਭੇਜਿਆ ਹੀ ਨਹੀਂ ਗਿਆ।

ਭਾਜਪਾ ਨੇ ਅਕਾਲੀਆਂ ਨੂੰ ਵੀ ਸਵਾਲ ਕੀਤਾ ਹੈ ਕਿ ਇਨ੍ਹਾਂ ਬਿੱਲਾਂ ਦੇ ਕਾਨੂੰਨ ਬਣਨ ਤੋਂ ਪਹਿਲਾਂ ਉਸ ਨੇ ਕਦੇ ਇਤਰਾਜ਼ ਕੀਤਾ ਸੀ? ਇਹੀ ਸਵਾਲ ਸਿਆਸੀ ਧਿਰਾਂ ਤੋਂ ਕਿਸਾਨ ਜਥੇਬੰਦੀਆਂ ਪੁੱਛ ਰਹੀਆਂ ਹਨ ਪਰ ਸਾਰੀਆਂ ਧਿਰਾਂ ਜਵਾਬ ਤੋਂ ਟਲਣ

*(ਬਾਕੀ ਸਫਾ 6 ਉਤੇ)*


**Tanya`s Beauty Salon**



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave., Jackson Heights, NY 11373
Ph: 718-205-7832





**LEAF XPRESS**
INIANAPOLIS, IN

**Now Hiring!**

We are looking for professional CDL A drivers.
*Newer Model well maintained Trucks and Trailers.
*COMPETITIVE PAY!! HOME EVERY WEEKEND!!
*Atleast 2 years of experience required.

**Call, ISHAN: 317-688-9222**

28-





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਹਾਥਰਸ ਕਾਂਡ ਨੇ ਯੋਗੀ ਸਰਕਾਰ ਦੀ ਨਾਲਾਇਕੀ 'ਤੇ ਖੜ੍ਹੇ ਕੀਤੇ ਸਵਾਲ

**ਨਵੀਂ ਦਿੱਲੀ:** ਉਤਰ ਪ੍ਰਦੇਸ਼ ਵਿਚ ਹਾਥਰਸ ਜ਼ਿਲ੍ਹੇ ਵਿਚ ਸਮੂਹਿਕ ਜਬਰ ਜਨਾਹ ਦੀ ਸ਼ਿਕਾਰ ਹੋਈ 19 ਸਾਲਾ ਲੜਕੀ ਦੀ ਇਲਾਜ ਦੌਰਾਨ ਮੌਤ ਪਿੱਛੋਂ ਪੁਲਿਸ ਵਲੋਂ ਉਸ ਦੇ ਜਬਰੀ ਸਸਕਾਰ ਦੇ ਮਾਮਲੇ ਨੇ ਪੂਰੇ ਮੁਲਕ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸੂਬੇ ਵਿਚ ਇਸ ਦਰਿੰਦਗੀ ਵਾਲੇ ਕਾਰੇ ਖਿਲਾਫ ਰੋਹ ਭਖਿਆ ਹੋਇਆ ਹੈ। ਆਮ ਲੋਕਾਂ ਦੇ ਨਾਲ ਸਿਆਸੀ ਧਿਰਾਂ ਵੀ ਪੀੜਤ ਪਰਿਵਾਰ



ਲਈ ਇਨਸਾਫ ਲਈ ਸੜਕਾਂ ਉਤੇ ਹਨ।

ਪੁਲਿਸ ਇਸ ਗੱਲ ਦਾ ਜਵਾਬ ਦੇਣ ਵਿਚ ਨਾਕਾਮ ਹੈ ਕਿ ਆਖਰ ਅੱਧੀ ਰਾਤ ਨੂੰ ਮਾਪਿਆਂ ਤੋਂ ਬਿਨਾ ਸਸਕਾਰ ਕਰਨ ਪਿੱਛੇ ਕੀ ਮਜਬੂਰੀ ਸੀ। ਮਾਤਾ-ਪਿਤਾ ਅਤੇ ਭਰਾ ਨੂੰ ਲੜਕੀ ਦਾ ਮੂੰਹ ਤੱਕ ਨਹੀਂ ਦੇਖਣ ਦਿੱਤਾ ਗਿਆ। ਪ੍ਰਸ਼ਾਸਨ ਮੀਡੀਆ ਸਾਹਮਣੇ ਸਭ ਕੁਝ ਠੀਕ ਹੋਣ ਦਾ ਪ੍ਰਭਾਵ ਦੇਣ ਵਿਚ ਰੁੱਝਾ ਹੋਇਆ ਹੈ। ਪੁਲਿਸ ਦਾ ਕਹਿਣਾ ਹੈ ਕਿ ਮੁਲਜ਼ਮ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਅਤੇ ਜਾਂਚ ਜਾਰੀ ਹੈ ਪਰ ਵਧੀਕ ਡੀ.ਜੀ.ਪੀ. ਨੇ ਫੋਰੈਂਸਿਕ ਰਿਪੋਰਟ ਦੇ ਹਵਾਲੇ ਨਾਲ ਇਹ ਕਿਹਾ ਹੈ ਕਿ ਲੜਕੀ ਨਾਲ ਜਬਰ ਜਨਾਹ ਨਹੀਂ ਹੋਇਆ।

ਇਸ ਕੇਸ ਨੂੰ ਲੈ ਕੇ ਸਭ ਪਾਸੇ ਤੋਂ ਸੂਬੇ ਦੀ ਅਦਿੱਤਿਆਨਾਥ ਯੋਗੀ ਦੀ ਸਰਕਾਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

14 ਸਤੰਬਰ ਨੂੰ ਦਰਿੰਦਿਆਂ ਨੇ ਸਮੂਹਿਕ ਜਬਰ ਜਨਾਹ ਕਰਕੇ ਇਸ ਲੜਕੀ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ ਸੀ ਅਤੇ ਉਸ ਦੀ ਜੀਭ ਵੀ ਕੱਟ ਦਿੱਤੀ ਸੀ। 16 ਦਿਨ ਤੱਕ ਉਹ ਲੜਕੀ ਪਹਿਲਾਂ ਅਲੀਗੜ੍ਹ ਦੇ ਮੈਡੀਕਲ ਕਾਲਜ ਦੇ ਹਸਪਤਾਲ ਵਿਚ ਦਾਖਲ ਰਹੀ ਅਤੇ ਬਾਅਦ ਵਿਚ ਉਸ ਨੂੰ ਦਿੱਲੀ ਦੇ ਸਫਦਰਗੰਜ ਹਸਪਤਾਲ ਵਿਚ ਲਿਜਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ।

ਜੇਕਰ ਅੰਕੜਿਆਂ ਦੀ ਗੱਲ ਕਰੀਏ ਤਾਂ ਉਤਰ ਪ੍ਰਦੇਸ਼ ਇਕ ਅਜਿਹਾ ਸੂਬਾ ਹੈ ਜੋ ਅਜਿਹੀਆਂ ਵਾਰਦਾਤਾਂ ਕਰਕੇ ਅੱਜ ਦੇਸ਼ ਵਿਚ ਪਹਿਲੇ ਨੰਬਰ ਉਤੇ ਆ ਚੁੱਕਾ ਹੈ। ਪਿਛਲੇ ਅਗਸਤ ਦੇ ਮਹੀਨੇ ਵਿਚ ਵੀ ਇਥੇ ਦੇ ਮਹਾਰਾਜਗੰਜ ਜ਼ਿਲ੍ਹੇ ਦੀ ਇਕ ਬਾਰਾਂ ਸਾਲਾਂ ਦੀ ਮਾਸੂਮ ਬੱਚੀ ਨਾਲ ਜਬਰ ਜਨਾਹ ਕਰਕੇ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ। ਅਗਸਤ ਦੇ ਮਹੀਨੇ ਵਿਚ ਬੁਲੰਦ ਸ਼ਹਿਰ ਵਿਚ ਇਕ ਅਮਰੀਕਾ ਪੜ੍ਹਨ ਜਾ ਰਹੀ ਲੜਕੀ ਨਾਲ ਛੇੜਛਾੜ ਦੀ ਘਟਨਾ ਵਾਪਰੀ ਸੀ। ਆਪਣਾ ਬਚਾਅ ਕਰਦੀ ਉਸ ਲੜਕੀ ਨਾਲ ਵਾਪਰੇ ਹਾਦਸੇ ਕਰਕੇ ਉਸ ਦੀ ਮੌਤ ਹੋ ਗਈ ਸੀ। 16 ਅਗਸਤ ਨੂੰ ਉੱਤਰ ਪ੍ਰਦੇਸ਼ ਦੇ ਹੀ ਲਖੀਮਪੁਰ ਖੀਰੀ ਜ਼ਿਲ੍ਹੇ ਵਿਚ ਇਕ 13 ਸਾਲਾ ਲੜਕੀ ਦੀ ਜਬਰ ਜਨਾਹ ਕਰਨ ਤੋਂ ਬਾਅਦ ਬੇਰਹਿਮੀ ਨਾਲ ਗਲਾ ਘੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ। ਹਾਲੇ ਹਾਥਰਸ ਸਮੂਹਿਕ ਜਬਰ ਜਨਾਹ ਦਾ ਹਾਦਸਾ ਵਾਪਰ ਹੀ ਰਿਹਾ ਸੀ ਕਿ ਉੱਤਰ ਪ੍ਰਦੇਸ਼ ਦੇ ਹੀ ਬਲਰਾਮਪੁਰ ਵਿਚ ਅਜਿਹੀ ਹੀ ਇਕ ਹੋਰ ਦਰਿੰਦਗੀ ਦਾ ਮਾਮਲਾ ਸਾਹਮਣੇ ਆਇਆ। ਇਥੇ ਦੋਸ਼ੀਆਂ ਨੇ ਇਕ 22 ਸਾਲਾ ਵਿਦਿਆਰਥਣ ਨਾਲ ਕਈ ਘੰਟਿਆਂ ਤੱਕ ਜਬਰ ਜਨਾਹ ਕਰਨ ਤੋਂ ਬਾਅਦ ਬੇਰਹਿਮੀ ਨਾਲ ਉਸ ਦੀ ਕੁੱਟਮਾਰ ਕੀਤੀ। ਦੋਸ਼ੀਆਂ ਨੇ ਇਹ ਵਾਰਦਾਤ ਕਰਨ ਪਿੱਛੋਂ ਪੀੜਤਾ ਨੂੰ ਰਿਕਸ਼ੇ 'ਤੇ ਬਿਠਾ ਕੇ ਉਸ ਦੇ ਘਰ ਭੇਜ ਦਿੱਤਾ। ਘਰ ਪਹੁੰਚਣ ਤੋਂ ਕੁਝ ਦੇਰ ਬਾਅਦ ਹੀ ਉਸ ਦੀ ਮੌਤ ਹੋ ਗਈ। ਲੜਕੀ ਨੇ ਮਰਨ ਤੋਂ ਪਹਿਲਾਂ ਆਪਣੀ ਮਾਂ ਨੂੰ ਦੱਸਿਆ ਸੀ ਕਿ ਦੋਸ਼ੀਆਂ ਨੇ ਉਸ ਨੂੰ ਟੀਕਾ ਲਗਾ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਸੀ।

ਲਗਾਤਾਰ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਨੇ ਇਸ ਪ੍ਰਦੇਸ਼ ਵਿਚ ਵਿਗੜ ਰਹੀ ਅਮਨ ਅਤੇ ਕਾਨੂੰਨ ਦੀ ਸਥਿਤੀ ਦਾ ਖੁਲਾਸਾ ਕੀਤਾ ਹੈ। ਇਸ ਦਾ ਅਸਰ ਸੂਬਾ ਸਰਕਾਰ 'ਤੇ ਪੈਣਾ ਲਾਜ਼ਮੀ ਹੈ। ਹਾਥਰਸ ਸਮੂਹਿਕ ਜਬਰ ਜਨਾਹ ਦੀ ਪੀੜਤਾ 16 ਦਿਨ ਤੱਕ ਜ਼ਿੰਦਗੀ ਅਤੇ ਮੌਤ ਦਰਮਿਆਨ ਹੀ ਲਟਕਦੀ ਰਹੀ ਸੀ। ਇਸ ਸਾਰੇ ਸਮੇਂ ਦੌਰਾਨ ਪੁਲਿਸ ਨੇ ਦੋਸ਼ੀਆਂ ਖਿਲਾਫ ਸਖਤ ਧਾਰਾਵਾਂ ਲਗਾਉਣ ਤੋਂ ਆਨਾਕਾਨੀ ਕੀਤੀ ਸੀ। ਬਾਅਦ ਵਿਚ ਲਗਾਤਾਰ ਦਬਾਅ ਵਧਣ ਕਰਕੇ ਉਸ ਨੇ ਗੰਭੀਰ ਧਾਰਾਵਾਂ ਅਧੀਨ ਸਾਰੇ ਕੇਸ ਦਰਜ ਕੀਤੇ ਸਨ। ਦਿੱਲੀ ਵਿਚ ਵਾਪਰੇ ਨਿਰਭੈਆ ਕਾਂਡ ਤੋਂ ਬਾਅਦ ਸੰਸਦ ਨੇ ਅਜਿਹੇ ਅਪਰਾਧਾਂ ਸਬੰਧੀ ਕਾਨੂੰਨਾਂ ਨੂੰ ਬੇਹੱਦ ਸਖਤ ਕਰ ਦਿੱਤਾ ਸੀ ਤਾਂ ਜੋ ਅਜਿਹੇ ਜੁਰਮ ਕਰਨ ਵਾਲੇ ਅਪਰਾਧੀਆਂ ਦੇ ਮਨਾਂ ਅੰਦਰ ਡਰ ਪੈਦਾ ਹੋਵੇ ਪਰ ਹੈਰਾਨੀ ਇਸ ਗੱਲ ਦੀ ਹੈ ਕਿ ਅੱਜ ਵੀ ਅਜਿਹੇ ਕਾਰੇ ਕਰਨ ਵਾਲਿਆਂ ਦੇ ਮਨਾਂ 'ਚ ਸਖਤ ਕਾਨੂੰਨਾਂ ਦਾ ਭੈਅ ਦਿਖਾਈ ਨਹੀਂ ਦਿੰਦਾ।

## ਸ਼ਰਨ ਮੰਗਣ ਵਾਲਿਆਂ ਨੂੰ ਐਂਟਲਾਟਿਕ ਟਾਪੂ 'ਤੇ ਭੇਜਣ ਦੀ ਤਜਵੀਜ਼

**ਲੰਡਨ:** ਬਰਤਾਨਵੀ ਸਰਕਾਰ ਨੇ ਮੁਲਕ ਵਿਚ ਸ਼ਰਨ ਮੰਗਣ ਵਾਲਿਆਂ ਨੂੰ ਐਂਟਲਾਟਿਕ ਸਾਗਰ ਵਿਚ ਦੂਰ ਦੁਰਾਡੇ ਜਵਾਲਮੁਖੀ ਟਾਪੂ ਉਤੇ ਭੇਜਣ ਦੀ ਤਜਵੀਜ਼ ਤਿਆਰ ਕੀਤੀ ਹੈ। ਐਟਲਾਂਟਿਕ ਸਾਗਰ ਯੂ.ਕੇ. ਤੋਂ 4000 ਮੀਲ ਲਗਭਗ 6435 ਕਿਲੋਮੀਟਰ ਦੂਰ ਹੈ।

ਆਲੋਚਕਾਂ ਨੇ ਬਰਤਾਨਵੀ ਸਰਕਾਰ ਦੀ ਇਸ ਯੋਜਨਾ ਨੂੰ ਗੈਰ ਮਨੁੱਖੀ ਅਤੇ 'ਬੁਰਾ ਸੁਪਨਾ' ਕਰਾਰ ਦਿੱਤਾ ਹੈ। 'ਦਿ ਫਾਇਨਾਂਸ਼ੀਅਲ ਟਾਈਮਜ਼' ਦੀ ਰਿਪੋਰਟ ਮੁਤਾਬਕ ਬਰਤਾਨੀਆ ਦੀ ਗ੍ਰਹਿ ਸਕੱਤਰ ਪ੍ਰੀਤੀ ਪਟੇਲ ਨੇ ਇਕ ਸਰਕਾਰੀ ਹੁਕਮ ਵਿਚ ਆਸੈਨਸ਼ਨ ਟਾਪੂ ਉਤੇ ਮੁਲਕ ਵਿਚ ਸ਼ਰਨ ਮੰਗਣ ਵਾਲਿਆਂ ਲਈ ਪ੍ਰੋਸੈਸਿੰਗ ਕੇਂਦਰ ਦੀ ਉਸਾਰੀ ਸਬੰਧੀ ਸਬੰਧੀ ਸੰਭਾਵਨਾਵਾਂ ਦੀ ਤਲਾਸ਼ ਕਰਨ ਲਈ ਕਿਹਾ ਹੈ।

## ਬਿਹਾਰ ਚੋਣਾਂ: ਐਨ. ਡੀ. ਏ. ਵਿਚੋਂ ਬਾਹਰ ਹੋਈ ਲੋਕ ਜਨਸ਼ਕਤੀ ਪਾਰਟੀ

**ਨਵੀਂ ਦਿੱਲੀ:** ਲੋਕ ਜਨਸ਼ਕਤੀ ਪਾਰਟੀ (ਐਲ.ਜੇ.ਪੀ.) ਨੇ ਐਲਾਨ ਕੀਤਾ ਹੈ ਕਿ ਉਹ ਬਿਹਾਰ ਵਿਚ ਨਿਤੀਸ਼ ਕੁਮਾਰ ਦੀ ਅਗਵਾਈ 'ਚ ਵਿਧਾਨ ਸਭਾ ਚੋਣ ਨਹੀਂ ਲੜੇਗੀ। ਇਸ ਤਰ੍ਹਾਂ ਬਿਹਾਰ ਵਿਚ ਚਿਰਾਗ ਪਾਸਵਾਨ ਦੀ ਪਾਰਟੀ ਇਕ ਤਰ੍ਹਾਂ ਨਾਲ ਐਨ.ਡੀ.ਏ. ਵਿਚੋਂ ਬਾਹਰ ਹੋ ਗਈ ਹੈ।

ਇਸ ਦੀ ਥਾਂ ਪਾਰਟੀ ਦੇ ਸੰਸਦੀ ਬੋਰਡ ਦੀ ਮੀਟਿੰਗ ਵਿਚ ਭਾਜਪਾ ਨਾਲ ਗੱਠਜੋੜ ਦੇ ਹੱਕ ਵਿਚ ਮਤਾ ਪਾਸ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਵਿਧਾਇਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਮਜ਼ਬੂਤ ਕਰਨ ਲਈ ਕੰਮ ਕਰਨਗੇ। ਐਲ.ਜੇ.ਪੀ. ਨੇ ਐਲਾਨ ਕੀਤਾ ਹੈ ਕਿ ਪਾਰਟੀ ਜੇਡੀ (ਯੂ) ਉਮੀਦਵਾਰਾਂ ਖਿਲਾਫ ਚੋਣ ਲੜੇਗੀ। ਲੋਕ ਜਨਸ਼ਕਤੀ ਪਾਰਟੀ ਨੇ ਕਿਹਾ ਕਿ ਉਹ ਭਵਿੱਖ ਵਿਚ ਭਾਜਪਾ ਦੀ ਸਰਕਾਰ ਬਿਹਾਰ ਵਿਚ ਦੇਖਣਾ ਚਾਹੁੰਦੇ ਹਨ। ਪਾਰਟੀ ਨੇ ਬਿਆਨ ਵਿਚ ਕਿਹਾ ਕਿ ਬਿਹਾਰ ਵਿਚ ਉਨ੍ਹਾਂ ਦੇ ਜੇਡੀ (ਯੂ) ਨਾਲ ਵਿਚਾਰਧਾਰਕ ਵਖ਼ਰੇਵੇਂ ਹਨ। ਇਸ ਲਈ ਸੂਬੇ ਵਿਚ ਉਹ ਐਨ.ਡੀ.ਏ. ਨਾਲ ਜੁੜ ਕੇ ਚੋਣਾਂ ਨਹੀਂ ਲੜਨਗੇ। ਚਿਰਾਗ ਨੇ ਕਿਹਾ ਕਿ ਪਾਰਟੀ ਇਕੱਲੇ ਲੜੇਗੀ ਤੇ ਜਿੱਤੇਗੀ। ਹਾਲਾਂਕਿ ਐਲ.ਜੇ.ਪੀ. ਕੇਂਦਰ ਵਿਚ ਐਨ.ਡੀ.ਏ. ਦੀ ਭਾਈਵਾਲ ਬਣੀ ਰਹੇਗੀ। ਪਾਰਟੀ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਹ ਭਾਜਪਾ ਉਮੀਦਵਾਰਾਂ ਖਿਲਾਫ ਚੋਣ ਨਹੀਂ ਲੜਨਗੇ। ਐਲ.ਜੇ.ਪੀ. ਨੇ ਕਿਹਾ ਕਿ ਉਹ 243 ਸੀਟਾਂ ਵਿਚੋਂ 143 ਉਤੇ ਚੋਣ ਲੜਨਗੇ। ਭਾਜਪਾ ਪਹਿਲਾਂ ਹੀ ਐਲਾਨ ਕਰ ਚੁੱਕੀ ਹੈ ਕਿ ਬਿਹਾਰ ਵਿਚ ਐਨ.ਡੀ.ਏ. ਨਿਤੀਸ਼ ਕੁਮਾਰ ਦੀ ਅਗਵਾਈ ਵਿਚ ਚੋਣਾਂ ਲੜੇਗਾ। ਚੋਣ ਕਮਿਸ਼ਨ ਨੇ ਬਿਹਾਰ ਚੋਣਾਂ 'ਚ ਖਰਚ ਦੀ ਨਿਗਰਾਨੀ ਲਈ ਭਾਰਤੀ ਰੈਵੇਨਿਊ ਸੇਵਾਵਾਂ ਦੇ ਦੋ ਸਾਬਕਾ ਅਧਿਕਾਰੀਆਂ ਨੂੰ ਵਿਸ਼ੇਸ਼ ਨਿਗਰਾਨ ਨਿਯੁਕਤ ਕੀਤਾ ਹੈ। ਸੇਵਾਮੁਕਤ ਆਈ.ਆਰ.ਐਸ. ਅਧਿਕਾਰੀ ਮਧੂ ਮਹਾਜਨ ਤੇ ਬੀਆਰ ਬਾਲਾਕ੍ਰਿਸ਼ਨਨ ਚੋਣਾਂ ਦੌਰਾਨ ਵੋਟਰਾਂ ਨੂੰ ਪੈਸੇ ਨਾਲ ਭਰਮਾਉਣ, ਸ਼ਰਾਬ ਤੇ ਹੋਰ ਚੀਜ਼ਾਂ ਰਾਹੀਂ ਆਪਣੇ ਨਾਲ ਜੋੜਨ ਲਈ ਕੀਤੇ ਜਾਣ ਵਾਲੇ ਕਿਸੇ ਵੀ ਯਤਨ ਦੀ ਨਿਗਰਾਨੀ ਕਰਨਗੇ। ਬਿਹਾਰ ਵਿਚ ਵਿਧਾਨ ਸਭਾ ਚੋਣਾਂ ਤਿੰਨ ਗੇੜਾਂ ਵਿਚ 28 ਅਕਤੂਬਰ ਤੋਂ ਸ਼ੁਰੂ ਹੋਣਗੀਆਂ।






## ਭਾਰਤੀ ਸਰਹੱਦ 'ਚ ਦਾਖਲ ਹੋਇਆ ਪਾਕਿਸਤਾਨੀ ਡਰੋਨ

**ਡੇਰਾ ਬਾਬਾ ਨਾਨਕ:** ਪਾਕਿਸਤਾਨ ਵਲੋਂ ਭਾਰਤੀ ਸਰਹੱਦ ਅੰਦਰ ਭੇਜੇ ਗਏ ਡਰੋਨ ਨੂੰ ਬੀ.ਐਸ.ਐਫ. ਦੇ ਮੁਸਤੈਦ ਜਵਾਨਾਂ ਨੇ ਘੇਰ ਲਿਆ। ਭਾਰਤੀ ਸਰਹੱਦ ਅੰਦਰ ਦਾਖਲ ਹੋਏ ਇਸ ਡਰੋਨ ਉੱਪਰ ਜਵਾਨਾਂ ਵਲੋਂ ਫਾਇਰਿੰਗ ਕੀਤੀ ਗਈ, ਪਰ ਇਹ ਡਰੋਨ ਪਾਕਿਸਤਾਨ ਵਾਲੇ ਪਾਸੇ ਪਰਤਣ 'ਚ ਕਾਮਯਾਬ ਹੋ ਗਿਆ।

ਜਾਣਕਾਰੀ ਦਿੰਦਿਆਂ ਐਸ.ਐਸ.ਪੀ. ਬਟਾਲਾ ਰਛਪਾਲ ਸਿੰਘ ਨੇ ਦੱਸਿਆ ਕਿ ਤੜਕਸਾਰ ਕਰੀਬ 1 ਵਜੇ ਭਾਰਤ-ਪਾਕਿ ਸਰਹੱਦ ਨਜ਼ਦੀਕ ਵਸੇ ਪਿੰਡ ਗੋਲਾ ਢੋਲਾ ਅਤੇ ਸ਼ਹਿਜਾਦਾ ਦੇ ਇਲਾਕੇ ਅੰਦਰ ਡਰੋਨ ਦੀ ਆਵਾਜ਼ ਸੁਣੀ ਗਈ, ਜਿਸ 'ਤੇ ਕੌਮਾਂਤਰੀ ਸਰਹੱਦ ਉੱਪਰ ਗਸ਼ਤ ਕਰ ਰਹੇ ਬੀ.ਐਸ.ਐਫ. ਦੇ ਜਵਾਨ ਚੌਕੰਨੇ ਹੋ ਗਏ। ਭਾਵੇਂ ਇਹ ਡਰੋਨ ਸਪਸ਼ਟ ਦਿਖਾਈ ਨਹੀਂ ਦਿੱਤਾ, ਪਰ ਬੀ.ਐਸ.ਐਫ. ਦੇ ਜਵਾਨਾਂ ਵਲੋਂ ਆਵਾਜ਼ ਵਾਲੀ ਦਿਸ਼ਾ ਨੂੰ ਕੀਤੀ ਗਈ ਫਾਇਰਿੰਗ ਦੌਰਾਨ ਇਹ ਡਰੋਨ ਪਾਕਿਸਤਾਨ ਵਾਲੇ ਪਾਸੇ ਨੂੰ ਪਰਤ ਗਿਆ।

ਉਨ੍ਹਾਂ ਦੱਸਿਆ ਕਿ ਕਰੀਬ 3 ਵਜੇ ਮੁੜ ਇਸ ਡਰੋਨ ਨੇ ਭਾਰਤੀ ਸਰਹੱਦ ਅੰਦਰ ਦਾਖਲ ਹੋਣ ਦਾ ਯਤਨ ਕੀਤਾ, ਪਰ ਮੁਸਤੈਦ ਜਵਾਨਾਂ ਵਲੋਂ ਕੀਤੀ ਗਈ ਫਾਇਰਿੰਗ ਦੌਰਾਨ ਇਹ ਡਰੋਨ ਪਾਕਿਸਤਾਨ ਵਾਲੇ ਪਾਸੇ ਨੂੰ ਜਾਣ 'ਚ ਕਾਮਯਾਬ ਰਿਹਾ।

ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਭਾਰੀ ਪੁਲਿਸ ਫੋਰਸ ਨਾਲ ਮੌਕੇ ਉਤੇ ਪਹੁੰਚੇ ਐਸ.ਐਸ.ਪੀ. ਰਛਪਾਲ ਸਿੰਘ ਦੀ ਅਗਵਾਈ 'ਚ ਬੀ.ਐਸ.ਐਫ. ਤੇ ਪੁਲਿਸ ਦੇ ਦਰਜਨਾਂ ਜਵਾਨਾਂ ਵਲੋਂ ਸਾਂਝੇ ਤੌਰ 'ਤੇ ਕੌਮਾਂਤਰੀ ਸਰਹੱਦ ਨੇੜਲੇ ਪਿੰਡਾਂ, ਝੋਨੇ ਤੇ ਕਮਾਦ ਦੇ ਖੇਤਾਂ ਤੋਂ ਇਲਾਵਾ ਸੰਵੇਦਨਸ਼ੀਲ ਥਾਵਾਂ ਅੰਦਰ ਤਲਾਸ਼ੀ ਅਭਿਆਨ ਚਲਾਇਆ ਗਿਆ।

## ਹੁਣ ਨਵੀਂ ਤਕਨਾਲੋਜੀ ਨਾਲ ਹੋਵੇਗਾ ਪਰਾਲੀ ਦੀ ਸਮੱਸਿਆ ਨਾਲ ਟਾਕਰਾ

**ਨਵੀਂ ਦਿੱਲੀ:** ਹਰ ਵਰ੍ਹੇ ਪਰਾਲੀ ਸਾੜੇ ਜਾਣ ਕਾਰਨ ਆਬੋ-ਹਵਾ ਪ੍ਰਦੂਸ਼ਿਤ ਹੋਣ ਉਤੇ ਦਿੱਲੀ ਅਤੇ ਗੁਆਂਢੀ ਸੂਬਿਆਂ ਪੰਜਾਬ, ਹਰਿਆਣਾ, ਯੂਪੀ ਤੇ ਰਾਜਸਥਾਨ ਵਲੋਂ ਇਸ ਵਰ੍ਹੇ ਪੂਸਾ ਐਗਰੀਕਲਚਰਲ ਇੰਸਟੀਚਿਊਟ ਤਰਫੋਂ ਵਿਕਸਤ ਨਵੀਂ ਤਕਨਾਲੋਜੀ ਦੀ ਵਰਤੋਂ ਕੀਤੀ ਜਾਵੇਗੀ।

ਕੇਂਦਰੀ ਵਾਤਾਵਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਇਸ ਤਹਿਤ ਪਰਾਲੀ ਨੂੰ ਖੇਤਾਂ 'ਚ ਹੀ ਖਤਮ ਕਰ ਦਿੱਤਾ ਜਾਵੇਗਾ। ਉਨ੍ਹਾਂ ਫਸਲ ਦੀ ਰਹਿੰਦ-ਖੂੰਹਦ ਨੂੰ ਸਾੜੇ ਜਾਣ ਤੋਂ ਪਹਿਲਾਂ ਉਠਾਏ ਗਏ ਇਹਤਿਆਤੀ ਕਦਮਾਂ ਅਤੇ ਤਿਆਰੀਆਂ ਬਾਰੇ ਜਾਇਜ਼ਾ ਲਿਆ ਗਿਆ। ਸ੍ਰੀ ਜਾਵੜੇਕਰ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿਚ ਪਰਾਲੀ ਨੂੰ ਅੱਗ ਲਾਏ ਜਾਣ ਦੇ ਮਾਮਲੇ ਭਾਵੇਂ ਘਟੇ ਹਨ ਪਰ ਇਸ ਮੁੱਦੇ ਨਾਲ ਸਿੱਝਣ ਲਈ ਅਜੇ ਬਹੁਤ ਕੁਝ ਕੀਤੇ ਜਾਣ ਦੀ ਲੋੜ ਹੈ। ਕਰੀਬ ਇਕ ਘੰਟੇ ਲੰਬੀ ਚੱਲੀ ਮੀਟਿੰਗ ਦੀ ਪ੍ਰਧਾਨਗੀ ਕਰਨ ਮਗਰੋਂ ਸ੍ਰੀ ਜਾਵੜੇਕਰ ਨੇ ਕਿਹਾ ਕਿ ਸਾਰੇ ਪੰਜ ਸੂਬਿਆਂ ਨੇ ਆਪਣੀ ਕਾਰਜ ਯੋਜਨਾ ਦੇ ਵੇਰਵੇ ਦਿੱਤੇ ਹਨ ਅਤੇ ਦਿੱਲੀ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਸਭ ਤੋਂ ਜ਼ਿਆਦਾ ਪ੍ਰਦੂਸ਼ਿਤ 13 ਸਥਾਨਾਂ ਉਤੇ ਧਿਆਨ ਕੇਂਦਰਤ ਕਰੇ। ਆਈ.ਸੀ.ਏ.ਆਰ. ਅਤੇ ਪੂਸਾ ਦੀ ਤਕਨਾਲੋਜੀ ਇਸ ਸਾਲ ਸੂਬਿਆਂ 'ਚ ਤਜਰਬੇ ਦੇ ਆਧਾਰ ਉਤੇ ਵਰਤੀ ਜਾਵੇਗੀ।

## 100 ਰੁਪਏ ਕੁਇੰਟਲ ਦੇਣਾ ਵਿਹਾਰਕ ਬਦਲ ਨਹੀਂ

**ਨਵੀਂ ਦਿੱਲੀ:** ਵਾਤਾਵਰਨ ਪ੍ਰਦੂਸ਼ਣ ਰੋਕਥਾਮ ਅਥਾਰਟੀ (ਈ.ਪੀ.ਸੀ.ਏ.) ਨੇ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ ਪਰਾਲੀ ਨਾ ਸਾੜਨ ਲਈ ਕਿਸਾਨਾਂ ਨੂੰ ਉਤਪਾਦਿਤ ਝੋਨੇ ਦੇ ਪ੍ਰਤੀ ਕੁਇੰਟਲ 100 ਰੁਪਏ ਉਤਸ਼ਾਹਿਤ ਰਾਸ਼ੀ ਦੇਣਾ ਵਿਵਹਾਰਕ ਬਦਲ ਨਹੀਂ ਹੋ ਸਕਦਾ। ਅਥਾਰਟੀ ਵਲੋਂ ਸੁਪਰੀਮ ਕੋਰਟ 'ਚ ਪੇਸ਼ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੇਕਰ ਇਹ ਜ਼ਰੂਰੀ ਹੈ ਤਾਂ ਇਸ ਤਰ੍ਹਾਂ ਦੀ ਉਤਸ਼ਾਹਿਤ ਰਾਸ਼ੀ ਸੂਬਾ ਸਰਕਾਰਾਂ ਨੂੰ ਆਪਣੇ ਬਜਟ 'ਚੋਂ ਦੇਣੀ ਚਾਹੀਦੀ ਹੈ।

ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਸੁਪਰੀਮ ਕੋਰਟ ਦੇ ਆਦੇਸ਼ ਦੀ ਪਾਲਣਾ ਕਰਦਿਆਂ ਪੰਜਾਬ ਤੇ ਹਰਿਆਣਾ ਸਰਕਾਰ ਨੇ ਪਿਛਲੇ ਸਾਲ ਛੋਟੇ ਤੇ ਦਰਮਿਆਨੇ ਕਿਸਾਨਾਂ ਲਈ 2500 ਰੁਪਏ ਪ੍ਰਤੀ ਏਕੜ ਬੋਨਸ ਦਾ ਐਲਾਨ ਕੀਤਾ ਸੀ। ਅਥਾਰਟੀ ਨੇ ਕਿਹਾ ਕਿ ਜੇਕਰ ਇਹ ਜ਼ਰੂਰੀ ਹੈ ਤਾਂ ਅਜਿਹੀ ਉਤਸ਼ਾਹਿਤ ਰਾਸ਼ੀ ਸੂਬਾ ਸਰਕਾਰਾਂ ਨੂੰ ਆਪਣੇ ਬਜਟ 'ਚੋਂ ਦੇਣੀ ਚਾਹੀਦੀ ਹੈ।

# ਭਾਜਪਾ ਆਗੂਆਂ ਅਤੇ ਕਾਰਪੋਰੇਟ ਘਰਾਣਿਆਂ ਦੀ ਚੁਫੇਰਿਓਂ ਘੇਰਾਬੰਦੀ

## ਘਰਾਂ ਵਿਚੋਂ ਨਿਕਲਣ ਤੋਂ ਟਲਣ ਲੱਗੇ ਭਾਜਪਾ ਆਗੂ



**ਅੰਮ੍ਰਿਤਸਰ:** ਖੇਤੀ ਕਾਨੂੰਨਾਂ ਖਿਲਾਫ ਕਿਸਾਨ ਜਥੇਬੰਦੀਆਂ ਵਲੋਂ ਕੀਤੇ ਜਾ ਰਹੇ ਸੰਘਰਸ਼ ਤਹਿਤ ਭਾਜਪਾ ਆਗੂਆਂ ਦੀ ਘੇਰਾਬੰਦੀ ਕਾਰਨ ਪੰਜਾਬ ਵਿਚ ਭਾਜਪਾ ਆਗੂਆਂ ਦੀਆਂ ਗਤੀਵਿਧੀਆਂ ਠੱਪ ਹੋ ਗਈਆਂ ਹਨ। ਰਾਜ ਸਭਾ ਮੈਂਬਰ ਸ਼ਵੇਤ ਮਲਿਕ ਦੇ ਘਰ ਦੇ ਬਾਹਰ ਅਣਮਿਥੇ ਸਮੇਂ ਲਈ ਧਰਨੇ ਉਤੇ ਬੈਠੇ ਕਿਸਾਨ ਆਗੂਆਂ ਨੇ ਦਾਅਵਾ ਕੀਤਾ ਹੈ ਕਿ ਖੇਤੀ ਕਾਨੂੰਨਾਂ ਖਿਲਾਫ 31 ਕਿਸਾਨ ਜਥੇਬੰਦੀਆਂ ਦੇ ਸੱਦੇ ਉਤੇ ਭਾਜਪਾ ਆਗੂਆਂ ਖਿਲਾਫ ਦਿੱਤੇ ਜਾ ਰਹੇ ਧਰਨਿਆਂ ਕਾਰਨ ਭਾਜਪਾ ਆਗੂ ਘਰਾਂ ਵਿਚੋਂ ਨਿਕਲਣ ਤੋਂ ਟਲ ਰਹੇ ਹਨ।

ਕਿਸਾਨਾਂ ਵਲੋਂ ਜਿਥੇ ਭਾਜਪਾ ਆਗੂਆਂ ਦਾ ਬਾਈਕਾਟ ਤੇ ਉਨ੍ਹਾਂ ਨੂੰ ਕਾਲੇ ਝੰਡੇ ਦਿਖਾਉਣ ਦਾ ਸਿਲਸਿਲਾ ਜਾਰੀ ਹੈ, ਉਥੇ ਹੀ ਰਿਲਾਇੰਸ ਦੇ ਪੰਪਾਂ ਦਾ ਬਾਈਕਾਟ ਕੀਤਾ ਜਾ ਰਿਹਾ ਹੈ ਤੇ ਜੀਓ ਦੇ ਸਿਮ ਸਾੜੇ ਜਾ ਰਹੇ ਹਨ। ਕੁਝ ਕਿਸਾਨਾਂ ਵਲੋਂ ਅਸਹਿਯੋਗ ਅੰਦੋਲਨ ਦਾ ਐਲਾਨ ਕੀਤਾ ਗਿਆ ਹੈ। ਕਿਸਾਨ ਪਰਾਲੀ ਨੂੰ ਅੱਗ ਲਾ ਕੇ ਅਸਹਿਯੋਗ ਅੰਦੋਲਨ ਦੀ ਸ਼ੁਰੂਆਤ ਕਰਨਗੇ।

ਕਿਸਾਨਾਂ ਦੇ ਰੋਹ ਦਾ ਮੁਹਾਣ ਹੁਣ ਪੂਰੀ ਤਰ੍ਹਾਂ ਕੇਂਦਰ 'ਚ ਸੱਤਾ-ਨਸ਼ੀਨ ਭਾਰਤੀ ਜਨਤਾ ਪਾਰਟੀ ਤੇ ਵੱਡੇ ਕਾਰਪੋਰੇਟ ਘਰਾਣਿਆਂ ਵਲ ਹੈ। ਬਠਿੰਡਾ 'ਚ ਕਿਸਾਨ ਕਾਫਲੇ ਨੇ ਭਾਜਪਾ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦਾ ਪੁਤਲਾ ਚੁੱਕ ਕੇ ਸ਼ਹਿਰ 'ਚ ਰੋਸ ਮਾਰਚ ਕੀਤਾ। ਬੁਲਾਰਿਆਂ ਨੇ ਲੋਕਾਂ ਦੇ ਰੂ-ਬ-ਰੂ ਹੁੰਦਿਆਂ ਮੋਦੀ ਸਰਕਾਰ ਨੂੰ ਫਾਸ਼ੀਵਾਦ ਦੀ ਜਨਮਦਾਤੀ ਆਖਿਆ। ਆਗੂਆਂ ਨੇ ਕੇਂਦਰ 'ਤੇ ਜੰਮੂ-ਕਸ਼ਮੀਰ ਦੇ ਟੋਟੇ ਕਰਨ, ਨਾਗਰਿਕਤਾ ਕਾਨੂੰਨ 'ਚ ਸੋਧ ਕਰਕੇ ਘੱਟ ਗਿਣਤੀਆਂ ਨੂੰ ਖੂੰਜੇ ਲਾਏ ਜਾਣ, ਬੁੱਧੀਜੀਵੀ ਤਬਕੇ ਨੂੰ ਝੂਠਿਆਂ ਕੇਸਾਂ 'ਚ ਜੇਲ੍ਹਾਂ ਵਿਚ ਬੰਦ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਹੁਣ ਇਹ ਅੱਗ ਵਧ ਕੇ ਕਿਸਾਨਾਂ ਦੇ ਘਰਾਂ 'ਚ ਆ ਗਈ ਹੈ।

ਬੁਲਾਰਿਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਦੇਸ਼ ਵਿਚੋਂ ਹਿਟਲਰਸ਼ਾਹੀ ਦਾ ਅੰਤ ਕਰਨ ਲਈ ਤਾਨਾਸ਼ਾਹ ਹਾਕਮਾਂ ਨੂੰ ਮੂੰਹ ਦੀ ਖੁਆਉਣ ਲਈ ਸੰਘਰਸ਼ ਦੇ ਅਖਾੜੇ ਵਿਚ ਪੈਰ ਧਰਨ।

31 ਕਿਸਾਨ ਯੂਨੀਅਨਾਂ ਦੇ ਇਸ ਬੇਮਿਆਦੀ ਅੰਦੋਲਨ ਤਹਿਤ ਬੀ.ਕੇ.ਯੂ. (ਉਗਰਾਹਾਂ) ਨੇ ਜ਼ਿਲ੍ਹਾ ਬਠਿੰਡਾ 'ਚ ਲਹਿਰਾ ਬੇਗਾ, ਪਥਰਾਲਾ ਅਤੇ ਰਾਮਪੁਰਾ ਵਿਚ ਰਿਲਾਇੰਸ ਪੈਟਰੋਲ ਪੰਪਾਂ ਉਤੇ ਧਰਨੇ ਲਾ ਕੇ ਕਾਰੋਬਾਰ ਠੱਪ ਕਰ ਦਿੱਤੇ। ਇਸੇ ਤਰ੍ਹਾਂ ਬਠਿੰਡਾ 'ਚ ਵੱਡੇ ਵਪਾਰਕ ਘਰਾਣਿਆਂ ਦੇ ਇਕ ਸ਼ਾਪਿੰਗ ਮਾਲ ਅਤੇ ਬੈਸਟ ਪ੍ਰਾਈਸ ਅੱਗੇ ਧਰਨੇ ਪ੍ਰਦਰਸ਼ਨ ਕੀਤੇ। ਬਠਿੰਡਾ-ਅੰਮ੍ਰਿਤਸਰ ਮਾਰਗ ਉਤੇ ਪਿੰਡ ਜੀਦਾ ਅਤੇ ਬਠਿੰਡਾ-ਚੰਡੀਗੜ੍ਹ ਸੜਕ ਉਤੇ ਲਹਿਰਾ ਬੇਗਾ ਟੋਲ ਪਲਾਜ਼ਿਆਂ 'ਤੇ ਧਰਨੇ ਲਾ ਕੇ ਟੋਲ ਵਸੂਲੀ ਰੋਕ ਦਿੱਤੀ ਗਈ ਹੈ। ਬਣਾਂਵਾਲੀ ਦੇ ਨਿੱਜੀ ਥਰਮਲ ਪਲਾਂਟ ਅੱਗੇ ਵੀ ਜਥੇਬੰਦੀ ਦੇ ਵਰਕਰਾਂ ਵਲੋਂ ਅਣਮਿਥੇ ਸਮੇਂ ਦਾ ਧਰਨਾ ਲਾਇਆ ਗਿਆ ਹੈ। ਵਿਖਾਵਾਕਾਰੀ ਕਿਸਾਨ ਧਰਨਿਆਂ ਵਾਲੀ ਥਾਂ 'ਤੇ ਰੱਖੇ ਪ੍ਰਧਾਨ ਮੰਤਰੀ ਅਤੇ ਕਾਰਪੋਰੇਟਾਂ ਦੀਆਂ ਫਲੈਕਸ ਤਸਵੀਰਾਂ 'ਤੇ ਕੁਝ ਕੁ ਵਕਫੇ ਨਾਲ ਛਿੱਤਰ ਮਾਰ ਕੇ ਰੋਸ ਜਤਾ ਰਹੇ ਹਨ।

## ਅਡਾਨੀ ਕਣਕ ਭੰਡਾਰ ਅੱਗੇ ਅਣਮਿਥੇ ਸਮੇਂ ਲਈ ਧਰਨਾ

**ਮੋਗਾ:** ਖੇਤੀ ਸੋਧ ਕਾਨੂੰਨ ਖਿਲਾਫ ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਸੂਬਾਈ ਆਗੂ ਸੁਖਦੇਵ ਸਿੰਘ ਕੋਕਰੀ ਦੀ ਅਗਵਾਈ ਹੇਠ ਕਿਸਾਨਾਂ ਨੇ ਮੋਗਾ-ਫਿਰੋਜ਼ਪੁਰ ਕੌਮੀ ਮਾਰਗ 'ਤੇ ਪਿੰਡ ਡਗਰੂ ਵਿਚ 2.25 ਲੱਖ ਮੀਟਰਿਕ ਟਨ ਸਮਰਥਾ ਵਾਲੇ ਅਡਾਨੀ ਆਧੁਨਿਕ ਤਕਨੀਕ ਕਣਕ ਭੰਡਾਰ ਦੇ ਗੇਟ ਅੱਗੇ ਅਣਮਿਥੇ ਸਮੇਂ ਲਈ ਧਰਨਾ ਲਗਾ ਦਿੱਤਾ ਹੈ। ਜਥੇਬੰਦੀ ਨੇ ਕਿਹਾ ਕਿ ਕਾਰਪੋਰੇਟ ਘਰਾਣਿਆਂ ਨੂੰ ਪੰਜਾਬ ਦੀ ਧਰਤੀ 'ਤੇ ਪੈਰ ਨਹੀਂ ਰੱਖਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਮੁਲਕ ਦੇ ਸਾਰੇ ਮਾਲ ਖਜ਼ਾਨੇ ਬਹੁਕੌਮੀ ਕੰਪਨੀਆਂ ਤੇ ਉਨ੍ਹਾਂ ਦੇ ਦੇਸੀ ਦਲਾਲਾਂ ਅੰਬਾਨੀ ਅਡਾਨੀ ਵਰਗੇ ਕਾਰਪੋਰੇਟ ਕਾਰੋਬਾਰੀਆਂ ਨੂੰ ਸੰਭਾਲਣ 'ਤੇ ਤੁਲੀ ਹੋਈ ਹੈ। ਇਸ ਲਈ ਜਿਥੇ ਇਕ ਪਾਸੇ ਭਾਜਪਾ ਆਗੂਆਂ ਨੂੰ ਘੇਰ ਕੇ ਲੋਕ ਰੋਹ ਦਾ ਸੇਕ ਚਾੜ੍ਹਨਾ ਜ਼ਰੂਰੀ ਹੈ, ਉਥੇ ਨਾਲ ਹੀ ਕਾਰਪੋਰੇਟ ਘਰਾਣਿਆਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਹੁਣ ਉਨ੍ਹਾਂ ਦੇ ਲੋਟੂ ਕਾਰੋਬਾਰ ਵੀ ਲੋਕ ਰੋਹ ਦੇ ਨਿਸ਼ਾਨੇ 'ਤੇ ਆਉਣਗੇ।

## ਭਾਜਪਾ ਨੇ ਕਿਸਾਨਾਂ ਨਾਲ ਗੱਲਬਾਤ ਲਈ ਕਮੇਟੀ ਬਣਾਈ

**ਲੁਧਿਆਣਾ:** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਵਲੋਂ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਕਰਨ ਲਈ 8 ਮੈਂਬਰੀ ਕਮੇਟੀ ਕਾਇਮ ਕੀਤੀ ਗਈ ਹੈ, ਜੋ ਕਾਨੂੰਨ ਸਬੰਧੀ ਕਿਸਾਨਾਂ ਵਿਚ ਪਾਏ ਜਾ ਰਹੇ ਸ਼ੰਕਿਆਂ ਬਾਰੇ ਜਾਣਕਾਰੀ ਹਾਸਲ ਕਰੇਗੀ। ਸ੍ਰੀ ਸ਼ਰਮਾ ਨੇ ਦੱਸਿਆ ਕਿ ਸਾਬਕਾ ਮੰਤਰੀ ਸੁਰਜੀਤ ਜਿਆਣੀ ਦੀ ਅਗਵਾਈ ਹੇਠ ਕਾਇਮ ਕੀਤੀ ਕਮੇਟੀ ਨੂੰ 10 ਦਿਨਾਂ ਦੇ ਅੰਦਰ ਸੰਘਰਸ਼ਸ਼ੀਲ ਸਮੁੱਚੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਖੇਤੀ ਕਾਨੂੰਨਾਂ ਸਬੰਧੀ ਗੱਲਬਾਤ ਕਰਕੇ ਰਿਪੋਰਟ ਤਿਆਰ ਕਰਕੇ ਭੇਜਣ ਲਈ ਕਿਹਾ ਗਿਆ ਹੈ। ਰਿਪੋਰਟ ਉਪਰੰਤ ਭਾਜਪਾ ਹਾਈਕਮਾਨ ਨਾਲ ਗੱਲਬਾਤ ਕੀਤੀ ਜਾਵੇਗੀ।

## ਜਥੇਦਾਰ ਨੇ ਧਰਨੇ 'ਤੇ ਬੈਠੇ ਅੰਮ੍ਰਿਤਧਾਰੀ ਨੌਜਵਾਨਾਂ ਨੂੰ ਹੱਲਾਸ਼ੇਰੀ ਦਿੱਤੀ




**ਅੰਮ੍ਰਿਤਸਰ:** ਨਵੇਂ ਬਣਾਏ ਗਏ ਖੇਤੀ ਕਾਨੂੰਨਾਂ ਦਾ ਸੰਸਦ ਭਵਨ ਦੇ ਬਾਹਰ ਵਿਰੋਧ ਕਰ ਰਹੇ ਪੰਜ ਗੁਰਸਿਖ ਨੌਜਵਾਨਾਂ ਨੂੰ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੌਕੇ ਉਤੇ ਜਾ ਕੇ ਥਾਪੜਾ ਦਿੱਤਾ ਅਤੇ ਸਿਰੋਪਾਉ ਭੇਟ ਕਰ ਕੇ ਉਨ੍ਹਾਂ ਦਾ ਹੌਸਲਾ ਵਧਾਇਆ। ਰੋਪੜ ਜ਼ਿਲ੍ਹੇ ਨਾਲ ਸਬੰਧਤ ਇਹ ਗੁਰਸਿੱਖ ਨੌਜਵਾਨ ਪਿਛਲੇ ਕਈ ਦਿਨਾਂ ਤੋਂ ਸੰਸਦ ਅੱਗੇ ਖੇਤੀ ਕਾਨੂੰਨਾਂ ਖਿਲਾਫ ਧਰਨਾ ਦੇ ਰਹੇ ਹਨ। ਦਿੱਲੀ ਪੁੱਜੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਜਦੋਂ ਇਨ੍ਹਾਂ ਨੌਜਵਾਨਾਂ ਵਲੋਂ ਕਿਸਾਨ ਹੱਕ ਵਿਚ ਦਿੱਤੇ ਜਾ ਰਹੇ ਧਰਨੇ ਬਾਰੇ ਪਤਾ ਲੱਗਾ ਤਾਂ ਉਹ ਇਨ੍ਹਾਂ ਨੌਜਵਾਨਾਂ ਨੂੰ ਥਾਪੜਾ ਦੇਣ ਲਈ ਉਥੇ ਪਹੁੰਚ ਗਏ।

ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਗੁਰਦੁਆਰਾ ਰਕਾਬਗੰਜ ਵਿਖੇ ਦਰਸ਼ਨ ਕਰਨ ਆਏ ਸਨ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਪੰਜਾਬ ਦੇ ਇਹ ਪੰਜ ਅੰਮ੍ਰਿਤਧਾਰੀ ਨੌਜਵਾਨ ਸੰਸਦ ਭਵਨ ਦੇ ਸਾਹਮਣੇ ਕਿਸਾਨਾਂ ਦੇ ਹਿੱਤਾਂ ਲਈ ਧਰਨੇ ਉਤੇ ਬੈਠੇ ਹੋਏ ਹਨ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਦਾ ਇਹ ਫੈਸਲਾ ਕਿਸਾਨ ਹਿੱਤਾਂ ਦੇ ਖਿਲਾਫ ਹੈ, ਜਿਸ ਕਰਕੇ ਦੇਸ਼ ਦੇ ਕਿਸਾਨ ਸੰਘਰਸ਼ ਦੇ ਰਾਹ ਉਤੇ ਆ ਗਏ ਹਨ ਤੇ ਇਨ੍ਹਾਂ ਅੰਮ੍ਰਿਤਧਾਰੀ

## ਪਰਵਾਸੀ ਪੰਜਾਬੀ ਵੀ ਕਿਸਾਨੀ ਸੰਘਰਸ਼ ਦੇ ਹੱਕ 'ਚ ਨਿੱਤਰੇ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਵਿਦੇਸ਼ਾਂ ਵਿਚ ਬੈਠੇ ਪਰਵਾਸੀ ਪੰਜਾਬੀਆਂ ਵਿਚ ਵੀ ਰੋਹ ਹੈ। ਵੱਖ-ਵੱਖ ਮੁਲਕਾਂ ਵਿਚਲੇ ਪਰਵਾਸੀ ਪੰਜਾਬੀ, ਪੰਜਾਬ ਵਿਚ ਚੱਲ ਰਹੇ ਕਿਸਾਨ ਅੰਦੋਲਨ ਦੇ ਹੱਕ ਵਿਚ ਹਾਅ ਦੇ ਨਾਅਰੇ ਮਾਰਨ ਲੱਗ ਪਏ ਹਨ। ਲਗਭਗ ਅੱਧੀ ਦਰਜਨ ਦੇਸ਼ਾਂ ਵਿਚ ਕਿਸਾਨਾਂ ਦੇ ਅੰਦੋਲਨ ਦੀ ਹਮਾਇਤ 'ਚ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ ਨੇ ਦੱਸਿਆ ਕਿ ਪਰਵਾਸੀ ਪੰਜਾਬੀ ਕਿਸਾਨੀ ਅੰਦੋਲਨ ਦਾ ਸਾਥ ਦੇ ਰਹੇ ਹਨ।

ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਚ ਪੰਜਾਬ ਦੇ ਕਿਸਾਨਾਂ ਦੇ ਹੱਕ ਵਿਚ 11 ਅਕਤੂਬਰ ਨੂੰ ਸਮੂਹ ਜਥੇਬੰਦੀਆਂ ਵਲੋਂ ਰੈਲੀ ਕੀਤੀ ਜਾ ਰਹੀ ਹੈ। ਫਰਾਂਸ ਵਿਚ ਵੀ 'ਕਿਸਾਨ ਬਚਾਓ-ਪੰਜਾਬ ਬਚਾਓ' ਦੇ ਨਾਅਰੇ ਹੇਠ ਰੋਸ ਮਾਰਚ ਕੱਢਿਆ ਗਿਆ। ਪੰਜਾਬੀਆਂ ਨੂੰ ਇਕੱਠੇ ਕਰਨ ਲਈ 8 ਬੱਸਾਂ ਦਾ ਪ੍ਰਬੰਧ ਕੀਤਾ ਗਿਆ ਸੀ। ਪੰਜਾਬੀਆਂ ਨੂੰ ਰੋਸ ਮਾਰਚ ਵਿਚ ਪਰਿਵਾਰਾਂ ਸਮੇਤ ਆਉਣ ਦੀ ਅਪੀਲ ਕੀਤੀ ਗਈ ਸੀ। ਇਟਲੀ ਦੇ ਸ਼ਹਿਰ ਮਿਲਾਨ ਵਿਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਨਾਲ ਸਬੰਧਤ ਪਰਵਾਸੀ ਪੰਜਾਬੀਆਂ ਨੇ ਸੜਕਾਂ ਉਤੇ ਆ ਕੇ ਰੋਸ ਮੁਜ਼ਾਹਰੇ ਕੀਤੇ।

ਅਮਰੀਕਾ ਦੇ ਸੂਬੇ ਕੈਲੀਫੋਰਨੀਆ ਰਹਿੰਦੇ ਪੰਜਾਬੀਆਂ ਵਲੋਂ ਕਿਸਾਨਾਂ ਦੇ ਹੱਕ ਵਿਚ ਸਾਂ ਫਰਾਂਸਿਸਕੋ ਸਥਿਤ ਭਾਰਤੀ ਕੌਂਸਲੇਟ (ਅੰਬੈਸੀ) ਦੇ ਬਾਹਰ ਰੋਸ ਮੁਜ਼ਾਹਰਾ ਕੀਤਾ ਗਿਆ। ਅਕਾਲੀ ਦਲ (ਅੰਮ੍ਰਿਤਸਰ) ਦੇ ਸੂਬਾਈ ਆਗੂ ਅਤੇ ਸਰਕਲ ਪ੍ਰਧਾਨ ਜਥੇਦਾਰ ਸੁਲੱਖਣ ਸਿੰਘ ਸ਼ਾਹਕੋਟ ਨੇ ਅਮਰੀਕਾ ਤੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦੌਰਾਨ ਕਾਲੇ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ ਗਈ।

ਇਟਲੀ ਦੇ ਸ਼ਹਿਰ ਮਾਨਤੋਵਾ ਵਿਚ ਕੀਤੇ ਗਏ ਮੁਜ਼ਾਹਰੇ 'ਚ ਵੱਡੀ ਗਿਣਤੀ ਵਿਚ ਭਾਰਤੀ ਭਾਈਚਾਰੇ ਦੇ ਲੋਕ ਸ਼ਾਮਲ ਹੋਏ, ਜਿਨ੍ਹਾਂ ਨੇ ਭਾਰਤ ਸਰਕਾਰ ਵਲੋਂ ਦੇਸ਼ ਵਿਚ ਲਾਗੂ ਕੀਤੇ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਖਿਲਾਫ ਨਾਅਰੇਬਾਜ਼ੀ ਕੀਤੀ। ਇਹ ਰੋਸ ਮੁਜ਼ਾਹਰਾ ਇਟਲੀ 'ਚ ਵਸਦੇ ਭਾਰਤੀ ਲੋਕਾਂ ਵਲੋਂ ਸਾਂਝੇ ਤੌਰ ਉਤੇ ਕੀਤਾ ਗਿਆ, ਜਿਸ ਵਿਚ ਚਿਤਾਵਨੀ ਦਿੱਤੀ ਗਈ ਕਿ ਜੇਕਰ ਭਾਰਤ ਸਰਕਾਰ ਨੇ ਇਨ੍ਹਾਂ ਕਾਨੂੰਨਾਂ 'ਤੇ ਮੁੜ ਵਿਚਾਰ ਨਾ ਕੀਤੀ ਤਾਂ ਲਗਾਤਾਰ ਮੁਜ਼ਾਹਰੇ ਕੀਤੇ ਜਾਣਗੇ।

## ਐਸ.ਪੀ.ਸਿੰਘ ਓਬਰਾਏ ਪੰਜਾਬ ਜੇਲ੍ਹ ਵਿਕਾਸ ਬੋਰਡ ਦੇ ਮੈਂਬਰ ਨਿਯੁਕਤ



**ਅੰਮ੍ਰਿਤਸਰ:** ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਵਲੋਂ ਮਨੁੱਖਤਾ ਦੀ ਭਲਾਈ ਲਈ ਕਾਰਜਸ਼ੀਲ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ.ਐਸ.ਪੀ.ਸਿੰਘ ਓਬਰਾਏ ਨੂੰ ਪੰਜਾਬ ਜੇਲ੍ਹ ਵਿਕਾਸ ਬੋਰਡ ਦਾ ਗੈਰ ਸਰਕਾਰੀ ਮੈਂਬਰ ਨਿਯੁਕਤ ਕੀਤਾ ਗਿਆ ਹੈ। ਟਰੱਸਟ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਨੋਟੀਫਿਕੇਸ਼ਨ ਪੰਜਾਬ ਸਰਕਾਰ ਦੇ ਵਧੀਕ ਮੁੱਖ ਸਕੱਤਰ ਆਰ. ਵੈਂਕਟਰਤਨਮ ਵਲੋਂ ਜਾਰੀ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਉਘੇ ਸਮਾਜ ਸੇਵਕ ਡਾ.ਐਸ.ਪੀ. ਸਿੰਘ ਓਬਰਾਏ ਵਲੋਂ ਪੰਜਾਬ ਦੀਆਂ ਸਮੁੱਚੀਆਂ ਜੇਲ੍ਹਾਂ ਅੰਦਰ ਕੈਦੀਆਂ ਦੀ ਬਿਹਤਰੀ ਲਈ ਵੱਡੇ ਆਰ.ਓ.ਸਿਸਟਮ, ਕੰਪਿਊਟਰ ਸੈਂਟਰ, ਸਿਲਾਈ ਸੈਂਟਰ, ਲਾਇਬ੍ਰੇਰੀਆਂ, ਮਹਿਲਾ ਕੈਦੀਆਂ ਦੇ ਛੋਟੇ ਬੱਚਿਆਂ ਦੀ ਸਾਂਭ ਸੰਭਾਲ ਲਈ ਬਾਲ ਘਰ ਖੋਲ੍ਹੇ ਗਏ ਹਨ। ਉਨ੍ਹਾਂ ਵਲੋਂ ਹਰ ਜੇਲ੍ਹ ਅੰਦਰ ਆਟਾ ਗੁੰਨ੍ਹਣ ਵਾਲੀਆਂ ਮਸ਼ੀਨਾਂ ਵੀ ਦਿੱਤੀਆਂ ਗਈਆਂ ਹਨ।

# ਸਿਆਸੀ ਆਗੂਆਂ ਦੀ ਕਾਰਪੋਰੇਟ ਘਰਾਣਿਆਂ ਨਾਲ ਭਾਈਵਾਲੀ ਦੀ ਖੁੱਲ੍ਹੀ ਪੋਲ



**ਚੰਡੀਗੜ੍ਹ:** ਪੰਜਾਬ ਵਿਚ ਰਿਲਾਇੰਸ ਦੇ ਮਾਲਕ ਮੁਕੇਸ਼ ਅੰਬਾਨੀ ਦੇ ਪੈਟਰੋਲ ਪੰਪਾਂ ਨੂੰ ਦਰਜਨਾਂ ਸਿਆਸੀ ਆਗੂ ਚਲਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲ ਇਸ ਵੇਲੇ ਰਿਲਾਇੰਸ ਕੰਪਨੀ ਦੇ ਦੋ ਪੈਟਰੋਲ ਪੰਪ ਹਨ। ਵੇਰਵਿਆਂ ਅਨੁਸਾਰ ਪੰਜਾਬ ਵਿਚ ਰਿਲਾਇੰਸ ਦੇ 85 ਪੈਟਰੋਲ ਪੰਪ ਹਨ, ਜਿਨ੍ਹਾਂ 'ਚੋਂ 35 ਪੰਪ ਖੁਦ ਕੰਪਨੀ ਚਲਾ ਰਹੀ ਹੈ। ਪੂਰੇ ਮੁਲਕ ਵਿਚ ਰਿਲਾਇੰਸ ਕੰਪਨੀ ਦੇ 1394 ਤੇਲ ਹਨ, ਜਿਨ੍ਹਾਂ 'ਚੋਂ 50 ਪੈਟਰੋਲ ਪੰਪ ਹਰਿਆਣਾ ਵਿਚ ਵੀ ਹਨ।

ਬਾਦਲ ਪਰਿਵਾਰ ਦਾ ਜ਼ਿਲ੍ਹਾ ਮੁਕਤਸਰ ਵਿਚ ਪਿੰਡ ਰੁਪਾਣਾ ਕੋਲ ਰਿਲਾਇੰਸ ਪੰਪ ਹੈ, ਜਿਥੇ ਤੇਲ ਦੀ ਵਿਕਰੀ ਹੁਣ ਪੰਜ ਸੌ ਲਿਟਰ ਘਟ ਗਈ ਹੈ। ਦੂਸਰਾ ਪੰਪ ਬਠਿੰਡਾ ਜ਼ਿਲ੍ਹੇ ਦੇ ਪਿੰਡ ਡੂਮਵਾਲੀ ਕੋਲ ਹੈ। ਡੂਮਵਾਲੀ ਕੋਲ ਇਸ ਰਿਲਾਇੰਸ ਪੰਪ 'ਤੇ ਕਿਸਾਨਾਂ ਨੇ ਧਰਨਾ ਦਿੱਤਾ ਹੈ। ਬੀਕੇਯੂ (ਉਗਰਾਹਾਂ) ਵਲੋਂ ਖੇਤੀ ਕਾਨੂੰਨ ਬਣਨ ਮਗਰੋਂ ਅੰਬਾਨੀ ਦੇ ਕਾਰੋਬਾਰਾਂ ਦੇ ਅੱਗੇ ਧਰਨੇ ਦਿੱਤੇ ਜਾ ਰਹੇ ਹਨ। ਕਿਸਾਨਾਂ ਨੇ ਪੰਜਾਬ ਵਿਚ 15 ਤੇਲ ਪੰਪਾਂ ਉਤੇ ਧਰਨੇ ਦਿੱਤੇ ਹਨ। ਬਾਦਲ ਪਰਿਵਾਰ ਦੇ ਇਨ੍ਹਾਂ ਤੇਲ ਪੰਪਾਂ ਤੋਂ ਕਿਸਾਨ ਵੀ ਹਾਲੇ ਤੱਕ ਅਣਜਾਣ ਹੀ ਹਨ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਲੜਕੇ ਰਵੀ ਬਾਜਵਾ ਕੋਲ ਵੀ ਰਿਲਾਇੰਸ ਦਾ ਤੇਲ ਪੰਪ ਹੈ, ਜੋ ਕੱਥੂਨੰਗਲ ਵਿਚ ਹੈ।

ਰਵੀ ਬਾਜਵਾ ਨੇ ਦੱਸਿਆ ਕਿ ਹੁਣ ਤੇਲ ਦੀ ਵਿਕਰੀ ਉਤੇ ਕਰੀਬ 30 ਫੀਸਦੀ ਦਾ ਅਸਰ ਪਿਆ ਹੈ ਅਤੇ ਗੱਡੀਆਂ ਜਾਮ ਵਿਚ ਫਸਣ ਕਰਕੇ ਤੇਲ ਪੰਪ ਡਰਾਈ ਵੀ ਹੋ ਗਿਆ ਹੈ। ਸਾਬਕਾ ਮੰਤਰੀ ਰਮਨ ਭੱਲਾ ਦੇ ਪਰਿਵਾਰ ਕੋਲ ਵੀ ਗੁਰਦਾਸਪੁਰ ਦੇ ਪਿੰਡ ਸਰਨਾ ਵਿਚ ਰਿਲਾਇੰਸ ਦਾ ਪੈਟਰੋਲ ਪੰਪ ਹੈ। ਸਾਬਕਾ ਮੁੱਖ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ ਦਾ ਵੀ ਭਗਤਾ ਭਾਈਕਾ ਵਿਖੇ ਰਿਲਾਇੰਸ ਦਾ ਪੰਪ ਹੈ। ਇਸ ਪੰਪ ਦੇ ਮੈਨੇਜਰ ਕਮਲ ਅਗਰਵਾਲ ਨੇ ਦੱਸਿਆ ਕਿ ਡੀਜ਼ਲ ਦੀ ਵਿਕਰੀ 25 ਤੋਂ 40 ਫੀਸਦੀ ਘੱਟ ਗਈ ਹੈ।

ਫਤਹਿਗੜ੍ਹ ਸਾਹਿਬ ਵਿਚ ਵੀ ਇਕ ਪੰਥਕ ਆਗੂ ਦਾ ਰਿਲਾਇੰਸ ਪੈਟਰੋਲ ਪੰਪ ਹੈ। ਜ਼ਿਲ੍ਹਾ ਮੁਕਤਸਰ ਦੇ ਇਕ ਸਾਬਕਾ ਐਮ.ਐਲ.ਏ. ਕੋਲ ਵੀ ਰਿਲਾਇੰਸ ਦੇ ਸ਼ੇਅਰ ਹਨ। ਗੜ੍ਹਸ਼ੰਕਰ ਵਿਚ ਵੀ ਇਕ ਪੁਰਾਣੇ ਅਕਾਲੀ ਅਤੇ ਮੌਜੂਦਾ ਕਾਂਗਰਸੀ ਆਗੂ ਕੋਲ ਰਿਲਾਇੰਸ ਦਾ ਪੰਪ ਹੈ। ਮਾਨਸਾ ਜ਼ਿਲ੍ਹੇ ਵਿਚ ਇਕ ਕਾਂਗਰਸੀ ਆਗੂ ਦਾ ਤੇਲ ਪੰਪ ਹੈ।

## ਭਾਜਪਾ ਆਗੂਆਂ ਦੇ ਘਰ ਘੇਰ ਕੇ ਸੁੱਤੀ ਜ਼ਮੀਰ ਜਗਾਵਾਂਗੇ: ਬੈਂਸ

**ਲੁਧਿਆਣਾ:** ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਦੱਸਿਆ ਕਿ ਖੇਤੀ ਵਿਰੋਧੀ ਕਾਨੂੰਨਾਂ ਸਬੰਧੀ ਲੋਕ ਇਨਸਾਫ ਪਾਰਟੀ ਵਲੋਂ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ, ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਸਨੀ ਦਿਓਲ, ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਸੋਮ ਪ੍ਰਕਾਸ਼ ਤੇ ਰਾਜ ਸਭਾ ਮੈਂਬਰ ਅਤੇ ਸਾਬਕਾ ਪੰਜਾਬ ਪ੍ਰਧਾਨ ਸ਼ਵੇਤ ਮਲਿਕ ਦੇ ਘਰਾਂ ਦਾ ਘਿਰਾਓ ਕੀਤਾ ਜਾਵੇਗਾ। ਬੈਂਸ ਨੇ ਕਿਹਾ ਕਿ ਕਿਸਾਨ ਉਨ੍ਹਾਂ ਦੀ ਜਿਥੇ ਵੀ ਡਿਊਟੀ ਲਾਉਣਗੇ, ਉਹ ਧਰਨਾ ਦੇਣ ਜਾਣਗੇ। ਰਾਹੁਲ ਗਾਂਧੀ ਦੇ ਪੰਜਾਬ ਦੌਰੇ ਬਾਰੇ ਉਨ੍ਹਾਂ ਕਿਹਾ ਕਿ ਜਦੋਂ ਲਿਪ ਵਰਕਰਾਂ ਨੇ ਸਾਈਕਲ ਰੈਲੀ ਕੱਢੀ ਸੀ ਤਾਂ ਉਨ੍ਹਾਂ ਖਿਲਾਫ ਕੇਸ ਦਰਜ ਕੀਤੇ ਗਏ, ਕੀ ਕੈਪਟਨ ਅਮਰਿੰਦਰ ਸਿੰਘ ਹੁਣ ਰਾਹੁਲ ਗਾਂਧੀ ਖਿਲਾਫ ਵੀ ਧਰਨਾ ਪ੍ਰਦਰਸ਼ਨ ਕਰਨ ਜਾਂ ਰੈਲੀ ਕਰਨ ਦਾ ਕੇਸ ਦਰਜ ਕਰਨਗੇ।

# ਭਾਜਪਾ ਨੇ ਵੀ ਪੁਰਾਣੇ ਭਾਈਵਾਲਾਂ ਖਿਲਾਫ ਖੁੱਲ੍ਹੀ ਸਿਆਸੀ ਜੰਗ ਛੇੜੀ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਨੇ ਆਪਣੇ ਪੁਰਾਣੇ ਭਾਈਵਾਲਾਂ ਖਿਲਾਫ ਖੁੱਲ੍ਹੀ ਸਿਆਸੀ ਜੰਗ ਛੇੜ ਦਿੱਤੀ ਹੈ। ਮੋਦੀ ਸਰਕਾਰ ਵਲੋਂ ਲਿਆਂਦੇ ਗਏ ਨਵੇਂ ਖੇਤੀ ਕਾਨੂੰਨਾਂ ਦੀ ਤਰਫਦਾਰੀ ਕਰਨ ਲਈ ਉਚੇਚੇ ਤੌਰ 'ਤੇ ਇਥੇ ਪਹੁੰਚੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਹਰਦੀਪ ਪੁਰੀ ਨੇ ਦਾਅਵਾ ਕੀਤਾ ਕਿ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਰਹਿੰਦਿਆਂ ਕਦੇ ਵੀ ਨਵੇਂ ਖੇਤੀ ਬਿੱਲਾਂ ਦਾ ਵਿਰੋਧ ਨਹੀਂ ਕੀਤਾ।



ਹਰਸਿਮਰਤ ਬਾਦਲ ਵਲੋਂ ਕੇਂਦਰੀ ਮੰਤਰੀ ਮੰਡਲ ਦੀਆਂ ਮੀਟਿੰਗਾਂ ਦੌਰਾਨ ਬਿੱਲਾਂ ਬਾਰੇ ਆਪਣਾ ਪੱਖ ਰੱਖਣ ਦੇ ਦਾਅਵਿਆਂ ਬਾਰੇ ਸ੍ਰੀ ਪੁਰੀ ਨੇ ਕਿਹਾ ਕਿ ਉਨ੍ਹਾਂ ਇਸ ਬਾਰੇ ਨਾ ਕਦੇ ਕੁਝ ਸੁਣਿਆ ਅਤੇ ਨਾ ਹੀ ਦੇਖਿਆ। ਕੇਂਦਰੀ ਮੰਤਰੀ ਨੇ ਕਿਹਾ ਕਿ 6 ਸਤੰਬਰ ਤੋਂ ਪਹਿਲਾਂ ਅਕਾਲੀ ਦਲ ਦੀ ਸੁਰ ਹੋਰ ਸੀ ਅਤੇ ਹਰਸਿਮਰਤ ਵਲੋਂ ਅਸਤੀਫਾ ਦੇਣ ਤੇ ਗੱਠਜੋੜ 'ਚੋਂ ਬਾਹਰ ਆਉਣ ਮਗਰੋਂ ਇਹ ਬਿਲਕੁਲ ਹੀ ਬਦਲ ਗਈ ਹੈ। ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਕਿਸਾਨਾਂ, ਜਥੇਬੰਦੀਆਂ ਅਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨ ਅਤੇ ਉਨ੍ਹਾਂ ਦੇ ਸ਼ਕਤੀਕਰਨ ਨੂੰ ਧਿਆਨ ਵਿਚ ਰਖਦਿਆਂ ਇਸ 'ਚ ਸੋਧ ਕੀਤੀ ਗਈ ਹੈ। ਜੇ ਕਿਸੇ ਨੂੰ ਹਾਲੇ ਵੀ ਕੋਈ ਇਤਰਾਜ਼ ਹੈ, ਤਾਂ ਉਹ ਸੂਬਾ ਭਾਜਪਾ ਦੇ ਅਹੁਦੇਦਾਰਾਂ ਨਾਲ ਸੰਪਰਕ ਕਰਕੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਪ੍ਰਾਪਤ ਕਰ ਸਕਦਾ ਹੈ ਅਤੇ ਜੇ ਕੋਈ ਸੰਗਠਨ ਕੇਂਦਰ ਸਰਕਾਰ ਨਾਲ ਗੱਲ ਕਰਨਾ ਚਾਹੁੰਦਾ ਹੈ, ਤਾਂ ਸੂਬਾ ਭਾਜਪਾ ਉਸ ਦੀ ਗੱਲਬਾਤ ਕਰਵਾ ਸਕਦੀ ਹੈ। ਸ੍ਰੀ ਪੁਰੀ ਨੇ ਕਿਹਾ ਕਿ ਕਾਂਗਰਸ, 'ਆਪ' ਅਤੇ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਦੇ ਨਾਮ ਉਤੇ ਸਿਆਸੀ ਨਾਟਕ ਕਰ ਰਹੇ ਹਨ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਪਿਛਲੇ ਤਿੰਨ ਮਹੀਨਿਆਂ ਤੋਂ ਇਨ੍ਹਾਂ ਆਰਡੀਨੈਂਸਾਂ 'ਤੇ ਮੋਦੀ ਸਰਕਾਰ ਨਾਲ ਸੀ, ਪਰ ਹੁਣ ਉਹ ਵੀ ਇਸ ਰਾਜਨੀਤਿਕ ਡਰਾਮੇ ਵਿਚ ਸ਼ਾਮਲ ਹੋ ਗਿਆ ਹੈ।

ਕੇਂਦਰੀ ਮੰਤਰੀ ਨੇ ਕਿਹਾ ਕਿ ਕਾਂਗਰਸ ਦੇ 2019 ਦੇ ਚੋਣ ਮੈਨੀਫੈਸਟੋ ਵਿਚ ਵੀ ਇਨ੍ਹਾਂ ਖੇਤੀ ਬਿੱਲਾਂ ਦਾ ਵੇਰਵਾ ਦਿੱਤਾ ਗਿਆ ਹੈ ਪਰ ਕਾਂਗਰਸ ਹੁਣ ਇਨ੍ਹਾਂ ਬਾਰੇ ਕਿਸਾਨਾਂ ਨੂੰ ਝੂਠ ਬੋਲ ਰਹੀ ਹੈ। ਉਨ੍ਹਾਂ ਕਿਹਾ ਜ਼ੋਰ ਦੇ ਕੇ ਕਿਹਾ ਕਿ ਐਮ.ਐਸ.ਪੀ. ਪਹਿਲਾਂ ਵਾਂਗ ਜਾਰੀ ਰਹੇਗਾ ਅਤੇ ਇਸ ਦਾ ਸਬੂਤ ਇਹ ਹੈ ਕਿ ਮੋਦੀ ਸਰਕਾਰ ਨੇ ਸਮੇਂ ਤੋਂ ਪਹਿਲਾਂ ਹੀ ਕਿਸਾਨਾਂ ਦੀਆਂ ਹਾੜੀ ਦੀਆਂ ਫਸਲਾਂ ਦੇ ਐਮ.ਐਸ.ਪੀ. ਵਿਚ ਵਾਧਾ ਕੀਤਾ ਹੈ। ਮੋਦੀ ਸਰਕਾਰ ਕਹਿ ਰਹੀ ਹੈ ਕਿ ਮੰਡੀਆਂ ਵਿਚ ਵੀ ਕੋਈ ਤਬਦੀਲੀ ਨਹੀਂ ਹੋਵੇਗੀ ਅਤੇ ਸਰਕਾਰ ਮੰਡੀਆਂ ਵਿਚ ਅਨਾਜ ਦਾ ਇਕ-ਇਕ ਦਾਣਾ ਖਰੀਦਣ ਲਈ ਵਚਨਬੱਧ ਹੈ, ਪਰ ਕਾਂਗਰਸ, 'ਆਪ' ਅਤੇ ਅਕਾਲੀ ਦਲ ਵਾਰ-ਵਾਰ ਇਸ ਮੁੱਦੇ ਉਤੇ ਕਿਸਾਨਾਂ ਨੂੰ ਗੁੰਮਰਾਹ ਕਰ ਰਹੇ ਹਨ। ਸ੍ਰੀ ਪੁਰੀ ਨੇ ਕਿਹਾ ਕਿ ਕਾਂਗਰਸ ਵਲੋਂ ਟਰੈਕਟਰ ਸਾੜਨਾ ਅਤੇ ਭਾਜਪਾ ਦਫਤਰਾਂ ਵਿਚ ਦਾਖਲ ਹੋ ਕੇ ਨਾਅਰੇਬਾਜ਼ੀ ਕਰਨਾ ਜਨਤਕ ਗੁੰਡਾਗਰਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਕਦੇ ਵੀ ਆਪਣਾ ਟਰੈਕਟਰ ਨਹੀਂ ਸਾੜਨਗੇ ਕਿਉਂਕਿ ਉਹ ਖੇਤੀ ਸਾਧਨਾਂ ਦੀ ਪੂਜਾ ਕਰਦੇ ਹਨ।

ਭਾਜਪਾ ਦੇ ਸੰਸਦ ਮੈਂਬਰ ਸੋਮ ਪ੍ਰਕਾਸ਼ ਨੇ ਕਿਹਾ ਕਿ ਪਹਿਲੀ ਵਾਰ ਕਿਸੇ ਵੀ ਸਰਕਾਰ ਦੇ ਪ੍ਰਧਾਨ ਮੰਤਰੀ ਨੇ ਸਵਾਮੀਨਾਥਨ ਰਿਪੋਰਟ ਦੇ ਆਧਾਰ ਉਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਕਦਮ ਉਠਾਏ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਤੈਅ ਕਰਦੀ ਹੈ। ਜੇ ਕਿਸੇ ਫਸਲ ਦਾ ਬਹੁਤ ਜ਼ਿਆਦਾ ਝਾੜ ਹੁੰਦਾ ਹੈ, ਤਾਂ ਇਸ ਦੇ ਬਾਜ਼ਾਰ ਦੀਆਂ ਕੀਮਤਾਂ ਵਿਚੋਲਿਆਂ ਵਲੋਂ ਘਟਾ ਦਿੱਤੀਆਂ ਜਾਂਦੀਆਂ ਹਨ, ਫਿਰ ਐਮ.ਐਸ.ਪੀ. ਕਿਸਾਨਾਂ ਲਈ ਇਕ ਨਿਸ਼ਚਤ ਬੀਮੇ ਦੀ ਕੀਮਤ ਵਜੋਂ ਕੰਮ ਕਰਦਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਈ ਵਾਰ ਸਪੱਸ਼ਟ ਕੀਤਾ ਹੈ ਕਿ ਘੱਟੋ ਘੱਟ ਸਮਰਥਨ

## ਹਰਦੀਪ ਪੁਰੀ ਦੇ ਬਿਆਨ ਨੇ ਹਰਸਿਮਰਤ ਦੀ ਪੋਲ ਖੋਲ੍ਹੀ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਇਨ੍ਹਾਂ ਘਾਤਕ ਕਾਨੂੰਨਾਂ ਰਾਹੀਂ ਕਿਸਾਨੀ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅਕਾਲੀ ਦਲ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਹਰਦੀਪ ਪੁਰੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜਦੋਂ ਖੇਤੀ ਆਰਡੀਨੈਂਸਾਂ ਨੂੰ ਪ੍ਰਵਾਨਗੀ ਦਿੱਤੀ ਗਈ ਸੀ ਤਾਂ ਉਦੋਂ ਹਰਸਿਮਰਤ ਕੌਰ ਬਾਦਲ ਨੇ ਸਹਿਮਤੀ ਦਿੱਤੀ ਸੀ ਅਤੇ ਕੇਂਦਰੀ ਵਜ਼ਾਰਤਾਂ ਦੀਆਂ ਮੀਟਿੰਗਾਂ 'ਚ ਕਦੇ ਵੀ ਇਸ ਦਾ ਵਿਰੋਧ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਹੁਣ ਅਕਾਲੀ ਆਗੂਆਂ ਦੇ ਸੁਰ ਬਦਲ ਗਏ ਹਨ। ਸੁਖਬੀਰ 'ਤੇ ਨਿਸ਼ਾਨਾ ਕੱਸਦਿਆਂ ਕੈਪਟਨ ਨੇ ਕਿਹਾ ਕਿ ਉਹ ਪੰਜ ਸਵਾਲ ਪੁੱਛ ਕੇ ਕਿਸਾਨਾਂ ਨੂੰ ਗੁਮਰਾਹ ਕਰ ਰਿਹਾ ਹੈ।

## ਟਕਰਾਅ ਨਹੀਂ, ਸਹਿਮਤੀ ਦੀ ਲੋੜ: ਬਾਦਲ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਆਖਿਆ ਕਿ ਸੰਵੇਦਨਸ਼ੀਲ ਮੁੱਦਿਆਂ 'ਤੇ ਟਕਰਾਅ ਦੀ ਨੀਤੀ ਛੱਡ ਕੇ ਆਮ ਸਹਿਮਤੀ ਤੇ ਉਸਾਰੂ ਸਮਝੌਤੇ ਦੀ ਨੀਤੀ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਸਰਕਾਰ ਦੀ ਅਸਹਿਣਸ਼ੀਲ ਪਹੁੰਚ ਕਾਰਨ ਦੇਸ਼ ਦਾ ਅਕਸ ਨਹੀਂ ਵਿਗੜਨਾ ਚਾਹੀਦਾ। ਸ੍ਰੀ ਬਾਦਲ ਕਿਹਾ ਕਿ ਟਕਰਾਅ ਜਦੋਂ ਹਿੰਸਕ ਬਣ ਜਾਵੇ ਤਾਂ ਫਿਰ ਉਹ ਦੇਸ਼ ਲਈ ਖਤਰਨਾਕ ਹੋ ਸਕਦਾ ਹੈ ਜਿਸ ਨਾਲ ਦੇਸ਼ ਦਾ ਮਾਣ ਸਨਮਾਨ ਵੀ ਗੁਆਚ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਵੰਨ-ਸੁਵੰਨਤਾ ਦੀ ਹਰ ਹਾਲਤ ਵਿਚ ਨਾ ਸਿਰਫ ਰਾਖੀ ਕੀਤੀ ਚਾਹੀਦੀ ਹੈ ਸਗੋਂ ਹਰ ਵਿਅਕਤੀ ਜੋ ਦੇਸ਼ ਦੀ ਕਿਸਮਤ ਬਦਲਣ 'ਚ ਲੱਗਿਆ ਹੋਇਆ ਹੈ, ਉਸ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ।

# ਸ਼੍ਰੋਮਣੀ ਅਕਾਲੀ ਦਲ ਵਲੋਂ ਹੁਣ ਸੰਘੀ ਢਾਂਚੇ ਦੀ ਮਜ਼ਬੂਤੀ ਦੀ ਦੁਹਾਈ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਦੀ ਇਕ ਉੱਚ ਤਾਕਤੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਜੋ ਦੇਸ਼ ਵਿਚ ਖੇਤਰੀ ਤੇ ਹੋਰ ਹਮਖਿਆਲੀ ਪਾਰਟੀਆਂ ਨਾਲ ਰਾਬਤਾ ਕਰਕੇ ਅਸਲ ਸੰਘੀ ਢਾਂਚਾ ਦੀ ਸਥਾਪਤੀ ਯਕੀਨੀ ਬਣਾਏਗੀ। ਪਾਰਟੀ ਦੀ ਕੋਰ ਕਮੇਟੀ ਦੀ ਹੋਈ ਮੀਟਿੰਗ 'ਚ ਇਹ ਫੈਸਲਾ ਲਿਆ ਗਿਆ।

ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਕਾਫੀ ਲੰਮੇ ਅਰਸੇ ਮਗਰੋਂ ਸੰਘਵਾਦ ਦੇ ਮੁੱਦੇ ਉਤੇ ਖੇਤਰੀ ਸਿਆਸੀ ਧਿਰਾਂ ਨੂੰ ਇਕੋ ਮੰਚ 'ਤੇ ਲਿਆਉਣ ਲਈ ਪੈਂਤੜਾ ਲਿਆ ਹੈ। ਪ੍ਰਮੁੱਖ ਸਲਾਹਕਾਰ ਹਰਚਰਨ ਸਿੰਘ ਬੈਂਸ ਨੇ ਦੱਸਿਆ ਕਿ ਇਸ ਉਚ ਤਾਕਤੀ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਭੂੰਦੜ ਹੋਣਗੇ ਜਦਕਿ ਪ੍ਰੇਮ ਸਿੰਘ ਚੰਦੂਮਾਜਰਾ, ਜਥੇਦਾਰ ਮਨਜਿੰਦਰ ਸਿੰਘ ਸਿਰਸਾ ਤੇ ਨਰੇਸ਼ ਗੁਜਰਾਲ ਮੈਂਬਰ ਹੋਣਗੇ। ਇਹ ਕਮੇਟੀ ਸੂਬਿਆਂ ਨੂੰ ਵਧੇਰੇ ਵਿੱਤੀ ਤੇ ਸਿਆਸੀ ਖੁਦਮੁਖਤਿਆਰੀ ਦੇਣ ਦੀ ਹਮਾਇਤ ਕਰਨ ਵਾਲੀਆਂ ਹੋਰਨਾਂ ਖੇਤਰੀ ਪਾਰਟੀਆਂ ਨਾਲ ਤਾਲਮੇਲ ਕਰੇਗੀ।

ਸ੍ਰੀ ਸੁਖਬੀਰ ਬਾਦਲ ਨੇ ਕੋਰ ਕਮੇਟੀ ਨੂੰ ਦੱਸਿਆ ਕਿ ਦੇਸ਼ ਵਿਚ ਸੰਘੀ ਢਾਂਚੇ ਨੂੰ ਮਜ਼ਬੂਤ ਕਰਨਾ, ਕੇਂਦਰ ਵਲੋਂ ਹਾਲ 'ਚ ਲਏ ਫੈਸਲਿਆਂ ਕਾਰਨ ਬਣੇ ਖਤਰੇ ਦੇ ਮੱਦੇਨਜ਼ਰ ਬਹੁਤ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇਸ਼ 'ਚ ਸੱਤਾਵਾਦੀ ਤੇ ਇਕਪਾਸੜ ਫੈਸਲਿਆਂ ਦੀ ਬਿਰਤੀ ਖਿਲਾਫ ਸੰਘਰਸ਼ 'ਚ ਹਮੇਸ਼ਾ ਮੋਹਰੀ ਰਿਹਾ ਹੈ। ਉਨ੍ਹਾਂ ਕਿਹਾ, 'ਮੁਲਕ ਦਾ ਵਿਰਸਾ ਅਮੀਰ ਖੇਤਰੀ, ਸੱਭਿਆਚਾਰਕ, ਧਾਰਮਿਕ ਤੇ ਭਾਸ਼ਾਈ ਭਿੰਨਤਾ ਵਾਲਾ ਹੈ ਤੇ ਸਾਡੀ ਤਾਕਤ ਸਹਿਕਾਰੀ ਸੰਘਵਾਦ ਨੂੰ ਪੂਰੀ ਤਰ੍ਹਾਂ ਪ੍ਰਾਪਤ ਕਰਨ ਦੀ ਹੈ। ਰਾਜਾਂ ਨੂੰ ਵਧੇਰੇ ਤਾਕਤਾਂ ਦੇਣ ਨਾਲ ਦੇਸ਼ ਹੋਰ ਮਜ਼ਬੂਤ ਹੋਵੇਗਾ, ਜਿਸ ਸਦਕਾ ਅਸੀਂ ਵਿਸ਼ਵ ਸ਼ਕਤੀ ਵਜੋਂ ਉਭਰਾਂਗੇ।'

ਇਸ ਮੌਕੇ ਸੁਖਬੀਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸ਼ਾਂਤੀ ਬਣਾਈ ਰੱਖਣੀ ਯਕੀਨੀ ਬਣਾਉਣ ਵਾਸਤੇ ਸਰਬ ਉਚ ਕੁਰਬਾਨੀ ਦੇਣ ਨੂੰ ਤਿਆਰ ਹੈ। ਇਸ ਦੇ ਨਾਲ ਹੀ ਕੋਰ ਕਮੇਟੀ ਵਲੋਂ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਵਜ਼ੀਫਾ ਘੁਟਾਲੇ 'ਚ ਕਲੀਨ ਚਿੱਟ ਦੇਣ ਲਈ ਮੁੱਖ ਮੰਤਰੀ ਦੀ ਨਿਖੇਧੀ ਵੀ ਕੀਤੀ ਗਈ। ਪਾਰਟੀ ਪ੍ਰਧਾਨ ਵਲੋਂ ਲਏ ਫੈਸਲਿਆਂ ਦਾ ਐਲਾਨ ਕਰਦਿਆਂ ਪ੍ਰਮੁੱਖ ਸਲਾਹਕਾਰ ਹਰਚਰਨ ਬੈਂਸ ਨੇ ਦੱਸਿਆ ਕਿ ਇਸ ਉਚ ਤਾਕਤੀ ਕਮੇਟੀ ਦੇ ਚੇਅਰਮੈਨ ਪਾਰਟੀ ਦੇ ਸਕੱਤਰ ਜਨਰਲ ਬਲਵਿੰਦਰ ਸਿੰਘ ਭੂੰਦੜ ਹੋਣਗੇ,



ਜਦਕਿ ਇਸ 'ਚ ਪ੍ਰੇਮ ਸਿੰਘ ਚੰਦੂਮਾਜਰਾ, ਜਥੇਦਾਰ ਮਨਜਿੰਦਰ ਸਿੰਘ ਸਿਰਸਾ ਤੇ ਨਰੇਸ਼ ਗੁਜਰਾਲ ਮੈਂਬਰ ਹੋਣਗੇ। ਉਨ੍ਹਾਂ ਕਿਹਾ ਕਿ ਉਚ ਤਾਕਤੀ ਕਮੇਟੀ ਦੇਸ਼ 'ਚ ਖੇਤਰੀ ਤੇ ਹੋਰ ਹਮ ਖਿਆਲੀ ਪਾਰਟੀਆਂ ਨਾਲ ਰਾਬਤਾ ਕਾਇਮ ਕਰੇਗੀ ਤੇ ਦੇਸ਼ 'ਚ ਅਸਲ ਸੰਘੀ ਢਾਂਚਾ ਸਥਾਪਿਤ ਹੋਣਾ ਯਕੀਨੀ ਬਣਾਏਗੀ। ਉਨ੍ਹਾਂ ਕਿਹਾ ਕਿ ਇਹ ਕਮੇਟੀ ਹੋਰ ਖੇਤਰੀ ਪਾਰਟੀਆਂ ਤੇ ਉਨ੍ਹਾਂ ਹਮਖਿਆਲੀ ਪਾਰਟੀਆਂ, ਜੋ ਸੂਬਿਆਂ ਨੂੰ ਵਧੇਰੇ ਵਿੱਤੀ ਤੇ ਸਿਆਸੀ ਖੁਦਮੁਖਤਿਆਰੀ ਦੇਣ ਦੀ ਗੱਲ ਕਰਦੀਆਂ ਆ ਰਹੀਆਂ ਹਨ, ਨਾਲ ਤਾਲਮੇਲ ਕਰੇਗੀ। ਕੋਰ ਕਮੇਟੀ ਨੇ ਜੰਮੂ-ਕਸ਼ਮੀਰ 'ਚ ਪੰਜਾਬੀ ਭਾਸ਼ਾ ਨਾਲ ਕੀਤੇ ਮਤਰੇਈ ਮਾਂ ਵਾਲੇ ਸਲੂਕ ਦੀ ਵੀ ਨਿਖੇਧੀ ਕੀਤੀ। ਸੁਖਬੀਰ ਸਿੰਘ ਬਾਦਲ ਨੇ ਜੰਮੂ-ਕਸ਼ਮੀਰ 'ਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਮੁੜ ਦੁਆਉਣ ਤੇ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਸੰਘਰਸ਼ ਵਾਸਤੇ ਇਕ ਵਿਸ਼ੇਸ਼ ਕਮੇਟੀ ਗਠਿਤ ਕੀਤੀ ਹੈ। ਇਸ ਕਮੇਟੀ 'ਚ ਨਿਰਮਲ ਸਿੰਘ ਕਾਹਲੋਂ, ਪ੍ਰੇਮ ਸਿੰਘ ਚੰਦੂਮਾਜਰਾ ਤੇ ਮਨਜਿੰਦਰ ਸਿੰਘ ਸਿਰਸਾ ਸ਼ਾਮਲ ਹਨ। ਪਾਰਟੀ ਦੀ ਕੋਰ ਕਮੇਟੀ ਨੇ ਤਿੰਨ ਮੈਂਬਰੀ ਉਚ ਤਾਕਤੀ ਕਮੇਟੀ ਦਾ ਵੀ ਗਠਨ ਕੀਤਾ, ਜੋ ਕਿਸਾਨ ਜਥੇਬੰਦੀਆਂ ਤੇ ਹੋਰਨਾਂ ਨਾਲ ਤਾਲਮੇਲ ਕਰਨਗੀਆਂ ਤਾਂ ਜੋ ਭਵਿੱਖ ਦੀ ਰਣਨੀਤੀ ਉਲੀਕੀ ਜਾ ਸਕੇ ਤੇ ਕਿਸਾਨਾਂ ਦੀਆਂ ਮੰਗਾਂ ਮੰਨਵਾਈਆਂ ਜਾ ਸਕਣ। ਹਰਚਰਨ ਬੈਂਸ ਨੇ ਦੱਸਿਆ ਕਿ ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ ਤੇ ਜਥੇਦਾਰ ਸਿਕੰਦਰ ਸਿੰਘ ਮਲੂਕਾ ਇਸ ਕਮੇਟੀ ਦੇ ਮੈਂਬਰ ਹੋਣਗੇ, ਜੋ ਕਿਸਾਨਾਂ ਦੀਆਂ ਮੰਗਾਂ ਤੇ ਸੰਘਰਸ਼ ਬਾਰੇ ਤਾਲਮੇਲ ਕਰੇਗੀ।

## ਰੱਦ ਹਵਾਈ ਉਡਾਣਾਂ ਦੀਆਂ ਟਿਕਟਾਂ ਦਾ ਪੂਰਾ ਪੈਸਾ ਮੁੜੇਗਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਨਿਰਦੇਸ਼ ਜਾਰੀ ਕੀਤੇ ਹਨ ਕਿ ਕੋਵਿਡ-19 ਲੌਕਡਾਊਨ ਕਾਰਨ ਰੱਦ ਹੋਈਆਂ ਘਰੇਲੂ ਤੇ ਕੌਮਾਂਤਰੀ ਉਡਾਣਾਂ ਦੀਆਂ ਟਿਕਟਾਂ ਦੇ ਪੂਰੇ ਪੈਸੇ ਸਬੰਧਤ ਵਿਅਕਤੀਆਂ ਨੂੰ ਵਾਪਸ ਕੀਤੇ ਜਾਣ। ਇਨ੍ਹਾਂ ਵਿਚ ਉਹ ਵਿਅਕਤੀ ਸ਼ਾਮਲ ਹਨ ਜਿਨ੍ਹਾਂ ਦੀਆਂ ਟਿਕਟਾਂ 24 ਮਈ ਤੋਂ 25 ਮਾਰਚ ਦੇ ਵਕਫੇ ਦੌਰਾਨ ਰੱਦ ਹੋਈਆਂ ਹਨ। ਕੇਂਦਰ ਦਾ ਪ੍ਰਸਤਾਵ ਮੰਨਦਿਆਂ ਉਚ ਅਦਾਲਤ ਨੇ ਨਿਰਦੇਸ਼ ਦਿੱਤੇ ਹਨ ਕਿ ਜੇ ਲੌਕਡਾਊਨ ਦੌਰਾਨ ਟਰੈਵਲ ਏਜੰਟ ਰਾਹੀਂ ਹਵਾਈ ਟਿਕਟਾਂ ਬੁੱਕ ਕਰਵਾਈਆਂ ਗਈਆਂ ਸਨ ਤਾਂ ਅਜਿਹੇ ਮਾਮਲਿਆਂ ਵਿਚ ਹਵਾਈ ਕੰਪਨੀਆਂ ਨੂੰ ਟਿਕਟਾਂ ਦੇ ਪੂਰੇ ਪੈਸੇ ਮੋੜਨੇ ਪੈਣਗੇ। ਇਹ ਰਿਫੰਡ ਏਜੰਟਾਂ ਰਾਹੀਂ ਯਾਤਰੀਆਂ ਨੂੰ ਤੁਰਤ ਜਾਰੀ ਕਰਨਾ ਪਵੇਗਾ। ਇਹ ਵੀ ਕਿਹਾ ਗਿਆ ਹੈ ਕਿ ਜੇ ਕੋਈ ਕੰਪਨੀ ਵਿੱਤੀ ਸੰਕਟ ਕਾਰਨ ਰਿਫੰਡ ਦੇਣ ਵਿਚ ਨਾਕਾਮ ਰਹਿੰਦੀ ਹੈ ਤਾਂ ਉਸ ਨੂੰ ਜਿੰਨਾ ਕਿਰਾਇਆ ਉਸ ਨੇ ਵਸੂਲਿਆ ਸੀ, ਓਨਾ ਹੀ ਕਰੈਡਿਟ ਸ਼ੈੱਲ ਮੁਹੱਈਆ ਕਰਵਾਉਣਾ ਪਵੇਗਾ।

# ਅਕਾਲੀ ਦਲ ਵਲੋਂ ਕਿਸਾਨ ਮਸਲਿਆਂ ਦੀ ਥਾਂ ਬਾਦਲ ਲਾਣੇ ਦਾ ਗੁਣਗਾਨ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਵਲੋਂ ਸਿੱਖ ਧਰਮ ਦੇ ਤਿੰਨ ਤਖਤਾਂ ਤੋਂ ਸ਼ੁਰੂ ਕੀਤੇ ਗਏ ਕਿਸਾਨ ਮਾਰਚ ਵਿਚੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ੁਰੂ ਕੀਤੇ ਗਏ ਮਾਰਚ ਦੀ ਅਗਵਾਈ ਸੁਖਬੀਰ ਸਿੰਘ ਬਾਦਲ ਨੇ ਕੀਤੀ। ਕਹਿਣ ਨੂੰ ਤਾਂ ਇਹ ਮਾਰਚ ਕਿਸਾਨਾਂ ਦੇ ਹੱਕ ਵਿਚ ਕੀਤਾ ਗਿਆ ਸੀ ਪਰ ਇਸ ਮਾਰਚ ਵਿਚੋਂ ਅਸਲ ਕਿਸਾਨ ਪੂਰੀ ਤਰ੍ਹਾਂ ਨਾਲ ਗਾਇਬ ਸਨ। ਸ਼੍ਰੋਮਣੀ ਅਕਾਲੀ ਦਲ ਜ਼ਿੰਦਾਬਾਦ ਤੇ ਬੀਬਾ ਹਰਸਿਮਰਤ ਕੌਰ ਬਾਦਲ ਜ਼ਿੰਦਾਬਾਦ ਦੇ ਨਾਅਰੇ ਗੂੰਜਦੇ ਰਹੇ ਪਰ ਪੰਜ ਵਾਰ ਮੁੱਖ ਮੰਤਰੀ ਰਹੇ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਜ਼ਿੰਦਾਬਾਦ ਦਾ ਵੀ ਕੋਈ ਨਾਅਰਾ ਸੁਣਾਈ ਨਹੀਂ ਦਿੱਤਾ। ਇਸੇ ਦੌਰਾਨ 'ਇਕੋ ਨਾਅਰਾ, ਕਿਸਾਨ ਪਿਆਰਾ' ਵੀ ਵਾਰ-ਵਾਰ ਲੱਗਾ।




ਸੁਖਬੀਰ ਸਿੰਘ ਬਾਦਲ ਜਿਸ ਖੁੱਲ੍ਹੀ ਗੱਡੀ ਵਿਚ ਸਵਾਰ ਸੀ, ਉਸ ਉਤੇ ਛਾਂ ਲਈ ਤੇ ਸੁਖਬੀਰ ਬਾਦਲ ਦੇ ਬੈਠਣ ਲਈ ਕੁਰਸੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਉਸ ਗੱਡੀ ਦੇ ਦੋਵੇਂ ਪਾਸੇ ਅਤੇ ਅੱਗੇ ਜਿਹੜੇ ਵੱਡੇ-ਵੱਡੇ ਹੋਰਡਿੰਗ ਲੱਗੇ ਹੋਏ ਸਨ, ਉਸ ਉਤੇ ਸਿਰਫ ਬਾਦਲ ਪਰਿਵਾਰ ਦੀਆਂ ਤਸਵੀਰਾਂ ਨੂੰ ਹੀ ਪ੍ਰਮੁਖਤਾ ਦਿੱਤੀ ਹੋਈ ਸੀ। ਕਈ ਗੱਡੀਆਂ ਉਤੇ ਬਾਦਲ ਪਰਿਵਾਰ ਦੇ ਨਾਲ ਜਿਹੜੀ ਚੌਥੀ ਫੋਟੋ ਨਜ਼ਰ ਆਉਂਦੀ ਸੀ, ਉਹ ਬਿਕਰਮ ਸਿੰਘ ਮਜੀਠੀਆ ਦੀ ਸੀ। ਕਿਸੇ ਵੀ ਕਿਸਾਨ ਆਗੂ ਜਾਂ ਕਿਸਾਨ ਤ੍ਰਾਸਦੀ ਦੀਆਂ ਕੋਈ ਵੀ ਫੋਟੋਆਂ ਨਹੀਂ ਸੀ ਲੱਗੀਆਂ ਹੋਈਆਂ, ਨਾ ਹੀ ਕਿਸੇ ਕਿਸਾਨ ਜਥੇਬੰਦੀ ਦਾ ਝੰਡਾ ਹੀ ਦੇਖਣ ਨੂੰ ਮਿਲਿਆ।

ਜਲੰਧਰ ਵਿਚ ਮਾਰਚ ਦੇ ਪਹੁੰਚਣ ਦਾ ਸਮਾਂ ਸਵੇਰੇ 11 ਦਾ ਰੱਖਿਆ ਹੋਇਆ ਸੀ। ਜਲੰਧਰ ਸ਼ਹਿਰੀ ਦੇ ਪ੍ਰਧਾਨ ਕੁਲਵੰਤ ਸਿੰਘ ਮੰਨਣ ਦੀ ਅਗਵਾਈ ਹੇਠ ਦਕੋਹਾ ਰੇਲਵੇ ਫਾਟਕ 'ਤੇ ਸੁਖਬੀਰ ਬਾਦਲ ਦੇ ਸਵਾਗਤ ਲਈ ਬਕਾਇਦਾ ਪ੍ਰਬੰਧ ਕੀਤੇ ਹੋਏ ਸਨ।

ਸੁਖਬੀਰ ਬਾਦਲ ਦਾ ਇਹ ਕਾਫਲਾ ਮਿਥੇ ਸਮੇਂ ਤੋਂ ਸਾਢੇ ਤਿੰਨ ਘੰਟੇ ਪੱਛੜ ਕੇ ਪਹੁੰਚਿਆ। ਜਲੰਧਰ ਵਿਚੋਂ ਜਦੋਂ ਇਹ ਕਾਫਲਾ ਲੰਘਿਆ ਤਾਂ ਉਸ ਸਮੇਂ ਸੁਖਬੀਰ ਬਾਦਲ ਦੀ ਇਸ ਵਿਸ਼ੇਸ਼ ਗੱਡੀ ਵਿਚ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਜਗੀਰ ਕੌਰ, ਬਿਕਰਮ ਸਿੰਘ ਮਜੀਠੀਆ ਤੇ ਹੋਰ ਆਗੂ ਹਾਜ਼ਰ ਸਨ। ਪ੍ਰੈੱਸ ਲਈ ਇਕ ਵਿਸ਼ੇਸ਼ ਟਾਟਾ 407 ਵੀ ਕਾਫਲੇ ਦੇ ਨਾਲ-ਨਾਲ ਚੱਲ ਰਿਹਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰਿਆਂ ਨੇ 24 ਸਾਲ ਤਕ ਨਹੁੰ-ਮਾਸ ਦਾ ਰਿਸ਼ਤਾ ਰਹੀ ਪਾਰਟੀ ਭਾਜਪਾ ਨੂੰ ਰੱਜ ਕੇ ਭੰਡਿਆ। ਇਸ ਕਾਫਲੇ ਵਿਚ ਕਿਸਾਨਾਂ ਜਾਂ ਪਾਰਟੀ ਵਰਕਰਾਂ ਨਾਲੋਂ ਗੱਡੀਆਂ ਵੱਧ ਸ਼ਾਮਲ ਸਨ।

## ਸੰਘਰਸ਼ ਨੂੰ ਤਾਰਪੀਡੋ ਕਰਨ ਦੀ ਕੋਸ਼ਿਸ਼: ਭਗਵੰਤ ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਖੇਤੀ ਕਾਨੂੰਨਾਂ ਬਾਰੇ ਭਾਜਪਾ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਗੰਦੀ ਸਿਆਸਤ ਕਰ ਕੇ ਪੰਜਾਬ ਦੇ ਕਿਸਾਨਾਂ ਦੇ ਹੱਕਾਂ ਦਾ ਕਤਲ ਕੀਤਾ ਜਾ ਰਿਹਾ ਹੈ। ਸੁਖਬੀਰ ਸਿੰਘ ਬਾਦਲ ਅਤੇ ਹਰਦੀਪ ਪੁਰੀ ਇਕ ਦੂਜੇ ਖਿਲਾਫ ਬਿਆਨ ਦੇ ਕੇ ਕਿਸਾਨਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਹੁਣ ਪੰਜਾਬ ਦੇ ਕਿਸਾਨ ਕਿਸੇ ਦੀਆਂ ਗੱਲਾਂ ਵਿਚ ਨਹੀਂ ਆਵੇਗਾ।

ਉਨ੍ਹਾਂ ਮੰਗ ਕੀਤੀ ਕਿ ਕੈਬਨਿਟ ਮੀਟਿੰਗ ਦੌਰਾਨ ਖੇਤੀ ਬਿੱਲ ਲਾਗੂ ਕਰਨ ਸਮੇਂ ਜੋ ਵੀ ਕਾਰਵਾਈ ਹੋਈ ਹੈ, ਉਸ ਨੂੰ ਜਨਤਕ ਕੀਤਾ ਜਾਵੇ ਤਾਂ ਕਿ ਸਾਰਿਆਂ ਦਾ ਸੱਚ ਸਾਹਮਣੇ ਆ ਜਾਵੇ।

# ਕਿਸਾਨ ਅੰਦੋਲਨ ਦੇ ਸਮਰਥਨ ਵਿਚ ਪਰਵਾਸੀ ਭਾਰਤੀ ਅੱਗੇ ਆਉਣ: ਗਾਖਲ

**ਫਰੀਮਾਂਟ (ਬਿਊਰੋ):** ਯੁਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਮੁੱਖ ਸੰਚਾਲਕ ਅਤੇ ਉਘੇ ਸਮਾਜ ਸੇਵੀ ਸ. ਅਮੋਲਕ ਸਿੰਘ ਗਾਖਲ ਨੇ ਕਿਸਾਨ ਮਾਰੂ ਖੇਤੀ ਆਰਡੀਨੈਂਸਾਂ ਵਿਰੁਧ ਕਿਸਾਨ ਅੰਦੋਲਨ ਦਾ ਸਮਰਥਨ ਕਰਨ ਤੇ ਪਰਵਾਸੀ ਭਰਤੀਆਂ, ਖਾਸ ਕਰ ਪੰਜਾਬੀ ਭਰਾਵਾਂ ਨੂੰ ਆਪਣੀ ਜ਼ਮੀਨ ਦਾ ਠੇਕਾ ਨਾ ਲੈਣ ਦੀ ਅਪੀਲ ਕੀਤੀ ਹੈ।

ਸ. ਗਾਖਲ ਨੇ ਕਿਹਾ ਕਿ ਭਾਰਤ ਵਿਚ ਕੇਂਦਰ ਵਿਚਲੀ ਮੋਦੀ ਸਰਕਾਰ ਨੇ ਖੇਤੀ ਆਰਡੀਨੈਂਸ ਲਿਆ ਕੇ ਕਿਸਾਨਾਂ ਨਾਲ ਵੱਡਾ ਧੱਕਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇ ਖੇਤੀਬਾੜੀ ਬਾਰੇ ਸਟੱਡੀ ਕੀਤੀ ਜਾਵੇ ਤਾਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਖੇਤੀ ਨਾਲ ਸਾਰਾ ਸੰਸਾਰ ਹੀ ਜੁੜਿਆ ਹੋਇਆ ਹੈ। ਗਰੌਸਰੀ ਸਟੋਰ, ਟਰਾਂਸਪੋਰਟ ਦੇ ਨਾਲ ਨਾਲ ਹੋਰ ਬਹੁਤ ਸਾਰੇ ਸਹਾਇਕ ਧੰਦੇ, ਸਨਅਤੀ ਖੇਤਰ ਅਤੇ ਹੋਰ ਬੜਾ ਕੁਝ ਖੇਤੀਬਾੜੀ ਨਾਲ ਜੁੜਿਆ ਹੋਇਆ ਹੈ। ਜੇ ਖੇਤੀਬਾੜੀ ਤਬਾਹ ਹੋ ਗਈ ਤਾਂ ਇਸ ਨਾਲ ਜੁੜਿਆ ਬਹੁਤ ਕੁਝ ਵੀ ਡਾਵਾਂਡੋਲ ਹੋ ਜਾਵੇਗਾ।

ਸ. ਗਾਖਲ ਨੇ ਅਪੀਲ ਕੀਤੀ ਹੈ ਕਿ ਸਾਰੇ ਭਰਾਤਰੀ ਭਾਈਚਾਰਿਆਂ ਨੂੰ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਕਿਸਾਨਾਂ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ, ਕਿਉਂਕਿ ਘੱਟ ਤੋਂ ਘੱਟ ਜ਼ਮੀਨ ਵਾਲੇ ਕਿਸਾਨ ਦਾ ਪਰਿਵਾਰ ਵੀ ਖੇਤੀਬਾੜੀ 'ਤੇ ਹੀ ਨਿਰਭਰ ਹੈ। ਇਕੱਲੇ ਕਿਸਾਨ ਦੇ ਬਰਬਾਦ ਹੋਣ ਨਾਲ ਉਸ ਦਾ ਪੂਰੇ ਦਾ ਪੂਰਾ ਪਰਿਵਾਰ ਹੀ ਬਰਬਾਦੀ ਦੀ ਕਗਾਰ 'ਤੇ ਆ ਖੜ੍ਹਦਾ ਹੈ, ਕਿਉਂਕਿ ਦੇਸ਼ ਭਰ ਵਿਚ ਬੇਰੁਜ਼ਗਾਰੀ ਇਸ ਹੱਦ ਤੱਕ ਵਧੀ ਗਈ ਹੈ ਕਿ ਉਚ ਡਿਗਰੀਆਂ ਪ੍ਰਾਪਤ ਮੁੰਡੇ-ਕੁੜੀਆਂ ਵੀ ਦਿਹਾੜੀ ਕਰਨ ਲਈ ਮਜਬੂਰ ਹਨ। ਉਨ੍ਹਾਂ ਖਦਸ਼ਾ ਜਾਹਰ ਕੀਤਾ ਕਿ ਜੇ ਖੇਤੀਬਾੜੀ ਖੇਤਰ ਵੀ ਤਬਾਹ ਹੋ ਗਿਆ ਤਾਂ ਆਮ ਲੋਕਾਂ ਦਾ ਕੀ ਬਣੇਗਾ?

ਪੰਜਾਬ-ਹਰਿਆਣਾ ਵਿਚ ਭਖੇ ਕਿਸਾਨ ਅੰਦੋਲਨ ਬਾਰੇ ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿਚ ਪਰਵਾਸੀ ਭਾਰਤੀਆਂ ਨੂੰ ਆਪੋ-ਆਪਣੇ ਪਿੰਡਾਂ ਦੇ ਕਿਸਾਨਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਕਿਸਾਨ ਅੰਦੋਲਨ ਦੀ ਹਰ ਤਰ੍ਹਾਂ ਸੰਭਵ ਮਦਦ ਕਰ ਕੇ ਅਤੇ ਲੋੜ ਪੈਣ 'ਤੇ ਵਿੱਤੀ ਮਦਦ ਕਰ ਕੇ ਵੀ ਇਸ ਅੰਦੋਲਨ ਦੀ ਸਫਲਤਾ ਲਈ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬੇਸ਼ਕ ਅਸੀਂ ਵਿਦੇਸ਼ਾਂ ਵਿਚ ਸੈਟ ਹੋ ਗਏ ਹਾਂ, ਪਰ ਆਪਣਾ ਪਿਛੋਕੜ ਯਾਦ ਰੱਖਦਿਆਂ ਆਪਣੇ ਪਿੰਡ ਤੇ ਆਪਣੇ ਲੋਕਾਂ ਨਾਲ ਖੜ੍ਹਨਾ ਸਾਡਾ ਪਹਿਲਾ ਫਰਜ਼ ਹੋਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਸ. ਗਖਲ ਨੇ ਵੱਡੇ ਜ਼ਿਮੀਂਦਾਰਾਂ ਅਤੇ ਪਰਵਾਸੀ ਪੰਜਾਬੀਆਂ ਵਲੋਂ ਛੋਟੇ ਕਿਸਾਨਾਂ ਨੂੰ ਠੇਕੇ 'ਤੇ ਦਿੱਤੀ ਜ਼ਮੀਨ ਦਾ ਠੇਕਾ ਘੱਟੋ ਘੱਟ ਇਕ ਸਾਲ ਲਈ ਮੁਆਫ ਕਰ ਦੇਣ ਦੀ ਅਪੀਲ ਕੀਤੀ ਹੈ, ਪਰ ਨਾਲ ਹੀ ਉਨ੍ਹਾਂ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਫਜ਼ੂਲ ਦੇ ਖਰਚਿਆਂ ਤੋਂ ਵੀ ਬਚਣ। ਉਨ੍ਹਾਂ ਕਿਸਾਨ ਭਰਾਵਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਬੇਸ਼ਕ ਝੋਨੇ ਦੀ ਵਢਾਈ ਸਿਰ 'ਤੇ ਆ ਖੜੀ ਹੈ, ਪਰ ਉਹ ਹੱਕ-ਸੱਚ ਲਈ ਡਟੇ ਰਹਿਣ, ਬਾਬਾ ਨਾਨਕ ਮਿਹਰ ਭਰਿਆ ਹੱਥ ਜਰੂਰ ਰੱਖੂਗਾ। ਨਾਲ ਹੀ ਉਨ੍ਹਾਂ ਕਿਹਾ ਕਿ ਲੋਕਾਂ ਸਿਰ ਕਰਜ਼ੇ ਬਹੁਤ ਹਨ, ਪਰਵਾਸੀ ਭਾਰਤੀ ਪ੍ਰਭਾਵਿਤ ਪਰਿਵਾਰਾਂ ਦੀ ਵਿੱਤੀ ਮਦਦ ਲਈ ਜਰੂਰ ਅੱਗੇ ਆਉਣ। ਉਨ੍ਹਾਂ ਗਾਖਲ ਪਰਿਵਾਰ ਦੀ ਤਰਫੋਂ ਭਰੋਸਾ ਦਿੱਤਾ ਕਿ ਉਹ ਪੰਜਾਬ ਦੇ ਕਿਸਾਨ ਤੇ ਮਜ਼ਦੂਰ ਭਰਾਵਾਂ ਨਾਲ ਹਮੇਸ਼ਾ ਨਾਲ ਖੜ੍ਹੇ ਹਨ।



ਇਸ ਮੌਕੇ ਉਨ੍ਹਾਂ ਨਾਲ ਨਾਮੀ ਖੇਡ ਪ੍ਰੋਮੋਟਰ-ਬਲਜੀਤ ਸਿੰਘ ਸੰਧੂ, ਮੱਖਣ ਸਿੰਘ ਬੈਂਸ ਅਤੇ ਤੀਰਥ ਸਿੰਘ ਗਾਖਲ ਵੀ ਹਾਜ਼ਰ ਸਨ। ਸ. ਗਖਲ ਨੇ ਦੱਸਿਆ ਕਿ ਗਾਖਲ ਪਰਿਵਾਰ ਸਮੇਤ ਇਨ੍ਹਾਂ ਸੱਜਣਾਂ ਨੇ ਵੀ ਪੰਜਾਬ ਵਿਚ ਆਪਣੀ ਜ਼ਮੀਨ ਦਾ ਠੇਕਾ ਕਿਸਾਨਾਂ ਨੂੰ ਮੁਆਫ ਕਰ ਦਿੱਤਾ ਹੈ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਸੱਜਣਾਂ ਨੇ ਵੀ ਇਸ ਔਖੀ ਘੜੀ ਵਿਚ ਜ਼ਮੀਨ ਦਾ ਠੇਕਾ ਮੁਆਫ ਕਰ ਦਿੱਤਾ ਹੈ, ਕਿਉਂਕਿ ਕਿਸਾਨ ਵਰਗ ਤੇ ਆਮ ਲੋਕ ਆਪੋ ਆਪਣੇ ਕੰਮ ਛੱਡ ਕੇ ਸੜਕਾਂ 'ਤੇ ਬੈਠੇ ਹਨ।

# ਅਮਰੀਕੀ ਭਾਰਤੀਆਂ 'ਚੋਂ 6.5% ਗਰੀਬੀ ਰੇਖਾ ਤੋਂ ਹੇਠਾਂ

**ਵਾਸ਼ਿੰਗਟਨ:** ਅਮਰੀਕਾ ਵਿਚ ਰਹਿੰਦੇ 42 ਲੱਖ ਭਾਰਤੀ-ਅਮਰੀਕੀਆਂ ਵਿਚੋਂ ਅਨੁਮਾਨਿਤ 6.5 ਫੀਸਦ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਤੇ ਕੋਵਿਡ-19 ਮਹਾਮਾਰੀ ਕਰਕੇ ਭਾਈਚਾਰੇ ਵਿਚ ਗਰੀਬੀ ਵਧਣ ਦਾ ਖਦਸ਼ਾ ਹੈ। ਇਹ ਦਾਅਵਾ ਜੌਹਨ ਹੌਪਕਿਨਜ਼ ਪੌਲ ਨਾਈਟ ਸਕੂਲ ਆਫ ਐਡਵਾਂਸਡ ਇੰਟਰਨੈਸ਼ਨਲ ਸਟੱਡੀਜ਼ ਦੇ ਦੇਵੇਸ਼ ਕਪੂਰ ਤੇ ਜਸ਼ਨ ਬਾਜਵਾਤ ਵਲੋਂ 'ਭਾਰਤੀ ਅਮਰੀਕੀ ਆਬਾਦੀ ਵਿਚ ਗਰੀਬੀ' ਵਿਸ਼ੇ ਉਤੇ ਕੀਤੀ ਹਾਲੀਆ ਖੋਜ ਦੇ ਨਤੀਜਿਆਂ 'ਤੇ ਅਧਾਰਿਤ ਹੈ। ਨਤੀਜੇ ਭਾਰਤੀ ਪਰਵਾਸੀ ਭਾਈਚਾਰੇ (ਇੰਡੀਆਜ਼ਪੋਰਾ) ਦੇ ਇਕ ਸਮਾਗਮ ਦੌਰਾਨ ਜਾਰੀ ਕੀਤੇ ਗਏ।

ਸ੍ਰੀ ਦੇਵੇਸ਼ ਕਪੂਰ ਨੇ ਦੱਸਿਆ ਹੈ ਕਿ ਬੰਗਾਲੀ ਅਤੇ ਪੰਜਾਬੀ ਬੋਲਦੇ ਭਾਰਤੀ ਅਮਰੀਕੀ ਵਧੇਰੇ ਗਰੀਬ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚੋਂ ਇਕ ਤਿਹਾਈ ਕੋਲ ਕੰਮ ਹੀ ਨਹੀਂ ਅਤੇ ਤਕਰੀਬਨ ਪੰਜਵਾਂ ਹਿੱਸਾ ਭਾਵ 20 ਪ੍ਰਤੀਸ਼ਤ ਕੋਲ ਅਮਰੀਕਾ ਦੀ ਨਾਗਰਿਕਤਾ ਵੀ ਨਹੀਂ ਹੈ। ਇੰਡੀਆਜ਼ਪੋਰਾ ਦੇ ਬਾਨੀ ਐਮ. ਆਰ. ਰੰਗਾਸਵਾਮੀ ਨੇ ਕਿਹਾ ਕਿ ਉਹ ਇਸ ਰਿਪੋਰਟ ਰਾਹੀਂ ਵਿਸ਼ੇਸ਼ ਅਧਿਕਾਰਾਂ ਤੋਂ ਵਿਹੂਣੇ ਭਾਰਤੀ-ਅਮਰੀਕੀਆਂ ਦੀਆਂ ਮੁਸ਼ਕਲਾਂ ਤੇ ਹਾਲਾਤ ਵਲ ਧਿਆਨ ਦਿਵਾਉਣਾ ਚਾਹੁੰਦੇ ਹਨ। ਕਪੂਰ ਮੁਤਾਬਕ ਰਿਪੋਰਟ ਵਿਚ ਭਾਰਤੀ ਅਮਰੀਕੀ ਭਾਈਚਾਰੇ ਦੀ ਆਬਾਦੀ ਬਾਰੇ ਤਫਸੀਲ 'ਚ ਸਮੀਖਿਆ ਕੀਤੀ ਗਈ ਹੈ ਤੇ ਗਰੀਬੀ ਵਿਚ ਰਹਿਣ ਵਾਲੇ ਗੋਰੇ, ਸਿਆਹਫਾਮ ਤੇ ਹਿਸਪੈਨਿਕ ਅਮਰੀਕੀਆਂ ਦੇ ਮੁਕਾਬਲੇ ਭਾਰਤੀ ਅਮਰੀਕੀਆਂ ਦੀ ਗਿਣਤੀ ਅਜੇ ਵੀ ਘੱਟ ਹੈ।

# ਕਸ਼ਮੀਰ 'ਚ ਸੰਗਰੂਰ ਦੇ ਲਾਂਸ ਨਾਇਕ ਸਣੇ 3 ਜਵਾਨ ਹਲਾਕ

**ਜੰਮੂ/ਸ੍ਰੀਨਗਰ:** ਪਾਕਿਸਤਾਨੀ ਫੌਜ ਵਲੋਂ ਜੰਮੂ ਕਸ਼ਮੀਰ ਦੇ ਪੁਣਛ ਅਤੇ ਕੁਪਵਾੜਾ ਜ਼ਿਲ੍ਹਿਆਂ 'ਚ ਕੰਟਰੋਲ ਰੇਖਾ ਉਤੇ ਕੀਤੀ ਗਈ ਗੋਲਾਬਾਰੀ 'ਚ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਇਕ ਜਵਾਨ ਸਣੇ ਭਾਰਤੀ ਫੌਜ ਦੇ ਤਿੰਨ ਜਵਾਨ ਮਾਰੇ ਗਏ ਅਤੇ 5 ਹੋਰ ਜ਼ਖਮੀ ਹੋ ਗਏ।

ਲਾਂਸ ਨਾਇਕ ਕਰਨੈਲ ਸਿੰਘ ਸੰਗਰੂਰ ਜ਼ਿਲ੍ਹੇ ਦੇ ਪਿੰਡ ਲੋਹਾਖੇੜਾ ਦਾ ਵਸਨੀਕ ਸੀ ਜੋ ਕ੍ਰਿਸ਼ਨਾ ਘਾਟੀ ਇਲਾਕੇ ਵਿਚ ਮਾਰਿਆ ਗਿਆ।

ਫੌਜ ਦੇ ਤਰਜਮਾਨ ਨੇ ਦੱਸਿਆ ਕਿ ਪਾਕਿਸਤਾਨ ਫੌਜ ਵਲੋਂ ਰਾਤ ਬਿਨਾ ਭੜਕਾਹਟ ਤੋਂ ਗੋਲੀਬੰਦੀ ਦੀ ਉਲੰਘਣਾ ਕਰਦਿਆਂ ਪੁਣਛ ਜ਼ਿਲ੍ਹੇ ਦੇ ਮਨਕੋਟ ਅਤੇ ਕ੍ਰਿਸ਼ਨਾ ਘਾਟੀ ਇਲਾਕਿਆਂ 'ਚ ਛੋਟੇ ਅਤੇ ਵੱਡੇ ਹਥਿਆਰਾਂ ਨਾਲ ਗੋਲਾਬਾਰੀ ਕੀਤੀ ਗਈ, ਜਿਸ ਦੌਰਾਨ ਫੌਜ ਦੇ ਇਕ ਜਵਾਨ ਦੀ ਮੌਤ ਹੋ ਗਈ।

ਸ੍ਰੀਨਗਰ ਨਾਲ ਸਬੰਧਤ ਰੱਖਿਆ ਤਰਜਮਾਨ ਕਰਨਲ ਰਾਜੇਸ਼ ਕਾਲੀਆ ਨੇ ਦੱਸਿਆ ਕਿ ਪਾਕਿਸਤਾਨੀ ਫੌਜ ਵਲੋਂ ਕੁਪਵਾੜਾ ਜ਼ਿਲ੍ਹੇ ਦੇ ਨੌਗਾਮ ਸੈਕਟਰ 'ਚ ਕੀਤੀ ਗਈ ਗੋਲਾਬਾਰੀ ਵਿਚ ਦੋ ਜਵਾਨ ਮਾਰੇ ਗਏ ਅਤੇ 4 ਜ਼ਖਮੀ ਹੋ ਗਏ। ਭਾਰਤੀ ਫੌਜ ਵਲੋਂ ਗੋਲਾਬਾਰੀ ਦਾ ਢੁਕਵਾਂ ਜਵਾਬ ਦਿੱਤਾ ਗਿਆ।

# Matrimonials

## ਲੜਕੀ ਦੀ ਲੋੜ ਹੈ

ਸਰਸਵਤ ਬ੍ਰਾਹਮਣ (ਤਲਾਕਸ਼ੁਦਾ), ਉਮਰ 35 ਸਾਲ, 5'-8", ਯੂ. ਐਸ. ਏ. ਵਿਚ ਵਰਕ ਪਰਮਿਟ 'ਤੇ, ਟਰੱਕ ਡਰਾਈਵਰ ਲੜਕੇ ਲਈ ਕੈਨੇਡੀਅਨ-ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਭਾਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। 15 ਏਕੜ ਕਮਰਸ਼ੀਅਲ ਜ਼ਮੀਨ ਤੇ ਚਾਰ ਦੁਕਾਨਾਂ ਹਨ। ਸੰਪਰਕ ਕਰੋ, ਫੋਨ: 91-85095 80002 (ਇੰਡੀਆ) ਜਾਂ 785-213-2555 (ਅਮਰੀਕਾ)। 37-40

Saini Sikh clean shaven handsome boy, 29, 6', M.B.A. Bio Technology doing BDS in Australia, seeks suitable well educated Saini/Jatt Sikh girl. All family well settled in USA. Cont. Mohan Saini, Ph: 516-503-9541 or email: mohan1w34@gmail.com 30-33

ਸੈਣੀ ਸਿੱਖ, 30 ਸਾਲ, ਕੱਦ 5'-7", ਬੀ. ਕਾਮ., ਲੀਕਰ ਸਟੋਰ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਸੈਣੀ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 309-868-7373 29-32

## ਲੜਕੇ ਦੀ ਲੋੜ ਹੈ

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102 40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com 36-39

*To Advertise with Punjab Times*
***Call: 847-359-0746***

# ਪੋਸ਼ਣ ਮੁਹਿੰਮ ਪਹਿਲਾਂ ਵਾਲੇ ਪੱਧਰ 'ਤੇ ਲਿਆਉਣ ਦੀ ਲੋੜ: ਯੂਨੀਸੈੱਫ

**ਨਵੀਂ ਦਿੱਲੀ:** ਯੂਨੀਸੈੱਫ ਭਾਰਤ (ਪੋਸ਼ਣ) ਦੇ ਮੁਖੀ ਅਰਜਨ ਡੇ ਵਾਗਟ ਨੇ ਕਿਹਾ ਹੈ ਕਿ ਕੌਮੀ ਪੋਸ਼ਣ ਮਿਸ਼ਨ ਨੂੰ ਕਰੋਨਾ ਵਾਇਰਸ ਮਹਾਮਾਰੀ ਤੋਂ ਪਹਿਲਾਂ ਦੇ ਪੱਧਰ ਉਤੇ ਵਾਪਸ ਲਿਆਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੋਸ਼ਣ ਮੁਹਿੰਮ ਤਹਿਤ ਸਾਰੇ ਪ੍ਰੋਗਰਾਮ ਮੁੜ ਤੋਂ ਲਾਗੂ ਕਰਨ ਦੀ ਲੋੜ ਹੈ। ਵਾਗਟ ਨੇ ਕਿਹਾ, 'ਸਾਨੂੰ ਪੋਸ਼ਣ ਮੁਹਿੰਮ ਨੂੰ ਉਸੇ ਪੱਧਰ ਉਤੇ ਵਾਪਸ ਲਿਆਉਣ ਦੀ ਲੋੜ ਹੈ ਜਿਥੇ ਅਸੀਂ ਜਨਵਰੀ (ਕੋਵਿਡ ਤੋਂ ਪਹਿਲਾਂ) 'ਚ ਸੀ। ਇਸ ਨੂੰ ਕਿਸੇ ਵੱਖਰੀ ਕਵਾਇਦ ਦੀ ਲੋੜ ਨਹੀਂ ਹੈ।

ਸਾਨੂੰ ਬਰਾਬਰ ਪ੍ਰੋਗਰਾਮਾਂ ਦੀ ਲੋੜ ਹੈ। ਸਾਨੂੰ ਏਕੀਕ੍ਰਿਤ ਬਾਲ ਵਿਕਾਸ ਸੇਵਾ (ਆਈ. ਸੀ. ਡੀ. ਐਸ.) ਨੂੰ ਅਮਲ 'ਚ ਲਿਆਉਣ, ਘਰੇ ਰਾਸ਼ਨ ਲਿਜਾਣ ਦੇਣ ਤੇ ਖ਼ੂਨ ਦੀ ਘਾਟ (ਅਨੀਮੀਆ) ਦੀ ਰੋਕਥਾਮ ਲਈ ਗਰਭਵਤੀ ਮਹਿਲਾਵਾਂ ਤੇ ਬੱਚਿਆਂ ਨੂੰ ਆਇਰਨ ਫੋਲਿਕ ਦੀਆਂ ਗੋਲੀਆਂ ਦੇਣ ਦਾ ਪ੍ਰੋਗਰਾਮ ਮੁੜ ਲਾਗੂ ਕਰਨ ਦੀ ਲੋੜ ਹੈ।' ਵਾਗਟ ਅਨੁਸਾਰ ਕਈ ਮਾਮਲਿਆਂ ਵਿਚ ਮਹਾਮਾਰੀ ਕਾਰਨ ਪੋਸ਼ਣ ਨਾਲ ਸਬੰਧਤ ਵੱਖ-ਵੱਖ ਪ੍ਰੋਗਰਾਮਾਂ ਦੇ ਅਮਲ ਲਈ ਬਦਲਵੇਂ ਢੰਗਾਂ ਨੂੰ ਦੇਖਣ ਦੀ ਲੋੜ ਹੈ।

ਉਨ੍ਹਾਂ ਕਿਹਾ, 'ਕਈ ਮਾਮਲਿਆਂ ਨੂੰ ਏਕੀਕ੍ਰਿਤ ਦੀ ਲੋੜ ਹੈ। ਮਿਸਾਲ ਦੇ ਤੌਰ 'ਤੇ ਕਿਉਂਕਿ ਸਕੂਲ ਬੰਦ ਹਨ। ਬੱਚਿਆਂ ਨੂੰ ਉਹ ਭੋਜਨ ਪ੍ਰਾਪਤ ਕਰਨ ਦੀ ਲੋੜ ਹੈ ਜੋ ਉਨ੍ਹਾਂ ਨੂੰ ਸਕੂਲਾਂ 'ਚ ਮਿਲਦਾ ਸੀ। ਇਸ ਲਈ ਸਾਨੂੰ ਹੋਰ ਢੰਗ ਲੱਭਣ ਦੀ ਲੋੜ ਹੈ ਜਿਵੇਂ ਘਰ-ਘਰ ਰਾਸ਼ਨ ਲਿਜਾਣਾ।' ਉਨ੍ਹਾਂ ਕਿਹਾ, 'ਹਰ ਘਰ ਜਾਣ ਦੀ ਲੋੜ ਹੈ। ਆਇਰਨ ਫੋਲਿਕ ਦੀਆਂ ਗੋਲੀਆਂ ਜੋ ਸਕੂਲਾਂ 'ਚ ਮੁੰਡੇ-ਕੁੜੀਆਂ ਨੂੰ ਵੰਡੀਆਂ ਜਾਂਦੀਆਂ ਹਨ, ਉਨ੍ਹਾਂ ਲੋਕਾਂ ਨੂੰ ਦਿੱਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਰਾਹੀਂ ਇਸ ਦੀ ਲੋੜ ਪੂਰੀ ਹੁੰਦੀ ਹੈ।' ਵਾਗਟ ਨੇ ਕਿਹਾ ਕਿ ਭਾਰਤ 'ਚ ਕਰੋਨਾ ਵਾਇਰਸ, ਪੋਸ਼ਣ ਨੂੰ ਤਿੰਨ ਤਰ੍ਹਾਂ ਪ੍ਰਭਾਵਿਤ ਕਰਦਾ ਹੈ।

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA


*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# Restaurant Staff Wanted

**'The Little India Restaurant' in Indianapolis, Indiana needs Cook, Waiter and Helper in the kitchen, Dishwasher.**

**Contact, Ph: 317-800-1128**

40-

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੰਗਤ ਦੇ ਰੋਹ ਪਿੱਛੋਂ ਸ਼੍ਰੋਮਣੀ ਕਮੇਟੀ ਵਲੋਂ ਸਮੁੱਚੀ ਜਾਂਚ ਰਿਪੋਰਟ ਜਨਤਕ

**ਅੰਮ੍ਰਿਤਸਰ:** ਸਿੱਖ ਜਥੇਬੰਦੀਆਂ ਵਲੋਂ ਕੀਤੀ ਜਾ ਰਹੀ ਮੰਗ ਤਹਿਤ ਸ਼੍ਰੋਮਣੀ ਕਮੇਟੀ ਨੇ ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਦੀ ਮੁਕੰਮਲ ਜਾਂਚ ਰਿਪੋਰਟ ਜਨਤਕ ਕਰ ਦਿੱਤੀ ਹੈ ਜੋ 6 ਅਕਤੂਬਰ ਤੋਂ ਸਿੱਖ ਸੰਸਥਾ ਦੀ ਵੈਬਸਾਈਟ 'ਤੇ ਉਪਲਬਧ ਹੋਵੇਗੀ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤਾ। ਉਨ੍ਹਾਂ ਕਿਹਾ ਕਿ ਪਾਵਨ ਸਰੂਪਾਂ ਸਬੰਧੀ ਜਾਂਚ ਕਮਿਸ਼ਨ ਦੀ ਮੁਕੰਮਲ ਰਿਪੋਰਟ ਜਨਤਕ ਕਰ ਦਿੱਤੀ ਹੈ ਜਿਸ ਨੂੰ ਹਰ ਵਿਅਕਤੀ ਦੇਖ ਅਤੇ ਪੜ੍ਹ ਸਕੇਗਾ। ਉਨ੍ਹਾਂ ਕਿਹਾ ਕਿ ਇਸ ਰਿਪੋਰਟ ਵਿਚ ਜਿਨ੍ਹਾਂ ਵਿਅਕਤੀਆਂ ਨੂੰ ਦੋਸ਼ੀ ਪਾਇਆ ਗਿਆ ਹੈ, ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾ ਚੁੱਕੀ ਹੈ। ਇਕ ਹਜ਼ਾਰ ਪੰਨਿਆਂ ਤੋਂ ਵੱਧ ਦੀ ਜਾਂਚ ਰਿਪੋਰਟ ਦਾ ਇਕ ਭਾਗ ਪਹਿਲਾਂ ਹੀ ਜਨਤਕ ਕੀਤਾ ਜਾ ਚੁੱਕਾ ਹੈ। ਉਨ੍ਹਾਂ ਆਖਿਆ ਕਿ ਬਜਟ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ ਵਲੋਂ ਸਮੁੱਚੀ ਜਾਂਚ ਜਨਤਕ ਕਰਨ ਦੀ ਮੰਗ ਕੀਤੀ ਗਈ ਸੀ। ਜਾਂਚ ਰਿਪੋਰਟ ਪੜ੍ਹਨ ਮਗਰੋਂ ਪਤਾ ਲੱਗ ਜਾਵੇਗਾ ਕਿ ਦੋਸ਼ੀ ਕੌਣ ਹੈ।

ਗੁਰਦੁਆਰਾ ਰਾਮਸਰ ਸਾਹਿਬ ਵਿਖੇ 19 ਮਈ 2016 ਨੂੰ ਸ਼ਾਰਟ ਸਰਕਟ ਕਾਰਨ ਲੱਗੀ ਅੱਗ ਦੀ ਘਟਨਾ ਕਾਰਨ ਅਗਨ ਭੇਟ ਹੋਏ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਮਾਮਲੇ ਵਿਚ ਪਸ਼ਚਾਤਾਪ ਲਈ ਸ਼੍ਰੋਮਣੀ ਕਮੇਟੀ ਵਲੋਂ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਅਖੰਡ ਪਾਠ ਆਰੰਭ ਕਰਵਾਇਆ ਗਿਆ। ਲੌਂਗੋਵਾਲ ਨੇ ਦਾਅਵਾ ਕੀਤਾ ਕਿ ਪਾਵਨ ਸਰੂਪਾਂ ਦੀ ਨਾ ਬੇਅਦਬੀ ਹੋਈ ਹੈ, ਨਾ ਚੋਰੀ ਹੋਈ ਹੈ ਅਤੇ ਨਾ ਹੀ ਲਾਪਤਾ ਹੋਏ ਹਨ। ਇਹ ਸਾਰੇ ਸਰੂਪ ਕੁਝ ਕਰਮਚਾਰੀਆਂ ਨੇ ਸੰਗਤ ਨੂੰ ਦਿੱਤੇ ਹਨ ਪਰ ਉਸ ਦੀ ਭੇਟਾ ਜਮ੍ਹਾਂ ਨਹੀਂ ਕਰਾਈ। ਉਨ੍ਹਾਂ ਇਹ ਭੇਟਾ ਆਪਣੀਆਂ ਜੇਬਾਂ ਵਿਚ ਪਾ ਲਈ। ਸ਼੍ਰੋਮਣੀ ਕਮੇਟੀ ਨੇ ਵੱਖ ਵੱਖ ਟੀਮਾਂ ਨੂੰ ਭੇਜਿਆ ਹੈ ਜੋ ਸਿੱਖ ਸੰਗਤ ਨੂੰ ਦਿੱਤੇ ਸਰੂਪਾਂ ਬਾਰੇ ਪਤਾ ਕਰ ਰਹੇ ਹਨ। ਜਲਦੀ ਹੀ ਇਨ੍ਹਾਂ ਸਰੂਪਾਂ ਬਾਰੇ ਸਾਰੇ ਵੇਰਵੇ ਇਕੱਠੇ ਕੀਤੇ ਜਾਣਗੇ। ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖਤ ਵਲੋਂ ਇਸ ਮਾਮਲੇ ਦੀ ਕਰਾਈ ਜਾਂਚ ਵਿਚ 328 ਪਾਵਨ ਸਰੂਪ ਰਿਕਾਰਡ ਵਿਚ ਘੱਟ ਪਾਏ ਗਏ ਸਨ। ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਲਗਭਗ 15 ਕਰਮਚਾਰੀਆਂ ਅਤੇ ਅਧਿਕਾਰੀਆਂ ਤੇ ਹੋਰਨਾਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ ਜਿਨ੍ਹਾਂ ਵਿਚੋਂ 5 ਕਰਮਚਾਰੀਆਂ ਨੂੰ ਸੇਵਾਵਾਂ ਤੋਂ ਫਾਰਗ ਕਰ ਦਿੱਤਾ ਹੈ ਜਦੋਂ ਕਿ ਪੰਜ ਨੂੰ ਮੁਅੱਤਲ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਮੁੱਖ ਸਕੱਤਰ ਵਲੋਂ ਅਸਤੀਫਾ ਦਿੱਤਾ ਜਾ ਚੁੱਕਾ ਹੈ।

## ਭਾਰਤ 'ਚ ਵਾਂਝੇ ਵਰਗ ਨੂੰ ਜਿਨਸੀ ਹਿੰਸਾ ਦਾ ਖਤਰਾ: ਯੂ. ਐਨ.

**ਨਵੀਂ ਦਿੱਲੀ:** ਦੇਸ਼ 'ਚ ਮਹਿਲਾਵਾਂ ਪ੍ਰਤੀ ਜਿਨਸੀ ਹਿੰਸਾ ਦੇ ਵਧਦੇ ਮਾਮਲਿਆਂ 'ਤੇ ਚਿੰਤਾ ਜ਼ਾਹਿਰ ਕਰਦਿਆਂ ਭਾਰਤ 'ਚ ਸੰਯੁਕਤ ਰਾਸ਼ਟਰ ਨੇ ਕਿਹਾ ਕਿ ਉਤਰ ਪ੍ਰਦੇਸ਼ ਦੇ ਹਾਥਰਸ ਤੇ ਬਲਰਾਮਪੁਰ 'ਚ ਕਥਿਤ ਤੌਰ 'ਤੇ ਜਬਰ ਜਨਾਹ ਤੇ ਹੱਤਿਆ ਦੀਆਂ ਘਟਨਾਵਾਂ ਇਸ ਗੱਲ ਦਾ ਸਬੂਤ ਹਨ ਕਿ ਸਮਾਜ ਦੇ ਵਾਂਝੇ ਵਰਗ ਦੇ ਲੋਕਾਂ ਨੂੰ ਜਿਨਸੀ ਹਿੰਸਾ ਦਾ ਖਤਰਾ ਵੱਧ ਹੈ।

ਭਾਰਤ 'ਚ ਸੰਯੁਕਤ ਰਾਸ਼ਟਰ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਇਹ ਜ਼ਰੂਰੀ ਹੈ ਕਿ ਦੋਸ਼ੀਆਂ ਨੂੰ ਜਲਦੀ ਸਜ਼ਾ ਮਿਲੇ ਅਤੇ ਪਰਿਵਾਰਾਂ ਨੂੰ ਸਮੇਂ ਸਿਰ ਇਨਸਾਫ, ਸਮਾਜਿਕ ਸਹਾਇਤਾ, ਸਿਹਤ ਤੇ ਮੁੜ ਵਸੇਬਾ ਮੁਹੱਈਆ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਜਿਨਸੀ ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲੀਆਂ ਸਮਾਜਿਕ ਕੁਰੀਤੀਆਂ ਅਤੇ ਅਜਿਹੇ ਪੁਰਸ਼ਾਂ ਤੇ ਲੜਕਿਆਂ ਤੇ ਵਿਹਾਰ 'ਤੇ ਲਗਾਮ ਲਾਈ ਜਾਣੀ ਚਾਹੀਦੀ ਹੈ।

## ਖੇਤੀ ਕਾਨੂੰਨਾਂ ਖਿਲਾਫ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦੇਗੀ ਕੈਪਟਨ ਸਰਕਾਰ

**ਪਟਿਆਲਾ:** ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਵਿਸ਼ਵ ਭਰ ਵਿਚ ਆਪਣੇ ਅਕਸ ਨੂੰ ਯਕੀਨੀ ਬਣਾਉਣ ਲਈ ਦੇਸ਼ ਦੇ ਸਾਰੇ ਅਦਾਰਿਆਂ ਦੀ ਹੱਤਿਆ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਾਰੇ ਛੋਟੇ ਕਾਰੋਬਾਰਾਂ ਨੂੰ ਮਾਰ ਰਹੀ ਹੈ ਤਾਂ ਜੋ ਉਸ ਦੇ ਕਾਰਪੋਰੇਟ ਦੋਸਤ ਖੁਸ਼ ਰਹਿਣ। ਸ੍ਰੀ ਗਾਂਧੀ ਪਟਿਆਲਾ ਦੇ ਸਰਕਟ ਹਾਊਸ ਵਿੱਚ 'ਖੇਤ ਬਚਾਓ ਯਾਤਰਾ' ਦੇ ਤੀਜੇ ਦਿਨ ਮੀਡੀਆ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਵਿਚ 3 ਖੇਤੀਬਾੜੀ ਕਾਨੂੰਨਾਂ ਬਾਰੇ ਵਿਚਾਰ ਵਟਾਂਦਰੇ ਅਤੇ ਵਿਰੋਧ ਕਰਨ ਲਈ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦਾ ਐਲਾਨ ਕੀਤਾ। ਉਨ੍ਹਾਂ ਰਾਹੁਲ ਗਾਂਧੀ ਦੀ ਹਾਜ਼ਰੀ ਵਿਚ ਕਿਹਾ ਕਿ ਅਸੀਂ ਕਾਨੂੰਨੀ ਰਾਹ ਵੀ ਅਪਣਾਵਾਂਗੇ ਅਤੇ ਜਲਦੀ ਹੀ ਸੈਸ਼ਨ ਬੁਲਾਇਆ ਜਾਵੇਗਾ।

## ਬਿਹਾਰ ਚੋਣਾਂ 'ਚ ਭਾਜਪਾ 121 ਅਤੇ ਜੇ.ਡੀ.ਯੂ. 122 ਸੀਟਾਂ 'ਤੇ ਲੜੇਗੀ ਚੋਣ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਨੇ ਬਿਹਾਰ ਵਿਚ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਜਨਤਾ ਦਲ (ਯੂਨਾਈਟਿਡ) ਤੋਂ ਬਗੈਰ ਲੋਕ ਜਨ ਸ਼ਕਤੀ ਪਾਰਟੀ ਨਾਲ ਗਠਜੋੜ ਕਰਨ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤੀ ਹੈ। ਭਾਜਪਾ, ਜਿਸ ਦਾ ਬਿਹਾਰ ਵਿਚ ਮੁੱਖ ਗਠਜੋੜ ਭਾਈਵਾਲ ਜੇ.ਡੀ.ਯੂ. ਹੈ, ਨੇ ਕਿਹਾ ਕਿ ਨਿਤੀਸ਼ ਕੁਮਾਰ ਦੀ ਪਾਰਟੀ ਨਾਲ ਉਸ ਦਾ ਗੱਠਜੋੜ ਅਟੁੱਟ ਹੈ। ਭਾਜਪਾ ਨੇ ਜੇ.ਡੀ.ਯੂ. ਨਾਲ ਆਪਣੀਆਂ ਸੀਟਾਂ ਸਾਂਝੀਆਂ ਕਰਨ ਦੇ ਫਾਰਮੂਲੇ ਦਾ ਐਲਾਨ ਵੀ ਕੀਤਾ। ਭਾਜਪਾ 243 ਮੈਂਬਰੀ ਬਿਹਾਰ ਵਿਧਾਨ ਸਭਾ ਵਿਚ 121 ਤੇ ਜੇ.ਡੀ.ਯੂ. 122 ਦੀਆਂ ਸੀਟਾਂ 'ਤ ਚੋਣ ਲੜੇਗੀ।

## ਜੀ.ਐਸ.ਟੀ. ਮੁਆਵਜ਼ੇ ਲਈ ਪੰਜਾਬ ਸਰਕਾਰ ਵਲੋਂ ਕੇਂਦਰ ਨੂੰ ਚਿਤਾਵਨੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਜੀ.ਐਸ.ਟੀ. ਕੌਂਸਲ ਦੀ ਮੀਟਿੰਗ ਵਿਚ ਜੀ.ਐਸ.ਟੀ. ਮੁਆਵਜ਼ੇ ਦੇ ਮਾਮਲੇ 'ਤੇ ਸਖਤ ਪੈਂਤੜਾ ਅਖਤਿਆਰ ਕੀਤਾ ਹੈ ਅਤੇ ਆਪਣੇ ਪੁਰਾਣੇ ਸਟੈਂਡ ਨੂੰ ਦੁਹਰਾਇਆ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਚਿਤਾਵਨੀ ਭਰੀ ਸੁਰ 'ਚ ਕਿਹਾ ਕਿ ਉਹ ਕੇਂਦਰ ਸਰਕਾਰ ਤੋਂ ਜੀ.ਐਸ.ਟੀ. ਮੁਆਵਜ਼ਾ ਲੈਣ ਲਈ ਕਾਨੂੰਨੀ ਰਾਹ ਅਖਤਿਆਰ ਕਰਨਗੇ।

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੀ ਪ੍ਰਧਾਨਗੀ ਹੇਠ ਵੀਡੀਓ ਕਾਨਫਰੰਸ ਜ਼ਰੀਏ ਜੀ.ਐਸ.ਟੀ. ਕੌਂਸਲ ਦੀ ਮੀਟਿੰਗ ਹੋਈ ਜਿਸ ਵਿਚ ਗੈਰ-ਭਾਜਪਾ ਸਰਕਾਰਾਂ ਵਲੋਂ ਮੁਆਵਜ਼ੇ ਲਈ ਤਿੱਖੇ ਤੇਵਰ ਦਿਖਾਏ ਗਏ। ਪੰਜਾਬ ਸਰਕਾਰ ਨੇ ਕੌਂਸਲ ਮੀਟਿੰਗ ਵਿਚ ਸਪੱਸ਼ਟ ਆਖ ਦਿੱਤਾ ਹੈ ਕਿ ਉਹ ਕੇਂਦਰ ਸਰਕਾਰ ਵਲੋਂ ਸੁਝਾਏ ਅਨੁਸਾਰ ਪੈਸਾ ਉਧਾਰ ਨਹੀਂ ਚੁੱਕ ਸਕਦੀ ਹੈ।

ਉਨ੍ਹਾਂ ਸਾਫ ਕਿਹਾ ਕਿ ਉਹ ਆਪਣਾ ਪੂਰਾ ਮੁਆਵਜ਼ਾ ਲੈਣਾ ਚਾਹੁੰਦੇ ਹਨ ਜਿਵੇਂ ਕੇਂਦਰ ਸਰਕਾਰ ਤਰਫੋਂ ਪਹਿਲਾਂ ਰਾਜਾਂ ਨੂੰ ਭਰੋਸਾ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਵਿੱਤੀ ਵਰ੍ਹੇ ਵਿਚ ਕੋਈ ਮੁਆਵਜ਼ਾ ਨਹੀਂ ਮਿਲਿਆ ਹੈ। ਅਪਰੈਲ-ਸਤੰਬਰ ਦਾ ਕਰੀਬ 9 ਹਜ਼ਾਰ ਕਰੋੜ ਦਾ ਬਕਾਇਆ ਪਿਆ ਹੈ।

## ਕੋਲਾ ਘਪਲਾ: ਸਾਬਕਾ ਕੇਂਦਰੀ ਮੰਤਰੀ ਦਿਲੀਪ ਰੇਅ ਦੋਸ਼ੀ ਕਰਾਰ

**ਨਵੀਂ ਦਿੱਲੀ:** ਇਥੋਂ ਦੀ ਵਿਸ਼ੇਸ਼ ਅਦਾਲਤ ਨੇ ਕੋਲਾ ਘਪਲੇ ਵਿਚ ਸਾਬਕਾ ਕੇਂਦਰੀ ਮੰਤਰੀ ਦਿਲੀਪ ਰੇਅ ਨੂੰ ਦੋਸ਼ੀ ਕਰਾਰ ਦਿੱਤਾ ਹੈ। ਵਿਸ਼ੇਸ਼ ਜੱਜ ਭਰਤ ਪਰਾਸ਼ਰ ਨੇ ਅਟਲ ਬਿਹਾਰੀ ਵਾਜਪਈ ਸਰਕਾਰ ਵਿਚ ਕੋਲਾ ਰਾਜ ਮੰਤਰੀ ਰਹੇ ਰੇਅ ਨੂੰ ਅਪਰਾਧਕ ਸਾਜ਼ਿਸ਼ ਤੇ ਹੋਰ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ।

ਅਦਾਲਤ ਨੇ ਕੋਲਾ ਮੰਤਰਾਲੇ ਦੇ ਦੋ ਸੀਨੀਅਰ ਅਧਿਕਾਰੀਆਂ ਪ੍ਰਦੀਪ ਕੁਮਾਰ ਬੈਨਰਜੀ ਤੇ ਨਿਤਿਆਨੰਦ ਗੌਤਮ, ਸੀ.ਟੀ.ਐਲ. ਦੇ ਡਾਇਰੈਕਟਰ ਮਹਿੰਦਰ ਅਗਰਵਾਲ ਤੇ ਸੀ.ਐਮ.ਐਲ. ਨੂੰ ਦੋਸ਼ੀ ਕਰਾਰ ਦਿੱਤਾ ਹੈ।

# ਖੇਤੀ ਕਾਨੂੰਨ: ਸਿਆਸੀ ਧਿਰਾਂ ਗਿਣਤੀ-ਮਿਣਤੀ 'ਚ ਪਈਆਂ

*(ਸਫਾ ਇਕ ਦੀ ਬਾਕੀ)*

ਲਈ ਆਪੋ-ਆਪਣਾ ਲਾਮ ਲਸ਼ਕਰ ਲੈ ਕੇ ਸੜਕਾਂ ਉਤੇ ਹਨ। ਪਿਛਲੇ ਦਿਨਾਂ ਤੋਂ ਕੀਤੀਆਂ ਜਾ ਰਹੀਆਂ ਸਿਆਸੀ ਰੈਲੀਆਂ ਤੋਂ ਕਿਸਾਨਾਂ ਦੀ ਦੂਰੀ ਤੋਂ ਇਹ ਗੱਲ ਸਾਫ ਹੋ ਚੁੱਕੀ ਹੈ ਕਿ ਇਹ ਵੇਲਾ ਪੰਜਾਬ ਦੀਆਂ ਸਿਆਸੀ ਧਿਰਾਂ ਲਈ ਵੱਡੀ ਪਰਖ ਵਾਲਾ ਹੈ। ਅਸਲ ਵਿਚ, ਇਹ ਗੱਲ ਇਹ ਗੱਲ ਹੁਣ ਸਾਫ ਹੋ ਚੁੱਕੀ ਹੈ ਕਿ ਪੰਜਾਬ ਦੀਆਂ ਰਵਾਇਤੀ ਧਿਰਾਂ (ਕਾਂਗਰਸ-ਅਕਾਲੀ ਦਲ) ਸ਼ੁਰੂ ਵਿਚ ਇਨ੍ਹਾਂ ਕਾਨੂੰਨਾਂ ਦੇ ਹੱਕ ਵਿਚ ਭੁਗਤੀਆਂ। ਇਹ ਗੱਲ ਜੱਗ ਜ਼ਾਹਿਰ ਹੋਣ ਪਿੱਛੋਂ ਕੋਈ ਵੀ ਕਿਸਾਨ ਜਥੇਬੰਦੀ ਸਿਆਸੀ ਧਿਰਾਂ ਨੂੰ ਮੂੰਹ ਲਾਉਣ ਲਈ ਤਿਆਰ ਨਹੀਂ ਪਰ ਸਿਆਸੀ ਧਿਰਾਂ ਕੋਲ ਇਸ ਲੋਕ ਲਹਿਰ ਪਿੱਛੇ ਤੁਰਨ ਦੇ ਸਿਵਾਏ ਹੋਰ ਕੋਈ ਚਾਰਾ ਹੀ ਨਹੀਂ ਬਚਿਆ।

ਅਸਲ ਵਿਚ, ਜੂਨ ਮਹੀਨੇ ਦੇ ਪਹਿਲੇ ਹਫਤੇ ਵਿਚ ਕੇਂਦਰ ਸਰਕਾਰ ਵਲੋਂ ਖੇਤੀ ਜਿਣਸਾਂ ਦੇ ਵਪਾਰ, ਮੰਡੀਕਰਨ ਅਤੇ ਕੰਟਰੈਕਟ ਖੇਤੀ ਸਬੰਧੀ ਤਿੰਨ ਆਰਡੀਨੈਂਸ ਜਾਰੀ ਕੀਤੇ ਗਏ ਸਨ। ਇਨ੍ਹਾਂ ਆਰਡੀਨੈਂਸਾਂ ਖਿਲਾਫ ਪੰਜਾਬ, ਹਰਿਆਣਾ, ਪੱਛਮੀ ਉਤਰ ਪ੍ਰਦੇਸ਼ ਅਤੇ ਕਈ ਹੋਰ ਰਾਜਾਂ ਵਿਚ ਇਨ੍ਹਾਂ ਦਾ ਵਿਰੋਧ ਸ਼ੁਰੂ ਹੋ ਗਿਆ ਪਰ ਇਹ ਵਿਰੋਧ ਪੰਜਾਬ ਵਿਚ ਸਭ ਤੋਂ ਤਿੱਖਾ ਸ਼ੁਰੂ ਹੋਇਆ ਅਤੇ ਇਸ ਸਮੇਂ ਕਾਫੀ ਜ਼ੋਰਾਂ 'ਤੇ ਚੱਲ ਰਿਹਾ ਹੈ।

ਕਿਸਾਨਾਂ ਦੇ ਅੰਦੋਲਨ ਦਾ ਪੰਜਾਬ ਦੇ ਬੁੱਧੀਜੀਵੀ ਵਰਗ ਨੇ ਖੁੱਲ੍ਹ ਕੇ ਸਾਥ ਦਿੱਤਾ। ਵਧਦੇ ਅੰਦੋਲਨ ਦੀ ਹਮਾਇਤ ਵਿਚ ਪੰਜਾਬੀ ਲੇਖਕ, ਗਾਇਕ, ਨੌਜਵਾਨ, ਵਿਦਿਆਰਥੀ, ਆੜ੍ਹਤੀਏ ਅਤੇ ਆਮ ਲੋਕ ਆ ਖੜ੍ਹੇ ਹੋਏ ਹਨ। ਇਸ ਨੂੰ ਦੇਖ ਕੇ ਆਮ ਆਦਮੀ ਪਾਰਟੀ, ਲੋਕ ਇਨਸਾਫ ਪਾਰਟੀ, ਖੱਬੀਆਂ ਪਾਰਟੀਆਂ ਅਤੇ ਗਰੁੱਪਾਂ ਵਲੋਂ ਕਿਸਾਨ ਅੰਦੋਲਨ ਨੂੰ ਹਮਾਇਤ ਦੇਣੀ ਸ਼ੁਰੂ ਕਰ ਦਿੱਤੀ ਗਈ। ਇਸ ਤੋਂ ਬਾਅਦ ਕਾਂਗਰਸ ਪਾਰਟੀ ਵੀ ਪੰਜਾਬ ਅਤੇ ਦੂਜਿਆਂ ਸੂਬਿਆਂ ਵਿਚ ਕਿਸਾਨ ਅੰਦੋਲਨ ਦੀ ਹਮਾਇਤ 'ਤੇ ਆ ਗਈ ਤੇ ਮਗਰੇ ਅਕਾਲੀ ਦਲ ਨੂੰ ਤੁਰਨਾ ਪਿਆ।

ਇਸ ਸਮੇਂ ਮਾਹੌਲ ਇਹ ਹੈ ਕਿ ਕਿਸਾਨ ਸੰਗਠਨਾਂ ਤੇ ਪ੍ਰਮੁੱਖ ਸਿਆਸੀ ਪਾਰਟੀਆਂ ਦਾ ਮੁੱਦਾ ਤਾਂ ਇਕ ਹੈ, ਪਰ ਇਨ੍ਹਾਂ ਦੇ ਮੰਤਵ ਮੁੱਢੋਂ ਹੀ ਅਲੱਗ-ਅਲੱਗ ਹਨ। ਇਹੀ ਕਾਰਨ ਹੈ ਕਿ ਕਿਸਾਨ ਜਥੇਬੰਦੀਆਂ ਸਿਆਸੀ ਪਾਰਟੀਆਂ ਨਾਲ ਮੰਚ ਸਾਂਝਾ ਕਰਨ ਤੋਂ ਦੂਰੀ ਬਣਾਈ ਰੱਖਣਾ ਚਾਹੁੰਦੀਆਂ ਹਨ ਤੇ ਕਿਸੇ ਮੰਚ ਉਪਰ ਵੀ ਸਾਂਝੀ ਜਨਤਕ ਸਰਗਰਮੀ ਕਰਨ ਤੋਂ ਗੁਰੇਜ਼ ਕਰ ਰਹੀਆਂ ਹਨ।

ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਤਿੰਨ ਖੇਤੀ ਕਾਨੂੰਨ ਮੋਦੀ ਸਰਕਾਰ ਨੂੰ ਅਹੁੜਿਆ ਅਚਾਨਕ ਸੁਪਨਾ ਨਹੀਂ, ਸਗੋਂ ਸੰਸਾਰ ਪੱਧਰ 'ਤੇ ਨਵੇਂ ਉਸਰ ਰਹੇ ਕਾਰੋਪੇਰਟ ਖੇਤੀ ਮਾਡਲ ਨੂੰ ਭਾਰਤ ਦੀ ਸਰਜ਼ਮੀਨ ਉਪਰ ਉਤਾਰਨ ਦਾ ਧੜੱਲੇਦਾਰ ਯਤਨ ਹੈ। ਇਹ ਕਾਨੂੰਨ ਜਿਵੇਂ-ਜਿਵੇਂ ਲਾਗੂ ਹੋਵੇਗਾ ਤਿਵੇਂ-ਤਿਵੇਂ ਛੋਟੇ ਦਰਮਿਆਨੇ ਕਿਸਾਨ ਜ਼ਮੀਨ ਤੋਂ ਹੱਥ ਧੋ ਕੇ ਖੇਤੀ ਧੰਦੇ 'ਚੋਂ ਬਾਹਰ ਹੁੰਦੇ ਜਾਣਗੇ। ਇਸ ਤਰ੍ਹਾਂ ਤਿੰਨ ਖੇਤੀ ਕਾਨੂੰਨ ਅਸਲ ਵਿਚ ਮੌਜੂਦਾ ਕਿਸਾਨੀ ਦੀ ਹੋਂਦ ਲਈ ਖਤਰਾ ਖੜ੍ਹਾ ਕਰਨ ਵਾਲੇ ਹਨ ਜਿਸ ਕਰਕੇ ਕਿਸਾਨੀ ਦਾ ਵੱਡਾ ਹਿੱਸਾ ਕਾਨੂੰਨਾਂ ਦੇ ਖਿਲਾਫ ਆ ਖੜ੍ਹਾ ਹੈ ਤੇ ਅਣਸਰਦੀ ਨੂੰ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਵੀ ਵਿਰੋਧ ਦਾ ਰਾਹ ਫੜਿਆ ਹੈ।

## ਜਲ ਸੈਨਾ ਦਾ ਗਲਾਈਡਰ ਹਾਦਸੇ ਦਾ ਸ਼ਿਕਾਰ

**ਕੋਚੀ (ਕੇਰਲਾ):** ਕੋਚੀ ਵਿਚ ਨਿਯਮਤ ਉਡਾਣ ਦੌਰਾਨ ਗਲਾਈਡਰ ਹਾਦਸਾਗ੍ਰਸਤ ਹੋਣ ਕਾਰਨ ਜਲ ਸੈਨਾ ਦੇ ਦੋ ਅਧਿਕਾਰੀ ਮਾਰੇ ਗਏ। ਰੱਖਿਆ ਬੁਲਾਰੇ ਨੇ ਦੱਸਿਆ ਕਿ ਜਲ ਸੈਨਾ ਗਲਾਈਡਰ ਨੇ ਬਾਕਾਇਦਾ ਸਿਖਲਾਈ ਦੌਰਾਨ ਆਈ.ਐਨ.ਐਸ. ਗਰੁੜ ਤੋਂ ਉਡਾਣ ਭਰੀ ਸੀ। ਗਲਾਈਡਰ ਸਵੇਰੇ ਸੱਤ ਵਜੇ ਜਲ ਸੈਨਾ ਬੇਸ ਨੇੜੇ ਥੋਪੂਮਪਾਡੀ ਪੁਲ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਿਆ। ਗਲਾਈਡਰ ਵਿਚ ਸਵਾਰ ਲੈਫਟੀਨੈਂਟ ਰਾਜੀਵ ਝਾਅ ਅਤੇ ਪੇਟੀ ਅਧਿਕਾਰੀ ਸੁਨੀਲ ਕੁਮਾਰ ਨੂੰ ਆਈ.ਐਨ.ਐਚ.ਐਸ. ਸੰਜੀਵਨੀ ਲਿਜਾਇਆ ਗਿਆ, ਜਿਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

## ਸਾਬਕਾ ਫੌਜੀਆਂ ਦੀ ਸਕੀਮ ਦੇ ਨਾਂ 'ਤੇ ਘਪਲਾ

**ਅੰਮ੍ਰਿਤਸਰ:** ਸਾਬਕਾ ਫੌਜੀਆਂ ਦੀ 'ਐਕਸ ਸਰਵਿਸ ਮੈਨ ਕੰਟਰੀਬਿਊਟਰੀ ਹੈਲਥ ਸਕੀਮ' (ਈ.ਸੀ.ਐਚ.ਐਸ.) ਵਿਚ ਵੱਡੇ ਪੱਧਰ 'ਤੇ ਧੋਖਾਧੜੀ ਕਰਨ ਦੇ ਦੋਸ਼ ਹੇਠ ਪੁਲਿਸ ਨੇ 25 ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ, ਜਿਨ੍ਹਾਂ ਵਿਚ 7 ਪ੍ਰਾਈਵੇਟ ਹਸਪਤਾਲ ਤੇ ਜਾਂਚ ਕੇਂਦਰਾਂ ਦੇ ਮਾਲਕ ਅਤੇ ਡਾਕਟਰਾਂ ਸਮੇਤ ਹੋਰ ਸ਼ਾਮਲ ਹਨ। ਇਹ ਮਾਮਲਾ ਥਾਣਾ ਕਨਟੋਨਮੈਂਟ ਵਿਚ ਆਈ.ਪੀ.ਸੀ. ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਫੌਜ ਦੇ ਸਟੇਸ਼ਨ ਕਮਾਂਡਰ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਰਾਹੁਲ ਗਾਂਧੀ ਵਲੋਂ ਸੱਤਾ ਮਿਲਦਿਆਂ ਹੀ ਖੇਤੀ ਕਾਨੂੰਨ ਰੱਦ ਕਰਨ ਦਾ ਵਾਅਦਾ

**ਮੋਗਾ:** ਖੇਤੀ ਕਾਨੂੰਨਾਂ ਵਿਰੁੱਧ ਕਾਂਗਰਸ ਵਲੋਂ ਮੋਗਾ ਜ਼ਿਲ੍ਹੇ ਦੇ ਕਸਬਾ ਬੱਧਨੀ ਕਲਾਂ ਤੋਂ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ 'ਚ ਤਿੰਨ ਦਿਨਾਂ 'ਕਿਸਾਨ ਬਚਾਓ-ਪੰਜਾਬ ਬਚਾਓ-ਖੇਤੀ ਬਚਾਓ' ਰੈਲੀ ਕਰਕੇ ਮੋਦੀ ਸਰਕਾਰ ਖਿਲਾਫ ਸੰਘਰਸ਼ ਦਾ ਬਿਗਲ ਵਜਾਇਆ ਗਿਆ। ਇਸ ਮੌਕੇ ਰਾਹੁਲ ਗਾਂਧੀ ਨੇ ਕਿਹਾ ਕਿ ਖੇਤੀ ਕਾਨੂੰਨ ਕੇਂਦਰ ਸਰਕਾਰ ਦੀ ਸੋਚੀ ਸਮਝੀ ਸਾਜ਼ਸ਼ ਹੈ, ਪਰ ਕਾਂਗਰਸ ਕਿਸਾਨਾਂ ਨਾਲ ਇਕਜੁੱਟ ਹੋ ਕੇ ਖੜ੍ਹੀ ਹੈ।

ਉਨ੍ਹਾਂ ਮੋਦੀ ਸਰਕਾਰ ਨੂੰ ਕਠਪੁਤਲੀ ਸਰਕਾਰ ਦੱਸਦਿਆਂ ਕਿਹਾ ਕਿ ਮੋਦੀ ਸਰਕਾਰ ਦੀ ਡੋਰ ਅਡਾਨੀ ਤੇ ਅੰਬਾਨੀ ਦੇ ਹੱਥਾਂ 'ਚ ਹੈ, ਪਰ ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਕਾਂਗਰਸ ਦੇ ਸੱਤਾ 'ਚ ਆਉਣ ਉਤੇ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਰੱਦ ਕੀਤਾ ਜਾਵੇਗਾ। ਉਨ੍ਹਾਂ ਸਵਾਲ ਕੀਤਾ ਕਿ ਜਦੋਂ ਕੋਵਿਡ ਵਰਗੀ ਮਹਾਂਮਾਰੀ ਨਾਲ ਦੇਸ਼ ਦੇ ਲੋਕ ਜੂਝ ਰਹੇ ਹਨ ਤਾਂ ਅਜਿਹੇ 'ਚ ਇਨ੍ਹਾਂ ਲੋਕ ਮਾਰੂ ਕਾਨੂੰਨਾਂ ਨੂੰ ਲਿਆਉਣ ਦੀ ਕੀ ਲੋੜ ਸੀ? ਰਾਹੁਲ ਨੇ ਕਿਹਾ ਕਿ ਅਡਾਨੀ ਤੇ ਅੰਬਾਨੀ ਕੁਝ ਵੀ ਦਿੱਤੇ ਬਿਨਾਂ ਕਿਸਾਨਾਂ ਦੀ ਜ਼ਮੀਨ ਹਥਿਆਉਣਾ ਚਾਹੁੰਦੇ ਹਨ, ਜਿਸ ਲਈ ਕੇਂਦਰ ਸਰਕਾਰ ਉਨ੍ਹਾਂ ਦੀ ਹਰ ਪੱਖੋਂ ਮਦਦ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਮੋਦੀ ਸਰਕਾਰ ਦੇ ਰਾਜ 'ਚ ਸਾਡੀਆਂ ਬੇਟੀਆਂ ਸੁਰੱਖਿਅਤ ਨਹੀਂ ਹਨ ਤੇ ਉਨ੍ਹਾਂ ਨਾਲ ਜਬਰ ਜਨਾਹ ਵਰਗੀਆਂ ਘਿਣਾਉਣੀਆਂ ਘਟਨਾਵਾਂ ਵਾਪਰ ਰਹੀਆਂ ਹਨ, ਪਰ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਬੇਟੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਨਸਾਫ ਦੇਣ ਦੀ ਬਜਾਏ ਉਨ੍ਹਾਂ ਨੂੰ ਹੀ ਨਿਸ਼ਾਨਾ ਬਣਾਇਆ ਜਾਂਦਾ ਹੈ।



ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਖੇਤੀ ਕਾਨੂੰਨ ਖਿਲਾਫ ਕਾਂਗਰਸ ਨੇ ਜੰਗ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਨਾਲ ਜਿਥੇ ਪੰਜਾਬ ਦੀ ਕਿਸਾਨੀ ਡੁੱਬੇਗੀ ਉਥੇ ਸੂਬੇ ਦਾ ਵਿਕਾਸ ਵੀ ਰੁਕ ਜਾਵੇਗਾ। ਪੰਜਾਬ ਦੀ ਕਿਸਾਨੀ ਨੇ ਦੇਸ਼ ਦਾ ਢਿੱਡ ਭਰਿਆ ਹੈ, ਪਰ ਅੱਜ ਪੰਜਾਬ ਦਾ ਕਿਸਾਨ ਆਪਣੇ ਹੱਕਾਂ ਖਾਤਰ ਸੜਕਾਂ ਉਤੇ ਧਰਨੇ ਦੇਣ ਲਈ ਮਜਬੂਰ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਮੁੱਦੇ 'ਤੇ ਸਾਰੇ ਕਿਸਾਨਾਂ ਤੇ ਜਥੇਬੰਦੀਆਂ ਨੂੰ ਇਕਮੁੱਠ ਹੋ ਕੇ ਸੰਘਰਸ਼ ਕਰਨਾ ਪਵੇਗਾ ਤੇ ਕਾਂਗਰਸ ਉਨ੍ਹਾਂ ਦੇ ਸੰਘਰਸ਼ 'ਚ ਸਾਥ ਦੇਵੇਗੀ।

ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਕਿਹਾ ਕਿ ਅੱਜ ਪੰਜਾਬ ਦਾ ਕਿਸਾਨ ਪੂਰੀ ਤਰ੍ਹਾਂ ਕਾਂਗਰਸ ਦੇ ਨਾਲ ਖੜ੍ਹਾ ਹੈ ਤੇ ਕਾਂਗਰਸ ਉਨ੍ਹਾਂ ਦੇ ਹੱਕਾਂ ਲਈ ਹਰ ਲੜਾਈ ਲੜੇਗੀ। ਰਾਵਤ ਨੇ ਕਿਹਾ ਕਿ ਸਾਰੇ ਕਾਂਗਰਸੀ ਆਗੂ ਇਕਜੁਟ ਹੋ ਕੇ ਰਾਹੁਲ ਗਾਂਧੀ ਦੀ ਅਗਵਾਈ 'ਚ ਇਸ ਸੰਘਰਸ਼ ਨੂੰ ਲੜਨ ਤਾਂ ਜੋ ਪੰਜਾਬ ਦੇ ਕਿਸਾਨਾਂ ਨੂੰ ਇਨਸਾਫ ਦਿਵਾਇਆ ਜਾ ਸਕੇ। ਉਨ੍ਹਾਂ ਇਸ ਮੌਕੇ 2022 ਦੀ ਜਿੱਤ ਲਈ ਵੀ ਪਾਰਟੀ ਆਗੂਆਂ ਨੂੰ ਇਕਜੁਟ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਦੇ ਹਿਤਾਂ ਲਈ ਭਾਜਪਾ ਤੇ ਅਕਾਲੀ ਦਲ ਵਰਗੀਆਂ ਪਾਰਟੀਆਂ ਨੂੰ ਹਰਾਉਣਾ ਬੇਹੱਦ ਜ਼ਰੂਰੀ ਹੈ।

## ਅਕਾਲੀਆਂ ਨੇ ਫਲੈਕਸ ਬੋਰਡਾਂ ਰਾਹੀਂ ਰਾਹੁਲ ਤੋਂ ਪੁੱਛੇ ਸਵਾਲ

**ਲੰਬੀ:** ਖੇਤੀ ਕਾਨੂੰਨਾਂ ਉਤੇ ਮੋਦੀ ਸਰਕਾਰ ਨੂੰ ਘੇਰਨ ਪੁੱਜੇ ਕਾਂਗਰਸੀ ਆਗੂ ਰਾਹੁਲ ਗਾਂਧੀ ਨੂੰ ਲਗਭਗ ਹਰ ਗਲੀ-ਮੁਹੱਲੇ ਵਿਚ ਪੋਸਟਰ ਲਾ ਕੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੇ ਘੇਰਾ ਪਾ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਨੇ ਸੂਬੇ ਭਰ ਵਿਚ ਫਲੈਕਸ, ਹੋਰਡਿੰਗ ਲਗਾ ਕੇ ਰਾਹੁਲ ਗਾਂਧੀ ਤੋਂ ਖੇਤੀ ਬਿੱਲਾਂ ਸਬੰਧੀ ਕਾਂਗਰਸ ਦੀ ਕਿਸਾਨੀ ਪ੍ਰਤੀ ਕਾਰਗੁਜ਼ਾਰੀ ਅਤੇ ਕਾਰਵਾਈ ਬਾਰੇ ਪੰਜ ਸਵਾਲ ਪੁੱਛੇ। ਇਨ੍ਹਾਂ 'ਤੇ ਲਿਖਿਆ ਗਿਆ ਹੈ, 'ਹੁਣ ਕੇਂਦਰ ਸਰਕਾਰ ਵਲੋਂ ਰਾਜ ਸਭਾ 'ਚ ਪਾਸ ਕੀਤੇ ਗਏ ਖੇਤੀ ਬਿੱਲ, ਤੁਸੀਂ ਆਪਣੇ ਚੋਣ ਮੈਨੀਫੈਸਟੋ ਵਿਚ ਕਿਉਂ ਪਾਏ ਸਨ?' ਦੂਜਾ ਸਵਾਲ ਹੈ, 'ਜਦੋਂ ਬਿੱਲਾਂ ਦੇ ਵਿਰੋਧ ਦਾ ਸਮਾਂ ਆਇਆ, ਉਸ ਵੇਲੇ ਤੁਸੀਂ (ਰਾਹੁਲ) ਅਤੇ ਤੁਹਾਡੇ ਸੰਸਦ ਮੈਂਬਰ ਲੋਕ ਸਭਾ 'ਚੋਂ ਗੈਰਹਾਜ਼ਰ ਕਿਉਂ ਰਹੇ?' ਇਸੇ ਤਰ੍ਹਾਂ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਨੂੰ ਸਮਰਥਨ ਦੇਣ, ਕਿਸਾਨੀ ਨੂੰ ਬਚਾਉਣ ਵਾਸਤੇ ਸੂਬੇ ਨੂੰ ਏ.ਪੀ.ਐਮ.ਸੀ. ਮੰਡੀ ਬਣਾਉਣ ਸਬੰਧੀ ਐਲਾਨ ਨਾ ਕਰਨ, ਖੇਤੀ ਬਿੱਲਾਂ ਵਿਰੁੱਧ ਪਾਸ ਕੀਤੇ ਮਤੇ ਨੂੰ ਕੇਂਦਰ ਸਰਕਾਰ ਕੋਲ ਨਾ ਭੇਜਣ ਸਬੰਧੀ ਜਵਾਬ ਤਲਬੀ ਕੀਤੀ ਗਈ ਹੈ।

# ਸਿੱਧੂ ਨੇ ਰਾਹੁਲ ਦੀ ਮੌਜੂਦਗੀ ਵਿਚ ਘੇਰੀ ਕੈਪਟਨ ਸਰਕਾਰ

**ਮੋਗਾ:** ਖੇਤੀ ਕਾਨੂੰਨਾਂ ਖਿਲਾਫ ਅਤੇ ਕਿਸਾਨਾਂ ਦੇ ਹੱਕ 'ਚ ਆਵਾਜ਼ ਬੁਲੰਦ ਕਰਨ ਲਈ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਬੱਧਨੀ ਕਲਾਂ ਵਿਚ ਜਨਤਕ ਰੈਲੀ ਦੌਰਾਨ ਨਵਜੋਤ ਸਿੱਧੂ ਦੀ ਤਕਰੀਰ ਸਭ ਤੋਂ ਵੱਧ ਅਸਰਦਾਰ ਰਹੀ। ਲੰਬੇ ਸਮੇਂ ਬਾਅਦ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਇਕ ਮੰਚ ਉਤੇ ਇਕੱਠੇ ਹੋਏ ਦਿਖਾਈ ਦਿੱਤੇ।

ਸਿੱਧੂ ਨੇ ਆਪਣੀ ਵਿਲੱਖਣ ਭਾਸ਼ਨ ਸ਼ੈਲੀ ਨਾਲ ਕੇਂਦਰ ਸਰਕਾਰ ਦੇ ਨਾਲ-ਨਾਲ ਆਪਣੀ ਹੀ ਪਾਰਟੀ ਦੀ ਸਰਕਾਰ ਨੂੰ ਰਗੜੇ ਲਾਏ। ਹਿੰਦੀ ਅਤੇ ਪੰਜਾਬੀ ਦੇ ਮਿਲੇ-ਜੁਲੇ ਭਾਸ਼ਨ ਦੌਰਾਨ ਸ. ਸਿੱਧੂ ਨੇ ਕਿਹਾ ਕਿ ਕੇਂਦਰ ਦੇ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦਾ ਮੈਂ ਕਾਲੀ ਪੱਗ ਨਾਲ ਵਿਰੋਧ ਕਰਦਾ ਹਾਂ। ਸਾਬਕਾ ਕ੍ਰਿਕਟਰ ਨੇ ਕਿਹਾ ਕਿ ਜੇਕਰ ਹਿਮਾਚਲ ਪ੍ਰਦੇਸ਼ ਸਰਕਾਰ ਸੇਬ ਉਤਪਾਦਕਾਂ ਨੂੰ ਐਮ.ਐਸ.ਪੀ. ਦੇ ਰਹੀ ਹੈ ਤਾਂ ਪੰਜਾਬ ਸਰਕਾਰ ਦਾਲਾਂ ਆਦਿ ਉਤੇ ਕਿਸਾਨਾਂ ਨੂੰ ਐਮ.ਐਸ.ਪੀ. ਕਿਉਂ ਨਹੀਂ ਦਿੰਦੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਕਿਸਾਨਾਂ ਨੂੰ ਕੁਝ ਦਿੰਦੀ ਹੈ ਤਾਂ ਉਸ ਨੂੰ ਸਬਸਿਡੀ ਕਹਿੰਦੀ ਹੈ ਜਦੋਂ ਉਦਯੋਗਪਤੀਆਂ ਜਾਂ ਸਰਮਾਏਦਾਰਾਂ ਦਾ ਕਰਜ਼ਾ ਮੁਆਫ ਕਰਦੀ ਹੈ ਤਾਂ ਉਸ ਨੂੰ ਇਨਸੈਂਟਿਵ ਕਹਿੰਦੀ ਹੈ।



ਉਨ੍ਹਾਂ ਕਿਹਾ ਕਿ ਅੰਬਾਨੀ-ਅਡਾਨੀ ਦੇ ਵਕੀਲਾਂ ਦੀ ਫੌਜ ਦਾ ਪੰਜਾਬ ਦਾ ਦੋ ਏਕੜ ਵਾਲਾ ਕਿਸਾਨ ਕਿਵੇਂ ਮੁਕਾਬਲਾ ਕਰੇਗਾ। ਸਾਡੀ ਜਿੱਤ ਤਾਂ ਹੈ ਜੇ ਸਾਡੀ ਸਰਕਾਰ ਅੰਬਾਨੀ-ਅਡਾਨੀ ਨੂੰ ਪੰਜਾਬ 'ਚ ਨਾ ਵੜਨ ਦੇਵੇ। ਉਨ੍ਹਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦਾ ਕਾਂਗਰਸ ਸ਼ਾਸਿਤ ਸੂਬਿਆਂ ਦੀਆਂ ਸਰਕਾਰਾਂ ਨੂੰ ਇਨ੍ਹਾਂ ਕਾਨੂੰਨਾਂ ਵਿਰੁੱਧ ਵਿਧਾਨ ਸਭਾਵਾਂ ਦਾ ਵਿਸ਼ੇਸ਼ ਇਜਲਾਸ ਬੁਲਾਉਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੁਰਤ ਇਜਲਾਸ ਬੁਲਾ ਕੇ ਇਸ ਕਾਨੂੰਨ ਨੂੰ ਰੱਦ ਕਰਕੇ ਮਤਾ ਰਾਸ਼ਟਰਪਤੀ ਨੂੰ ਭੇਜੇ। ਉਨ੍ਹਾਂ ਕਿਹਾ ਕਿ ਸਰਕਾਰਾਂ ਪਿੱਠ ਦਿਖਾਉਣ ਜਾਂ ਦਿਖਾਵੇ ਲਈ ਨਹੀਂ ਹੁੰਦੀਆਂ, ਇਹ ਮੁਸ਼ਕਲਾਂ ਦੇ ਹੱਲ ਲਈ ਹੁੰਦੀਆਂ ਹਨ। ਨਿਰਧਾਰਤ ਸਮੇਂ ਤੋਂ ਵੱਧ ਬੋਲਣ 'ਤੇ ਸਟੇਜ ਸਕੱਤਰ ਸੁਖਜਿੰਦਰ ਸਿੰਘ ਰੰਧਾਵਾ ਵਲੋਂ ਟੋਕਣ 'ਤੇ ਸ. ਸਿੱਧੂ ਨੇ ਕਿਹਾ ਕਿ ਭਾਜੀ ਅੱਜ ਨਾ ਰੋਕ, ਮੈਨੂੰ ਪਹਿਲਾਂ ਹੀ ਬਿਠਾਈ ਰੱਖਿਆ ਹੈ। ਉਨ੍ਹਾਂ ਕਿਸਾਨਾਂ ਤੇ ਸਨਅਤਕਾਰਾਂ ਨੂੰ ਸਹਿਕਾਰੀ ਸੈਕਟਰ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ।

## ਕਿਸਾਨ ਜਥੇਬੰਦੀ ਨੇ ਖੇਤੀ ਕਾਨੂੰਨਾਂ ਖਿਲਾਫ ਸੁਪਰੀਮ ਕੋਰਟ 'ਚ ਪਾਈ ਪਟੀਸ਼ਨ ਵਾਪਸ ਲਈ

**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਨੇ ਕੇਂਦਰ ਸਰਕਾਰ ਵਲੋਂ ਲਿਆਂਦੇ ਖੇਤੀ ਕਾਨੂੰਨਾਂ ਖਿਲਾਫ ਸੁਪਰੀਮ ਕੋਰਟ ਵਿਚ ਪਾਈ ਰਿੱਟ ਪਟੀਸ਼ਨ ਅਗਲੇ ਹੀ ਦਿਨ ਵਾਪਸ ਲੈ ਲਈ ਹੈ। ਜਥੇਬੰਦੀ ਜਾ ਕਹਿਣਾ ਹੈ ਕਿ ਉਸ ਨੂੰ ਅਦਾਲਤਾਂ ਉਤੇ ਕੋਈ ਭਰੋਸਾ ਨਹੀਂ, ਇਸ ਲਈ ਲੜਾਈ ਸੰਘਰਸ਼ ਰਾਹੀਂ ਹੀ ਜਿੱਤੀ ਜਾਵੇਗੀ। ਦੱਸ ਦਈਏ ਕਿ ਪਟੀਸ਼ਨ ਪਾਉਣ ਤੋਂ ਜ਼ਿਆਦਾਤਰ ਕਿਸਾਨ ਜਥੇਬੰਦੀਆਂ ਨਾਰਾਜ਼ ਸਨ ਤੇ ਇਸ ਸਬੰਧੀ 13 ਕਿਸਾਨ ਜਥੇਬੰਦੀਆਂ ਨੇ ਮੀਟਿੰਗ ਕਰਕੇ ਲੱਖੋਵਾਲ ਧੜੇ ਨੂੰ ਸਖਤ ਸੰਦੇਸ਼ ਦਿੱਤਾ ਸੀ। ਇਸ ਤੋਂ ਬਾਅਦ ਪਟੀਸ਼ਨ ਵਾਪਸ ਲੈਣ ਦਾ ਫੈਸਲਾ ਲੈਣ ਪਿਆ।

ਦੱਸ ਦਈਏ ਕਿ ਲੱਖੋਵਾਲ ਧੜੇ ਨੇ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਗਈ ਸੀ ਕਿ ਤਿੰਨਾਂ ਕਾਨੂੰਨਾਂ ਨੂੰ ਮੁੱਢੋਂ ਖਾਰਜ ਕੀਤਾ ਜਾਵੇ ਤੇ ਕੋਈ ਅੰਤਿਮ ਫੈਸਲਾ ਆਉਣ ਤੱਕ ਇਨ੍ਹਾਂ ਕਾਨੂੰਨਾਂ 'ਤੇ ਰੋਕ ਲਾਈ ਜਾਵੇ। ਪਟੀਸ਼ਨ ਵਿਚ ਕਿਸਾਨ ਆਗੂ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵਲੋਂ ਪਾਸ ਕੀਤੇ ਗਏ ਬਿੱਲ 'ਕਿਸਾਨ ਮਾਰੂ' ਹਨ। ਇਨ੍ਹਾਂ ਉਤੇ ਰੋਕ ਲਾਈ ਜਾਵੇ ਤਾਂ ਜੋ ਦੇਸ਼ ਦੇ ਕਿਸਾਨਾਂ, ਖਪਤਕਾਰਾਂ, ਮਜ਼ਦੂਰਾਂ, ਆੜ੍ਹਤੀਆਂ, ਦੁਕਾਨਦਾਰਾਂ ਤੇ ਛੋਟੇ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਹੋ ਸਕੇ।

## ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੂੰ ਕਰੋਨਾ

**ਮੁਹਾਲੀ:** ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ ਵੀ ਕਰੋਨਾ ਮਹਾਮਾਰੀ ਦੇ ਲਪੇਟੇ ਵਿਚ ਆ ਗਏ ਹਨ। ਉਨ੍ਹਾਂ ਦੀ ਕਰੋਨਾ ਨਮੂਨੇ ਦੀ ਰਿਪੋਰਟ ਪਾਜ਼ੀਟਿਵ ਆਈ ਹੈ। ਇਸ ਗੱਲ ਦੀ ਪੁਸ਼ਟੀ ਮੁਹਾਲੀ ਦੇ ਸਿਵਲ ਸਰਜਨ ਡਾ. ਮਨਜੀਤ ਸਿੰਘ ਨੇ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸਿਹਤ ਮੰਤਰੀ ਨੂੰ ਹਲਕਾ ਜਿਹਾ ਬੁਖਾਰ ਅਤੇ ਗਲਾ ਖਰਾਬ ਸੀ। ਮੰਤਰੀ ਨੇ ਖੁਦ ਹੀ ਮੁਹਾਲੀ ਦੇ ਫੇਜ਼-6 ਸਥਿਤ ਸਰਕਾਰੀ ਹਸਪਤਾਲ ਵਿਚ ਕਰੋਨਾ ਲਈ ਸੈਂਪਲ ਦਿੱਤਾ ਅਤੇ ਬਾਅਦ ਦੁਪਹਿਰ ਮੰਤਰੀ ਦੀ ਰਿਪੋਰਟ ਪਾਜ਼ੀਟਿਵ ਆਈ ਹੈ। ਪੰਜ ਦਿਨਾਂ ਦੇ ਅੰਦਰ ਅੰਦਰ ਸ੍ਰੀ ਸਿੱਧੂ ਦੇ ਸੰਪਰਕ ਵਿਚ ਆਉਣ ਵਾਲੇ ਵਿਅਕਤੀਆਂ ਦੇ ਸੈਂਪਲ ਲਏ ਜਾਣਗੇ।

# ਵਜ਼ੀਫਾ ਕੇਸ: ਧਰਮਸੋਤ ਨੂੰ ਕਲੀਨ ਚਿੱਟ ਦਾ ਮਾਮਲਾ ਭਖਿਆ

**ਜਲੰਧਰ:** ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਵਿਚ 69 ਕਰੋੜ ਤੋਂ ਵੱਧ ਦੇ ਘੁਟਾਲੇ ਵਿਚ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਕਲੀਨ ਚਿੱਟ ਦਾ ਮਾਮਲਾ ਭਖਦਾ ਜਾ ਰਿਹਾ ਹੈ। ਅਕਾਲੀ ਦਲ, ਆਮ ਆਦਮੀ ਪਾਰਟੀ ਸਣੇ ਕਈ ਸਿਆਸੀ ਧਿਰਾਂ ਨੇ ਦੋਸ਼ ਲਾਇਆ ਹੈ ਕਿ ਕਾਂਗਰਸ ਸਰਕਾਰ ਆਪਣੇ ਮੰਤਰੀ ਨੂੰ ਬਚਾ ਰਹੀ ਹੈ।

ਯੂਥ ਅਕਾਲੀ ਦਲ ਦੇ ਸੂਬਾ ਪ੍ਰਧਾਨ ਪਰਮਬੰਸ ਸਿੰਘ ਰੋਮਾਣਾ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਦਫਤਰ ਅੱਗੇ ਰੋਸ ਮੁਜ਼ਾਹਰਾ ਕੀਤਾ ਗਿਆ। ਪੰਜਾਬ ਦੇ ਦੌਰੇ 'ਤੇ ਆਏ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੂੰ ਸਵਾਲ ਕਰਦਿਆਂ ਯੂਥ ਅਕਾਲੀ ਦਲ ਦੇ ਵਰਕਰਾਂ ਨੇ ਪੁੱਛਿਆ ਕਿ ਦਲਿਤ ਵਿਦਿਆਰਥੀਆਂ ਦੇ ਵਜ਼ੀਫੇ ਦੇ ਪੈਸੇ ਖੁਰਦ-ਬੁਰਦ ਕਰਨ ਵਾਲੇ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਕਾਂਗਰਸ ਹਾਈਕਮਾਨ ਕਿਉਂ ਬਚਾ ਰਹੀ ਹੈ। ਇਸ ਦੌਰਾਨ ਰੋਸ ਮੁਜ਼ਾਹਰਾ ਕਰਦਿਆਂ ਉਨ੍ਹਾਂ ਮਾਮਲੇ ਦੀ ਸੀ.ਬੀ.ਆਈ. ਜਾਂਚ ਮੰਗੀ ਹੈ।

ਦੱਸਣਯੋਗ ਹੈ ਕਿ ਯੂਥ ਅਕਾਲੀ ਦਲ ਦੇ ਕਾਰਕੁਨ ਪੁਲਿਸ ਬੈਰੀਕੇਡ ਤੋੜ ਕੇ ਡਿਪਟੀ ਕਮਿਸ਼ਨਰ ਦਫਤਰ ਤੋਂ ਡਾ. ਬੀਆਰ ਅੰਬੇਡਕਰ ਚੌਕ ਪੁੱਜੇ, ਜਿਥੇ ਉਨ੍ਹਾਂ 'ਰਾਹੁਲ ਦਾ ਸਾਧੂ ਚੋਰ ਹੈ', 'ਕਾਂਗਰਸ ਦਾ 'ਸਾਧੂ' ਚੋਰ ਹੈ' ਦੇ ਨਾਅਰੇ ਲਾਏ। ਰੋਸ ਪ੍ਰਦਰਸ਼ਨ ਦੌਰਾਨ ਇਹ ਨਾਅਰੇ ਸ਼ਹਿਰ ਦੀਆਂ ਸੜਕਾਂ ਉਤੇ ਗੂੰਜਦੇ ਰਹੇ।

ਬਹੁਜਨ ਸਮਾਜ ਪਾਰਟੀ ਵਲੋਂ ਧਰਮਸੋਤ ਨੂੰ ਕਲੀਨ ਚਿੱਟ ਦੇਣ ਖਿਲਾਫ ਸਰਕਾਰ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ। ਬਸਪਾ ਕਾਰਕੁਨਾਂ ਨੇ ਖੇਤੀ ਕਾਨੂੰਨਾਂ ਖਿਲਾਫ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ 'ਚ ਘਪਲੇ ਵਿਰੁੱਧ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁਤਲੇ ਸਾੜੇ। ਇਸ ਤੋਂ ਪਹਿਲਾਂ ਹਜ਼ਾਰਾਂ ਵਰਕਰਾਂ ਨੇ ਸ਼ਹਿਰ ਵਿਚ ਰੋਸ ਮਾਰਚ ਕੀਤਾ।



ਉਧਰ, ਆਮ ਆਦਮੀ ਪਾਰਟੀ ਪੰਜਾਬ ਨੇ ਕੇਂਦਰ ਸਰਕਾਰ ਦੀ ਪੋਸਟ ਮੈਟਰਿਕ ਸਕਾਲਰਸ਼ਿਪ (ਵਜ਼ੀਫਾ) ਯੋਜਨਾ 'ਚ 69 ਕਰੋੜ ਰੁਪਏ ਦੇ ਘਪਲੇ ਦੀ ਜਾਂਚ ਲਈ ਬਣਾਈ ਤਿੰਨ ਆਈ.ਏ.ਐਸ. ਅਫਸਰਾਂ ਦੀ ਜਾਂਚ ਕਮੇਟੀ ਵਲੋਂ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਕਲੀਨ ਚਿੱਟ ਦੇਣ ਅਤੇ ਤਤਕਾਲੀ ਡਾਇਰੈਕਟਰ ਅਤੇ ਮੌਜੂਦਾ ਕਾਂਗਰਸੀ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਤੋਂ ਪੁੱਛ ਪੜਤਾਲ ਨਾ ਕਰਨ 'ਤੇ ਇਸ ਜਾਂਚ ਰਿਪੋਰਟ ਨੂੰ ਸਿਰੇ ਤੋਂ ਖਾਰਜ ਕੀਤਾ ਹੈ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਦੇ ਵਿਰੋਧ 'ਚ ਆਮ ਆਦਮੀ ਪਾਰਟੀ ਜਲਦੀ ਹੀ ਮੁੱਖ ਮੰਤਰੀ ਦੇ ਸਿਸਵਾਂ (ਨਿਊ ਚੰਡੀਗੜ੍ਹ) ਸਥਿਤ ਸ਼ਾਹੀ ਫਾਰਮ ਹਾਊਸ ਮੂਹਰੇ ਰੋਸ ਪ੍ਰਦਰਸ਼ਨ ਕਰਕੇ ਰਾਜੇ ਦੀ ਸੁੱਤੀ ਜ਼ਮੀਰ ਨੂੰ ਜਗਾਵੇਗੀ।

## ਪੰਜਾਬ 'ਚ ਸਾਰੇ ਕੋਵਿਡ ਕੇਅਰ ਸੈਂਟਰ ਬੰਦ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੋਵਿਡ ਕੇਅਰ ਸੈਂਟਰ ਬੰਦ ਕਰਨ ਦਾ ਫੈਸਲਾ ਕੀਤਾ ਹੈ। ਸਿਹਤ ਵਿਭਾਗ ਪੰਜਾਬ ਨੇ ਡਿਪਟੀ ਕਮਿਸ਼ਨਰਾਂ ਅਤੇ ਸਿਵਲ ਸਰਜਨਾਂ ਨੂੰ ਪੱਤਰ ਜਾਰੀ ਕਰਕੇ ਫੌਰੀ ਸਾਰੇ ਕੋਵਿਡ ਕੇਅਰ ਸੈਂਟਰ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਸ ਸਬੰਧੀ ਤਰਕ ਦਿੱਤਾ ਗਿਆ ਹੈ ਕਿ ਕੋਵਿਡ ਕੇਅਰ ਸੈਂਟਰਾਂ ਵਿਚ ਲੋਕ ਕਾਫੀ ਘੱਟ ਗਿਣਤੀ ਵਿਚ ਆ ਰਹੇ ਹਨ, ਅਜਿਹਾ ਘਰੇਲੂ ਇਕਾਂਤਵਾਸ ਕਰਨ ਮਗਰੋਂ ਹੋਇਆ ਹੈ।

ਕੋਵਿਡ ਕੇਅਰ ਸੈਂਟਰਾਂ ਦੇ ਵਾਲੰਟੀਅਰ ਸਟਾਫ ਦੀਆਂ ਸੇਵਾਵਾਂ ਵੀ ਖਤਮ ਕਰਨ ਦਾ ਫੈਸਲਾ ਕੀਤਾ ਗਿਆ ਹੈ। ਕੋਵਿਡ ਸੈਂਟਰਾਂ ਵਿਚਲੇ ਸਾਰੇ ਮੈਡੀਕਲ ਸਾਜ਼ੋ ਸਾਮਾਨ ਨੂੰ ਨੇੜਲੇ ਜ਼ਿਲ੍ਹਾ ਹਸਪਤਾਲਾਂ ਵਿਚ ਜਮ੍ਹਾਂ ਕਰਾਉਣ ਲਈ ਆਖਿਆ ਗਿਆ ਹੈ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ 5 ਅਕਤੂਬਰ ਤੋਂ ਬਾਅਦ ਕੋਵਿਡ ਕੇਅਰ ਸੈਂਟਰਾਂ ਦਾ ਕੋਈ ਵੀ ਖਰਚਾ ਸਰਕਾਰ ਨਹੀਂ ਚੁੱਕੇਗੀ।

# ਭਗਵੰਤ ਮਾਨ ਵਲੋਂ ਕੈਪਟਨ ਅਤੇ ਸੁਖਬੀਰ ਨੂੰ ਬਹਿਸ ਦੀ ਚੁਣੌਤੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਉਹ ਇਨ੍ਹਾਂ ਦੋਵਾਂ ਪਾਰਟੀਆਂ ਨੂੰ ਤੱਥਾਂ ਸਮੇਤ ਪੰਜ ਸਵਾਲ ਪੁੱਛਣਾ ਚਾਹੁੰਦੇ ਹਨ ਕਿ ਅੱਜ ਤੱਕ ਕੈਪਟਨ ਅਤੇ ਬਾਦਲਾਂ ਦੀ ਜੋੜੀ ਨੇ ਪੰਜਾਬ ਦੀ ਭਲਾਈ ਲਈ ਕੀਤਾ ਹੀ ਕੀ ਹੈ?

ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਲਈ ਬੇਸ਼ੱਕ ਉਹ ਗੂਗਲ ਦਾ ਸਹਾਰਾ ਲੈ ਲੈਣ, ਖਜ਼ਾਨੇ 'ਤੇ ਬੋਝ ਬਣੇ ਸਲਾਹਕਾਰਾਂ ਦੀ ਫੌਜਾਂ ਤੋਂ ਲਿਖਵਾ ਲੈਣ, ਵੱਡੇ-ਵੱਡੇ ਰਜਿਸਟਰ ਲੈ ਆਉਣ ਜਾਂ ਉਨ੍ਹਾਂ ਨਾਲ ਲਾਈਵ ਡਿਬੇਟ ਵਿਚ ਕੈਪਟਨ ਅਮਰਿੰਦਰ ਅਤੇ ਸੁਖਬੀਰ ਸਿੰਘ ਬਾਦਲ ਬੈਠਣ।

ਭਗਵੰਤ ਮਾਨ ਨੇ ਕਿਹਾ ਕਿ ਕਾਂਗਰਸ ਪਾਰਟੀ ਅਨੁਸਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਰਾਹੁਲ ਗਾਂਧੀ ਪੰਜਾਬ ਵਿਚ ਰੋਡ ਸ਼ੋਅ ਕਰਨਗੇ ਪਰ ਜਦੋਂ ਸੰਸਦ ਵਿਚ ਖੇਤੀ ਬਿੱਲਾਂ ਉਤੇ ਬਹਿਸ ਹੋ ਰਹੀ ਸੀ ਤਾਂ ਉਦੋਂ ਰਾਹੁਲ ਗਾਂਧੀ ਸੰਸਦ ਵਿਚੋਂ ਹੀ ਗੈਰਹਾਜ਼ਰ ਸਨ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਰਾਹੁਲ ਗਾਂਧੀ ਲਈ ਕਿਸਾਨੀ ਹਿੱਤ ਕੋਈ ਮਾਇਨੇ ਨਹੀਂ ਰੱਖਦੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ 51 ਸੰਸਦ ਮੈਂਬਰ ਲੋਕ ਸਭਾ ਵਿਚ ਹਨ ਅਤੇ 40 ਸੰਸਦ ਮੈਂਬਰ ਰਾਜ ਸਭਾ ਵਿਚ ਹਨ। ਇਸ ਦੇ ਬਾਵਜੂਦ ਕਾਂਗਰਸ ਪਾਰਟੀ ਖੇਤੀ ਵਿਰੋਧੀ ਕਾਲੇ ਕਾਨੂੰਨਾਂ ਨੂੰ ਪਾਸ ਹੋਣ ਤੋਂ ਨਹੀਂ ਰੋਕ ਸਕੀ। ਮਾਨ ਨੇ ਕਿਹਾ ਕਿ 28 ਅਗਸਤ 2020 ਨੂੰ ਜਦੋਂ ਵਿਧਾਨ ਸਭਾ ਸੈਸ਼ਨ ਸੱਦਿਆ ਸੀ ਤਾਂ ਪੰਜਾਬ ਸਰਕਾਰ ਨੇ ਖੇਤੀ ਆਰਡੀਨੈਂਸਾਂ ਨੂੰ ਰੱਦ ਕਰਨ ਲਈ ਇਕ ਮਤਾ ਪਾਸ ਕੀਤਾ ਸੀ ਪਰ 14 ਸਤੰਬਰ ਤੱਕ ਇਹ ਮਤਾ ਕੇਂਦਰ ਸਰਕਾਰ ਨੂੰ ਨਹੀਂ ਭੇਜਿਆ।

ਉਨ੍ਹਾਂ ਕਿਹਾ ਕਿ ਬਾਦਲ ਜੋੜੀ ਨੇ ਕੈਬਨਿਟ ਮੀਟਿੰਗ ਵਿਚ ਖੇਤੀ ਬਿੱਲਾਂ ਨੂੰ ਪਾਸ ਕਰਵਾਉਣ 'ਚ ਅਹਿਮ ਭੂਮਿਕਾ ਨਿਭਾਈ ਪਰ ਹੁਣ ਪੰਜਾਬ ਦਾ ਕਿਸਾਨ ਅਤੇ ਸਮੂਹ ਵਰਗ ਇਨ੍ਹਾਂ ਬਾਦਲਾਂ ਦੀਆਂ ਗੁੱਝੀਆਂ ਚਾਲਾਂ ਤੋਂ ਪੂਰੀ ਤਰ੍ਹਾਂ ਵਾਕਫ ਹੈ। ਭਗਵੰਤ ਮਾਨ ਨੇ ਕਿਹਾ ਕਿ ਜਦੋਂ ਵੀ ਬਾਦਲ ਪਰਿਵਾਰ 'ਤੇ ਕਿਸੇ ਤਰ੍ਹਾਂ ਦਾ ਵੀ ਸੰਕਟ ਆਇਆ ਹੈ ਤਾਂ ਉਸ ਨੇ ਧਰਮ ਦਾ ਸਹਾਰਾ ਲੈ ਕੇ ਪੰਜਾਬੀਆਂ ਨੂੰ ਗੁਮਰਾਹ ਹੀ ਕੀਤਾ ਹੈ।

# ਧਰਨੇ ਨੂੰ ਸੰਬੋਧਨ ਦੌਰਾਨ ਆਗੂ ਦੀ ਮੌਤ

**ਮਹਿਲ ਕਲਾਂ:** ਬਰਨਾਲਾ-ਲੁਧਿਆਣਾ ਮੁੱਖ ਮਾਰਗ ਉਤੇ ਟੌਲ ਪਲਾਜ਼ੇ ਸਾਹਮਣੇ ਲੱਗੇ ਧਰਨੇ ਨੂੰ ਸੰਬੋਧਨ ਕਰਦਿਆਂ ਅਚਾਨਕ ਸਿਹਤ ਵਿਗੜਨ ਕਾਰਨ ਕਿਸਾਨ ਆਗੂ ਯਸ਼ਪਾਲ ਮਹਿਲ ਕਲਾਂ (68) ਦੀ ਮੌਤ ਹੋ ਗਈ। ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਸਕੱਤਰ ਯਸ਼ਪਾਲ ਜਦੋਂ ਸ਼ਾਮ ਚਾਰ ਵਜੇ ਦੇ ਕਰੀਬ ਕਿਸਾਨਾਂ ਨੂੰ ਸੰਬੋਧਨ ਕਰ ਰਹੇ ਸਨ ਤਾਂ ਉਹ ਅਚਾਨਕ ਡਿੱਗ ਪਏ। ਉਨ੍ਹਾਂ ਨੂੰ ਤੁਰਤ ਹਸਪਤਾਲ ਪਹੁੰਚਾਇਆ ਗਿਆ ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਉਹ ਸ਼ੂਗਰ ਤੇ ਦਿਲ ਦੀ ਬਿਮਾਰੀ ਤੋਂ ਪੀੜਤ ਸਨ। ਡਾਕਟਰਾਂ ਅਨੁਸਾਰ ਮੁੱਢਲੀ ਜਾਂਚ 'ਚ ਉਨ੍ਹਾਂ ਦੀ ਮੌਤ ਦਾ ਕਾਰਨ ਸ਼ੂਗਰ ਦਾ ਅਚਾਨਕ ਘਟਣਾ ਜਾਪਦਾ ਹੈ। ਯਸ਼ਪਾਲ ਸੇਵਾਮੁਕਤ ਅਧਿਆਪਕ ਸਨ ਅਤੇ ਖੱਬੇ ਪੱਖੀ ਜਥੇਬੰਦੀਆਂ ਵਿਚ ਸਰਗਰਮ ਰਹੇ।

# ਉਮਰਾਨੰਗਲ ਤੇ ਸੈਣੀ ਕਾਰਨ ਵਾਪਰਿਆ ਬਹਿਬਲ ਕਾਂਡ

## ਵਾਅਦਾ ਮੁਆਫ ਗਵਾਹ ਇੰਸਪੈਕਟਰ ਪ੍ਰਦੀਪ ਸਿੰਘ ਨੇ ਖੋਲ੍ਹੇ ਰਾਜ਼

**ਫਰੀਦਕੋਟ:** ਬਹਿਬਲ ਗੋਲੀ ਕਾਂਡ ਵਿਚ ਮੁੱਖ ਮੁਲਜ਼ਮ ਤੋਂ ਵਾਅਦਾ ਮੁਆਫ ਗਵਾਹ ਬਣੇ ਇੰਸਪੈਕਟਰ ਪ੍ਰਦੀਪ ਸਿੰਘ ਦਾ ਬਿਆਨ ਜਨਤਕ ਹੋਣ ਤੋਂ ਬਾਅਦ ਖੁਲਾਸਾ ਹੋਇਆ ਹੈ ਕਿ ਜਿਹੜਾ ਮਸਲਾ ਪੰਜਾਬ ਪੁਲਿਸ ਗੱਲਬਾਤ ਰਾਹੀਂ ਹੱਲ ਕਰ ਸਕਦੀ ਸੀ, ਉਸ ਲਈ ਪੁਲਿਸ ਨੇ ਬਿਨਾਂ ਕਾਰਨ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਦੋ ਬੇਕਸੂਰ ਨੌਜਵਾਨਾਂ ਦੀ ਮੌਤ ਹੋ ਗਈ ਅਤੇ ਦੋ ਦਰਜਨ ਤੋਂ ਵੱਧ ਵਿਅਕਤੀ ਜਖਮੀ ਹੋ ਗਏ।

ਇੰਸਪੈਕਟਰ ਪ੍ਰਦੀਪ ਸਿੰਘ ਘਟਨਾ ਵਾਲੇ ਦਿਨ ਬਹਿਬਲ ਕਲਾਂ ਧਰਨੇ ਵਿਚ ਮੌਜੂਦ ਸੀ ਅਤੇ ਉਸ ਸਮੇਂ ਉਹ ਮੋਗਾ ਦੇ ਜ਼ਿਲ੍ਹਾ ਪੁਲਿਸ ਮੁਖੀ ਚਰਨਜੀਤ ਸਿੰਘ ਸ਼ਰਮਾ ਦੇ ਰੀਡਰ ਵਜੋਂ ਨਿਯੁਕਤ ਸੀ। ਪ੍ਰਦੀਪ ਸਿੰਘ ਨੂੰ ਵਿਸ਼ੇਸ਼ ਜਾਂਚ ਟੀਮ ਨੇ ਪਹਿਲਾਂ ਬਹਿਬਲ ਕਾਂਡ ਵਿਚ ਮੁੱਖ ਮੁਲਜ਼ਮਾਂ ਵਿਚ ਸ਼ਾਮਲ ਕੀਤਾ ਸੀ ਪਰ ਬਾਅਦ ਵਿਚ ਇੰਸਪੈਕਟਰ ਪ੍ਰਦੀਪ ਸਿੰਘ ਨੇ ਵਾਅਦਾ ਮੁਆਫ ਗਵਾਹ ਬਣਨ ਦੀ ਇੱਛਾ ਜ਼ਾਹਰ ਕੀਤੀ ਸੀ ਜਿਸ 'ਤੇ ਸਥਾਨਕ ਸੈਸ਼ਨ ਜੱਜ ਸੁਮੀਤ ਮਲਹੋਤਰਾ ਨੇ 15 ਸਤੰਬਰ 2020 ਨੂੰ ਉਨ੍ਹਾਂ ਨੂੰ ਵਾਅਦਾ ਮੁਆਫ ਗਵਾਹ ਬਣਨ ਦੀ ਇਜਾਜ਼ਤ ਦੇ ਦਿੱਤੀ ਸੀ। ਆਪਣੇ 19 ਸਫਿਆਂ ਦੇ ਬਿਆਨ ਵਿਚ ਇੰਸਪੈਕਟਰ ਪ੍ਰਦੀਪ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਉਸ ਵੇਲੇ ਦੇ ਡੀ.ਜੀ.ਪੀ. ਸੁਮੇਧ ਸੈਣੀ ਨੇ ਪਰਮਰਾਜ ਸਿੰਘ ਉਮਰਾਨੰਗਲ ਨੂੰ ਹਦਾਇਤ ਕੀਤੀ ਸੀ ਕਿ ਬਹਿਬਲ ਕਲਾਂ ਸੜਕ ਤੋਂ ਧਰਨਾ ਹਰ ਹਾਲਤ ਵਿਚ ਚੁਕਵਾ ਦਿੱਤਾ ਜਾਵੇ ਅਤੇ ਜੇਕਰ ਲੋੜ ਪੈਂਦੀ ਹੈ ਤਾਂ ਗੋਲੀਆਂ ਵੀ ਚਲਾਈਆਂ ਜਾਣ। ਇੰਸਪੈਕਟਰ ਪ੍ਰਦੀਪ ਸਿੰਘ ਨੇ ਖੁਲਾਸਾ ਕੀਤਾ ਕਿ ਬਹਿਬਲ ਗੋਲੀ ਕਾਂਡ ਡੀ.ਜੀ.ਪੀ. ਸੁਮੇਧ ਸੈਣੀ ਅਤੇ ਆਈ.ਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਸਾਬਕਾ ਜ਼ਿਲ੍ਹਾ ਪੁਲਿਸ ਮੁਖੀ ਚਰਨਜੀਤ ਸਿੰਘ ਸ਼ਰਮਾ ਦੇ ਕਥਿਤ ਗਲਤ ਰਵੱਈਏ ਕਾਰਨ ਵਾਪਰਿਆ। ਵਾਅਦਾ ਮੁਆਫ ਗਵਾਹ ਨੇ ਇਹ ਵੀ ਖੁਲਾਸਾ ਕੀਤਾ ਕਿ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਬਣਨ ਤੋਂ ਬਾਅਦ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੇ ਪੁਲਿਸ ਲਾਈਨ ਲੁਧਿਆਣਾ ਵਿਚ ਉਨ੍ਹਾਂ ਸਾਰੇ ਅਫਸਰਾਂ ਦੀ ਮੀਟਿੰਗ ਬੁਲਾਈ ਸੀ ਜਿਸ ਵਿਚ ਉਸ ਨੇ ਬਹਿਬਲ ਕਲਾਂ ਵਿਚ ਚੱਲੀਆਂ ਗੋਲੀਆਂ ਦੀ ਸਚਾਈ ਨੂੰ ਛੁਪਾਉਣ ਲਈ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਸੀ ਕਿ ਉਹ ਆਪੋ-ਆਪਣਾ ਗੋਲੀ ਸਿੱਕਾ ਤੇ ਕਾਰਤੂਸ ਪੂਰੇ ਕਰ ਲੈਣ ਤਾਂ ਕਿ ਪੜਤਾਲ ਦੌਰਾਨ ਪੁਲਿਸ ਨਿਰਦੋਸ਼ ਸਾਬਤ ਹੋਵੇ।

### ਐਸ.ਪੀ. ਬਿਕਰਮਜੀਤ ਸਿੰਘ ਦੀ ਬਹਾਲੀ ਦੇ ਹੁਕਮ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਹੋਏ ਐਸ.ਪੀ. ਬਿਕਰਮਜੀਤ ਸਿੰਘ ਨੂੰ ਪੰਜਾਬ ਤੇ ਹਰਿਆਣਾ ਨੇ ਐਸ.ਪੀ. ਦੇ ਅਹੁਦੇ ਤੋਂ ਮੁੜ ਬਹਾਲ ਕਰਨ ਦੇ ਹੁਕਮ ਦਿੱਤੇ ਹਨ। ਐਸ.ਪੀ. ਬਿਕਰਮਜੀਤ ਸਿੰਘ ਦੇ ਬਹਿਬਲ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਹੋਣ ਤੋਂ ਬਾਅਦ ਗ੍ਰਹਿ ਵਿਭਾਗ ਪੰਜਾਬ ਨੇ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਸੀ। ਬਿਕਰਮਜੀਤ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਰਿੱਟ ਦਾਇਰ ਕਰਕੇ ਮੰਗ ਕੀਤੀ ਸੀ ਕਿ ਉਸ ਨੂੰ ਬਹਾਲ ਕੀਤਾ ਜਾਵੇ। ਇਸ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਆਦੇਸ਼ ਦਿੱਤਾ ਸੀ ਕਿ ਉਹ ਆਪਣਾ ਪੱਖ ਅਦਾਲਤ ਸਾਹਮਣੇ ਰੱਖੇ। ਪਰ ਸਰਕਾਰ ਨੇ ਅਦਾਲਤ ਵਿਚ ਪੇਸ਼ ਹੋ ਕੇ ਇਸ ਸਬੰਧੀ ਆਪਣਾ ਪੱਖ ਨਹੀਂ ਰੱਖਿਆ। ਇਸ ਪਿੱਛੋਂ ਅਦਾਲਤ ਨੇ ਐਸ.ਪੀ. ਬਿਕਰਮਜੀਤ ਸਿੰਘ ਨੂੰ ਬਹਾਲ ਕਰਨ ਦਾ ਆਦੇਸ਼ ਦੇ ਦਿੱਤਾ।

# ਮੁਲਤਾਨੀ ਕੇਸ: ਸੁਮੇਧ ਸੈਣੀ ਨਹੀਂ ਦੇ ਰਿਹਾ ਜਾਂਚ ਟੀਮ ਨੂੰ ਕੋਈ ਰਾਹ

**ਮੁਹਾਲੀ:** ਮੁਹਾਲੀ ਦੇ ਵਸਨੀਕ ਅਤੇ ਸਿਟਕੋ ਦੇ ਜੂਨੀਅਰ ਇੰਜੀਨੀਅਰ ਬਲਵੰਤ ਸਿੰਘ ਮੁਲਤਾਨੀ ਨੂੰ ਤਿੰਨ ਦਹਾਕੇ ਪਹਿਲਾਂ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿਚ ਲਾਪਤਾ ਕਰਨ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੇ ਪੁਲਿਸ ਨੂੰ ਉਲਝਾਇਆ ਹੋਇਆ ਹੈ। ਭਾਵੇਂ ਅਦਾਲਤ ਵਲੋਂ ਸੈਣੀ ਨੂੰ ਸਿੱਟ ਨੂੰ ਜਾਂਚ ਵਿਚ ਸਹਿਯੋਗ ਦੇਣ ਦੇ ਹੁਕਮ ਦਿੱਤੇ ਹਨ ਪਰ ਹਰ ਵਾਰ ਪੁੱਛਗਿੱਛ ਲਈ ਬੁਲਾਉਣ ਉਤੇ ਸੈਣੀ ਟਾਲਾ ਵੱਟ ਰਿਹਾ ਹੈ। ਸੈਣੀ ਇਕ ਫਿਰ ਮਟੌਰ ਥਾਣੇ ਵਿਚ ਸਿੱਟ ਅੱਗੇ ਪੇਸ਼ ਨਹੀਂ ਹੋਇਆ। ਮੁਹਾਲੀ ਪੁਲਿਸ ਨੇ ਸੈਣੀ ਨੂੰ ਤੀਜਾ ਨੋਟਿਸ ਜਾਰੀ ਕਰਕੇ ਮਟੌਰ ਥਾਣੇ ਵਿਚ ਸੱਦਿਆ ਸੀ।



ਸੈਣੀ ਨੇ ਇਕ ਵਕੀਲ ਰਾਹੀਂ ਮੁਹਾਲੀ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਮੈਡੀਕਲ ਭੇਜਦਿਆਂ ਦੱਸਿਆ ਕਿ ਉਹ ਬਿਮਾਰ ਹੋਣ ਕਾਰਨ ਸਿਟ ਅੱਗੇ ਪੇਸ਼ ਨਹੀਂ ਹੋ ਸਕਦਾ। ਸੈਣੀ ਨੇ ਆਪਣੀ ਲੱਤ ਵਿਚ ਦਰਦ ਹੋਣ ਦੀ ਦਲੀਲ ਦਿੰਦਿਆਂ ਕਿਹਾ ਕਿ ਡਾਕਟਰ ਨੇ ਪੱਟ ਵਿਚ ਦਰਦ ਹੋਣ ਕਾਰਨ ਉਸ ਨੂੰ ਬੈੱਡ ਰੈਸਟ ਦੀ ਸਲਾਹ ਦਿੱਤੀ ਹੈ। ਉਧਰ, ਵਿਸ਼ੇਸ਼ ਸਰਕਾਰੀ ਵਕੀਲ ਸਰਤੇਜ ਸਿੰਘ ਨਰੂਲਾ ਨੇ ਸੈਣੀ ਵਲੋਂ ਭੇਜੇ ਮੈਡੀਕਲ ਸਰਟੀਫਿਕੇਟ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮੈਡੀਕਲ ਸਰਟੀਫਿਕੇਟ ਫਰਜ਼ੀ ਜਾਪਦਾ ਹੈ ਕਿਉਂਕਿ ਉਸ ਉਤੇ ਮਰੀਜ਼ (ਸੈਣੀ) ਦਾ ਪੂਰਾ ਨਾਮ ਅਤੇ ਪਿਤਾ ਦਾ ਨਾਂ ਦਰਜ ਨਹੀਂ ਹੈ। ਇਥੋਂ ਤੱਕ ਕਿ ਘਰ ਦਾ ਪਤਾ ਵੀ ਨਹੀਂ ਲਿਖਿਆ ਹੋਇਆ ਹੈ। ਸੂਤਰਾਂ ਮੁਤਾਬਕ ਆਉਂਦੇ ਦਿਨਾਂ ਵਿਚ ਵਾਅਦਾ ਮੁਆਫ ਗਵਾਹ ਬਣੇ ਅਤੇ ਚਸ਼ਮਦੀਦ ਗਵਾਹਾਂ ਨੂੰ ਵੀ ਬਿਆਨ ਲੈਣ ਲਈ ਸੱਦਿਆ ਜਾ ਸਕਦਾ ਹੈ। ਜਾਣਕਾਰੀ ਅਨੁਸਾਰ ਪੁਲਿਸ ਸੈਣੀ ਦੇ ਬਿਆਨਾਂ ਤੋਂ ਸੰਤੁਸ਼ਟ ਨਹੀਂ ਹੈ ਕਿਉਂਕਿ ਉਹ ਗੋਲ-ਮੋਲ ਜਵਾਬ ਦੇ ਕੇ ਸਵਾਲਾਂ ਨੂੰ ਟਾਲ ਰਹੇ ਹਨ। ਸਿਟ ਦੇ ਮੈਂਬਰ ਡੀ.ਐਸ.ਪੀ. ਬਿਕਰਮਜੀਤ ਸਿੰਘ ਬਰਾੜ ਨੇ ਦੱਸਿਆ ਕਿ ਸਾਬਕਾ ਡੀ.ਜੀ.ਪੀ. ਨੇ ਵੱਟਸਐਪ 'ਤੇ ਮੈਡੀਕਲ ਭੇਜ ਕੇ ਬਿਮਾਰ ਹੋਣ ਦੀ ਗੱਲ ਆਖੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਮੈਡੀਕਲ ਸਰਟੀਫਿਕੇਟ ਦੀ ਜਾਂਚ ਕਰ ਰਹੀ ਹੈ ਕਿ ਇਹ ਕਿਸ ਵਲੋਂ ਬਣਾਇਆ ਗਿਆ ਹੈ।

### ਗ੍ਰਿਫਤਾਰੀ ਵਾਰੰਟਾਂ ਦੀ ਸੁਣਵਾਈ 15 ਤੱਕ ਟਲੀ

**ਮੁਹਾਲੀ:** ਬਲਵੰਤ ਸਿੰਘ ਮੁਲਤਾਨੀ ਨੂੰ ਤਿੰਨ ਦਹਾਕੇ ਪਹਿਲਾਂ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿਚ ਲਾਪਤਾ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੇ ਗ੍ਰਿਫਤਾਰੀ ਵਾਰੰਟਾਂ ਸਬੰਧੀ ਮੁਹਾਲੀ ਅਦਾਲਤ ਵਿਚ ਸੁਣਵਾਈ ਹੋਈ। ਸੁਣਵਾਈ ਦੌਰਾਨ ਸੈਣੀ ਦਾ ਕੋਈ ਵਕੀਲ ਅਦਾਲਤ ਵਿਚ ਪੇਸ਼ ਨਹੀਂ ਹੋਇਆ ਜਦੋਂਕਿ ਸਰਕਾਰੀ ਵਕੀਲ ਹਾਜ਼ਰ ਸਨ ਜਿਸ ਕਾਰਨ ਅਦਾਲਤ ਨੇ 15 ਅਕਤੂਬਰ ਤੱਕ ਸੁਣਵਾਈ ਟਾਲ ਦਿੱਤੀ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵਲੋਂ ਆਪਣੀ ਪਟੀਸ਼ਨ ਵਾਪਸ ਲੈਂਦਿਆਂ ਸਰਕਾਰੀ ਵਕੀਲਾਂ ਰਾਹੀਂ ਆਪਣਾ ਜਵਾਬ ਦਾਅਵਾ ਦਾਖਲ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਸੁਮੇਧ ਸੈਣੀ ਨੇ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਉਨ੍ਹਾਂ ਖਿਲਾਫ ਜਾਰੀ ਗ੍ਰਿਫਤਾਰੀ ਵਾਰੰਟ ਵਾਪਸ ਲੈਣ ਦੀ ਮੰਗ ਕੀਤੀ ਸੀ।

## ਖਾਲਿਸਤਾਨ ਪ੍ਰਚਾਰ: ਟਵਿੱਟਰ ਖਿਲਾਫ ਕਾਰਵਾਈ ਬਾਰੇ ਪਟੀਸ਼ਨ ਖਾਰਜ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਖਾਲਿਸਤਾਨ ਨੂੰ ਉਤਸ਼ਾਹਿਤ ਕਰਨ ਦੀ ਸਾਜ਼ਿਸ਼ 'ਚ ਸ਼ਾਮਲ ਹੋਣ ਦੇ ਦੋਸ਼ ਵਿਚ ਟਵਿਟਰ ਖਿਲਾਫ ਕਾਰਵਾਈ ਕਰਨ ਵਾਲੀ ਲੋਕ ਹਿੱਤ ਪਟੀਸ਼ਨ 'ਤੇ ਸੁਣਵਾਈ ਤੋਂ ਨਾਂਹ ਕਰ ਦਿੱਤੀ।

ਜਸਟਿਸ ਹਿਮਾ ਕੋਹਲੀ ਅਤੇ ਸੁਬਰਾਮਨੀਅਮ ਪ੍ਰਸਾਦ ਦੀ ਬੈਂਚ ਨੇ ਇਸ ਆਧਾਰ 'ਤੇ ਪਟੀਸ਼ਨ ਖਾਰਜ ਕਰ ਦਿਤੀ ਕਿ ਇਹ ਸਿਰਫ ਦਾਅਵਿਆਂ 'ਤੇ ਆਧਾਰਿਤ ਹੈ, ਇਸ ਬਾਰੇ ਪਹਿਲਾਂ ਕੇਂਦਰ ਨੂੰ ਕੋਈ ਬੇਨਤੀ ਨਹੀਂ ਕੀਤੀ। ਪਟੀਸ਼ਨ ਦੇ ਕਿਸੇ ਵੀ ਮੁੱਦੇ ਨੂੰ ਭਾਰਤ ਸਰਕਾਰ ਸਾਹਮਣੇ ਨਹੀਂ ਉਠਾਇਆ ਗਿਆ ਅਤੇ ਸੰਸਦ ਦੇ ਇਕ ਮੈਂਬਰ ਦੇ ਦਾਅਵਿਆਂ ਤੇ ਖਬਰਾਂ ਦੇ ਆਧਾਰ 'ਤੇ ਪਟੀਸ਼ਨ ਦਾਖਲ ਕੀਤੀ ਗਈ ਹੈ।

ਪਟੀਸ਼ਨਰ ਸੰਗੀਤਾ ਸ਼ਰਮਾ ਨੇ ਆਪਣੀ ਪਟੀਸ਼ਨ 'ਚ ਟਵਿਟਰ ਅਤੇ ਭਾਰਤ ਵਿਚ ਇਸ ਦੇ ਪ੍ਰਤੀਨਿਧਾਂ ਖਿਲਾਫ ਗੈਰ-ਕਾਨੂੰਨੀ ਗਤੀਵਿਧੀਆਂ ਕਾਨੂੰਨ, ਦੇਸ਼ ਧ੍ਰੋਹ ਅਤੇ ਦੇਸ਼ ਖਿਲਾਫ ਯੁੱਧ ਛੇੜਨ ਦੀਆਂ ਧਾਰਾਵਾਂ ਅਤੇ ਸੂਚਨਾ ਤਕਨਾਲੋਜੀ ਕਾਨੂੰਨ ਤਹਿਤ ਮਾਮਲਾ ਦਰਜ ਕਰਨ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਸੀ। ਪਟੀਸ਼ਨ 'ਚ ਕਿਹਾ ਗਿਆ ਸੀ ਕਿ ਟਵਿਟਰ 'ਤੇ ਕੁਝ 'ਹਾਂਡਲ' ਰਾਹੀਂ ਵੱਖਰੇ ਖਾਲਿਸਤਾਨ ਲਈ ਏਜੰਡਾ ਚਲਾਇਆ ਜਾ ਰਿਹਾ ਹੈ।

## ਯੂ.ਕੇ. 'ਚ ਭਾਰਤੀ ਮੂਲ ਦੇ ਸਟੋਰ ਮਾਲਕ 'ਤੇ ਪਾਬੰਦੀ

**ਲੰਡਨ:** ਯੂ.ਕੇ. ਵਿਚ ਨੁਕਸਦਾਰ ਟੈਕਸ ਰਿਟਰਨਾਂ ਭਰਨ ਦੇ ਦੋਸ਼ ਵਿਚ ਭਾਰਤੀ ਮੂਲ ਦੇ ਸਟੋਰ ਮਾਲਕ ਉਤੇ ਛੇ ਸਾਲ ਲਈ ਕਿਸੇ ਵੀ ਕੰਪਨੀ ਦੇ ਡਾਇਰੈਕਟਰ ਵਜੋਂ ਕੰਮ ਕਰਨ ਦੀ ਪਾਬੰਦੀ ਲਾ ਦਿੱਤੀ ਗਈ ਹੈ।

ਪ੍ਰਤੀਕ ਕੁਮਾਰ ਪਟੇਲ ਨੇ ਇਕ ਹਲਫਨਾਮੇ 'ਚ ਅਯੋਗ ਠਹਿਰਾਉਣ ਦੀ ਇਸ ਕਾਰਵਾਈ ਨੂੰ ਸਵੀਕਾਰ ਕਰ ਲਿਆ ਹੈ, ਜਿਸ ਮਗਰੋਂ ਹੁਣ ਉਸ ਖਿਲਾਫ ਕੋਈ ਅਦਾਲਤੀ ਕਾਰਵਾਈ ਨਹੀਂ ਹੋਵੇਗੀ। ਇਸ ਪੂਰੇ ਮਾਮਲੇ ਦੀ ਜਾਂਚ ਕਰਨ ਵਾਲੇ ਅਧਿਕਾਰੀ ਲਾਰੈਂਸ ਜ਼ਸਮੈਨ ਨੇ ਕਿਹਾ ਕਿ ਪਟੇਲ ਪਾਬੰਦੀ ਦੇ ਅਰਸੇ ਦੌਰਾਨ ਕਾਰਪੋਰੇਟ ਜਗਤ ਵਿਚ ਕੰਮ ਨਹੀਂ ਕਰ ਸਕੇਗਾ।

## ਗਿਆਨੀ ਇਕਬਾਲ ਸਿੰਘ ਵਲੋਂ ਰਿਹਾਇਸ਼ ਖਾਲੀ ਕਰਨ ਤੋਂ ਇਨਕਾਰ

**ਅੰਮ੍ਰਿਤਸਰ:** ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਤਖਤ ਦੇ ਪੰਜ ਪਿਆਰਿਆਂ ਦੇ ਆਦੇਸ਼ ਨੂੰ ਰੱਦ ਕਰਦਿਆਂ ਰਿਹਾਇਸ਼ ਖਾਲੀ ਕਰਨ ਤੋਂ ਨਾਂਹ ਕਰ ਦਿੱਤੀ ਹੈ।

ਗਿਆਨੀ ਇਕਬਾਲ ਸਿੰਘ ਨੇ ਤਖਤ ਦੇ ਪੰਜ ਸਿੰਘ ਸਾਹਿਬਾਨ ਨੂੰ ਭੇਜੇ ਜਵਾਬੀ ਪੱਤਰ ਵਿਚ ਕਿਹਾ ਕਿ ਉਨ੍ਹਾਂ ਵਲੋਂ ਦਿੱਤੇ ਕਥਿਤ ਅਸਤੀਫੇ ਅਤੇ ਮਨਜ਼ੂਰੀ ਦਾ ਮਾਮਲਾ ਇਸ ਵੇਲੇ ਪਟਨਾ ਦੇ ਜ਼ਿਲ੍ਹਾ ਜੱਜ ਦੀ ਅਦਾਲਤ ਵਿਚ ਵਿਚਾਰ ਅਧੀਨ ਹੈ। ਜਦੋਂ ਤੱਕ ਅਦਾਲਤ ਵਲੋਂ ਕੋਈ ਫੈਸਲਾ ਨਹੀਂ ਹੁੰਦਾ, ਉਹ ਤਖਤ ਸ੍ਰੀ ਪਟਨਾ ਸਾਹਿਬ ਦੇ ਕਾਨੂੰਨੀ ਤੌਰ ਉਤੇ ਜਥੇਦਾਰ ਹਨ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਵਲੋਂ ਨਿਰਣਾ ਕੀਤਾ ਹੋਇਆ ਹੈ ਕਿ ਅਜਿਹਾ ਕੋਈ ਵੀ ਮਾਮਲਾ, ਜੋ ਅਦਾਲਤ ਵਿਚ ਹੈ, ਉਸ ਬਾਰੇ ਪੰਜ ਸਿੰਘ ਸਾਹਿਬਾਨ ਕੋਈ ਫੈਸਲਾ ਨਹੀਂ ਕਰਨਗੇ।

# ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਕਾਰਕੁਨ ਕਾਬੂ ਕਰਨ ਦਾ ਦਾਅਵਾ

**ਹੁਸ਼ਿਆਰਪੁਰ:** ਪੁਲਿਸ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਨੂਰਪੁਰ ਜੱਟਾਂ ਦੇ ਦੋ ਵਿਅਕਤੀਆਂ ਮੱਖਣ ਸਿੰਘ ਗਿੱਲ ਉਰਫ ਅਮਲੀ ਅਤੇ ਦਵਿੰਦਰ ਸਿੰਘ ਉਰਫ ਹੈਪੀ ਨੂੰ ਗ੍ਰਿਫਤਾਰ ਕਰਕੇ 'ਖਾਲਿਸਤਾਨ ਜ਼ਿੰਦਾਬਾਦ ਫੋਰਸ' ਦੀ ਸਾਜਿਸ਼ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਨੇ ਉਨ੍ਹਾਂ ਕੋਲੋਂ ਇਕ ਐਮ.ਪੀ-5 ਸਬ ਮਸ਼ੀਨਗੰਨ, ਇਕ 9 ਐਮ.ਐਮ. ਪਿਸਤੌਲ, 4 ਮੈਗਜ਼ੀਨ ਤੇ 60 ਕਾਰਤੂਸ ਬਰਾਮਦ ਕੀਤੇ ਹਨ। ਉਨ੍ਹਾਂ ਕੋਲੋਂ ਇਕ ਈਟੀਓਸ. ਕਾਰ (ਪੀਬੀ-11-ਬੀਕਿਯੂ 9994), 4 ਮੋਬਾਈਲ ਫੋਨ ਅਤੇ ਇਕ ਇੰਟਰਨੈੱਟ ਡੋਂਗਲ ਵੀ ਬਰਾਮਦ ਹੋਈ ਹੈ।



ਜ਼ਿਲ੍ਹਾ ਪੁਲਿਸ ਮੁਖੀ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਦੋਵਾਂ ਨੇ ਖੁਲਾਸਾ ਕੀਤਾ ਕਿ ਕੈਨੇਡਾ ਰਹਿੰਦੇ ਹਰਪ੍ਰੀਤ ਸਿੰਘ ਨੇ ਤਕਰੀਬਨ ਦੋ ਮਹੀਨੇ ਪਹਿਲਾਂ ਸੰਪਰਕ ਕਰਕੇ ਉਨ੍ਹਾਂ ਨੂੰ ਪੰਜਾਬ ਵਿਚ ਅਤਿਵਾਦ ਦੀ ਸਥਿਤੀ ਬਣਾਉਣ ਲਈ ਉਕਸਾਇਆ। ਤਫਤੀਸ਼ ਦੌਰਾਨ ਦਿੱਤੇ ਬਿਆਨਾਂ ਅਨੁਸਾਰ, ਹਰਪ੍ਰੀਤ ਖਾਲਿਸਤਾਨ ਜ਼ਿੰਦਾਬਾਦ ਫੋਰਸ ਦਾ ਕਾਰਕੁਨ ਹੈ, ਜੋ ਅਕਸਰ ਪਾਕਿਸਤਾਨ ਜਾਂਦਾ ਰਹਿੰਦਾ ਹੈ ਅਤੇ ਪਾਕਿਸਤਾਨ ਅਧਾਰਿਤ ਫੋਰਸ ਦੇ ਮੁਖੀ ਰਣਜੀਤ ਸਿੰਘ ਉਰਫ ਨੀਟਾ ਦਾ ਨੇੜਲਾ ਸਾਥੀ ਹੈ।

ਮੁਲਜ਼ਮਾਂ ਨੇ ਦੱਸਿਆ ਕਿ ਇਹ ਸਾਰੇ ਦੇ ਸਾਰੇ ਹਥਿਆਰ ਅਤੇ ਅਸਲਾ ਉਨ੍ਹਾਂ ਨੂੰ ਨੀਟਾ ਨੇ ਆਪਣੇ ਅਣਪਛਾਤੇ ਕਾਰਕੁਨਾਂ ਰਾਹੀਂ ਸਪਲਾਈ ਕੀਤਾ ਹੈ। ਇਹ ਲੋਕ ਵਿਦੇਸ਼ੀ ਫੰਡਾਂ ਵਜੋਂ ਮਨੀ ਟਰਾਂਸਫਰ ਸੇਵਾਵਾਂ ਜਿਵੇਂ ਕਿ ਵੈਸਟਰਨ ਯੂਨੀਅਨ ਅਤੇ ਹੋਰ ਕਈ ਚੈਨਲਾਂ ਰਾਹੀਂ ਪੈਸਾ ਅਮਲੀ ਨੂੰ ਟਰਾਂਸਫਰ ਕਰ ਰਹੇ ਸਨ।

ਐਸ.ਐਸ.ਪੀ. ਨੇ ਦੱਸਿਆ ਕਿ ਮੱਖਣ ਸਿੰਘ ਉਰਫ ਅਮਲੀ ਇਕ ਕੱਟੜਪੰਥੀ ਖਾਲਿਸਤਾਨ ਪੱਖੀ ਅਤਿਵਾਦੀ ਹੈ, ਜਿਸ ਨੂੰ ਪਹਿਲਾਂ ਪੰਜਾਬ ਪੁਲਿਸ ਨੇ ਅਤਿਵਾਦ ਨਾਲ ਸਬੰਧਤ ਵੱਖ-ਵੱਖ ਅਪਰਾਧਾਂ ਵਿਚ ਗ੍ਰਿਫਤਾਰ ਕੀਤਾ ਸੀ। ਉਹ ਪਾਕਿਸਤਾਨ ਵਿਚੋਂ ਵੀ ਸਿਖਲਾਈ ਪ੍ਰਾਪਤ ਕਰ ਚੁੱਕਾ ਹੈ ਅਤੇ 1980 ਅਤੇ 1990 ਦੇ ਦਹਾਕਿਆਂ ਦੌਰਾਨ ਅਮਰੀਕਾ ਵਿਚ ਵੀ ਰਿਹਾ ਹੈ। ਉਹ ਪਾਕਿਸਤਾਨ ਆਧਾਰਿਤ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ, ਵਧਾਵਾ ਸਿੰਘ ਬੱਬਰ ਨਾਲ ਨੇੜਿਓਂ ਜੁੜਿਆ ਰਿਹਾ ਹੈ ਅਤੇ 14 ਸਾਲਾਂ ਤੱਕ ਉਸ ਨਾਲ ਪਾਕਿਸਤਾਨ ਵਿਚ ਰਿਹਾ। ਇਸ ਸਬੰਧੀ ਥਾਣਾ ਮਾਹਿਲਪੁਰ ਵਿਚ ਕੇਸ ਵੀ ਦਰਜ ਕੀਤਾ ਗਿਆ ਹੈ।

ਐਸ.ਐਸ.ਪੀ. ਮੁਤਾਬਕ ਉਹ ਕਾਫੀ ਸਮੇਂ ਤੋਂ ਵੱਖ-ਵੱਖ ਅਤਿਵਾਦੀ ਅਤੇ ਹੋਰ ਅਪਰਾਧਕ ਸਰਗਰਮੀਆਂ ਵਿਚ ਸ਼ਾਮਲ ਰਿਹਾ ਹੈ। ਇਸ ਤੋਂ ਪਹਿਲਾਂ ਉਸ ਵਿਰੁੱਧ ਤਕਰੀਬਨ 7 ਕੇਸ ਦਰਜ ਹੋਏ ਸਨ ਪਰ ਉਹ ਬਰੀ ਹੋ ਗਿਆ। ਉਨ੍ਹਾਂ ਕਿਹਾ ਕਿ ਅਮਲੀ ਵਿਰੁੱਧ ਥਾਣਾ ਮੇਹਟੀਆਣਾ ਵਿਚ ਅਸਲਾ ਐਕਟ ਅਤੇ ਗੈਰਕਾਨੂੰਨੀ ਗਤੀਵਿਧੀਆਂ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਸ ਖਿਲਾਫ ਵੱਖ-ਵੱਖ ਥਾਣਿਆਂ ਵਿਚ ਹੋਰ ਵੀ ਕਈ ਕੇਸ ਦਰਜ ਹੈ।

## ਸਮਲਿੰਗੀ ਨੌਜਵਾਨਾਂ ਵਲੋਂ ਅਨੰਦ ਕਾਰਜ ਕਰਾਉਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਇਕ ਪੰਜਾਬੀ ਸਮੇਤ ਦੋ ਨੌਜਵਾਨਾਂ ਵਲੋਂ ਇਕ ਹੋਟਲ ਵਿਚ ਸਮਿਲੰਗੀ ਵਿਆਹ ਕਰਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਹਜ਼ੂਰੀ 'ਚ ਅਨੰਦ ਕਾਰਜ ਕਰਾਏ ਜਾਣ ਦਾ ਮਾਮਲਾ ਅਕਾਲ ਤਖਤ ਸਾਹਿਬ ਵਿਖੇ ਪੁੱਜ ਗਿਆ ਹੈ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਇਸ ਮਾਮਲੇ ਦਾ ਸਖਤ ਨੋਟਿਸ ਲੈਂਦਿਆਂ ਇਸ ਦੀ ਪੜਤਾਲ ਕਰਵਾਈ ਜਾ ਰਹੀ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਹਵਾਲੇ ਨਾਲ ਉਨ੍ਹਾਂ ਦੇ ਨਿੱਜੀ ਸਹਾਇਕ ਤੇ ਸਕੱਤਰੇਤ ਦੇ ਇੰਚਾਰਜ ਜਸਪਾਲ ਸਿੰਘ ਢੱਡੇ ਨੇ ਕਿਹਾ ਕਿ ਇਹ ਮਾਮਲਾ ਸਾਹਮਣੇ ਆਉਣ 'ਤੇ ਸਿੰਘ ਸਾਹਿਬ ਵਲੋਂ ਸਖਤ ਨੋਟਿਸ ਲੈਂਦਿਆਂ ਅਮਰੀਕਾ ਤੇ ਕੈਨੇਡਾ ਦੀਆਂ ਸੰਗਤਾਂ ਤੇ ਨਾਮਵਰ ਗੁਰਦੁਆਰਾ ਕਮੇਟੀਆਂ ਨੂੰ ਇਸ ਅਨੰਦ ਕਾਰਜ ਨੂੰ ਕਰਾਉਣ ਵਾਲੇ ਗ੍ਰੰਥੀ ਸਿੰਘ ਦੀ ਜਾਣਕਾਰੀ ਭੇਜਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਵਾਲੇ ਗ੍ਰੰਥੀ ਬਾਰੇ ਵਿਸਥਾਰਤ ਜਾਣਕਾਰੀ ਪ੍ਰਾਪਤ ਕਰਕੇ ਉਸ ਵਿਰੁੱਧ ਆਉਂਦੇ ਦਿਨਾਂ 'ਚ ਪੰਥਕ ਮਰਿਆਦਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

# ਪਾਕਿਸਤਾਨ ਨੇ ਕਰਤਾਰਪੁਰ ਲਾਂਘਾ ਮੁੜ ਖੋਲ੍ਹਿਆ

**ਅੰਮ੍ਰਿਤਸਰ:** ਪਾਕਿਸਤਾਨ ਵਲੋਂ ਕਰਤਾਰਪੁਰ ਲਾਂਘਾ ਮੁੜ ਖੋਲ੍ਹ ਦਿੱਤਾ ਗਿਆ ਹੈ ਪਰ ਭਾਰਤ ਵਲੋਂ ਅਜੇ ਕਰੋਨਾ ਮਹਾਮਾਰੀ ਦੇ ਮੱਦੇਨਜ਼ਰ ਅਜਿਹਾ ਕੋਈ ਫੈਸਲਾ ਲੈਣ ਤੋਂ ਟਾਲਾ ਵੱਟਿਆ ਗਿਆ ਹੈ।

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਸਪਸ਼ਟ ਤੌਰ ਉਤੇ ਕਿਹਾ ਹੈ ਕਿ ਉਹ ਗ੍ਰਹਿ ਮੰਤਰਾਲੇ ਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੇ ਸਾਰੇ ਸਬੰਧਤ ਅਧਿਕਾਰੀਆਂ ਨਾਲ ਸੰਪਰਕ 'ਚ ਹਨ ਅਤੇ ਕਰਤਾਰਪੁਰ ਲਾਂਘੇ ਨੂੰ ਮੁੜ ਖੋਲ੍ਹਣ ਬਾਰੇ ਫੈਸਲਾ ਕੋਵਿਡ ਨਿਯਮਾਂ ਅਨੁਸਾਰ ਲਿਆ ਜਾਵੇਗਾ ਅਤੇ ਪਾਬੰਦੀਆਂ 'ਚ ਢਿੱਲ ਦਿੱਤੀ ਜਾਵੇਗੀ। ਦੱਸਣਯੋਗ ਹੈ ਕਿ ਪਾਕਿਸਤਾਨ ਸਰਕਾਰ ਦੇ ਧਾਰਮਿਕ ਅਤੇ ਆਪਸੀ ਸਦਭਾਵਨਾ ਮੰਤਰਾਲੇ ਦੇ ਡਿਪਟੀ ਸਕੱਤਰ (ਈ.ਪੀ.) ਇਮਰਾਨ ਰਾਸ਼ਿਦ ਵਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਰਾਹੀਂ ਪਾਕਿ ਦੇ ਸਾਰੇ ਸੂਬਿਆਂ ਦੇ ਮੁੱਖ ਸਕੱਤਰਾਂ, ਰੱਖਿਆ ਮੰਤਰਾਲੇ, ਪ੍ਰਧਾਨ ਮੰਤਰੀ ਦਫਤਰ ਨੂੰ ਸੂਚਿਤ ਕੀਤਾ ਗਿਆ ਹੈ ਕਿ ਪਾਕਿ ਵਲੋਂ ਇਕ ਵਾਰ ਮੁੜ ਤੋਂ ਭਾਰਤੀ ਸ਼ਰਧਾਲੂਆਂ ਲਈ ਕਰਤਾਰਪੁਰ ਲਾਂਘਾ ਖੋਲ੍ਹ ਦਿੱਤਾ ਗਿਆ ਹੈ ਅਤੇ ਉਹ ਕੋਵਿਡ-19 ਸਿਹਤ ਸੁਰੱਖਿਆ ਨਿਯਮਾਂ ਤਹਿਤ ਲਾਗੂ ਨਿਯਮਾਂ ਦੀ ਪਾਲਣਾ ਕਰਦੇ ਹੋਏ ਲਾਂਘੇ ਰਾਹੀਂ ਪਾਕਿ ਆ ਸਕਦੇ ਹਨ। ਜ਼ਿਕਰਯੋਗ ਹੈ ਕਿ ਕਰੋਨਾ ਦੇ ਵਧ ਰਹੇ ਮਾਮਲਿਆਂ ਕਾਰਨ ਪਾਕਿ ਸਰਕਾਰ ਵਲੋਂ ਸ੍ਰੀ ਕਰਤਾਰਪੁਰ ਸਾਹਿਬ ਆਉਣ ਵਾਲੇ ਪਾਕਿਸਤਾਨੀ ਸੈਲਾਨੀਆਂ ਦੇ ਦਾਖਲੇ ਉਤੇ ਰੋਕ ਲਾਉਣ ਪਿਛੋਂ ਭਾਰਤ ਵਲੋਂ ਕਰਤਾਰਪੁਰ ਲਾਂਘਾ 16 ਮਾਰਚ ਨੂੰ ਅਸਥਾਈ ਬੰਦ ਕੀਤਾ ਗਿਆ ਸੀ।

ਇਸ ਤੋਂ ਬਾਅਦ ਪਾਕਿ ਵਲੋਂ ਭਾਰਤ ਸਰਕਾਰ ਨੂੰ ਬਿਨਾਂ ਲਿਖਤੀ ਜਾਣਕਾਰੀ ਦਿੱਤੇ ਜਾਂ ਵਿਚਾਰ ਵਟਾਂਦਰਾ ਕੀਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ 29 ਜੂਨ ਨੂੰ ਲਾਂਘਾ ਖੋਲ੍ਹ ਦਿੱਤਾ ਗਿਆ ਸੀ। ਉਕਤ ਨੋਟੀਫਿਕੇਸ਼ਨ 'ਚ ਦੁਵਲਾ ਸਮਝੌਤਾ-2019 ਦਾ ਹਵਾਲਾ ਦਿੰਦਿਆਂ ਭਾਰਤ ਸਰਕਾਰ ਨੂੰ ਵੀ ਲਾਂਘਾ ਖੋਲ੍ਹਣ ਲਈ ਕਿਹਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪਾਕਿ ਸਰਕਾਰ ਵਲੋਂ ਪਾਕਿਸਤਾਨੀ ਹਿੰਦੂਆਂ ਤੇ ਸਿੱਖਾਂ ਦੇ ਇਲਾਵਾ ਮੁਸਲਮਾਨ ਤੇ ਈਸਾਈ ਭਾਈਚਾਰੇ ਨੂੰ ਵੀ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਆਉਣ ਦੀ ਖੁੱਲ੍ਹ ਦੇ ਦਿੱਤੀ ਗਈ ਹੈ, ਜਿਸ ਦੇ ਚਲਦਿਆਂ ਹੁਣ ਹਿੰਦੂਆਂ ਤੇ ਸਿੱਖਾਂ ਵਾਂਗ ਪਾਕਿਸਤਾਨੀ ਗੈਰ-ਸਿੱਖ ਵੀ ਰੋਜ਼ਾਨਾ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਦਰਸ਼ਨਾਂ ਲਈ ਪਹੁੰਚ ਸਕਣਗੇ।

# ਪਾਵਨ ਸਰੂਪ: ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਵਲੋਂ ਲੌਂਗੋਵਾਲ ਨੂੰ ਅਲਟੀਮੇਟਮ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰਾਂ ਨੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਦੀ ਮੁਕੰਮਲ ਜਾਂਚ ਰਿਪੋਰਟ ਜਨਤਕ ਕੀਤੀ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇ 18 ਅਕਤੂਬਰ ਤੱਕ ਇਸ ਮਾਮਲੇ ਵਿਚ ਕਾਰਵਾਈ ਨਾ ਹੋਈ ਤਾਂ ਇਹ ਮੈਂਬਰ ਸ਼੍ਰੋਮਣੀ ਕਮੇਟੀ ਐਕਟ ਮੁਤਾਬਕ ਕਾਰਵਾਈ ਕਰਨਗੇ।

ਇਸ ਪੱਤਰ 'ਤੇ ਸੇਵਾ ਸਿੰਘ ਸੇਖਵਾਂ, ਜਸਵੰਤ ਸਿੰਘ, ਬਾਬਾ ਗੁਰਮੀਤ ਸਿੰਘ, ਜੈਪਾਲ ਸਿੰਘ, ਮਹਿੰਦਰ ਸਿੰਘ ਹੁਸੈਨਪੁਰ, ਮਿੱਠੂ ਸਿੰਘ, ਹਰਪ੍ਰੀਤ ਸਿੰਘ, ਅਮਰੀਕ ਸਿੰਘ ਸ਼ਾਹਪੁਰ ਤੇ ਹੋਰਨਾਂ ਦੇ ਦਸਤਖ਼ਤ ਹਨ। ਇਨ੍ਹਾਂ ਮੈਂਬਰਾਂ ਨੇ ਅਲਟੀਮੇਟਮ ਦਿੱਤਾ ਕਿ ਰਿਪੋਰਟ ਜਨਤਕ ਨਾ ਕਰਨ 'ਤੇ ਉਹ ਕਾਨੂੰਨੀ ਕਾਰਵਾਈ ਲਈ ਮਜਬੂਰ ਹੋਣਗੇ। ਉਨ੍ਹਾਂ ਦੋਸ਼ ਲਾਇਆ ਕਿ ਮਈ 2016 ਵਿਚ ਅੱਗ ਲੱਗਣ ਅਤੇ ਪਾਣੀ ਦੀਆਂ ਬੌਛਾਰਾਂ ਨਾਲ ਪਾਵਨ ਸਰੂਪਾਂ ਦੇ ਹੋਏ ਨੁਕਸਾਨ ਬਾਰੇ ਸੰਗਤ ਨੂੰ ਗਲਤ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਲਾਪਤਾ ਸਰੂਪਾਂ ਦੇ ਮਾਮਲੇ ਵਿਚ ਵੀ ਦੋਸ਼ੀ ਪਾਏ ਗਏ ਕਰਮਚਾਰੀਆਂ ਅਤੇ ਅਧਿਕਾਰੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਸਗੋਂ ਪੁਲਿਸ ਕਾਰਵਾਈ ਕਰਨ ਦੇ ਫੈਸਲੇ ਤੋਂ ਵੀ ਟਾਲਾ ਵੱਟਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਸਰੂਪ ਗਾਇਬ ਨਹੀਂ ਹੋਏ ਸਗੋਂ ਸੰਗਤ ਕੋਲ ਹੀ ਹਨ। ਇਸ ਸਬੰਧੀ ਜਥੇਬੰਦੀਆਂ ਜਾਂਚ ਰਿਪੋਰਟ ਨੂੰ ਜਨਤਕ ਕਰਨ ਦੀ ਮੰਗ ਕਰ ਰਹੀਆਂ ਹਨ ਪਰ ਹੁਣ ਤਕ ਜਾਂਚ ਰਿਪੋਰਟ ਜਨਤਕ ਨਹੀਂ ਕੀਤੀ ਗਈ।



ਸ਼੍ਰੋਮਣੀ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਦੇ 15 ਦੇ ਕਰੀਬ ਮੈਂਬਰਾਂ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਪੱਤਰ ਲਿਖ ਕੇ ਮਈ 2016 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਸ੍ਰੀ ਰਾਮਸਰ ਸਾਹਿਬ ਵਿਖੇ ਅੱਗ ਲੱਗਣ ਦੀ ਘਟਨਾ ਦੌਰਾਨ ਅਗਨਭੇਟ ਤੇ ਪਾਣੀ ਨਾਲ ਨੁਕਸਾਨੇ ਗਏ ਅਤੇ ਰਿਕਾਰਡ ਮੁਤਾਬਕ ਘਟੇ ਪਾਵਨ ਸਰੂਪਾਂ ਦਾ ਸਿੱਖ ਸੰਗਤਾਂ ਨੂੰ ਹਿਸਾਬ ਦੇਣ ਅਤੇ ਐਡਵੋਕੇਟ ਈਸ਼ਰ ਸਿੰਘ ਦੀ ਸਮੁੱਚੀ ਜਾਂਚ ਰਿਪੋਰਟ ਨੂੰ 18 ਅਕਤੂਬਰ ਤੱਕ ਜਨਤਕ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਉਹ ਕਾਨੂੰਨੀ ਕਾਰਵਾਈ ਕਰਨ ਲਈ ਮਜਬੂਰ ਹੋਣਗੇ।

ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਪੱਤਰ 'ਚ ਪ੍ਰਧਾਨ ਨੂੰ ਕਿਹਾ ਗਿਆ ਹੈ ਕਿ ਉਨ੍ਹਾਂ ਵਲੋਂ 27.8.2020 ਨੂੰ ਕੁਝ ਕਰਮਚਾਰੀਆਂ ਨੂੰ ਮੁਅੱਤਲ ਤੇ ਬਰਖਾਸਤ ਕਰਕੇ ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕਰਨ ਲਈ ਕਿਹਾ ਗਿਆ ਸੀ, ਪਰ ਕੁਝ ਦਿਨਾਂ ਬਾਅਦ ਆਪਣੇ ਹੀ ਬਿਆਨ ਤੋਂ ਮੁੱਕਰ ਜਾਣ ਕਰਕੇ ਇਸ ਵੱਕਾਰੀ ਸੰਸਥਾ ਦੇ ਉੱਚ ਅਹੁਦੇ 'ਤੇ ਸਵਾਲ ਖੜ੍ਹੇ ਹੋ ਗਏ ਹਨ। ਮੈਂਬਰਾਂ ਨੇ ਕਿਹਾ ਕਿ ਹੈਰਾਨੀ ਦੀ ਗੱਲ ਇਹ ਹੈ ਕਿ ਐਡਵੋਕੇਟ ਈਸ਼ਰ ਸਿੰਘ 'ਤੇ ਆਧਾਰਿਤ ਕਮੇਟੀ ਦੀ ਜਾਂਚ ਰਿਪੋਰਟ ਨੂੰ ਜਨਤਕ ਨਹੀਂ ਕੀਤਾ ਗਿਆ, ਜਦੋਂ ਕਿ ਸਿੱਖ ਜਥੇਬੰਦੀਆਂ ਵਲੋਂ ਇਸ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਨੂੰ 18 ਅਕਤੂਬਰ ਤੱਕ ਦਾ ਸਮਾਂ ਦਿੰਦਿਆਂ ਚਿਤਾਵਨੀ ਦਿੱਤੀ ਕਿ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਉਹ ਸ਼੍ਰੋਮਣੀ ਕਮੇਟੀ ਮੈਂਬਰ ਕਾਨੂੰਨੀ ਕਾਰਵਾਈ ਕਰਨ ਲਈ ਮਜਬੂਰ ਹੋਣਗੇ ਤੇ ਇਸ ਲਈ ਪ੍ਰਧਾਨ ਖੁਦ ਜ਼ਿੰਮੇਵਾਰ ਹੋਣਗੇ।

## ਮੁੱਖ ਦਫਤਰ ਦੇ ਪ੍ਰਵੇਸ਼ ਦੁਆਰ ਨੂੰ ਜੜਿਆ ਤਾਲਾ

**ਅੰਮ੍ਰਿਤਸਰ:** ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ 'ਚ ਦੋਸ਼ੀ ਕਰਮਚਾਰੀਆਂ ਵਿਰੁੱਧ ਫੌਜਦਾਰੀ ਕੇਸ ਦਰਜ ਕਰਾਉਣ ਦੀ ਮੰਗ ਨੂੰ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ, ਜਥਾ ਸਿਰਲੱਥ ਖਾਲਸਾ ਤੇ ਹੋਰ ਸਿੱਖ ਜਥੇਬੰਦੀਆਂ ਵਲੋਂ 14 ਸਤੰਬਰ ਤੋਂ ਸ਼੍ਰੋਮਣੀ ਕਮੇਟੀ ਦਫਤਰ ਸਾਹਮਣੇ ਦਿੱਤੇ ਜਾ ਰਹੇ ਰੋਸ ਧਰਨੇ ਜਾਰੀ ਹਨ। ਜਥੇਬੰਦੀਆਂ ਦੇ ਕੁਝ ਆਗੂਆਂ ਵਲੋਂ ਸੰਘਰਸ਼ ਨੂੰ ਨਵਾਂ ਮੋੜ ਦਿੰਦਿਆਂ ਸ਼੍ਰੋਮਣੀ ਕਮੇਟੀ ਦਫਤਰ ਦੇ ਬਾਹਰਲੇ ਮੁੱਖ ਪ੍ਰਵੇਸ਼ ਦੁਆਰ ਨੂੰ ਤਾਲਾ ਮਾਰ ਦਿੱਤਾ ਗਿਆ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਜਥੇਬੰਦੀਆਂ ਦੀ ਇਸ ਕਾਰਵਾਈ ਨੂੰ ਮੰਦਭਾਗੀ ਕਰਾਰ ਦਿੱਤਾ ਹੈ। ਰੋਸ ਧਰਨਾ ਦੇ ਰਹੀਆਂ ਜਥੇਬੰਦੀਆਂ ਦੀ 7 ਮੈਂਬਰੀ ਕਮੇਟੀ ਦੇ ਮੈਂਬਰ ਸੁਖਜੀਤ ਸਿੰਘ ਖੋਸੇ ਨੇ ਕਿਹਾ ਕਿ ਜਦੋਂ ਤੱਕ ਦੋਸ਼ੀਆਂ ਵਿਰੁੱਧ ਫੌਜਦਾਰੀ ਕੇਸ ਦਰਜ ਨਹੀਂ ਕਰਾਏ ਜਾਂਦੇ, ਉਦੋਂ ਤੱਕ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਦੇ ਪ੍ਰਵੇਸ਼ ਦੁਆਰ ਦੀ ਤਾਲਾਬੰਦੀ ਜਾਰੀ ਰਹੇਗੀ।

## ਸੁਖਬੀਰ ਨੂੰ ਅਕਾਲ ਤਖਤ 'ਤੇ ਤਲਬ ਕਰਨ ਦੀ ਮੰਗ

**ਸੰਗਰੂਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੱਧੀ ਦਰਜਨ ਮੈਂਬਰਾਂ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੋਂ ਸੁਖਬੀਰ ਸਿੰਘ ਬਾਦਲ ਨੂੰ ਵਾਰ-ਵਾਰ ਧਾਰਮਿਕ ਮਰਿਯਾਦਾ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਅਕਾਲ ਤਖਤ ਸਾਹਿਬ ਉਤੇ ਤਲਬ ਕਰ ਕੇ ਧਾਰਮਿਕ ਸਜ਼ਾ ਲਾਉਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਪੱਖੀ ਕਮੇਟੀ ਮੈਂਬਰ ਭਾਈ ਮਲਕੀਤ ਸਿੰਘ ਚੰਗਾਲ, ਹਰਦੇਵ ਸਿੰਘ ਰੋਗਲਾ, ਮਿੱਠੂ ਸਿੰਘ ਕਾਹਨਕੇ, ਜੈਪਾਲ ਸਿੰਘ ਮੰਡੀਆਂ, ਮਨਜੀਤ ਸਿੰਘ ਬੱਪੀਆਣਾ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਰਾਮਪਾਲ ਸਿੰਘ ਬਹਿਣੀਵਾਲ ਨੇ ਦੋਸ਼ਸਸ ਲਾਇਆ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੀ ਸਾਖ ਬਚਾਉਣ ਲਈ ਤਿੰਨ ਤਖਤਾਂ ਦਾ ਆਸਰਾ ਲੈ ਕੇ ਅਜਿਹਾ ਮਾਰਚ ਕੱਢਿਆ ਹੈ, ਜਿਸ ਦਾ ਮਕਸਦ ਕਿਸਾਨ ਲਹਿਰ ਦਾ ਨੁਕਸਾਨ ਕਰਨਾ ਸੀ।

# ਪੰਜਾਬ 'ਚ 750 ਖੇਡ ਮੈਦਾਨਾਂ ਦੇ ਨਿਰਮਾਣ ਦੀ ਸ਼ੁਰੂਆਤ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਭਰ 'ਚ 750 ਪੇਂਡੂ ਸਟੇਡੀਅਮਾਂ/ਖੇਡ ਮੈਦਾਨਾਂ ਦੇ ਨਿਰਮਾਣ ਕਾਰਜ ਦੀ ਵਰਚੁਅਲ ਸ਼ੁਰੂਆਤ ਕੀਤੀ। ਮੁੱਖ ਮੰਤਰੀ ਨੇ ਡਿਜੀਟਲ ਵਿਧੀ ਰਾਹੀਂ ਐਂਬੂਲੈਂਸਾਂ ਦੀ ਫਲੀਟ ਨੂੰ ਝੰਡੀ ਵੀ ਦਿਖਾਈ।

ਇਸੇ ਤਰ੍ਹਾਂ ਆਰਥਿਕ ਤੌਰ ਉਤੇ ਕਮਜ਼ੋਰ ਤਬਕਿਆਂ ਦੇ ਮਾਲੀ ਹੱਕਾਂ ਲਈ ਇਕ ਐਮ.ਓ.ਯੂ. ਉਤੇ ਸਹੀ ਪਾਈ।

ਇਸ ਐਮ.ਓ.ਯੂ. ਉਤੇ ਸਥਾਨਕ ਸਰਕਾਰ ਵਿਭਾਗ ਅਤੇ ਸੈਂਟਰ ਫਾਰ ਪਾਲਿਸੀ ਰਿਸਰਚ, ਉੜੀਸਾ ਦਰਮਿਆਨ ਸਹੀ ਪਾਈ ਗਈ ਅਤੇ ਐਂਬੂਲੈਂਸਾਂ ਨੂੰ ਪਟਿਆਲਾ, ਜਲੰਧਰ ਅਤੇ ਲੁਧਿਆਣਾ ਤੋਂ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਮੁੱਖ ਮੰਤਰੀ ਨੇ ਕਿਹਾ ਕਿ ਤੰਦਰੁਸਤ ਪੰਜਾਬ ਮਿਸ਼ਨ ਅਤੇ ਪੇਂਡੂ ਖੇਤਰਾਂ ਦੀ ਨੁਹਾਰ ਬਦਲਣ ਦੀ ਸੂਬਾ ਸਰਕਾਰ ਦੀ ਰਣਨੀਤੀ ਤਹਿਤ ਪੇਂਡੂ ਖੇਤਰਾਂ ਵਿਚ 750 ਸਟੇਡੀਅਮਾਂ ਦਾ ਵਿਕਾਸ 105 ਕਰੋੜ ਰੁਪਏ ਦੀ ਲਾਗਤ ਨਾਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 2020-21 ਦੌਰਾਨ ਇਸ ਸਬੰਧੀ ਪ੍ਰਤੀ ਬਲਾਕ ਘੱਟੋ ਘੱਟ ਪੰਜ ਸਟੇਡੀਅਮ ਉਸਾਰੇ ਜਾਣਗੇ। ਇਨ੍ਹਾਂ ਸਟੇਡੀਅਮਾਂ ਦਾ ਨਾਂ ਉਥੇ ਖਿਡਾਰੀਆਂ ਦੇ ਨਾਵਾਂ ਉਤੇ ਰੱਖਿਆ ਜਾਣਾ ਚਾਹੀਦਾ ਹੈ। ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਇਨ੍ਹਾਂ ਸਟੇਡੀਅਮਾਂ ਨਾਲ ਸੂਬੇ ਦੇ ਖੇਡ ਢਾਂਚੇ ਨੂੰ ਮਜ਼ਬੂਤ ਕਰਨ ਵਿਚ ਮਦਦ ਮਿਲੇਗੀ। ਇਹ ਵਿਕਾਸ ਕੰਮ ਸਮਾਰਟ ਵਿਲੇਜ ਮੁਹਿੰਮ ਤਹਿਤ ਪਹਿਲੇ ਪੜਾਅ 2019-20 ਦੌਰਾਨ 835 ਕਰੋੜ ਰੁਪਏ ਦੇ 19,132 ਕਾਰਜ ਨੇਪਰੇ ਚਾੜ੍ਹੇ ਜਾਣੇ ਹਨ। ਮੁੱਖ ਮੰਤਰੀ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੇ ਹਿੱਸੇ ਵਜੋਂ ਪ੍ਰਤੀ ਪਿੰਡ 550 ਬੂਟੇ ਲਾਏ ਜਾਣ ਦੀ ਮੁਹਿੰਮ ਤਹਿਤ ਸੂਬੇ ਭਰ ਵਿਚ 72 ਲੱਖ ਬੂਟੇ ਲਾਏ ਗਏ ਅਤੇ ਤਕਰੀਬਨ 24,000 'ਵਣ ਮਿੱਤਰ' ਨਿਯੁਕਤ ਕੀਤੇ ਗਏ ਹਨ। ਮੁੱਖ ਮੰਤਰੀ ਨੇ ਸ਼ੁਰੂਆਤ ਮੌਕੇ ਸਰਪੰਚਾਂ ਨਾਲ ਸਿੱਧੀ ਗੱਲਬਾਤ ਵੀ ਕੀਤੀ। ਹਰ ਬਲਾਕ ਵਿਚ ਇਕ ਪਿੰਡ ਦੀ ਪੰਚਾਇਤ ਵਰਚੁਅਲ ਸ਼ੁਰੂਆਤ ਮੌਕੇ ਹਾਜ਼ਰ ਰਹੀ।

# ਕਰੋਨਾ: ਪੰਜਾਬ ਸਰਕਾਰ ਵਲੋਂ ਪਾਬੰਦੀਆਂ 'ਚ ਹੋਰ ਢਿੱਲ

**ਚੰਡੀਗੜ੍ਹ:** ਕੋਵਿਡ ਕੇਸਾਂ ਅਤੇ ਮੌਤ ਦਰ ਵਿਚ ਕਮੀ ਆਉਣ ਦੇ ਮੱਦੇਨਜ਼ਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਈ ਛੋਟਾਂ ਦੇਣ ਦੇ ਆਦੇਸ਼ ਦਿੱਤੇ, ਜਿਨ੍ਹਾਂ 'ਚ ਰਾਤ ਦਾ ਕਰਫਿਊ ਅਤੇ ਐਤਵਾਰ ਦੀ ਤਾਲਾਬੰਦੀ ਖਤਮ ਕਰਨਾ ਸ਼ਾਮਲ ਹੈ। ਨਾਲ ਡੀ.ਜੀ.ਪੀ. ਨੂੰ ਮਾਸਕ ਪਹਿਨਣ ਤੇ ਹੋਰ ਸੁਰੱਖਿਆ ਇਹਤਿਆਤ ਦੀ ਪਾਲਣਾ ਯਕੀਨੀ ਬਣਾਉਣ ਦੇ ਵੀ ਆਦੇਸ਼ ਦਿੱਤੇ ਗਏ ਹਨ।

ਮੁੱਖ ਮੰਤਰੀ ਨੇ ਭਾਰਤ ਸਰਕਾਰ ਵਲੋਂ ਜਾਰੀ ਹਦਾਇਤਾਂ ਅਨੁਸਾਰ ਕੀਤੀਆਂ ਛੋਟਾਂ ਦੇ ਐਲਾਨ 'ਚ ਸੂਬੇ ਵਿਚ ਵਿਆਹ ਤੇ ਸਸਕਾਰ ਮੌਕੇ ਵਿਅਕਤੀਆਂ ਦੀ ਹੱਦ ਵਧਾ ਕੇ 100 ਕਰ ਦਿੱਤੀ ਹੈ। ਇਸ ਦੇ ਨਾਲ ਹੀ ਕਾਰ ਵਿਚ ਤਿੰਨ ਵਿਅਕਤੀਆਂ ਦੇ ਸਵਾਰ ਹੋਣ ਅਤੇ ਬੱਸਾਂ ਵਿਚ 50 ਫੀਸਦੀ ਸਵਾਰੀਆਂ ਦੀ ਸਮਰੱਥਾ ਵਿਚ ਵੀ ਢਿੱਲ ਦਿੱਤੀ ਹੈ, ਬਸ਼ਰਤੇ ਸਫਰ ਦੌਰਾਨ ਤਾਕੀਆਂ ਖੁੱਲ੍ਹੀਆਂ ਹੋਣ।

ਇਸੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਡੀ.ਜੀ.ਪੀ. ਦਿਨਕਰ ਗੁਪਤਾ ਨੂੰ ਕੋਵਿਡ ਪ੍ਰੋਟੋਕਾਲ ਦੀ ਸਖਤੀ ਨਾਲ ਪਾਲਣਾ ਯਕੀਨੀ ਕਰਵਾਉਣ ਦੇ ਆਦੇਸ਼ ਦਿੱਤੇ ਹਨ ਤੇ ਮਾਸਕ ਪਹਿਨਣ ਦੀ ਲਾਜ਼ਮੀ ਸ਼ਰਤ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਤੁਰਤ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਝੋਨੇ ਦੀ ਖਰੀਦ ਸੀਜ਼ਨ ਅਤੇ ਤਿਉਹਾਰਾਂ ਦੇ ਮੌਸਮ ਨੂੰ ਦੇਖਦਿਆਂ ਇਸ ਸਬੰਧੀ ਕੋਈ ਢਿੱਲ-ਮੱਠ ਨਹੀਂ ਦਿੱਤੀ ਜਾਵੇਗੀ। ਸਕੂਲ ਤੇ ਵਿੱਦਿਅਕ ਸੰਸਥਾਵਾਂ ਖੋਲ੍ਹਣ ਦੇ ਮਾਮਲੇ, ਜਿਸ ਬਾਰੇ ਕੇਂਦਰ ਨੇ ਅਨਲਾਕ 5.0 ਤਹਿਤ 15 ਅਕਤੂਬਰ ਤੋਂ ਫੈਸਲਾ ਲੈਣ ਦੇ ਅਧਿਕਾਰ ਸੂਬਿਆਂ 'ਤੇ ਛੱਡ ਦਿੱਤੇ ਹਨ, ਬਾਰੇ ਅੰਤਿਮ ਫੈਸਲੇ ਦਾ ਐਲਾਨ ਗ੍ਰਹਿ ਸਕੱਤਰ ਅਤੇ ਸਿੱਖਿਆ ਵਿਭਾਗ ਵਿਚਾਲੇ ਵਿਚਾਰ ਵਟਾਂਦਰੇ ਤੋਂ ਬਾਅਦ ਕੀਤਾ ਜਾਵੇਗਾ।

ਸੂਬੇ ਵਿਚ ਕੋਵਿਡ ਦੀ ਸਥਿਤੀ ਬਾਰੇ ਸੱਦੀ ਵਰਚੁਅਲ ਮੀਟਿੰਗ ਵਿਚ ਮੁੱਖ ਮੰਤਰੀ ਨੇ ਸੂਬੇ ਵਿਚ ਕੇਸਾਂ ਤੇ ਮੌਤ ਦਰ ਵਿਚ ਆਈ ਗਿਰਾਵਟ ਨੂੰ ਦੇਖਦਿਆਂ ਕਿਹਾ ਕਿ ਪਹਿਲਾਂ ਲਾਈਆਂ ਗਈਆਂ ਪਾਬੰਦੀਆਂ ਨਾਲ ਸੂਬਾ ਸਰਕਾਰ ਨੂੰ ਬਹੁਤ ਮਦਦ ਮਿਲੀ ਹੈ, ਹਾਲਾਂਕਿ ਉਨ੍ਹਾਂ ਪੇਂਡੂ ਖੇਤਰਾਂ ਵਿਚ ਵਧਦੇ ਕੇਸਾਂ ਉਤੇ ਚਿੰਤਾ ਪ੍ਰਗਟਾਈ। ਸ਼ਹਿਰਾਂ/ ਕਸਬਿਆਂ ਵਿਚ ਕੇਸਾਂ ਦੀ ਗਿਣਤੀ ਜ਼ਰੂਰ ਘਟ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਸਕੱਤਰ ਵਿਨੀ ਮਹਾਜਨ ਨੂੰ ਨਿਰਦੇਸ਼ ਦਿੱਤੇ ਕਿ ਹਸਪਤਾਲਾਂ 'ਚੋਂ ਛੁੱਟੀ ਹਾਸਲ ਕਰਨ ਵਾਲੇ ਗਰੀਬ ਕੋਵਿਡ ਮਰੀਜ਼ਾਂ ਲਈ ਵਿਟਾਮਿਨ ਆਦਿ ਦੇ ਪ੍ਰਬੰਧ ਦਾ ਖਿਆਲ ਰੱਖਿਆ ਜਾਵੇ। ਇਸ ਤੋਂ ਪਹਿਲਾਂ ਸੰਖੇਪ ਪੇਸ਼ਕਾਰੀ ਵਿਚ ਸੂਬੇ ਦੇ ਸਿਹਤ ਮਾਹਿਰਾਂ ਦੀ ਕਮੇਟੀ ਦੇ ਮੁਖੀ ਡਾ. ਕੇ.ਕੇ. ਤਲਵਾੜ ਨੇ ਕਿਹਾ ਕਿ ਸੂਬੇ 'ਚ ਪਾਜ਼ੀਟਿਵ ਕੇਸਾਂ ਦੀ ਦਰ 14 ਸਤੰਬਰ ਨੂੰ 10.85 ਫੀਸਦੀ ਸੀ ਜੋ ਕਿ 28 ਸਤੰਬਰ ਨੂੰ ਘਟ ਕੇ 5.12 ਫੀਸਦੀ 'ਤੇ ਆ ਗਈ। ਇਸ ਸਮੇਂ ਦੌਰਾਨ ਮੌਤ ਦਰ ਅਤੇ ਵੈਂਟੀਲੇਟਰ ਵਾਲੇ ਮਰੀਜ਼ਾਂ ਦੀ ਦਰ ਵਿਚ ਗਿਰਾਵਟ ਆਈ ਹੈ।

ਸੂਬੇ ਵਿਚ ਇਸ ਵੇਲੇ ਕੋਵਿਡ ਮੌਤ ਦਰ 2.95 ਫੀਸਦੀ ਹੈ ਤੇ ਪ੍ਰਤੀ 10 ਲੱਖ ਮੌਤਾਂ ਦੀ ਦਰ 112.5 ਫੀਸਦੀ ਹੈ। ਰਿਕਵਰੀ ਦਰ ਵਧ ਕੇ 82.1 ਫੀਸਦੀ ਹੋ ਗਈ ਹੈ। ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਸਥਿਤੀ ਨੂੰ ਕਾਬੂ ਹੇਠ ਰੱਖਣ ਲਈ ਡਾਕਟਰਾਂ ਤੇ ਹੋਰ ਮੈਡੀਕਲ ਸਟਾਫ ਦਾ ਹੌਸਲਾ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

## ਮੋਦੀ ਸਰਕਾਰ ਵਲੋਂ ਜੁਲਾਈ ਤੱਕ 25 ਕਰੋੜ ਲੋਕਾਂ ਤੱਕ ਕਰੋਨਾ ਵੈਕਸੀਨ ਪਹੁੰਚਾਉਣ ਦਾ ਟੀਚਾ

**ਨਵੀਂ ਦਿੱਲੀ:** ਕੇਂਦਰੀ ਸਿਹਤ ਮੰਤਰੀ ਹਰਸ਼ ਵਰਧਨ ਨੇ ਦਾਅਵਾ ਕੀਤਾ ਹੈ ਕਿ ਅਗਲੇ ਸਾਲ ਜੁਲਾਈ ਤੱਕ 20 ਤੋਂ 25 ਕਰੋੜ ਲੋਕਾਂ ਤੱਕ ਕਰੋਨਾ ਵੈਕਸੀਨ ਪਹੁੰਚਾਉਣ ਦਾ ਟੀਚਾ ਮਿਥਿਆ ਗਿਆ ਹੈ ਤੇ ਇਸ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਵੈਕਸੀਨ ਦੀਆਂ 40 ਤੋਂ 50 ਕਰੋੜ ਖੁਰਾਕਾਂ ਹਾਸਲ ਕੀਤੀਆਂ ਜਾਣ। 'ਸੰਡੇ ਸੰਵਾਦ' ਦੀ ਚੌਥੀ ਕੜੀ ਤਹਿਤ ਉਨ੍ਹਾਂ ਦੱਸਿਆ ਕਿ ਮੰਤਰਾਲੇ ਵਲੋਂ ਰਾਜਾਂ ਨੂੰ ਅਕਤੂਬਰ ਦੇ ਅੰਤ ਤੱਕ ਆਪਣੀ ਤਰਜੀਹੀ ਆਬਾਦੀ, ਜਿਨ੍ਹਾਂ ਨੂੰ ਵੈਕਸੀਨ ਦੀ ਜ਼ਿਆਦਾ ਜ਼ਰੂਰਤ ਹੈ, ਦੀ ਸੂਚੀ ਤਿਆਰ ਕਰਨ ਲਈ ਕਿਹਾ ਹੈ।

ਉਨ੍ਹਾਂ ਦੱਸਿਆ ਕਿ ਵੈਕਸੀਨ ਦੀ ਸਭ ਤੋਂ ਪਹਿਲੀ ਖੁਰਾਕ ਸਿਹਤ ਕਰਮਚਾਰੀਆਂ ਨੂੰ ਦਿੱਤੀ ਜਾਵੇਗੀ। ਸਰਕਾਰ ਚਾਹੁੰਦੀ ਹੈ ਕਿ ਵੈਕਸੀਨ ਦੇਸ਼ ਦੇ ਹਰ ਨਾਗਰਿਕ ਕੋਲ ਪਹੁੰਚੇ। ਇਸ ਲਈ ਸਿਹਤ ਤੇ ਪਰਿਵਾਰ ਕਲਿਆਣ ਮੰਤਰਾਲਾ ਇਕ 'ਫਾਰਮੈਟ' ਤਿਆਰ ਕਰ ਰਿਹਾ ਹੈ, ਜਿਸ ਅਨੁਸਾਰ ਰਾਜ ਉਨ੍ਹਾਂ ਜਨਸਮੂਹਾਂ ਦੀ ਸੂਚੀ ਜਮ੍ਹਾਂ ਕਰਵਾਉਣਗੇ, ਜਿਨ੍ਹਾਂ ਨੂੰ ਸਭ ਤੋਂ ਪਹਿਲਾਂ ਵੈਕਸੀਨ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵੈਕਸੀਨ ਦੀ ਖਰੀਦ ਦੌਰਾਨ ਭਾਰਤੀ ਨਿਰਮਾਤਾਵਾਂ ਨੂੰ ਸਰਕਾਰ ਵਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ।

# ਐਮ.ਐਸ.ਪੀ. ਦੇ ਬਾਵਜੂਦ ਕੌਡੀਆਂ ਦੇ ਭਾਅ ਵਿਕ ਰਿਹੈ ਨਰਮਾ

**ਚੰਡੀਗੜ੍ਹ:** ਮਾਲਵਾ ਪੱਟੀ ਦੇ ਕਿਸਾਨ ਚਿੱਟੇ ਸੋਨੇ ਦੀ ਫਸਲ ਕੌਡੀਆਂ ਦੇ ਭਾਅ ਵੇਚਣ ਲਈ ਮਜਬੂਰ ਹਨ। ਸਰਕਾਰੀ ਖਰੀਦ ਸ਼ੁਰੂ ਹੋਣ ਦੇ ਬਾਵਜੂਦ ਹਾਲੇ ਤੱਕ ਕੋਈ ਵੀ ਅਧਿਕਾਰੀ ਮੰਡੀਆਂ 'ਚ ਨਹੀਂ ਪੁੱਜਿਆ, ਜਿਸ ਦਾ ਲਾਹਾ ਲੈਂਦਿਆਂ ਪ੍ਰਾਈਵੇਟ ਵਪਾਰੀ ਮਨਮਰਜ਼ੀ ਦੇ ਭਾਅ ਉਤੇ ਧੜਾ-ਧੜ ਨਰਮੇ ਦੀ ਖਰੀਦ ਕਰ ਰਹੇ ਹਨ।

ਕਾਟਨ ਕਾਰਪੋਰੇਸ਼ਨ ਆਫ ਇੰਡੀਆ (ਸੀ.ਸੀ.ਆਈ.) ਨੇ ਪਹਿਲੀ ਅਕਤੂਬਰ ਤੋਂ ਮੰਡੀਆਂ ਵਿਚ ਨਰਮੇ ਦੀ ਫਸਲ ਖਰੀਦਣ ਦਾ ਐਲਾਨ ਕੀਤਾ ਹੋਇਆ ਹੈ। ਸੀ.ਸੀ.ਆਈ. ਨੇ ਪੰਜਾਬ ਵਿਚ 21 ਖਰੀਦ ਕੇਂਦਰ ਬਣਾਏ ਹਨ ਅਤੇ ਬਠਿੰਡਾ ਜ਼ਿਲ੍ਹੇ ਅੰਦਰ 7 ਕੇਂਦਰਾਂ ਨੂੰ ਮਾਨਤਾ ਦਿੱਤੀ ਗਈ ਹੈ ਅਤੇ ਨਰਮੇ ਦਾ ਸਰਕਾਰੀ ਭਾਅ 5,725 ਰੁਪਏ ਤੈਅ ਹੋਇਆ ਹੈ। ਗੋਨਿਆਣਾ ਵਿਚ ਕਿਸਾਨਾਂ ਨੇ ਦੱਸਿਆ ਕਿ ਏਬੀ ਕੋਟ ਸਪਿੰਨ ਜੈਤੋ ਵਲੋਂ ਚੰਗੇ ਨਰਮੇ ਦੀ ਖਰੀਦ 4,700 ਤੋਂ 4,800 ਪ੍ਰਤੀ ਕੁਇੰਟਲ ਕੀਤੀ ਗਈ। ਬਠਿੰਡਾ ਦੀ ਮੁੱਖ ਮੰਡੀ ਵਿਚ ਸੇਵਿਕਾ ਟੈਕਸੋ, ਚਹਿਲ ਕਾਟਨ ਫੈਕਟਰੀ, ਰਾਮ ਜੀ ਦਾਸ ਮੋਹਨ ਲਾਲ, ਸ੍ਰੀ ਰਾਮ ਕਾਟਨ ਫੈਕਟਰੀਆਂ ਵਲੋਂ 5,000 ਤੋਂ 5,300 ਰੁਪਏ ਤੱਕ ਨਰਮਾ ਖਰੀਦਣ ਦੀ ਪੁਸ਼ਟੀ ਹੋਈ ਹੈ।

ਪੰਜਾਬ ਵਿਚ 13 ਸਤੰਬਰ ਤੋਂ ਨਰਮੇ ਦੀ ਆਮਦ ਸ਼ੁਰੂ ਹੋ ਗਈ ਸੀ ਅਤੇ ਹੁਣ ਤੱਕ 18,884 ਕੁਇੰਟਲ ਨਰਮਾ ਸਰਕਾਰੀ ਭਾਅ ਤੋਂ ਹੇਠਾਂ ਵਿਕ ਚੁੱਕਾ ਹੈ। ਸਰਕਾਰੀ ਖਰੀਦ ਨਾ ਹੋਣ ਕਰਕੇ ਕਿਸਾਨ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਵਿਚ 21 ਕਪਾਹ ਮੰਡੀਆਂ ਹਨ, ਜਿਨ੍ਹਾਂ 'ਚੋਂ ਕਈ ਮੰਡੀਆਂ ਵਿਚ ਫਸਲ ਆਉਣੀ ਸ਼ੁਰੂ ਹੋ ਗਈ ਹੈ। ਐਤਕੀਂ ਨਰਮੇ ਦਾ ਸਰਕਾਰੀ ਭਾਅ 5725 ਰੁਪਏ ਪ੍ਰਤੀ ਕੁਇੰਟਲ ਮਿਥਿਆ ਗਿਆ ਹੈ ਪਰ ਕਿਸਾਨ ਇਸ ਭਾਅ ਤੋਂ ਘੱਟ ਕੀਮਤ ਉਤੇ ਫਸਲ ਵੇਚ ਰਹੇ ਹਨ।

ਵੇਰਵਿਆਂ ਅਨੁਸਾਰ ਪਿਛਲੇ ਵਰ੍ਹੇ ਤਾਂ ਸਤੰਬਰ ਮਹੀਨੇ ਵਿਚ ਰੋਜ਼ਾਨਾ ਇਕ ਹਜ਼ਾਰ ਤੋਂ ਦੋ ਹਜ਼ਾਰ ਗੱਠਾਂ ਦੀ ਆਮਦ ਰਹੀ ਹੈ ਪਰ ਇਸ ਵਾਰ ਆਮਦ ਥੋੜ੍ਹੀ ਘੱਟ ਹੈ। ਭਾਰਤੀ ਕਪਾਹ ਨਿਗਮ ਖਰੀਦ ਕੇਂਦਰਾਂ 'ਚੋਂ ਗੈਰ-ਹਾਜ਼ਰ ਹੈ ਅਤੇ ਕਪਾਹ ਨਿਗਮ ਨੇ ਪਿਛਲੇ ਵਰ੍ਹੇ ਪੰਜਾਬ 'ਚੋਂ 3.55 ਲੱਖ ਗੱਠਾਂ ਦੀ ਖਰੀਦ ਕੀਤੀ ਸੀ। ਉਸ ਤੋਂ ਪਹਿਲਾਂ ਕਪਾਹ ਨਿਗਮ ਨੇ 2014-15 ਵਿਚ ਨਰਮਾ ਖਰੀਦਿਆ ਸੀ। ਕਈ ਵਰ੍ਹਿਆਂ ਮਗਰੋਂ ਕਪਾਹ ਨਿਗਮ ਕਿਸਾਨਾਂ ਦੇ ਦਬਾਅ ਮਗਰੋਂ ਲੰਘੇ ਵਰ੍ਹੇ ਖਰੀਦ ਦੇ ਪਿੜ ਵਿਚ ਆਇਆ ਸੀ।

ਭਾਰਤੀ ਕਪਾਹ ਨਿਗਮ ਵਲੋਂ ਹੁਣ ਕਿਸਾਨਾਂ ਤੋਂ ਨਰਮੇ ਕਪਾਹ ਦੀ ਸਿੱਧੀ ਖਰੀਦ ਕੀਤੀ ਜਾਂਦੀ ਹੈ। ਕਪਾਹ ਨਿਗਮ ਨੇ ਐਤਕੀਂ 8 ਲੱਖ ਗੱਠਾਂ ਦੀ ਸਰਕਾਰੀ ਖਰੀਦ ਕਰਨ ਦਾ ਟੀਚਾ ਮਿਥਿਆ ਹੈ। ਕਪਾਹ ਨਿਗਮ ਨੇ ਪਿਛਲੇ ਵਰ੍ਹੇ ਹਰਿਆਣਾ 'ਚੋਂ 6.50 ਲੱਖ ਗੱਠਾਂ ਦੀ ਖਰੀਦ ਕੀਤੀ ਸੀ। ਹਰਿਆਣਾ ਵਿਚ 25 ਲੱਖ ਗੱਠਾਂ ਦੇ ਕਰੀਬ ਫਸਲ ਦੀ ਪੈਦਾਵਾਰ ਹੋਈ ਸੀ। ਕਿਸਾਨ ਜਥੇਬੰਦੀਆਂ ਦਾ ਕਹਿਣਾ ਸੀ ਕਿ ਕੇਂਦਰ ਦੀ ਇਸੇ ਲੁੱਟ ਅਤੇ ਨੀਤੀ ਖਿਲਾਫ ਤਾਂ ਕਿਸਾਨ ਧਿਰਾਂ ਅੱਜ ਮੈਦਾਨ ਵਿਚ ਹਨ। ਉਨ੍ਹਾਂ ਆਖਿਆ ਕਿ ਕੇਂਦਰ ਪੈਰ ਪੈਰ 'ਤੇ ਕਿਸਾਨੀ ਨੂੰ ਢਾਹ ਲਾ ਰਿਹਾ ਹੈ ਜਿਸ ਕਰਕੇ ਕਿਸਾਨੀ ਦੀ ਲੁੱਟ ਜਾਰੀ ਹੈ।

## ਅਦਾਕਾਰਾ ਮਿਸ਼ਟੀ ਮੁਖਰਜੀ ਦਾ ਦੇਹਾਂਤ

**ਮੁੰਬਈ:** ਅਦਾਕਾਰਾ ਮਿਸ਼ਟੀ ਮੁਖਰਜੀ ਦਾ ਗੁਰਦੇ ਫੇਲ੍ਹ ਹੋਣ ਕਾਰਨ ਦੇਹਾਂਤ ਹੋ ਗਿਆ। ਉਹ ਲਗਭਗ 30 ਸਾਲਾਂ ਦੀ ਸੀ। ਮਿਸ਼ਟੀ ਨੇ ਆਪਣੇ ਬੌਲੀਵੁੱਡ ਕਰੀਅਰ ਦੀ ਸ਼ੁਰੂਆਤ 2012 ਵਿਚ ਰਣਵੀਰ ਸ਼ੋਰੀ ਦੀ ਮੁੱਖ ਭੂਮਿਕਾ ਵਾਲੀ ਫਿਲਮ 'ਲਾਈਫ ਕੀ ਤੋ ਲਗ ਗਈ' ਵਿਚ ਮਹਿਮਾਨ ਕਲਾਕਾਰ ਦੀ ਭੂਮਿਕਾ ਨਾਲ ਕੀਤੀ ਸੀ।

ਮਿਸ਼ਟੀ ਮੁਖਰਜੀ ਦੇ ਪ੍ਰਚਾਰਕ ਵਲੋਂ ਜਾਰੀ ਬਿਆਨ ਮੁਤਾਬਕ ਅਦਾਕਾਰਾ ਨੇ ਬੈਂਗਲੁਰੂ 'ਚ ਆਖਰੀ ਸਾਹ ਲਿਆ। ਬਿਆਨ ਅਨੁਸਾਰ, 'ਮਿਸ਼ਟੀ ਮੁਖਰਜੀ, ਜਿਸ ਨੇ ਕਈ ਫਿਲਮਾਂ ਅਤੇ ਵੀਡੀਓਜ਼ ਵਿਚ ਆਪਣੀ ਵਧੀਆ ਅਦਾਕਾਰੀ ਦਾ ਜਲਵਾ ਦਿਖਾਇਆ, ਹੁਣ ਨਹੀਂ ਰਹੀ। ਇਕ ਬਿਮਾਰੀ ਕਾਰਨ ਗੁਰਦੇ ਫੇਲ੍ਹ ਹੋਣ ਕਰ ਕੇ ਬੈਂਗਲੁਰੂ ਵਿਚ ਆਖਰੀ ਸਾਹ ਲਿਆ। ਇਹ ਇਕ ਅਭੁੱਲ ਅਤੇ ਬਦਕਿਸਮਤੀ ਵਾਲਾ ਘਾਟਾ ਹੈ। ਪ੍ਰਮਾਤਮਾ ਉਸ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ।'

# ਮਾਮਲਾ ਬਾਬਰੀ ਮਸਜਿਦ ਕੇਸ ਦਾ ਜਾਂ ਭਾਰਤ ਦੇ ਭਵਿੱਖ ਦਾ!

## ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

ਬਾਬਰੀ ਮਸਜਿਦ ਢਾਹੇ ਜਾਣ ਦੇ ਕਾਰਨ ਸ਼ੁਰੂ ਹੋਇਆ ਅਪਰਾਧਕ ਕੇਸ ਇਸ ਹਫਤੇ ਸਿਰੇ ਲੱਗ ਗਿਆ ਅਤੇ ਇਸ ਦੇ ਸਾਰੇ ਦੋਸ਼ੀ ਛੱਡ ਦਿੱਤੇ ਗਏ ਹਨ। ਇੱਕ ਵਾਕ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ, 'ਏ ਤੋ ਹੋਨਾ ਹੀ ਥਾ।' ਅਸਲ ਵਿਚ ਇਹ ਅਦਾਲਤੀ ਫੈਸਲਾ ਕਈ ਫੈਸਲਿਆਂ ਦੀ ਲੜੀ ਵਿਚ ਗਿਣਿਆ ਜਾਣਾ ਚਾਹੀਦਾ ਹੈ, ਜਿਨ੍ਹਾਂ ਨੂੰ ਰਿਟਾਇਰ ਹੋ ਰਹੇ ਜੱਜ ਆਪਣੀ ਨੌਕਰੀ ਦੇ ਆਖਰੀ ਪੜਾਅ ਉਤੇ ਸੁਣਾਉਂਦੇ ਹਨ ਤੇ ਫਿਰ ਕੁਰਸੀ ਛੱਡ ਜਾਇਆ ਕਰਦੇ ਹਨ। ਜਿਨ੍ਹਾਂ ਜੱਜਾਂ ਨੇ ਪਹਿਲਾਂ ਇਹੋ ਜਿਹੇ ਫੈਸਲੇ ਸੁਣਾਏ, ਉਨ੍ਹਾਂ ਵਿਚੋਂ ਕਈਆਂ ਬਾਰੇ ਕਈ ਕਿਸਮ ਦੀ ਚਰਚਾ ਚੱਲਦੀ ਰਹੀ ਹੈ, ਇਸ ਵਾਰੀ ਵੀ ਚੱਲ ਸਕਦੀ ਹੈ, ਪਰ ਸਾਨੂੰ ਉਹੋ ਜਿਹੀ ਚਰਚਾ ਵਿਚ ਪੈਣ ਦੀ ਥਾਂ ਇਸ ਕੇਸ ਦੇ ਪਿਛੋਕੜ, ਕੇਸ ਦੌਰਾਨ ਆਏ ਪੜਾਵਾਂ ਅਤੇ ਕੇਸ ਦੇ ਫੈਸਲੇ ਨਾਲ ਭਾਰਤ ਦੇ ਭਵਿੱਖ ਉਤੇ ਪੈ ਸਕਣ ਵਾਲੇ ਅਸਰ ਬਾਰੇ ਸੋਚਣਾ ਚਾਹੀਦਾ ਹੈ। ਭਾਰਤ ਦਾ ਭਵਿੱਖ ਧਰਮ-ਨਿਰਪੱਖਤਾ ਦੇ ਪਹਿਲੇ ਪੜਾਅ ਤੋਂ ਹਟਦਾ ਅਤੇ ਅਗਲੀ ਕਸਰਤ ਲਈ ਨਵੀਆਂ ਰਾਹਲਾਂ ਮੱਲਦਾ ਜਾਪਦਾ ਹੈ।

ਦੇਸ਼ ਦੀ ਵੰਡ ਦੇ ਛੇਤੀ ਬਾਅਦ ਇਹ ਗੱਲ ਉਡਾਈ ਗਈ ਸੀ ਕਿ ਬਾਬਰੀ ਮਸਜਿਦ ਦੇ ਅੰਦਰ ਮੂਰਤੀਆਂ ਪ੍ਰਗਟ ਹੋਈਆਂ ਹਨ ਤੇ ਜਿਹੜੇ ਜਿਲਾ ਮੈਜਿਸਟਰੇਟ ਦੀ ਅਗਵਾਈ ਹੇਠ ਇਹ ਕੰਮ ਕੀਤਾ ਗਿਆ ਸੀ, ਉਸ ਨੂੰ ਭਾਜਪਾ ਬਣਨ ਤੋਂ ਪਹਿਲਾਂ ਦੇ ਸਿਆਸੀ ਰੂਪ ਭਾਰਤੀ ਜਨ ਸੰਘ ਨੇ ਪਾਰਲੀਮੈਂਟ ਮੈਂਬਰ ਬਣਾ ਦਿੱਤਾ ਸੀ। ਫਿਰ ਲੰਮਾ ਸਮਾਂ ਉਸ ਕੰਪਲੈਕਸ ਵਿਚ ਤਾਲਾ ਲੱਗਾ ਰਿਹਾ ਅਤੇ ਕੋਈ ਉਥੇ ਜਾ ਨਹੀਂ ਸੀ ਸਕਦਾ, ਪਰ ਆਪਣੀ ਮਾਂ ਦੇ ਕਤਲ ਪਿਛੋਂ ਰਾਜਨੀਤੀ ਵਿਚ ਉਠਾਣ ਲਈ ਬਹੁ-ਗਿਣਤੀ ਫਿਰਕੇ ਦੀਆਂ ਵੋਟਾਂ ਦੀ ਆਸ ਵਿਚ ਇਹ ਤਾਲਾ ਖੋਲ੍ਹਣ ਤੇ ਮੁੱਦਾ ਮੁੜ ਕੇ ਉਭਾਰਨ ਦਾ ਕੰਮ ਰਾਜੀਵ ਗਾਂਧੀ ਦੇ ਇਸ਼ਾਰੇ ਉਤੇ ਹੋਇਆ ਸੀ। ਨਤੀਜੇ ਵਜੋਂ ਰਾਜੀਵ ਨੂੰ ਵੱਡਾ ਬਹੁ-ਮੱਤ ਮਿਲ ਗਿਆ ਤੇ ਹਿੰਦੂਤਵ ਦੀਆਂ ਗੱਲਾਂ ਕਰਨ ਵਾਲੀ ਭਾਜਪਾ ਸਿਰਫ ਦੋ ਸੀਟਾਂ ਉਤੇ ਸਿਮਟ ਗਈ। ਵਾਜਪਾਈ ਵਰਗੇ ਵੱਡੇ ਆਗੂ ਵੀ ਜਿੱਤ ਨਹੀਂ ਸੀ ਸਕੇ। ਇਹ ਨਤੀਜਾ ਵੇਖਣ ਜਾਂ ਭੁਗਤਣ ਪਿਛੋਂ ਭਾਜਪਾ ਨੇ ਕਾਂਗਰਸ ਤੋਂ ਹਿੰਦੂਤਵ ਦਾ ਮੁੱਦਾ ਵਾਪਸ ਖੋਹਣ ਲਈ ਬਾਬਰੀ ਮਸਜਿਦ ਢਾਹੁਣ ਦੀ ਮੁਹਿੰਮ ਛੇੜੀ ਤੇ ਇਸ ਹੁਲਾਰੇ ਨਾਲ ਅਗਲੀ ਵਾਰੀ ਦੋ ਤੋਂ ਵਧ ਕੇ ਛਿਆਸੀ ਪਾਰਲੀਮੈਂਟ ਸੀਟਾਂ ਅਤੇ ਅਗਲੇਰੀ ਵਾਰ ਇੱਕ ਸੌ ਉਨੀ ਸੀਟਾਂ ਜਿੱਤ ਗਈ ਸੀ। ਫਿਰ ਭਾਜਪਾ ਨੇ ਇਹ ਨਾਅਰਾ ਗੁਰ-ਮੰਤਰ ਬਣਾ ਲਿਆ ਸੀ।

ਇੱਕ ਪਾਸਿਓਂ ਖੱਬੇ ਪੱਖੀਆਂ ਤੇ ਦੂਸਰੇ ਪਾਸੇ ਤੋਂ ਭਾਜਪਾ ਦੀ ਹਮਾਇਤ ਵਾਲੀ ਰਾਜਾ ਵੀ. ਪੀ. ਸਿੰਘ ਦੀ ਸਰਕਾਰ ਦੇ ਵਕਤ ਭਾਜਪਾ ਨੇਤਾ



ਲਾਲ ਕ੍ਰਿਸ਼ਨ ਅਡਵਾਨੀ ਨੇ ਬਾਬਰੀ ਮਸਜਿਦ ਢਾਹੁਣ ਲਈ ਰੱਥ ਚਲਾਇਆ, ਪਰ ਟਿਕਾਣੇ ਪੁੱਜਣ ਤੋਂ ਪਹਿਲਾਂ ਲਾਲੂ ਪ੍ਰਸਾਦ ਨੇ ਬਿਹਾਰ ਵਿਚ ਅੜਿੱਕਾ ਲਾ ਦਿੱਤਾ ਸੀ। ਇਸ ਦੀ ਕੌੜ ਕੱਢਣ ਲਈ ਭਾਜਪਾ ਨੇ ਵੀ. ਪੀ. ਸਿੰਘ ਦੀ ਸਰਕਾਰ ਡੇਗੀ ਅਤੇ ਅਗਲੀਆਂ ਚੋਣਾਂ ਪਿੱਛੋਂ ਬਾਬਰੀ ਮਸਜਿਦ ਵੱਲ ਫਿਰ ਭੀੜਾਂ ਤੋਰ ਕੇ ਛੇ ਦਸੰਬਰ 1991 ਨੂੰ ਮਸਜਿਦ ਉਤੇ ਪਹਿਲਾ ਟੱਕ ਜਾ ਲਾਇਆ ਸੀ। ਅਗਲੇ ਸਾਲ 6 ਦਸੰਬਰ 1992 ਨੂੰ ਉਹ ਮੁੜ ਪੂਰੀ ਤਿਆਰੀ ਨਾਲ ਗਏ ਸਨ ਅਤੇ ਬਾਬਰੀ ਮਸਜਿਦ ਨੂੰ ਢਾਹ ਸੁੱਟਿਆ ਸੀ। ਇਸ ਮਾਮਲੇ ਵਿਚ ਬਣਿਆ ਕੇਸ ਇਸ ਹਫਤੇ ਸਿਰੇ ਲੱਗਾ ਹੈ।

ਕੇਸ ਦਾ ਫੈਸਲਾ ਦਿੰਦਿਆਂ ਜੱਜ ਨੇ ਕਿਹਾ ਹੈ ਕਿ ਕਿਸੇ ਦਾ ਕੋਈ ਕਸੂਰ ਨਹੀਂ, ਹਾਲਾਤ ਏਦਾਂ ਦੇ ਬਣ ਗਏ ਕਿ ਬਾਬਰੀ ਮਸਜਿਦ ਢਹਿ ਗਈ ਸੀ, ਪਰ ਢਾਹੀ ਕੀਹਨੇ ਸੀ, ਇਸ ਦੀ ਨਿਸ਼ਾਨਦੇਹੀ ਨਹੀਂ ਕੀਤੀ। ਕਰਨੀ ਹੋਵੇ ਤਾਂ ਇਹ ਕੰਮ ਔਖਾ ਨਹੀਂ ਸੀ। ਬਾਬਰੀ ਮਸਜਿਦ ਢਾਹੇ ਜਾਣ ਦਾ ਇੱਕ ਤਾਂ ਅਪਰਾਧਕ ਕੇਸ ਬਣਿਆ ਸੀ, ਜਿਸ ਬਾਰੇ ਫੈਸਲਾ ਇਸ ਹਫਤੇ ਆਇਆ ਹੈ, ਦੂਜਾ ਇੱਕ ਜਾਂਚ ਕਮਿਸ਼ਨ ਬਣਾਇਆ ਸੀ, ਜਿਸ ਦੀ ਰਿਪੋਰਟ ਗਿਆਰਾਂ ਸਾਲ ਪਹਿਲਾਂ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਆ ਗਈ ਸੀ। ਉਸ ਜਾਂਚ ਕਮਿਸ਼ਨ ਨੇ ਉਮਾ ਭਾਰਤੀ, ਸ਼ੰਕਰ ਸਿੰਘ ਵਘੇਲਾ (ਜੋ ਉਦੋਂ ਗੋਧਰਾ ਤੋਂ ਭਾਜਪਾ ਦਾ ਲੋਕ ਸਭਾ ਮੈਂਬਰ ਹੁੰਦਾ ਸੀ), ਭਾਜਪਾ ਜਨਰਲ ਸੈਕਟਰੀ ਗੋਵਿੰਦਾਚਾਰੀਆ ਤੇ ਉਤਰ ਪ੍ਰਦੇਸ਼ ਦੇ ਉਦੋਂ ਦੇ ਮੁੱਖ ਮੰਤਰੀ ਕਲਿਆਣ ਸਿੰਘ ਨੂੰ ਦੋਸ਼ੀ ਠਹਿਰਾਇਆ ਸੀ। ਇਸ ਦੇ ਨਾਲ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਨੂੰ ਵਿਖਾਵੇ ਦੇ ਮਾਡਰੇਟ ਕਿਹਾ ਸੀ। ਕਲਿਆਣ ਸਿੰਘ ਇਸ ਮੁਕੱਦਮੇ ਦੌਰਾਨ ਜਦੋਂ ਭਾਜਪਾ ਨਾਲ ਨਾਰਾਜ਼ ਹੋ ਕੇ ਪਾਰਟੀ ਛੱਡ ਗਿਆ ਤਾਂ ਉਸ ਨੇ ਏਦਾਂ ਦਾ ਬਿਆਨ ਦਿੱਤਾ ਸੀ, ਜਿਸ ਨਾਲ ਭਾਜਪਾ ਅਤੇ ਆਰ. ਐੱਸ. ਐੱਸ. ਦੀ ਸਾਰੀ ਲੀਡਰਸ਼ਿਪ ਫਸ ਸਕਦੀ ਸੀ। ਉਸ ਨੇ ਕਿਹਾ ਸੀ ਕਿ ਅਸਲ ਵਿਚ ਇੱਕ ਸਾਜ਼ਿਸ਼ ਹੋਈ ਸੀ, ਜਿਸ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਤੇ ਭਾਜਪਾ ਲੀਡਰਸ਼ਿਪ ਸਮੇਤ ਸਾਰਾ ਸੰਘ ਪਰਿਵਾਰ ਸ਼ਾਮਲ ਸੀ ਤੇ ਮਸਜਿਦ ਤੋੜਨ ਲਈ ਏਨੀ ਗੁਪਤਤਾ ਰੱਖੀ ਗਈ ਕਿ ਸੁਪਰੀਮ ਕੋਰਟ ਵਿਚ ਉਸ ਦਾ ਐਫੀਡੇਵਿਟ ਦਿਵਾਉਣ ਤੱਕ ਵੀ ਉਸ ਨੂੰ ਅਸਲ ਗੱਲ ਨਹੀਂ ਦੱਸੀ ਗਈ।

ਬੀ. ਬੀ. ਸੀ. ਰੇਡੀਓ ਦੀ ਹਿੰਦੀ ਸਰਵਿਸ ਨੂੰ ਕਲਿਆਣ ਸਿੰਘ ਨੇ ਇਹ ਕਿਹਾ ਸੀ, "ਮੈਂ ਤੁਹਾਨੂੰ ਸਾਜ਼ਿਸ਼ ਕਰਨ ਵਾਲਿਆਂ ਦੇ ਨਾਂ ਵੀ ਦੱਸਦਾ ਹਾਂ, ਆਰ. ਐੱਸ. ਐੱਸ. ਸਰ-ਸੰਘ-ਚਾਲਕ ਰਜਿੰਦਰ ਸਿੰਘ ਉਰਫ ਰੱਜੂ ਭਈਆ, ਅਗਲੇ ਮੁਖੀ ਕੇ. ਐੱਸ. ਸੁਦਰਸ਼ਨ, ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ, ਡਾ. ਮੁਰਲੀ ਮਨੋਹਰ ਜੋਸ਼ੀ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਅਸ਼ੋਕ ਸਿੰਘ ਤੇ ਗਿਰੀਰਾਜ ਕਿਸ਼ੋਰ ਸ਼ਾਮਲ ਸਨ।" ਮਸਜਿਦ ਢਾਹੇ ਜਾਣ ਦੀ ਜਿਸ ਕਾਰਵਾਈ ਨੂੰ ਕਲਿਆਣ ਸਿੰਘ ਨੇ ਆਪਣੇ ਵਿਰੁੱਧ ਸਾਜ਼ਿਸ਼ ਦੱਸਿਆ ਤੇ ਜਿਸ ਵਿਚ ਇਨ੍ਹਾਂ ਸਾਰੇ ਲੋਕਾਂ ਦੇ ਨਾਂ ਲੈ ਦਿੱਤੇ ਸਨ, ਉਸ ਕੇਸ ਦੀ ਗੱਲ ਵਿਗੜਨ ਤੋਂ ਬਚਾਉਣ ਲਈ ਕਲਿਆਣ ਸਿੰਘ ਨੂੰ ਪਾਰਟੀ ਵਿਚ ਵਾਪਸ ਲਿਆਂਦਾ ਗਿਆ ਤਾਂ ਮਾਣ-ਤਾਣ ਬਹਾਲ ਹੁੰਦੇ ਸਾਰ ਉਹ ਇਨ੍ਹਾਂ ਬਿਆਨਾਂ ਤੋਂ ਮੁੱਕਰ ਗਿਆ ਸੀ। ਉਸ ਦਾ ਉਸ ਵੇਲੇ ਦਿੱਤਾ ਗਿਆ ਇੱਕੋ ਬਿਆਨ ਹੀ ਇਸ ਕੇਸ ਵਿਚ ਸਾਰੇ ਭਾਜਪਾ ਲੀਡਰਾਂ ਨੂੰ ਸਜ਼ਾਵਾਂ ਦਿਵਾ ਸਕਦਾ ਸੀ, ਪਰ ਉਸ ਦੇ ਮੁੱਕਰਨ ਦੇ ਨਾਲ ਸਾਰੇ ਦੇ ਸਾਰੇ ਖੱਜਲ ਹੋਣ ਤੋਂ ਬਚ ਗਏ ਅਤੇ ਇੱਕ ਬਹੁ-ਚਰਚਿਤ ਕੇਸ ਦਾ ਨਿਬੇੜਾ ਆਰਾਮ ਨਾਲ ਹੋ ਗਿਆ ਹੈ।

ਅਸਲ ਵਿਚ ਇਹ ਇੱਕ ਕੇਸ ਦਾ ਨਿਬੇੜਾ ਨਹੀਂ ਹੋਇਆ, ਪਿਛਲੇ ਸਾਲ ਰਾਮ ਜਨਮ ਭੂਮੀ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਦੀ ਅਗਲੀ ਕੜੀ ਸਮਝਣੀ ਚਾਹੀਦੀ ਹੈ। ਭਾਰਤ ਕਿਸੇ ਇੱਕ ਭਾਈਚਾਰੇ ਦਾ ਨਹੀਂ ਸੀ ਮੰਨਿਆ ਜਾਂਦਾ ਤੇ ਇਸ ਵਿਚ ਵੱਖ-ਵੱਖ ਧਰਮਾਂ ਦੀ ਹੋਂਦ ਨੂੰ ਇਸ ਦੀ ਗੁਲਦਸਤੇ ਵਰਗੀ ਵੰਨਗੀ ਵਜੋਂ ਪੇਸ਼ ਕੀਤਾ ਜਾਂਦਾ ਸੀ। ਬਾਬਰੀ ਮਸਜਿਦ ਦੇ ਢਾਹੇ ਜਾਣ ਵਿਰੁੱਧ ਦਰਜ ਅਪਰਾਧਕ ਕੇਸ ਦੇ ਮੁੱਕਣ ਨੇ ਉਸ ਗੁਲਦਸਤੇ ਦੀ ਭਾਵਨਾ ਨੂੰ ਅਜਿਹੀ ਸੱਟ ਮਾਰੀ ਹੈ, ਜਿਸ ਦਾ ਅਸਰ ਅਗਲੇ ਸਾਲਾਂ ਵਿਚ ਵੇਖਿਆ ਜਾਣ ਵਾਲਾ ਹੈ। ਅਸੀਂ ਜਿਹੜੇ ਦੇਸ਼ਾਂ ਵਿਚ ਧਰਮ ਆਧਾਰਤ ਰਾਜ ਹੋਣ ਅਤੇ ਇਸ ਦੇ ਅਸਰ ਹੇਠ ਉਥੇ ਰਹਿੰਦੀਆਂ ਘੱਟ-ਗਿਣਤੀਆਂ ਉਤੇ ਜ਼ੁਲਮਾਂ ਦੀਆਂ ਕਹਾਣੀਆਂ ਪਾਉਂਦੇ ਰਹਿੰਦੇ ਹਾਂ, ਭਾਰਤ ਵੀ ਹੌਲੀ-ਹੌਲੀ ਉਸ ਪਾਸੇ ਵਧ ਰਿਹਾ ਦਿਖਾਈ ਦਿੰਦਾ ਹੈ। ਕਿਸੇ ਵਿਅਕਤੀ ਉਤੇ ਗਊ ਹੱਤਿਆ ਜਿਹਾ ਦੋਸ਼ ਲਾ ਦਿੱਤਾ ਜਾਵੇ ਤਾਂ ਉਸ ਵਿਰੁੱਧ ਦੋਸ਼ ਸਾਬਤ ਕਰਨ ਦੀ ਥਾਂ ਦੋਸ਼ ਦੀ ਮਾਰ ਹੇਠ ਆਏ ਉਸ ਵਿਅਕਤੀ ਨੂੰ ਬੇਗੁਨਾਹੀ ਸਾਬਤ ਕਰਨ ਲਈ ਕਿਹਾ ਜਾਣ ਲੱਗ ਪਿਆ ਹੈ। ਜਦੋਂ ਬਹੁ-ਗਿਣਤੀ ਭਾਈਚਾਰੇ ਦੇ ਦਸ ਬੰਦੇ ਉਸ ਇੱਕੋ ਜਣੇ ਖਿਲਾਫ ਗਵਾਹ ਖੜੇ ਹੋ ਜਾਣ ਅਤੇ ਉਸੇ ਵਾਂਗ ਫਸ ਜਾਣ ਦੇ ਡਰੋਂ ਉਸ ਨਾਲ ਕੋਈ ਖੜੋਣ ਨੂੰ ਤਿਆਰ ਨਾ ਹੁੰਦਾ ਹੋਵੇ ਤਾਂ ਭਾਰਤ ਕਿਸ ਰਾਹ ਵੱਲ ਵਧ ਸਕਦਾ ਹੈ, ਇਹ ਦੱਸਣ ਦੀ ਲੋੜ ਨਹੀਂ ਰਹਿ ਜਾਂਦੀ। ਬਦਕਿਸਮਤੀ ਦੀ ਗੱਲ ਹੈ ਕਿ ਜੋ ਧਰਮ-ਨਿਰਪੱਖ ਧਿਰਾਂ ਨੂੰ ਇਸ ਗੱਲ ਨੂੰ ਸਮਝ ਕੇ ਅਗਲਾ ਪੈਂਤੜਾ ਕਰਨ ਦੀ ਲੋੜ ਹੈ, ਉਹ ਅਜੇ ਵੀ ਘੇਸਲ ਮਾਰੀ ਬੈਠੀਆਂ ਹਨ।

# ਸਰਕਾਰ, ਪੂੰਜੀਵਾਦ ਅਤੇ ਕਿਸਾਨੀ

ਦੁਨੀਆਂ ਦਾ ਅੱਸੀ ਫੀਸਦੀ ਤੋਂ ਵੱਧ ਦਾ ਹਿੱਸਾ ਕਿਸਾਨੀ ਨੇ ਖੇਤਰਫਲ ਦੇ ਰੂਪ ਵਿਚ ਆਪਣੇ ਥੱਲੇ ਰੱਖਿਆ ਹੋਇਆ ਹੈ। 3.4 ਬਿਲੀਅਨ ਲੋਕ ਜਾਂ 45% ਜਨਸੰਖਿਆ ਦੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ। ਅਫਰੀਕਾ ਵਿਚ ਅੰਦਾਜ਼ਨ 57% ਲੋਕਾਂ ਦੀ ਪਿੰਡਾਂ ਦੀ ਆਬਾਦੀ ਹੈ ਅਤੇ ਆਬਾਦੀ ਦਾ 53% ਹਿੱਸਾ ਖੇਤੀਬਾੜੀ ਉਪਰ ਨਿਰਭਰ ਹੈ। ਅਮਰੀਕਾ ਵਿਚ ਕਿਸਾਨ ਸਾਰੇ ਉਤਪਾਦਨ ਦਾ 84% ਹਿੱਸਾ ਪੈਦਾ ਕਰਦਾ ਹੈ ਅਤੇ 78% ਜ਼ਮੀਨ ਉਪਰ ਖੇਤੀ ਕਰਦਾ ਹੈ। ਫੀਜੀ ਦੇਸ਼ ਵਿਚ 48% ਜ਼ਮੀਨ 'ਤੇ ਉਤਪਾਦਨ ਪੈਦਾ ਹੁੰਦਾ ਹੈ।



ਦਲਵਿੰਦਰ ਸਿੰਘ ਘੁੰਮਣ
ਫੋਨ: +33630073111

ਇਸੇ ਤਰ੍ਹਾਂ ਭਾਰਤ ਵਿਚ ਖੇਤੀਬਾੜੀ ਖੇਤਰ ਲਗਭਗ 3 ਟ੍ਰਿਲੀਅਨ ਡਾਲਰ ਦੀ ਆਰਥਕਤਾ ਵਿਚ 15% ਦਾ ਹਿੱਸਾ ਪਾਉਂਦਾ ਹੈ ਤੇ ਦੇਸ਼ ਦੇ 1.3 ਬਿਲੀਅਨ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ। ਭਾਰਤ ਪੂਰੀ ਤਰ੍ਹਾਂ ਖੇਤੀਬਾੜੀ ਦੇ ਧੰਦੇ ਦੇ ਆਲੇ-ਦੁਆਲੇ ਹੀ ਰੁਜ਼ਗਾਰ ਦੇ ਸਾਧਨ ਬਣਾਈ ਬੈਠਾ ਹੈ। ਉਦਯੋਗਿਕ ਪ੍ਰਣਾਲੀ ਨੂੰ ਪ੍ਰਫੁਲਿਤ ਕਰਨ ਲਈ ਬਹੁਤ ਘੱਟ ਯਤਨ ਹੋਏ ਹਨ। ਸ਼ਾਇਦ ਨੀਤੀ, ਰਾਜਨੀਤੀ ਅਤੇ ਰਿਸ਼ਵਤਖੋਰੀ ਮੁੱਖ ਕਾਰਨ ਹੋ ਸਕਦੇ ਹਨ। ਖੇਤੀਬਾੜੀ ਸਭ ਤੋਂ ਵੱਧ ਮਿਹਨਤ ਅਤੇ ਸਭ ਤੋਂ ਘੱਟ ਮੁਨਾਫੇ ਦਾ ਇਹ ਧੰਦਾ ਦੁਨੀਆਂ ਵਿਚ ਪੱਛੜਿਆ ਹੋਇਆ ਹੈ। ਦੁਨੀਆਂ ਵਿਚ ਕੋਈ ਵੀ ਸਰਕਾਰ ਜਾਂ ਕਾਨੂੰਨ ਹਿੱਕ ਥਾਪੜ ਕੇ ਨਹੀਂ ਕਹਿ ਸਕਦੇ ਕਿ ਉਹ ਕਿਸਾਨੀ ਨਾਲ ਇਨਸਾਫ ਕਰ ਸਕੇ ਹਨ। ਇਕ ਆਦਮੀ ਤੋਂ ਲੈ ਕੇ ਸਾਰਾ ਪਰਿਵਾਰ ਖੇਤੀਬਾੜੀ ਵਿਚ ਸੱਤੇ ਦਿਨ ਬਿਨਾ ਘੜੀ ਦੀ ਸੂਈ ਦੇਖਿਆਂ ਪਹੁ-ਫੁਟਾਲੇ ਤੋਂ ਸ਼ੁਰੂ ਹੋ ਕੇ ਸੂਰਜ ਦੇ ਡੁੱਬਣ ਵੇਲੇ ਤੱਕ ਹੱਡ ਭੰਨਵੀਂ ਮਿਹਨਤ ਵੀ ਉਸ ਨੂੰ ਆਮਦਨ ਪੱਖੋਂ ਪੈਰਾਂ ਸਿਰ ਨਹੀਂ ਕਰ ਸਕੀ। ਕਿਸਾਨੀ ਹਮੇਸ਼ਾ ਰੱਬ ਅਤੇ ਸਰਕਾਰਾਂ ਦੇ ਰਹਿਮੋ-ਕਰਮ 'ਤੇ ਰਹੀ ਹੈ। ਹਰ ਦੇਸ਼ ਵਿਚ ਆਏ ਦਿਨ ਸੜਕਾਂ ਉਪਰ ਇਨਸਾਫ ਲਈ ਧਰਨੇ, ਟਰੈਕਟਰ ਮਾਰਚ, ਫਸਲਾਂ ਨੂੰ ਸੁੱਟਣਾ ਆਮ ਵਰਤਾਰਾ ਹੈ। ਖੇਤੀ ਧੰਦੇ ਵਿਚ ਅਨਾਜ, ਫਲ, ਦੁੱਧ ਦਹੀਂ, ਮੀਟ ਮੂਲ ਪੈਦਾਵਾਰੀ ਵਸਤਾਂ ਹਨ।

ਪਿਛਲੇ ਦਹਾਕੇ ਵਿਚ ਇੰਟਰਨੈਟ ਨਾਲ ਵਰਤੋਂ ਵਿਚ ਇਤਿਹਾਸਕ ਰੱਦੋ ਬਦਲ ਹੋਏ ਹਨ। ਵੱਡੇ ਵੱਡੇ ਵਪਾਰ ਇਸ ਮਾਧਿਅਮ ਰਾਹੀਂ ਲੋਕਾਂ ਦੇ ਘਰਾਂ ਤੱਕ ਪਹੁੰਚ ਗਿਆ ਹੈ, ਪਰ ਖੇਤੀ ਧੰਦੇ ਵਿਚ ਬਹੁਤਾ ਬਦਲਾਅ ਨਹੀਂ ਆ ਸਕਿਆ। ਹੁਣ ਕਾਰਪੋਰੇਟ ਲੋਕਾਂ ਨੇ ਇਸ ਧੰਦੇ ਨੂੰ ਪੂਰੀ ਪਕੜ ਵਿਚ ਲੈ ਕੇ ਭਾਰਤ ਦੇ ਵੱਡੇ ਖੇਤਰ ਉਪਰ ਆਪਣੀ ਅਜ਼ਾਰੇਦਾਰੀ ਨੂੰ ਕਾਇਮੀ ਵੱਲ ਵਧਣ ਦੇ ਲੱਛਣ ਦਿੱਸਣ ਲੱਗੇ ਹਨ। ਇਹ ਰਾਜਨੀਤੀ ਦੀ ਭਾਈਵਾਲੀ ਨਾਲ ਸੰਭਵ ਕੀਤਾ ਜਾ ਰਿਹਾ ਹੈ, ਕਿਉਂਕਿ ਰਾਜਨੀਤੀ ਦਾ ਵੱਡਾ ਹਿੱਸਾ ਇਨ੍ਹਾਂ ਦੇ ਦਬਾਅ ਹੇਠ ਹੈ। ਪਾਰਟੀਆਂ ਨੂੰ ਵੱਡੇ ਵੱਡੇ ਚੰਦੇ ਦੇ ਕੇ ਮਨਮਰਜ਼ੀ ਨਾਲ ਲੋਕਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਰਕਾਰਾਂ ਦਾ ਕੰਮ ਹੁਣ ਗਰੀਬੀ ਹਟਾਉਣਾ ਨਹੀਂ, ਗਰੀਬਾਂ ਨੂੰ ਹਟਾਉਣਾ ਹੈ।

ਭਾਰਤ ਦੀ ਪਾਰਲੀਮੈਂਟ ਵਿਚ ਲਗਾਤਾਰ ਨਵੇਂ ਨਵੇਂ ਬਿੱਲਾਂ ਨੂੰ ਪਾਸ ਕੀਤਾ ਜਾ ਰਿਹਾ ਹੈ। ਪਹਿਲਾਂ ਸੰਵਿਧਾਨਕ ਸੋਧਾਂ ਨੂੰ ਹਮੇਸ਼ਾ ਵਿਰੋਧੀ ਧਿਰਾਂ ਦੀ ਸਹਿਮਤੀ ਤੋਂ ਬਾਅਦ ਹੀ ਕਾਨੂੰਨ ਦੀ ਆਗਿਆ ਮਿਲਦੀ ਸੀ। ਹੁਣ ਪਾਰਲੀਮੈਂਟ ਵਿਚ ਵਿਰੋਧੀ ਧਿਰ ਜਾਂ ਬਿੱਲ ਪਾਸ ਕਰਨ ਲਈ ਲੋੜੀਂਦੇ ਮੈਂਬਰਾਂ ਦੀ ਹਾਜ਼ਰੀ ਨੂੰ ਵੀ ਅੱਖੋਂ ਪਰੋਖੇ ਕੀਤਾ ਜਾਂਦਾ ਹੈ। ਜਿੱਥੇ ਕਿਸਾਨਾਂ ਦੇ ਵਿਰੁੱਧ ਕਾਨੂੰਨ ਬਣਾਏ ਗਏ ਹਨ। ਉਥੇ ਪੂੰਜੀਪਤੀਆਂ ਦੇ ਹੱਕ ਵਿਚ ਕਾਨੂੰਨਾਂ ਨੂੰ ਬਣਾ ਕੇ ਕਿਰਤੀਆਂ ਨੂੰ ਵਿਰੋਧ ਦਰਜ ਨਾ ਕਰਵਾਉਣ ਵਰਗੀਆਂ ਮੱਦਾਂ ਪਾ ਕੇ ਇਨਸਾਫ ਤੋਂ ਵਾਂਝਿਆਂ ਕੀਤਾ ਜਾ ਰਿਹਾ ਹੈ। ਕਿਸੇ ਵੀ ਹੜਤਾਲ ਕਰਨ ਲਈ ਸੱਠ ਦਿਨ ਪਹਿਲਾਂ ਆਗਿਆ ਦਾ ਲੈਣਾ ਜਰੂਰੀ ਕੀਤਾ ਗਿਆ ਹੈ। ਜਦੋਂ ਮਰਜ਼ੀ ਤਿੰਨ ਮਹੀਨੇ ਦੀ ਤਨਖਾਹ ਦੇ ਕੇ ਨੌਕਰੀ ਤੋਂ ਕੱਢਿਆ ਜਾ ਸਕਦਾ ਹੈ। ਮਤਲਬ ਹੜਤਾਲ ਦੀ ਮਨਜ਼ੂਰੀ ਮੰਗਣ ਦੇ ਨਾਲ ਹੀ ਉਸ ਕਿਰਤੀ ਨੂੰ ਨੌਕਰੀ ਤੋਂ ਫਾਰਗ ਕਰਨ ਦਾ ਰਾਹ ਪੱਧਰਾ ਹੋ ਸਕੇਗਾ। ਜਿਸ ਨਾਲ ਹਰ ਹਾਲਤ ਵਿਚ ਕਾਰੋਬਾਰੀਆਂ ਦੇ ਰਹਿਮੋ-ਕਰਮ 'ਤੇ ਜੀਵਨ ਬਸਰ ਕਰਨਾ ਪਵੇਗਾ।

ਜੋ ਬਿੱਲ ਕਿਸਾਨੀ ਦੇ ਵਿਰੋਧ ਵਿਚ ਪਾਸ ਕੀਤਾ ਹੈ, ਉਸ ਵਿਚ ਘੱਟੋ ਘੱਟ ਸਮਰਥਨ ਮੁੱਲ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਹੈ, ਜੋ ਕਿ ਸਿੱਧਾ ਸਿੱਧਾ ਕਾਰੋਬਾਰੀਆਂ ਦੇ ਹੱਕ ਵਿਚ ਭੁਗਤਦਾ ਹੈ। ਕਿਸਾਨ ਨੂੰ ਸ਼ਾਇਦ ਉਸ ਦੀ ਲਾਗਤ ਵੀ ਪੂਰੀ ਨਾ ਮਿਲੇ। ਉਸ ਨੂੰ ਵੇਚਣ ਦੀ ਖੁੱਲ੍ਹ ਦਾ ਮਤਲਬ ਕਾਰੋਬਾਰੀ ਨੂੰ ਖੁੱਲ੍ਹ ਦੇਣਾ ਕਿ ਉਹ ਘੱਟ ਤੋਂ ਘੱਟ ਰੇਟ 'ਤੇ ਖਰੀਦ ਕੇ ਦੁਨੀਆਂ ਦੀ ਮੰਡੀ ਵਿਚ ਆਪਣੀ ਤੈਅ-ਸ਼ੁਦਾ ਕੀਮਤ ਪ੍ਰਾਪਤ ਕਰ ਸਕਦਾ ਹੈ। ਈ-ਮੰਡੀਆਂ ਨਾਲ ਜੋੜਨਾ ਜਾਂ ਈ-ਮੰਡੀਕਰਨ ਕੀਤਾ ਗਿਆ ਹੈ, ਜਿਸ ਨਾਲ ਕਿਸਾਨ ਵਪਾਰੀ ਨਾਲ ਸਿੱਧਾ ਸੰਪਰਕ ਸਾਧਨ ਅਪਨਾ ਸਕੇਗਾ। ਖਰੀਦਦਾਰ ਨਾਲ ਖਰੀਦ ਮੁੱਲ ਤੈਅ ਕਰ ਸਕੇਗਾ, ਪਰ ਸਵਾਲ ਉਠਦਾ ਹੈ ਕਿ ਕਿਸਾਨਾਂ ਤੱਕ ਈ-ਮੰਡੀ ਦੇ ਤੌਰ ਤਰੀਕਿਆਂ ਦੀ ਪਹੁੰਚ ਅਪਨਾਈ ਗਈ ਹੈ? ਬਿਹਾਰ ਵਿਚ ਘੱਟੋ ਘੱਟ ਖਰੀਦ ਮੁੱਲ ਖਤਮ ਕਰਨ ਪਿਛੋਂ ਹਾਲਾਤ ਹੋਰ ਮੰਦੀ ਵਿਚ ਹਨ। ਕਿਸਾਨੀ ਦੀ ਅਨਪੜ੍ਹਤਾ ਇਸ ਵਿਚ ਵੱਡੀ ਰੁਕਾਵਟ ਅਤੇ ਮੁਸੀਬਤਾਂ ਵਿਚ ਵਾਧਾ ਕਰੇਗੀ। ਖੁਦਕਸ਼ੀਆਂ ਵਿਚ ਵਾਧਾ ਹੋਣ ਦੇ ਆਸਾਰ ਵੱਧ ਗਏ ਹਨ। ਛੋਟੇ ਕਿਰਤੀਆਂ ਅਤੇ ਕਿਸਾਨਾਂ ਦੇ ਮਰਨ ਦੇ ਲੱਛਣ ਸਾਫ ਦਿਖਾਈ ਦਿੰਦੇ ਹਨ। ਪਹਿਲਾਂ ਤੋਂ ਹੀ ਪੱਛੜਿਆ ਕਿਸਾਨ ਆਪਣੀ ਫਸਲ ਦਾ ਮੰਡੀਕਰਨ ਕਰਨ ਵਿਚ ਪੱਛੜਿਆ ਹੈ। ਉਸ ਕੋਲ ਜਮਾਂ ਰੱਖ ਕੇ ਮਹਿੰਗੇ ਭਾਅ ਵੇਚਣ ਦੇ ਹੀਲੇ-ਵਸੀਲੇ ਨਹੀਂ ਹਨ।

ਭਾਵੇਂ ਇਹ ਭਾਰਤ ਵਿਚ ਬਣੇ ਨਵੇਂ ਕਾਨੂੰਨ ਯੂਰਪ ਮੰਡੀ ਨਾਲ ਕਾਫੀ ਮੇਲ ਖਾਂਦੇ ਹਨ। ਕਿਸਾਨ ਸਾਰੇ ਯੂਰਪ ਵਿਚ ਕਿਤੇ ਵੀ ਜਾ ਕੇ ਆਪਣੀ ਮਰਜ਼ੀ ਦੇ ਮੁੱਲ ਦੇ ਭਾਅ ਨਾਲ ਵੇਚ ਸਕਦਾ ਹੈ। ਵਪਾਰੀ ਵੀ ਸਿਧੇ ਜਾਂ ਅਸਿੱਧੇ ਢੰਗ ਨਾਲ ਬੀਜ, ਵੇਚ ਸਕਦਾ ਹੈ। ਬਾਹਰਲੇ ਮੁਲਕਾਂ ਤੋਂ ਵੀ ਖਾਣੇ ਦੇ ਪੱਧਰ 'ਤੇ ਪੂਰੀ ਤਰ੍ਹਾਂ ਉਤਰਦੀਆਂ ਵਸਤਾਂ ਨੂੰ ਵਿਕਰੀ ਯੋਗ ਕਰਾਰ ਦਿੱਤਾ ਜਾਂਦਾ ਹੈ, ਪਰ ਭਾਰਤ ਵਿਚ ਇਸ ਕਾਨੂੰਨ ਦੇ ਵਿਰੋਧ ਨੂੰ ਜਾਇਜ਼ ਠਹਿਰਾਇਆ ਜਾ ਸਕਦਾ ਹੈ, ਕਿਉਂਕਿ ਕਿਰਤੀ, ਮਜ਼ਦੂਰ, ਕਿਸਾਨ ਦੀ ਆਮਦਨ ਨੂੰ ਬਦਲਵੇਂ ਰੂਪ ਵਿਚ ਆਮਦਨ ਦੇ ਸਾਧਨ ਮੁਹੱਈਆ ਕਰਵਾਉਣੇ ਜਰੂਰੀ ਨਹੀਂ ਸਮਝੇ ਗਏ। ਜਿਵੇਂ ਯੂਰਪ ਵਿਚ ਲੋਕਾਂ ਨੂੰ ਖੇਤੀਬਾੜੀ ਤੋਂ ਦੂਰ ਕਰਨ ਲਈ ਉਦਯੋਗਿਕ ਨੀਤੀ ਤਹਿਤ ਰੁਜ਼ਗਾਰ ਪੈਦਾ ਕੀਤੇ ਗਏ। ਹੌਲੀ ਹੌਲੀ ਜਨਤਾ ਦਾ ਸ਼ਹਿਰੀਕਰਨ ਕਰਕੇ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ। ਰੁਜ਼ਗਾਰ ਅਤੇ ਖੇਤੀਬਾੜੀ ਵਿਚ ਗਾਰੰਟੀ ਅਤੇ ਬੀਮਾ ਜਰੂਰੀ ਕੀਤਾ ਗਿਆ। ਵਧੇਰੇ ਵੱਸੋਂ ਸ਼ਹਿਰਾਂ ਵਿਚ ਅਤੇ ਰੁਜ਼ਗਾਰ ਦੇ ਸਾਧਨ ਇੰਡਸਟਰੀ, ਉਦਯੋਗ 'ਤੇ ਵੱਧ ਹਨ।

ਆਮ ਸਮੇਂ ਵਿਚ ਬੇਰੁਜ਼ਗਾਰੀ ਔਸਤਨ 10% ਤੱਕ ਰਹਿੰਦੀ ਹੈ। ਕਰ ਕਾਨੂੰਨਾਂ ਰਾਹੀਂ ਸਰਕਾਰੀ ਟੈਕਸਾਂ ਵਿਚੋਂ ਗਰੀਬੀ ਅਤੇ ਬੇਰੁਜ਼ਗਾਰੀ ਦੀ ਭਰਪਾਈ ਕੀਤੀ ਜਾਂਦੀ ਹੈ। ਭਾਰਤ ਵਿਚ ਇਕੱਲੇ ਕਾਨੂੰਨ ਬਣਾ ਕੇ ਪੇਸ਼ ਕਰ ਦੇਣਾ ਮੂਰਖਤਾ ਪੱਖੀ ਕਾਰਵਾਈ ਹੈ। ਜਿਵੇਂ ਨੋਟ ਬੰਦੀ ਵੇਲੇ ਜਿਥੇ ਮੁਲਕ ਦੀ ਆਰਥਕਤਾ ਨੂੰ ਢਾਹ ਲੱਗੀ, ਉਥੇ ਲੋਕਾਂ ਦੀ ਰੋਜ਼ਮੱਰਾ ਜ਼ਿੰਦਗੀ ਦੀ ਚਾਲ ਪਟੜੀ ਤੋਂ ਉਤਰ ਗਈ। ਸੌ ਤੋਂ ਵੱਧ ਮੌਤਾਂ ਹੋ ਗਈਆਂ। ਮੋਦੀ ਸਰਕਾਰ ਦੇ ਪਹਿਲੇ ਪੰਜ ਸਾਲਾ ਕਾਰਜ ਕਾਲ ਵਿਚ ਪੰਜ ਤੋਂ ਸੱਤ ਹਜ਼ਾਰ ਮੰਡੀਆਂ ਨੂੰ ਈ-ਮੰਡੀ ਨਾਲ ਜੋੜਿਆ ਗਿਆ, ਜੋ ਕਿਸਾਨਾਂ ਲਈ ਬਹੁਤ ਲਾਹੇਵੰਦ ਢੰਗ ਨਹੀਂ ਮੰਨਿਆ ਜਾ ਸਕਦਾ। ਦੂਜੀ ਵਾਰ ਦੀ ਮੋਦੀ ਸਰਕਾਰ ਵਿਚ ਈ-ਮੰਡੀਆਂ 'ਤੇ ਕੱਛੂ ਦੀ ਚਾਲ ਵੀ ਕੰਮ ਨਹੀਂ ਹੋਇਆ। ਕੋਈ ਅੰਕੜੇ ਜਾਂ ਲਾਭਾਂ ਦੀ ਸੂਚੀ ਲੋਕਾਂ ਤੱਕ ਨਹੀਂ ਪਹੁੰਚ ਸਕੀ।

2019 ਦੌਰਾਨ ਯੂਰਪ 'ਚ ਜਰਮਨ, ਫਰਾਂਸ, ਆਇਰਲੈਂਡ ਵਿਚ ਕਿਸਾਨਾਂ ਨੇ ਵੱਡੀਆ ਹੜਤਾਲਾਂ ਕਰਕੇ ਦੁੱਧ, ਮੀਟ ਆਦਿ ਲਈ ਕੀਮਤਾਂ ਵਿਚ ਵਾਧੇ ਲਈ ਸ਼ਹਿਰਾਂ ਦੇ ਸ਼ਹਿਰ ਜਾਮ ਕਰ ਦਿੱਤੇ ਸਨ। ਬਰਲਿਨ ਵਿਚ ਪੰਜ ਹਜ਼ਾਰ ਟਰੈਕਟਰਾਂ ਨੇ ਸਰਕਾਰ ਨੂੰ ਜਲਦੀ ਗੋਡੇ ਭਾਰ ਲੈ ਆਂਦਾ। ਕਿਸਾਨ ਕਹਿੰਦੇ ਸਨ ਕਿ ਕਾਰੋਬਾਰੀ ਕੰਪਨੀਆਂ ਨੂੰ ਚੀਜ਼ਾਂ ਲਈ ਵਧੇਰੇ ਭੁਗਤਾਨ ਕਰਨਾ ਚਾਹੀਦਾ ਹੈ ਅਤੇ ਕੌਮਾਂਤਰੀ ਵਪਾਰ ਸੰਧੀਆਂ ਉਨ੍ਹਾਂ ਲਈ ਕੰਮ ਨਹੀਂ ਕਰਦੀਆਂ।

ਸੋ ਲੋਕ ਰਾਏ ਤੋਂ ਬਿਨਾ ਧੜਾ ਧੜ ਨਵੇਂ ਕਾਨੂੰਨਾਂ ਨੂੰ ਪਾਸ ਕਰੀ ਜਾਣਾ, ਹਮ ਖਿਆਲੀ ਪਾਰਟੀਆਂ ਜਾਂ ਸਰਕਾਰ ਦਾ ਹਿੱਸਾ ਬਣੀਆਂ ਪਾਰਟੀਆਂ 'ਤੇ ਆਪਣਾ ਪ੍ਰਭਾਵ ਬਣਾ ਕੇ ਅਸਥਿਰਤਾ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ।

ਇਸ ਦਾ ਦੂਜਾ ਪੱਖ ਵੀ ਹੈ, ਜੋ ਇਨ੍ਹਾਂ ਕਾਨੂੰਨਾਂ ਦੇ ਪਿਛੇ ਛੁਪਿਆ ਨਜ਼ਰ ਆਉਂਦਾ ਹੈ। ਪੰਜਾਬ ਸੂਬੇ ਦੀ ਭੂਗੋਲਿਕ ਸਥਿਤੀ ਬਹੁਤ ਅਗਾਂਹਵਧੂ ਹੈ। ਮੈਦਾਨੀ ਇਲਾਕੇ ਕਰਕੇ ਉਪਜਾਊ ਹੋਣ ਦੇ ਨਾਲ ਨਾਲ ਕੁਦਰਤੀ ਪਾਣੀ ਦੇ ਸੋਮਿਆਂ, ਦਰਿਆਵਾਂ, ਨਹਿਰਾਂ ਦਾ ਮਾਲਕ ਹੈ। ਸਿੱਖਾਂ ਦੀ ਜਨਮ ਭੋਇੰ ਹੈ। ਧਰਮ, ਪੰਥ, ਗ੍ਰੰਥ, ਭਾਸ਼ਾ ਇਸ ਨੂੰ ਭਾਰਤ ਦੇ ਨਾਲ ਨਾਲ ਦੁਨੀਆਂ ਵਿਚ ਵੱਖਰੀ ਪਛਾਣ ਦਿੰਦੇ ਹਨ। ਆਜ਼ਾਦੀ ਦੀ ਲੜਾਈ ਜਿੱਤਣ ਪਿਛੋਂ ਆਪਣੇ ਹੱਕਾਂ ਲਈ ਬਹੁਤ ਸੰਘਰਸ਼ ਲੜਦਾ ਆ ਰਿਹਾ ਹੈ। ਪੰਜਾਬੀ ਸੂਬੇ ਦੀ ਮੰਗ, ਧਰਮ ਦੀ ਹੋਂਦ ਦੀ ਸੰਵਿਧਾਨਕ ਮੰਗ, ਪਾਣੀਆਂ ਦੀ ਮੰਗ, ਇਲਾਕਿਆਂ ਦੀ ਮੰਗ, ਚੰਡੀਗੜ੍ਹ ਦੀ ਮੰਗ ਆਦਿ, ਜੋ ਜਾਇਜ਼ ਮੰਗਾਂ ਸਿੱਖਾਂ ਨੂੰ ਸ਼ਾਂਤ ਕਰ ਸਕਦੀਆਂ ਸਨ; ਪਰ ਪੰਜਾਬ ਨਾਲ ਬੇਇਨਸਾਫੀ ਦੀ ਦਾਸਤਾਨ ਲੰਬੀ ਹੈ। ਕੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਅਸਿੱਧੇ ਢੰਗ ਨਾਲ ਪੰਜਾਬ ਦੀ ਤਬਾਹੀ ਦੇ ਮਨਸੂਬਿਆਂ ਦੀ ਉਗਤਵੀਂ ਤਸਵੀਰ ਹੈ? ਜੇ ਹੈ ਤਾਂ ਇਸ ਨੂੰ ਆਖਰੀ ਹਮਲਾ ਮੰਨਦੇ ਹੋਏ ਇਨ੍ਹਾਂ ਕਾਨੂੰਨਾਂ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ। ਇਨਸਾਫ ਲਈ ਭਾਰਤ ਸਮੇਤ ਸਾਰੇ ਸੰਸਾਰ ਵਿਚ ਵਿਰੋਧ ਦਰਜ ਕਰਵਾਉਣਾ ਚਾਹੀਦਾ ਹੈ।

# ਕਰੋਨਾ ਮੌਤਾਂ ਦੇ ਅੰਕੜਿਆਂ ਦੀ ਹਕੀਕਤ ਕੀ ਹੈ?

**ਅਭੈ ਕੁਮਾਰ ਦੂਬੇ**

ਅੰਕੜੇ ਦੱਸ ਰਹੇ ਹਨ ਕਿ ਹੁਣ ਤੱਕ ਕੋਵਿਡ-19 ਮਹਾਮਾਰੀ ਨਾਲ ਭਾਰਤ ਵਿਚ ਇਕ ਲੱਖ ਲੋਕਾਂ ਦੀ ਜਾਨ ਚਲੀ ਗਈ ਹੈ। ਮੇਰਾ ਵਿਚਾਰ ਹੈ ਕਿ ਇਹ ਵਿਵਾਦਪੂਰਨ ਅੰਕੜਾ ਹੈ। ਇਸ ਨੂੰ ਤਿੰਨ ਸਵਾਲ ਚੁੱਕ ਕੇ ਚੁਣੌਤੀ ਦਿੱਤੀ ਜਾ ਸਕਦੀ ਹੈ। ਪਹਿਲਾ ਸਵਾਲ ਇਹ ਹੈ: ਕੀ ਇਹ ਇਕ ਲੱਖ ਲੋਕ ਅਸਲ ਵਿਚ ਕਰੋਨਾ ਵਾਇਰਸ ਨਾਲ ਮਰੇ ਹਨ? ਦੂਜਾ ਸਵਾਲ ਇਹ ਹੈ ਕਿ ਜੇਕਰ ਕਰੋਨਾ ਵਾਇਰਸ ਨਾ ਹੁੰਦਾ ਤਾਂ ਉਸ ਸੂਰਤ ਵਿਚ ਪਹਿਲਾਂ ਨਾਲੋਂ ਅਤੇ ਅਜੇ ਤੱਕ ਜਾਰੀ ਬਿਮਾਰੀਆਂ ਨਾਲ ਕਿੰਨੇ ਭਾਰਤੀ ਮਰਦੇ? ਤੀਜਾ ਸਵਾਲ ਇਹ ਹੈ ਕਿ ਕਰੋਨਾ ਤੋਂ ਇਲਾਵਾ ਹੋਰਾਂ ਬਿਮਾਰੀਆਂ ਨਾਲ ਮਰਨ ਵਾਲਿਆਂ ਦੀ ਖਬਰ ਕਿਉਂ ਨਹੀਂ ਬਣਦੀ?

ਪੱਤਰਕਾਰ/ਲੇਖਕ ਪ੍ਰਮੋਦ ਰੰਜਨ ਨੇ ਕਰੋਨਾ ਬਿਮਾਰੀ ਦੀ ਸ਼ੁਰੂਆਤ ਤੋਂ ਹੀ ਇਸ ਨਾਲ ਸਬੰਧਤ ਅੰਕੜਿਆਂ ਅਤੇ ਦਾਅਵੇਦਾਰੀਆਂ ਦੀ ਡੂੰਘੀ ਆਲੋਚਨਾਤਮਕ ਸਮੀਖਿਆ ਕੀਤੀ ਹੈ। ਉਨ੍ਹਾਂ ਦਾ ਅਧਿਐਨ ਅੱਖਾਂ ਖੋਲ੍ਹਣ ਵਾਲਾ ਹੈ। ਇਸ ਅਨੁਸਾਰ ਭਾਰਤੀ ਮੈਡੀਕਲ ਅਧਿਐਨ ਪ੍ਰੀਸ਼ਦ (ਆਈ.ਸੀ.ਐਮ.ਸੀ.) ਦੇ ਦਿਸ਼ਾ ਨਿਰਦੇਸ਼ ਦੱਸਦੇ ਹਨ ਕਿ ਅਜਿਹੀਆਂ ਮੌਤਾਂ ਜਿਨ੍ਹਾਂ ਵਿਚ ਟੈਸਟ ਦੇ ਨਤੀਜੇ ਅਸਪਸ਼ਟ ਆਏ ਹੋਣ, ਵਿਚਾਰ ਅਧੀਨ ਹੋਣ ਜਾਂ ਫਿਰ ਨੈਗੇਟਿਵ ਹੀ ਕਿਉਂ ਨਾ ਹੋਣ, ਪਰ ਜੇਕਰ ਉਨ੍ਹਾਂ ਵਿਚ 'ਕੋਵਿਡ-19 ਦੇ ਕੋਈ ਲੱਛਣ' ਮੌਜੂਦ ਹੋਣ ਤਾਂ ਉਸ ਨੂੰ 'ਕਲੀਨੀਕਲੀ ਐਪੀਡਿਮੀਓਲਾਜਿਕਲੀ ਡਾਇਗਨੋਜ਼ਡ' ਰੂਪ ਨਾਲ ਕੋਵਿਡ ਨਾਲ ਹੋਈ ਮੌਤ ਦੇ ਰੂਪ ਵਿਚ ਗਿਣਿਆ ਜਾਵੇਗਾ। ਇਨ੍ਹਾਂ ਦਿਸ਼ਾ ਨਿਰਦੇਸ਼ਾਂ ਅਨੁਸਾਰ ਮ੍ਰਿਤਕ ਦੀ ਟੈਸਟ ਰਿਪੋਰਟ ਪਾਜ਼ੇਟਿਵ ਆਉਣਾ ਵੀ ਜ਼ਰੂਰੀ ਨਹੀਂ ਹੈ। ਜੇਕਰ ਟੈਸਟ ਰਿਪੋਰਟ ਨੈਗੇਟਿਵ ਆਉਂਦੀ ਹੈ ਪਰ ਮ੍ਰਿਤਕ ਵਿਚ ਕੋਈ ਵੀ ਅਜਿਹਾ ਲੱਛਣ ਰਿਹਾ ਹੋਵੇ ਤਾਂ ਕੋਵਿਡ-19 ਨਾਲ 'ਸੰਭਾਵੀ' ਜਾਂ 'ਸ਼ੱਕੀ' ਮੌਤ ਦੇ ਰੂਪ ਵਿਚ ਦਰਜ ਕਰ ਲਿਆ ਜਾਂਦਾ ਹੈ। ਜੇਕਰ ਕੋਈ ਵਿਅਕਤੀ ਜਾਂਚ ਵਿਚ ਪਾਜ਼ੇਟਿਵ ਪਾਇਆ ਜਾਂਦਾ ਹੈ ਅਤੇ ਉਸ ਤੋਂ ਬਾਅਦ ਉਸ ਦੀ ਮੌਤ ਕਿਸੇ ਵੀ ਬਿਮਾਰੀ ਨਾਲ ਹੁੰਦੀ ਹੈ ਤਾਂ ਵੀ ਉਸ ਨੂੰ ਵੀ ਕੋਵਿਡ-19 ਨਾਲ ਹੋਈ ਮੌਤ ਮੰਨਿਆ ਜਾਵੇਗਾ। ਜੇਕਰ ਕਿਸੇ ਵਿਅਕਤੀ ਨੂੰ ਕੋਵਿਡ-19 ਦੀ ਲਾਗ ਲਗਦੀ ਹੈ ਅਤੇ ਉਸ ਦੇ ਸੰਪਰਕ ਵਿਚ ਆਉਣ ਵਾਲੇ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਨੂੰ ਵੀ ਕੋਵਿਡ-19 ਨਾਲ 'ਸੰਭਾਵੀ' ਮੌਤ ਦੇ ਰੂਪ ਵਿਚ ਗਿਣਿਆ ਜਾਵੇਗਾ, ਭਾਵੇਂ ਮ੍ਰਿਤਕ ਦੀ ਕਰੋਨਾ ਰਿਪੋਰਟ ਨੈਗੇਟਿਵ ਵੀ ਕਿਉਂ ਨਾ ਆਈ ਹੋਵੇ। ਪ੍ਰਮੋਦ ਰੰਜਨ ਅਨੁਸਾਰ ਕਿਸ ਤਰ੍ਹਾਂ ਦੀਆਂ ਮੌਤਾਂ ਨੂੰ ਕੋਵਿਡ-19 ਦੇ ਰੂਪ ਵਿਚ ਦਰਜ ਕਰਨਾ ਹੈ, ਇਸ ਦੀ ਉਦਾਹਰਨ ਵੀ ਦਿਸ਼ਾ ਨਿਰਦੇਸ਼ਾਂ ਵਿਚ ਦਿੱਤੀ ਗਈ ਹੈ। ਕਿਸੇ ਨੌਜਵਾਨ ਦਾ ਕੋਵਿਡ-19 ਟੈਸਟ ਪਾਜ਼ੇਟਿਵ ਆਉਂਦਾ ਹੈ ਅਤੇ ਕੁਝ ਸਮੇਂ ਬਾਅਦ ਉਸ ਦੇ 60 ਸਾਲਾ ਪਿਤਾ ਦੀ ਮੌਤ ਹੋ ਜਾਂਦੀ ਹੈ। ਪਿਤਾ ਪਿਛਲੇ 15 ਸਾਲ ਤੋਂ ਸ਼ੱਕਰ (ਸ਼ੂਗਰ) ਰੋਗ ਤੋਂ ਪੀੜਤ ਸਨ। ਪਿਤਾ ਦਾ ਕੋਵਿਡ-19 ਟੈਸਟ ਉਪਲਬਧ ਨਹੀਂ ਸੀ ਪਰ ਉਸ ਨੇ ਮੌਤ ਤੋਂ ਪਹਿਲਾਂ ਸਾਹ ਲੈਣ ਵਿਚ ਤਕਲੀਫ ਦੀ ਸ਼ਿਕਾਇਤ ਕੀਤੀ ਸੀ ਤਾਂ ਅਜਿਹੀ ਮੌਤ ਨੂੰ ਵੀ 'ਸ਼ੱਕੀ' ਸ਼੍ਰੇਣੀ ਵਿਚ ਰੱਖਦਿਆਂ ਕੋਵਿਡ-19 ਨਾਲ ਹੋਈ ਮੌਤ ਗਿਣਿਆ ਜਾਂਦਾ ਹੈ।



ਕੋਵਿਡ ਹੋਵੇ ਜਾਂ ਨਾ ਹੋਵੇ, ਪ੍ਰਮੋਦ ਰੰਜਨ ਵਲੋਂ ਕੀਤੇ ਗਏ ਵਿਸ਼ਲੇਸ਼ਣ ਅਨੁਸਾਰ ਭਾਰਤ ਵਿਚ ਹਰ ਰੋਜ਼ ਤਕਰੀਬਨ 26 ਹਜ਼ਾਰ ਮੌਤਾਂ ਹੁੰਦੀਆਂ ਹਨ ਜਿਨ੍ਹਾਂ ਵਿਚੋਂ 1600 ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਹੁੰਦੇ ਹਨ। ਭਾਰਤ ਵਿਚ ਹਰ ਸਾਲ ਤਕਰੀਬਨ 8 ਲੱਖ ਲੋਕ ਕੈਂਸਰ ਨਾਲ ਮਰਦੇ ਹਨ। ਟੀ.ਬੀ. ਨਾਲ ਮੌਤਾਂ ਦੇ ਮਾਮਲੇ ਵਿਚ ਭਾਰਤ ਸੰਸਾਰ ਵਿਚ ਪਹਿਲੇ ਸਥਾਨ 'ਤੇ ਹੈ। ਇਕੱਲੇ ਭਾਰਤ ਵਿਚ ਹਰ ਸਾਲ 25 ਲੱਖ ਤੋਂ ਜ਼ਿਆਦਾ ਲੋਕਾਂ ਨੂੰ ਟੀ.ਬੀ. ਹੁੰਦੀ ਹੈ ਜਿਨ੍ਹਾਂ ਵਿਚ ਹਰ ਸਾਲ 4.5 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਭਾਰਤ ਵਿਚ ਨਿਮੋਨੀਆ ਨਾਲ ਹਰ ਸਾਲ 1.27 ਲੱਖ ਲੋਕ ਮਰਦੇ ਹਨ ਜਿਨ੍ਹਾਂ ਵਿਚ ਬੱਚਿਆਂ ਦੀ ਗਿਣਤੀ ਸਭ ਤੋਂ ਵਧੇਰੇ ਹੁੰਦੀ ਹੈ। ਨਿਮੋਨੀਆ ਨਾਲ ਮਰਨ ਵਾਲਿਆਂ ਵਿਚ ਸੰਸਾਰ ਵਿਚ ਭਾਰਤ ਦਾ ਦੂਜਾ ਸਥਾਨ ਹੈ। ਪਹਿਲਾ ਸਥਾਨ ਨਾਈਜੀਰੀਆ ਦਾ ਹੈ। ਭਾਰਤ ਵਿਚ ਮਲੇਰੀਆ ਨਾਲ ਹਰ ਸਾਲ ਤਕਰੀਬਨ 2 ਲੱਖ ਲੋਕਾਂ ਦੀ ਮੌਤ ਹੁੰਦੀ ਹੈ ਜਿਨ੍ਹਾਂ ਵਿਚੋਂ ਜ਼ਿਆਦਾਤਰ ਆਦਿਵਾਸੀ ਹੁੰਦੇ ਹਨ। ਭਾਰਤ ਵਿਚ ਹਰ ਸਾਲ ਇਕ ਲੱਖ ਤੋਂ ਜ਼ਿਆਦਾ ਬੱਚੇ ਡਾਇਰੀਆ ਨਾਲ ਮਰ ਜਾਂਦੇ ਹਨ। ਇਸੇ ਤਰ੍ਹਾਂ, ਇੱਥੇ ਹਰ ਸਾਲ ਹੈਜ਼ੇ ਨਾਲ ਵੀ ਹਜ਼ਾਰਾਂ ਲੋਕਾਂ ਦੀ ਮੌਤ ਹੁੰਦੀ ਹੈ। ਇਨ੍ਹਾਂ ਬਿਮਾਰੀਆਂ ਦੀ ਰਿਪੋਰਟਿੰਗ ਕਰਨ ਦੇ ਮਾਮਲੇ ਵਿਚ ਭਾਰਤ ਸਰਕਾਰ ਦਾ ਰਿਕਾਰਡ ਵੀ ਬਹੁਤ ਖਰਾਬ ਰਿਹਾ ਹੈ। 2015 ਵਿਚ ਭਾਰਤ ਨੇ ਸੰਸਾਰ ਬੈਂਕ ਨੂੰ ਦੱਸਿਆ ਸੀ ਕਿ ਉਸ ਸਾਲ ਇੱਥੇ ਸਿਰਫ 561 ਲੋਕ ਮਲੇਰੀਆ ਨਾਲ ਮਾਰੇ ਗਏ, ਜਦੋਂਕਿ ਅਸਲੀਅਤ ਇਹ ਸੀ ਕਿ ਇੱਥੇ ਹਰ ਸਾਲ ਤਕਰੀਬਨ 2 ਲੱਖ ਨੌਜਵਾਨ ਅਤੇ ਆਦਿਵਾਸੀ ਮਲੇਰੀਆ ਨਾਲ ਮਰ ਰਹੇ ਸਨ। ਭਾਰਤ ਵਿਚ ਮਲੇਰੀਆ ਨਾਲ ਮਰਨ ਵਾਲਿਆਂ ਵਿਚੋਂ ਜ਼ਿਆਦਾਤਰ ਆਦਿਵਾਸੀ ਹੀ ਹੁੰਦੇ ਹਨ। ਭਾਰਤ ਸਰਕਾਰ ਦੇ ਇਸ ਗੈਰ ਜ਼ਿੰਮੇਦਾਰਾਨਾ ਵਿਹਾਰ ਨੂੰ ਅਲ-ਜਜ਼ੀਰਾ ਟੀ.ਵੀ. ਨੇ ਆਪਣੀ ਇਕ ਰਿਪੋਰਟ ਵਿਚ ਉਜਾਗਰ ਕੀਤਾ ਸੀ।

ਪ੍ਰਮੋਦ ਰੰਜਨ ਨੇ ਇਹ ਵੀ ਸਾਬਤ ਕੀਤਾ ਹੈ ਕਿ ਜਿਸ ਸਮੇਂ ਭਾਰਤ ਵਿਚ ਜ਼ਬਰਦਸਤ ਤਾਲਾਬੰਦੀ ਚੱਲ ਰਹੀ ਸੀ, ਇੱਥੋਂ ਦੇ 81 ਫੀਸਦੀ ਲੋਕ ਬਿਹਤਰ ਨੀਂਦ ਲਈ ਤਾਲਾਬੰਦੀ ਖਤਮ ਹੋਣ ਦਾ ਇੰਤਜ਼ਾਰ ਕਰ ਰਹੇ ਸਨ। ਮਈ ਦੇ ਅੰਤ ਤੱਕ ਇਨ੍ਹਾਂ ਵਿਚੋਂ 33 ਫੀਸਦੀ ਲੋਕ ਬੇਚੈਨੀ ਅਤੇ ਤਣਾਅ ਵਰਗੀਆਂ ਗੰਭੀਰ ਮਨੋਵਿਗਿਆਨਕ ਸਮੱਸਿਆਵਾਂ ਨਾਲ ਜੂਝ ਰਹੇ ਸਨ। ਕੋਵਿਡ-19 ਦੀ ਲਾਗ ਦੇ ਭੈਅ ਅਤੇ ਪਾਬੰਦੀਆਂ ਕਾਰਨ ਉਪਜੀਵਕਾ ਦੇ ਸੋਮੇ ਖਤਮ ਹੋ ਜਾਣ ਕਾਰਨ ਖੁਦਕੁਸ਼ੀਆਂ ਕਰਨ ਵਾਲਿਆਂ ਦੀ ਗਿਣਤੀ ਵਧ ਰਹੀ ਸੀ। ਕੌਮੀ ਅਪਰਾਧ ਰਿਕਾਰਡ ਬਿਊਰੋ ਨੇ 2018 ਤੋਂ ਬਾਅਦ ਖੁਦਕੁਸ਼ੀਆਂ ਦੇ ਅੰਕੜੇ ਜਮ੍ਹਾਂ ਹੀ ਨਹੀਂ ਕੀਤੇ ਹਨ ਪਰ ਤਾਲਾਬੰਦੀ ਦੌਰਾਨ ਲੁਧਿਆਣੇ ਵਿਚ ਖੁਦਕੁਸ਼ੀਆਂ ਵਿਚ 11 ਫੀਸਦੀ ਦਾ ਵਾਧਾ ਹੋਇਆ ਹੈ।

ਝਾਰਖੰਡ ਵਿਚ ਇਸ ਦੌਰਾਨ ਹਰ ਰੋਜ਼ ਪੰਜ ਲੋਕਾਂ ਨੇ ਖੁਦਕੁਸ਼ੀ ਕੀਤੀ। ਕੋਲਕਾਤਾ ਵਿਚ ਇਸ ਦੌਰਾਨ ਖੁਦਕੁਸ਼ੀਆਂ ਕਰਨ ਵਾਲਿਆਂ ਦੀ ਗਿਣਤੀ ਪਿਛਲੇ ਸਾਲ ਦੀ ਤੁਲਨਾ ਵਿਚ ਦੁੱਗਣੀ ਰਹੀ ਹੈ। ਤਾਲਾਬੰਦੀ ਕਾਰਨ ਖੁਦਕੁਸ਼ੀਆਂ ਕਰਨ ਵਾਲਿਆਂ ਵਿਚ ਸਭ ਤੋਂ ਜ਼ਿਆਦਾ ਗਿਣਤੀ 1 ਤੋਂ 1.5 ਲੱਖ ਰੁਪਏ ਸਾਲਾਨਾ ਆਮਦਨ ਵਾਲੇ ਅਜਿਹੇ ਨੌਜਵਾਨਾਂ ਦੀ ਹੈ ਜਿਨ੍ਹਾਂ ਨੂੰ ਆਪਣੀ ਪੜ੍ਹਾਈ ਹਾਈ ਸਕੂਲ ਤੋਂ ਬਾਅਦ ਛੱਡ ਦੇਣ ਲਈ ਮਜਬੂਰ ਹੋਣਾ ਪਿਆ ਸੀ ਅਤੇ ਜੋ ਗੈਰ-ਸੰਗਠਿਤ ਖੇਤਰ ਵਿਚ ਕਾਰਜਸ਼ੀਲ ਸਨ। 2018 ਵਿਚ ਕੌਮੀ ਅਪਰਾਧ ਰਿਕਾਰਡ ਬਿਊਰੋ ਵਲੋਂ ਜਾਰੀ ਅੰਕੜਿਆਂ ਅਨੁਸਾਰ ਖੁਦਕੁਸ਼ੀਆਂ ਕਰਨ ਵਾਲਿਆਂ ਵਿਚ ਇਸ ਵਰਗ ਦੇ ਨੌਜਵਾਨਾਂ ਦੀ ਗਿਣਤੀ 66 ਫੀਸਦੀ ਸੀ। ਖੁਦਕੁਸ਼ੀ ਕਰਨ ਵਾਲਿਆਂ ਦੀ ਵੱਡੀ ਗਿਣਤੀ ਛੋਟੇ ਕਾਰੋਬਾਰੀਆਂ ਦੀ ਰਹਿਣ ਦਾ ਖਦਸ਼ਾ ਹੈ ਜਿਨ੍ਹਾਂ ਵਿਚ ਨੋਟਬੰਦੀ ਤੋਂ ਹੀ ਖੁਦਕੁਸ਼ੀਆਂ ਦਾ ਰੁਝਾਨ ਵਧ ਰਿਹਾ ਹੈ।

ਜ਼ਾਹਰ ਹੈ ਕਿ ਕਰੋਨਾ ਵਿਚ ਮਰੇ ਇਕ ਲੱਖ ਲੋਕਾਂ ਦਾ ਅੰਕੜਾ ਬਹੁਤ ਸ਼ੱਕੀ ਹੈ। ਇਸ ਦੇ ਜ਼ਰੀਏ ਸਰਕਾਰ ਇਕ ਭਿਆਨਕ ਤਸਵੀਰ ਪੈਦਾ ਕਰਨਾ ਚਾਹੁੰਦੀ ਹੈ ਤਾਂ ਜੋ ਭਾਰਤ ਵਿਚ ਲਾਗੂ ਕੀਤੀ ਗਈ ਦੁਨੀਆ ਦੀ ਸਭ ਤੋਂ ਵੱਡੀ ਅਤੇ ਸਖਤ ਤਾਲਾਬੰਦੀ ਦੀ ਨੀਤੀ 'ਤੇ ਕੋਈ ਸਵਾਲੀਆ ਨਿਸ਼ਾਨ ਨਾ ਲਾਇਆ ਜਾ ਸਕੇ।

# ਵਿਦਿਆਰਥੀਆਂ ਦਾ ਵਜ਼ੀਫਾ ਅਤੇ ਸਰਕਾਰ ਦੀ ਪਹੁੰਚ

**ਐਸ.ਆਰ. ਲੱਧੜ**
ਫੋਨ: +91-94175-00610

ਭਾਰਤ ਦਾ ਸੰਵਿਧਾਨ ਭਾਰਤ ਵਾਸੀਆਂ ਲਈ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਦੀ ਵਿਵਸਥਾ ਕਰਦਾ ਹੈ। ਭਾਰਤ ਦਾ ਸਮਾਜਿਕ ਢਾਂਚਾ ਇਹੋ ਜਿਹਾ ਹੈ ਕਿ ਦੇਸ਼ ਦਾ 80% ਸਰਮਾਇਆ ਇਥੋਂ ਦੇ 15% ਲੋਕਾਂ ਕੋਲ ਸਿਮਟਿਆ ਹੋਇਆ ਹੈ। ਸਮਾਜਿਕ ਬਰਾਬਰੀ ਪੈਦਾ ਕਰਨ ਲਈ ਆਰਥਿਕ ਅਤੇ ਰਾਜਨੀਤਕ ਸ਼ਕਤੀ ਜ਼ਰੂਰ ਹੈ। ਸੰਵਿਧਾਨ ਨੂੰ ਲਾਗੂ ਸਰਕਾਰ ਨੇ ਕਰਨਾ ਹੁੰਦਾ ਹੈ।

ਬਦਕਿਸਮਤੀ ਹੈ ਕਿ ਭਾਰਤ ਦੀ ਦਲਿਤ ਅਤੇ ਪਿਛੜੇ ਵਰਗਾਂ ਦੀ 80% ਵਸੋਂ ਨੂੰ ਤਾਂ ਆਪਣੇ ਖਾਣ ਦੇ ਲਾਲੇ ਪਏ ਰਹਿੰਦੇ ਹਨ। ਇਸ ਹਾਲਤ ਵਿਚ ਉਹ ਆਪਣੀ ਪੜ੍ਹਾਈ ਦੇ ਮਹਿੰਗੇ ਖਰਚੇ ਕਿਵੇਂ ਕਰਨ। ਇਸ ਕਾਰਨ ਉਨ੍ਹਾਂ ਲਈ ਸ਼ਰਤਾਂ ਤਹਿਤ ਪੋਸਟ ਮੈਟ੍ਰਿਕ ਵਜ਼ੀਫੇ ਦੀ ਵਿਵਸਥਾ ਕੀਤੀ ਗਈ ਹੈ ਪਰ ਹੁਣ ਇਸ ਰਾਹਤ ਉਤੇ ਵੀ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਜਾਤੀ ਅਤੇ ਜਮਾਤੀ ਘੋਲ ਵਿਚ ਦਲਿਤ ਅਤੇ ਪਿਛੜੀ ਸ਼੍ਰੇਣੀ ਦੇ ਨੇਤਾ, ਬੁੱਧੀਜੀਵੀ ਅਤੇ ਲੇਖਕ ਕੁਝ ਖਾਸ ਕਰਦੇ ਨਜ਼ਰ ਨਹੀਂ ਆਉਂਦੇ।

ਪੰਜਾਬ ਵਿਚ ਤਿੰਨ ਸ਼੍ਰੇਣੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਿੱਤਾ ਜਾਂਦਾ ਹੈ। ਇਕ ਹੈ ਦਸਵੀਂ ਪਾਸ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ। ਪੰਜਾਬ ਵਿਚ ਪਛੜੀਆਂ ਸ਼੍ਰੇਣੀਆਂ ਦੀ ਵਸੋਂ 2011 ਜਨਗਣਨਾ ਮੁਤਾਬਿਕ 31.3% ਹੈ, ਭਾਵ ਲਗਭਗ ਇਕ ਤਿਹਾਈ। ਇਕ ਤਿਹਾਈ ਹੀ (31.96%) ਅਨੁਸੂਚਿਤ ਜਾਤੀਆਂ ਦੀ ਵਸੋਂ ਹੈ। ਦੂਜਾ ਪਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਜਾਤੀਆਂ ਤੋਂ ਇਲਾਵਾ ਘੱਟ-ਗਿਣਤੀਆਂ ਨਾਲ ਸਬੰਧਤ ਗਰੀਬ ਪਰਿਵਾਰਾਂ ਵਿਦਿਆਰਥੀਆਂ ਨੂੰ ਵੀ ਵਜ਼ੀਫਾ ਦੇਣ ਦਾ ਪ੍ਰਬੰਧ ਹੈ। ਘੱਟ-ਗਿਣਤੀਆਂ ਵਿਚ ਮੁਸਲਿਮ, ਇਸਾਈ, ਸਿੱਖ, ਬੋਧੀ, ਜੈਨ ਅਤੇ ਪਾਰਸੀ ਭਾਈਚਾਰੇ ਆਉਂਦੇ ਹਨ। ਪੋਸਟ ਮੈਟ੍ਰਿਕ ਸਕਾਲਰਸ਼ਿਪ ਘੁਟਾਲੇ ਦੀਆਂ ਜੜ੍ਹਾਂ 1992 ਤੋਂ ਬਾਅਦ ਦੀਆਂ ਉਦਾਰਵਾਦੀ ਨੀਤੀਆਂ ਨਾਲ ਜਾ ਜੁੜਦੀਆਂ ਹਨ। ਉਦਾਰੀਕਰਨ ਵਾਲੀਆਂ ਨੀਤੀਆਂ ਨੇ ਗਰੀਬ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਵੱਡਾ ਨੁਕਸਾਨ ਕੀਤਾ। ਵਿਦਿਅਕ ਅਦਾਰੇ ਪ੍ਰਾਈਵੇਟ ਹੱਥਾਂ ਵਿਚ ਬਿਜ਼ਨਸ ਬਣ ਕੇ ਰਹਿ ਗਏ ਅਤੇ ਸਰਮਾਏਦਾਰਾਂ ਲਈ ਆਮਦਨ ਦਾ ਵੱਡਾ ਸਾਧਨ ਬਣ ਗਏ। ਇੰਝ ਸਰਕਾਰਾਂ ਨੇ ਆਪਣੀ ਸੰਵਿਧਾਨਿਕ ਜ਼ਿੰਮੇਵਾਰੀ ਤੋਂ ਜਾਣ-ਬੁਝ ਕੇ ਪੈਰ ਪਿਛਾਂਹ ਖਿੱਚ ਲਏ।

ਸਿੱਖਿਆ ਅਧਿਕਾਰ (ਰਾਈਟ ਟੂ ਐਜੂਕੇਸ਼ਨ) ਐਕਟ ਨੇ ਵੀ ਕੁਝ ਨਹੀਂ ਸਵਾਰਿਆ, ਉਲਟਾ ਨੁਕਸਾਨ ਕੀਤਾ ਹੈ, ਖਾਸਕਰ ਦਲਿਤ ਵਿਦਿਆਰਥੀਆਂ ਦਾ। ਪੰਜਾਬ ਵਿਚ ਇਸ ਐਕਟ ਦੀ ਹੋਂਦ ਤੋਂ ਬਾਅਦ ਇਕ ਵੀ ਦਾਖਲਾ ਕਿਸੇ ਗਰੀਬ ਵਿਦਿਆਰਥੀ ਦਾ ਹੋਇਆ ਨਜ਼ਰ ਨਹੀਂ ਆਇਆ। ਪ੍ਰਾਈਵੇਟ ਕਾਲਜ, ਯੂਨੀਵਰਸਿਟੀਆਂ ਅਤੇ ਸਰਕਾਰੀ ਕਾਲਜ ਜਾਂ ਯੂਨੀਵਰਸਿਟੀਆਂ ਨੇ ਸਰਕਾਰ ਦੇ ਭਰੋਸੇ ਵਿਦਿਆਰਥੀਆਂ ਨੂੰ ਦਾਖਲੇ ਦੇ ਦਿੱਤੇ ਕਿ ਸਰਕਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਬਣਦੀ ਰਕਮ ਉਨ੍ਹਾਂ ਨੂੰ ਮੁਹੱਈਆ ਕਰ ਦੇਵੇਗੀ। ਪੰਜਾਬ ਸਰਕਾਰ ਨੇ ਵਾਹ-ਵਾਹੀ ਖੱਟਣ ਲਈ ਇਹ ਐਲਾਨ ਵੀ ਕਰਵਾ ਦਿੱਤੇ ਕਿ ਪੰਜਾਬ ਸਰਕਾਰ ਫੀਸ ਦਲਿਤ, ਪਛੜੀਆਂ ਸ਼੍ਰੇਣੀ ਅਤੇ ਘੱਟ-ਗਿਣਤੀਆਂ ਦੇ ਯੋਗ ਵਿਦਿਆਰਥੀਆਂ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਦਾਖਲੇ ਦੀ ਫੀਸ ਅਤੇ ਮਹੀਨਾਵਾਰ ਫੀਸ ਦੀ ਜ਼ਿੰਮੇਵਾਰੀ ਲੈਂਦੀ ਹੈ। ਇੱਥੇ ਦੋ ਤਰ੍ਹਾਂ ਦੇ ਘਪਲੇ ਹੋਏ। ਇਕ ਤਾਂ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਤੋਂ ਆਏ ਫੰਡ ਸਮੇਂ ਸਿਰ ਜਾਰੀ ਨਹੀਂ ਕੀਤੇ, ਹੋਰ ਕੰਮਾਂ ਲਈ ਵਰਤ ਲਏ। 2015-16 ਦੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਪੈਸੇ 26 ਜੂਨ, 2019 ਨੂੰ ਪੰਜਾਬ ਸਰਕਾਰ ਨੇ ਪੰਜ ਸਾਲ ਬਾਅਦ ਜਾਰੀ ਕੀਤੇ। ਹੁਣ ਵੀ ਮੀਡੀਆ ਵਿਚ ਆ ਰਹੀਆਂ ਖਬਰਾਂ ਅਨੁਸਾਰ 2017 ਤੋਂ ਬਾਅਦ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਪੈਸੇ ਨਹੀਂ ਮਿਲੇ। ਭਾਰਤ ਸਰਕਾਰ ਦਾ ਭਲਾਈ ਮੰਤਰਾਲਾ ਅਤੇ ਪੰਜਾਬ ਨਾਲ ਸਬੰਧਤ ਭਾਜਪਾ ਵਜ਼ੀਰ ਇਹ ਬਿਆਨ ਦਾਗੀ ਜਾਂਦੇ ਹਨ ਕਿ ਕੇਂਦਰ ਵਲ ਕੋਈ ਬਕਾਇਆ ਨਹੀਂ ਜਾਂ ਪੰਜਾਬ ਸਰਕਾਰ ਨੇ ਪਹਿਲਾਂ ਭੇਜੇ ਫੰਡਾਂ ਦੇ ਵਰਤੋਂ ਸਰਟੀਫਿਕੇਟ ਨਹੀਂ ਭੇਜੇ। ਪੰਜਾਬ ਸਰਕਾਰ ਦੇ ਬੁਲਾਰੇ ਇਹ ਕਹੀ ਜਾਂਦੇ ਹਨ ਕਿ ਕੇਂਦਰ ਨੇ ਪੈਸੇ ਨਹੀਂ ਭੇਜੇ ਪਰ ਇਸ ਕਾਰਨ ਨੁਕਸਾਨ ਦਲਿਤ ਵਿਦਿਆਰਥੀਆਂ ਦਾ ਹੋ ਰਿਹਾ ਹੈ, ਉਨ੍ਹਾਂ ਨੂੰ ਰੋਸ ਮੁਜ਼ਾਹਰੇ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਪੰਜਾਬ ਵਿਚ ਦਲਿਤਾਂ ਦੀ ਸਭ ਤੋਂ ਵੱਧ ਵਸੋਂ ਹੈ, ਲਗਭਗ 35 ਫੀਸਦੀ। ਪੰਜਾਬ ਦੇ ਦਲਿਤਾਂ ਦੀ ਗਰੀਬੀ ਦਾ ਅੰਦਾਜ਼ਾ ਇੱਥੋਂ ਹੀ ਲਾਇਆ ਜਾ ਸਕਦਾ ਹੈ ਕਿ ਪੰਜਾਬ ਦੀ ਇਸ ਤੀਜਾ ਹਿੱਸਾ ਆਬਾਦੀ ਕੋਲ ਪੰਜਾਬ ਦੀ ਵਾਹੀਯੋਗ ਜ਼ਮੀਨ ਦਾ ਮਹਿਜ਼ 3.2% ਹਿੱਸਾ, ਮਾਲਕੀ ਹੈ। ਜੇ ਮੀਡੀਆ ਰਿਪੋਰਟਾਂ 'ਤੇ ਵਿਸ਼ਵਾਸ ਕਰੀਏ, ਤਾਂ ਦਲਿਤ ਵਿਦਿਆਰਥੀਆਂ ਦੀ ਗਿਣਤੀ 2015-16 ਵਿਚ 3.10 ਲੱਖ ਸੀ ਜੋ 2019-20 ਵਿਚ ਘਟ ਕੇ 1.99 ਲੱਖ ਰਹਿ ਗਈ ਹੈ।

ਤਾਜ਼ਾ ਖਬਰਾਂ ਮੁਤਾਬਿਕ ਯੂਨੀਵਰਸਿਟੀਆਂ ਅਤੇ ਕਾਲਜਾਂ ਨੇ ਪੰਜਾਬ ਵਿਚ ਐਲਾਨ ਕਰ ਦਿੱਤਾ ਹੈ ਕਿ ਪੰਜਾਬ ਸਰਕਾਰ ਜਦੋਂ ਤੱਕ ਵਜ਼ੀਫਿਆਂ ਦੀ ਬਕਾਇਆ ਰਕਮ ਉਨ੍ਹਾਂ ਨੂੰ ਨਹੀਂ ਦਿੰਦੀ, ਉਹ ਦਲਿਤ ਵਿਦਿਆਰਥੀਆਂ ਨੂੰ ਨਵੇਂ ਸਾਲ ਨਾ ਤਾਂ ਦਾਖਲਾ ਦੇਣਗੇ ਅਤੇ ਨਾ ਪਾਸ ਹੋ ਚੁੱਕੇ ਵਿਦਿਆਰਥੀਆਂ ਨੂੰ ਡਿਗਰੀਆਂ ਦੇਣਗੇ। ਵਜ਼ੀਫੇ ਦੇ ਘੁਟਾਲੇ ਨੂੰ ਲੈ ਕੇ ਰਾਜਨੀਤਕ ਰੋਟੀਆਂ ਸੇਕੀਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਨੂੰ ਹੋਂਦ ਵਿਚ ਆਇਆਂ ਸਾਢੇ ਤਿੰਨ ਸਾਲ ਤੋਂ ਵਧੇਰੇ ਸਮਾਂ ਹੋ ਚੁੱਕਾ ਹੈ, ਫਿਰ ਕੀ ਕਾਰਨ ਹੈ ਕਿ ਸਰਕਾਰ ਕਿਸੇ ਇਕ ਵੀ ਕਾਲਜ ਜਾਂ ਯੂਨੀਵਰਸਿਟੀ ਵਿਚ ਵਜ਼ੀਫੇ ਦੀ ਹੋਈ ਜਾਅਲੀ ਅਦਾਇਗੀ ਦਾ ਪਤਾ ਨਹੀਂ ਲਗਾ ਸਕੀ? ਚਰਚਾ ਇਹ ਹੈ ਕਿ ਪ੍ਰਾਈਵੇਟ ਕਾਲਜ ਅਤੇ ਯੂਨੀਵਰਸਿਟੀਆਂ ਇੱਕੋ ਵਿਦਿਆਰਥੀ ਨੂੰ ਵੱਖ ਵੱਖ ਕਾਲਜਾਂ ਜਾਂ ਵਿਦਿਅਕ ਅਦਾਰਿਆਂ ਵਿਚ ਦਿਖਾ ਕੇ ਸਰਕਾਰ ਤੋਂ ਵਜ਼ੀਫੇ ਦੇ ਪੈਸੇ ਲੈ ਚੁੱਕੇ ਹਨ। ਇਹ ਫੰਡ ਦੋ-ਚਾਰ ਵਿਦਿਆਰਥੀਆਂ ਦੇ ਨਹੀਂ ਹਨ, ਕਰੋੜਾਂ ਰੁਪਏ ਮਹਿਕਮੇ ਦੀ ਮਿਲੀ ਭੁਗਤ ਨਾਲ ਹੜੱਪੇ ਜਾ ਚੁੱਕੇ ਹਨ।

> **ਕੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਹਦਾਇਤਾਂ ਕੀਤੀਆਂ ਹਨ ਕਿ ਉਹ ਪਾਸ ਵਿਦਿਆਰਥੀਆਂ ਦੀਆਂ ਡਿਗਰੀਆਂ ਜਾਰੀ ਕਰਨ ਅਤੇ ਕਿਸੇ ਦਲਿਤ ਵਿਦਿਆਰਥੀ ਦਾ ਦਾਖਲਾ ਨਾ ਰੋਕਣ। ਕੀ ਵਿਦਿਅਕ ਅਦਾਰਿਆਂ ਨੂੰ ਉਨ੍ਹਾਂ ਦੀ ਬਣਦੀ ਰਾਸ਼ੀ ਨਹੀਂ ਦਿੱਤੀ ਜਾਣੀ ਚਾਹੀਦੀ?**

ਦਲਿਤ ਵਿਦਿਆਰਥੀਆਂ ਦੀ ਗਿਣਤੀ ਘਟਣ ਦਾ ਅੰਕੜਾ ਵੀ ਇਹੋ ਇਸ਼ਾਰਾ ਕਰਦਾ ਹੈ ਕਿ ਕੁਝ ਵਿਦਿਆਰਥੀ ਸੱਚਮੁਚ ਵੀ ਡਰਾਪ ਹੋਏ ਹੋ ਸਕਦੇ ਹਨ, ਪਰ ਵਧੇਰੇ ਵਿਦਿਅਕ ਅਦਾਰਿਆਂ ਵਲੋਂ ਜਾਅਲੀ ਗਿਣਤੀ ਦਿਖਾ ਕੇ ਸਰਕਾਰ ਤੋਂ ਜਾਅਲੀ ਵਜ਼ੀਫੇ ਬਟੋਰੇ ਗਏ ਸਨ। ਪੜਤਾਲ ਨਾ ਹੋਣ ਦੇ ਕਾਰਨ ਲੱਭਣੇ ਔਖੇ ਨਹੀਂ ਹਨ। ਜਿਵੇਂ ਪਿੱਛੇ ਜਿਹੇ ਪੰਜਾਬ ਸਰਕਾਰ ਦੇ ਸਬੰਧਤ ਮਹਿਕਮੇ ਦੇ ਵਧੀਕ ਚੀਫ ਸੈਕਟਰੀ ਨੇ ਰਿਪੋਰਟ ਭੇਜੀ ਹੈ ਕਿ ਸਬੰਧਤ ਵਜ਼ੀਰ ਨੇ ਡਾਇਰੈਕਟਰ ਅਤੇ ਸੈਕਟਰੀ ਨੂੰ ਬਾਈਪਾਸ ਕਰ ਕੇ ਵਜ਼ੀਫੇ ਸਿੱਧੇ ਹੀ ਇਕ ਡਿਪਟੀ ਡਾਇਰੈਕਟਰ ਪੱਧਰ ਦੇ ਅਧਿਕਾਰੀ ਤੋਂ ਦਿਵਾ ਦਿੱਤੇ। ਜੇ ਮਹਿਕਮੇ ਤੋਂ ਪੜਤਾਲ ਨਹੀਂ ਹੋ ਸਕਦੀ ਤਾਂ ਸਰਕਾਰ ਇਹ ਜ਼ਿੰਮੇਵਾਰੀ ਵਿਜੀਲੈਂਸ ਮਹਿਕਮੇ ਨੂੰ ਜਾਂ ਸੀ.ਬੀ.ਆਈ. ਨੂੰ ਵੀ ਦੇ ਸਕਦੀ ਹੈ। ਇਕ ਲੱਖ ਤੋਂ ਉਪਰ ਦਲਿਤ ਵਿਦਿਆਰਥੀਆਂ ਦਾ ਦਾਖਲਾ ਘਟ ਜਾਣਾ, ਚਾਰ-ਚਾਰ ਜਾਂ ਪੰਜ-ਪੰਜ ਸਾਲ ਵਜ਼ੀਫਾ ਨਾ ਦੇਣਾ, ਡਿਗਰੀਆਂ ਨਾ ਮਿਲਣੀਆਂ, ਨੌਕਰੀਆਂ ਨਾ ਮਿਲਣੀਆਂ (ਜੇ ਡਿਗਰੀ ਹੀ ਨਾ ਮਿਲੀ ਤਾਂ ਨੌਜਵਾਨ ਨੌਕਰੀ ਲਈ ਅਪਲਾਈ ਕਿਵੇਂ ਕਰ ਸਕਦਾ ਹੈ?) ਕੀ ਸਰਕਾਰ ਦੀ ਇਸ ਬਾਰੇ ਕੋਈ ਜਵਾਬਦੇਹੀ ਨਹੀਂ ਹੈ?

ਸਬੰਧਤ ਮਹਿਕਮੇ ਦੇ ਸਕੱਤਰ ਕਿਰਪਾ ਸ਼ੰਕਰ ਸਰੋਜ ਨੇ ਮੁੱਖ ਸਕੱਤਰ ਨੂੰ ਰਿਪੋਰਟ ਭੇਜੀ ਕਿ 55.71 ਕਰੋੜ ਰੁਪਏ ਦਾ ਘਪਲਾ ਹੋਇਆ ਹੈ। ਸਬੰਧਤ ਮੰਤਰੀ ਕਹਿੰਦਾ ਹੈ ਕਿ ਜੋ ਵੀ ਜ਼ਿੰਮੇਵਾਰ ਹੈ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਪੰਜਾਬ ਦੇ ਮੁੱਖ ਮੰਤਰੀ ਨੇ ਬਿਆਨ ਦਿੱਤਾ ਹੈ ਕਿ ਮੁੱਖ ਸਕੱਤਰ ਇਸ ਦੀ ਪੜਤਾਲ ਕਰਨਗੇ। ਇਸ ਸਬੰਧ ਵਿਚ ਹੋ ਰਹੀ ਦੇਰੀ ਚਿੰਤਾਜਨਕ ਹੈ। ਇਸ ਸਬੰਧ ਵਿਚ ਕਈ ਸਵਾਲ ਉਠਦੇ ਹਨ:

ਕੀ ਮੁੱਖ ਮੰਤਰੀ ਨੇ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਇਹ ਹਦਾਇਤਾਂ ਕੀਤੀਆਂ ਹਨ ਕਿ ਉਹ ਪਾਸ ਹੋਏ ਵਿਦਿਆਰਥੀਆਂ ਦੀਆਂ ਡਿਗਰੀਆਂ ਤੁਰੰਤ ਜਾਰੀ ਕਰਨ ਅਤੇ ਕਿਸੇ ਦਲਿਤ ਵਿਦਿਆਰਥੀ ਦਾ ਦਾਖਲਾ ਨਾ ਰੋਕਣ। ਕੀ ਵਿਦਿਅਕ ਅਦਾਰਿਆਂ ਨੂੰ ਉਨ੍ਹਾਂ ਦੀ ਬਣਦੀ ਰਾਸ਼ੀ ਨਹੀਂ ਦਿੱਤੀ ਜਾਣੀ ਚਾਹੀਦੀ? ਜੋ ਜਾਅਲੀ ਵਿਦਿਅਕ ਅਦਾਰੇ ਪਾਏ ਗਏ, ਉਨ੍ਹਾਂ ਖਿਲਾਫ ਕਾਰਵਾਈ ਕਿਉਂ ਨਹੀਂ ਹੋਈ। ਜੋ ਲੱਖ ਤੋਂ ਉਪਰ ਦਲਿਤ ਵਿਦਿਆਰਥੀ ਦਾਖਲਿਆਂ ਵਿਚ ਘਟ ਗਏ ਹਨ, ਉਨ੍ਹਾਂ ਦਾ ਹਿਸਾਬ ਕੌਣ ਦੇਵੇਗਾ? ਇਸ ਸਭ ਕਾਸੇ ਕਾਰਨ ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ ਦੇ ਹੋ ਰਹੇ ਹਰਜੇ ਲਈ ਕੌਣ ਜ਼ਿੰਮੇਵਾਰ ਹੈ? ਜਿਹੜੇ ਵਿਦਿਆਰਥੀਆਂ ਡਿਗਰੀਆਂ ਪਾਸ ਕਰ ਕੇ ਵੀ ਡਿਗਰੀਆਂ ਨਾ ਮਿਲਨ ਕਾਰਨ ਨੌਕਰੀਆਂ ਲਈ ਅਰਜ਼ੀਆਂ ਨਹੀਂ ਦੇ ਸਕਦੇ, ਉਨ੍ਹਾਂ ਦੇ ਨੁਕਸਾਨ ਦਾ ਹੱਲ ਕੱਢਿਆ ਜਾਣਾ ਜ਼ਰੂਰੀ ਹੈ। ਪੰਜਾਬ ਦੀ ਇਕ ਤਿਹਾਈ ਆਬਾਦੀ ਅੱਜ ਭਾਰੀ ਪ੍ਰੇਸ਼ਾਨੀਆਂ ਵਿਚ ਹੈ, ਉਨ੍ਹਾਂ ਦੇ ਮਸਲੇ ਵੀ ਹੱਲ ਕੀਤੇ ਜਾਣੇ ਚਾਹੀਦੇ ਹਨ। ਆਖਰ ਦਲਿਤਾਂ ਦੇ ਨੁਮਾਇੰਦੇ ਕਦੋਂ ਬੋਲਣਗੇ। ਇਸ ਮੌਕੇ ਪੰਜਾਬ ਦੇ ਮਹਾਨ ਕਵੀ ਪਾਸ਼ ਦੀਆਂ ਇਹ ਸਤਰਾਂ ਯਾਦ ਆ ਜਾਂਦੀਆਂ ਹਨ:

ਕਿਰਤ ਦੀ ਲੁੱਟ
ਸਭ ਤੋਂ ਖਤਰਨਾਕ ਨਹੀਂ ਹੁੰਦੀ
ਪੁਲਿਸ ਦੀ ਕੁੱਟ
ਸਭ ਤੋਂ ਖਤਰਨਾਕ ਨਹੀਂ ਹੁੰਦੀ
ਕਪਟ ਦੇ ਸ਼ੋਰ ਵਿਚ
ਸਹੀ ਹੁੰਦਿਆਂ ਵੀ ਦਬ ਜਾਣਾ
ਬੁਰਾ ਤਾਂ ਹੈ, ਸਭ ਤੋਂ ਖਤਰਨਾਕ ਨਹੀਂ ਹੁੰਦਾ।
ਸਭ ਤੋਂ ਖਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਸਭ ਕੁਝ ਸਹਿਣ ਕਰ ਜਾਣਾ।
ਸਭ ਤੋਂ ਖਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ।

ਪੰਜਾਬ ਟਾਈਮਜ਼

*ਸਨਿਚਰਵਾਰ, 10 ਅਕਤੂਬਰ 2020*

## ਜੂਝਦੇ ਲੋਕ ਤੇ ਸੱਤਾਵਾਦੀਆਂ ਦੀ ਪਹੁੰਚ

ਤਿੰਨ ਨਵੇਂ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਦਾ ਸੰਘਰਸ਼ ਹੁਣ ਇਸ ਮੁਕਾਮ 'ਤੇ ਪੁੱਜ ਗਿਆ ਹੈ ਕਿ ਮੋਦੀ ਸਰਕਾਰ ਨੂੰ ਵੀ ਇਸ ਦੀ ਸਾਰ ਲੈਣੀ ਪੈ ਗਈ ਹੈ। ਇਹ ਸੰਘਰਸ਼ ਜਿਸ ਤਰ੍ਹਾਂ ਉਭਰਿਆ, ਉਹ ਆਪਣੇ ਆਪ ਵਿਚ ਵਿਲੱਖਣ ਅਤੇ ਨਿਆਰਾ ਹੈ। ਇਸ ਦੇ ਨਾਲ ਹੀ ਇਹ ਸਾਬਤ ਹੋ ਗਿਆ ਹੈ ਕਿ ਜਦੋਂ ਲੋਕ ਬੇਇਨਸਾਫੀ ਖਿਲਾਫ ਘਰਾਂ ਵਿਚੋਂ ਨਿਕਲ ਤੁਰਦੇ ਹਨ ਤਾਂ ਸੱਤਾਧਾਰੀਆਂ ਨੂੰ ਪਿਛਾਂਹ ਹਟਣਾ ਪੈਂਦਾ ਹੈ। ਇਹ ਸੰਘਰਸ਼ ਉਸ ਦੌਰ ਵਿਚ ਸ਼ੁਰੂ ਹੋਇਆ, ਜਦੋਂ ਲੋਕ ਕਰੋਨਾ ਮਹਾਮਾਰੀ ਕਾਰਨ ਅੰਦਰ ਦੜੇ ਰਹਿਣ ਲਈ ਮਜਬੂਰ ਸਨ ਅਤੇ ਸਰਕਾਰਾਂ, ਭਾਵੇਂ ਇਹ ਕੇਂਦਰ ਦੀ ਮੋਦੀ ਸਰਕਾਰ ਹੋਵੇ ਤੇ ਭਾਵੇਂ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ, ਲੋਕਾਂ ਉਤੇ ਲਗਾਤਾਰ ਸ਼ਿਕੰਜਾ ਕੱਸ ਰਹੀਆਂ ਸਨ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਤਾਂ ਰਾਜ ਵਿਚ ਧਰਨੇ ਮਾਰਨ ਵਾਲੇ ਕਿਸਾਨਾਂ ਅਤੇ ਆਪੋ-ਆਪਣੇ ਹੱਕਾਂ ਲਈ ਜੂਝ ਰਹੇ ਹੋਰ ਲੋਕਾਂ ਖਿਲਾਫ ਕੇਸ ਦਰਜ ਕਰਨੇ ਅਰੰਭ ਕਰ ਦਿੱਤੇ ਸਨ, ਪਰ ਜਦੋਂ ਕਿਸਾਨਾਂ ਦਾ ਸੰਘਰਸ਼ ਕਦਮ-ਦਰ-ਕਦਮ ਅਗਾਂਹ ਵਧਣ ਲੱਗਾ ਤਾਂ ਅਮਰਿੰਦਰ ਸਿੰਘ ਸਰਕਾਰ ਨੂੰ ਕਿਸਾਨਾਂ ਖਿਲਾਫ ਦਰਜ ਕੀਤੇ ਕੇਸ ਰੱਦ ਕਰਨੇ ਪਏ। ਇਹ ਅਸਲ ਵਿਚ ਕਿਸਾਨਾਂ ਦੀ ਪਿੰਡ-ਪਿੰਡ ਲਾਮਬੰਦੀ ਕਾਰਨ ਹੀ ਸੰਭਵ ਹੋਇਆ। ਜੱਗ ਜਾਣਦਾ ਹੈ ਕਿ ਵੱਖ-ਵੱਖ ਕਿਸਾਨ ਜਥੇਬੰਦੀਆਂ ਦੀ ਪਿੰਡਾਂ ਵਿਚ ਚੰਗੀ ਰਸਾਈ, ਰਸੂਖ ਅਤੇ ਨਿੱਗਰ ਤਾਣਾ-ਬਾਣਾ ਹੈ। ਪਿੰਡਾਂ ਅੰਦਰ ਇਸ ਤਾਣੇ-ਬਾਣੇ ਕਾਰਨ ਹੀ ਸੰਘਰਸ਼ ਸਦਾ ਚੜ੍ਹਦੀ ਕਲਾ ਵਿਚ ਰਿਹਾ ਹੈ।

ਇਸ ਚੜ੍ਹਦੀ ਕਲਾ ਦੀ ਬਦੌਲਤ ਹੀ ਕਿਸਾਨਾਂ ਦੇ ਇਸ ਸੰਘਰਸ਼ ਨੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਕੇਂਦਰੀ ਮੰਤਰੀ ਮੰਡਲ ਵਿਚ ਵਜ਼ੀਰ ਹਰਸਿਮਰਤ ਕੌਰ ਬਾਦਲ ਨੂੰ ਕੁਰਸੀ ਛੱਡਣ ਲਈ ਮਜਬੂਰ ਕੀਤਾ ਅਤੇ ਫਿਰ ਅਕਾਲੀ ਦਲ ਨੂੰ ਸਾਂਝੇ ਗਠਜੋੜ ਐਨ. ਡੀ. ਏ. ਵਿਚੋਂ ਵੀ ਬਾਹਰ ਆਉਣਾ ਪਿਆ। ਇਹੀ ਨਹੀਂ, ਅਕਾਲੀ ਦਲ ਦੇ ਜਿਹੜੇ ਆਗੂ ਪਹਿਲਾਂ ਇਨ੍ਹਾਂ ਖੇਤੀ ਕਾਨੂੰਨਾਂ ਦੀ ਹਮਾਇਤ ਕਰਦੇ ਸਨ ਅਤੇ ਇਨ੍ਹਾਂ ਨੂੰ ਕਿਸਾਨਾਂ ਦੇ ਹੱਕ ਵਿਚ ਗਰਦਾਨ ਰਹੇ ਸਨ, ਇਨ੍ਹਾਂ ਕਾਨੂੰਨਾਂ ਦੇ ਖਿਲਾਫ ਬਿਆਨ ਦੇਣ ਲੱਗ ਪਏ। ਹੋਰ ਤਾਂ ਹੋਰ, ਅਕਾਲੀ ਦਲ ਨੂੰ ਤਿੰਨ ਤਖਤ ਸਾਹਿਬਾਨ ਤੋਂ ਚੰਡੀਗੜ੍ਹ ਤਕ ਮਾਰਚ ਵੀ ਕਰਨਾ ਪੈ ਗਿਆ। ਇਸੇ ਤਰ੍ਹਾਂ ਪੰਜਾਬ ਵਿਚ ਸੱਤਾਧਾਰੀ ਕਾਂਗਰਸ ਨੂੰ ਕਿਸਾਨਾਂ ਦੇ ਸੰਘਰਸ਼ ਪ੍ਰਤੀ ਰੁਖ ਹੀ ਨਹੀਂ ਬਦਲਣਾ ਪਿਆ, ਸਗੋਂ ਇਸ ਦੇ ਕੌਮੀ ਆਗੂ ਰਾਹੁਲ ਗਾਂਧੀ ਨੂੰ ਪੰਜਾਬ ਆਉਣਾ ਪਿਆ। ਆਮ ਆਦਮੀ ਪਾਰਟੀ ਨੂੰ ਵੀ ਆਪਣੇ ਪੱਧਰ 'ਤੇ ਸਰਗਰਮੀ ਲਈ ਮਜਬੂਰ ਹੋਣਾ ਪਿਆ। ਇਸ ਨੂੰ ਕਿਸਾਨ ਸੰਘਰਸ਼ ਦੀ ਜਿੱਤ ਹੀ ਮੰਨਣਾ ਚਾਹੀਦਾ ਹੈ ਕਿ ਇਨ੍ਹਾਂ ਸੱਤਾਵਾਦੀ ਧਿਰਾਂ ਤੋਂ ਇਲਾਵਾ ਉਨ੍ਹਾਂ ਗਰਮ-ਖਿਆਲ ਹਲਕਿਆਂ ਨੂੰ ਵੀ ਹਮਾਇਤ ਵਿਚ ਨਿੱਤਰਨਾ ਪਿਆ, ਜਿਨ੍ਹਾਂ ਦਾ ਅਜਿਹੀ ਲਾਮਬੰਦੀ ਅਤੇ ਘੋਲਾਂ ਵਿਚ ਕਦੀ ਯਕੀਨ ਨਹੀਂ ਰਿਹਾ। ਜਾਹਰ ਹੈ ਕਿ ਪੰਜਾਬ ਦੀ ਹਰ ਧਿਰ ਕਿਸਾਨਾਂ ਦੇ ਇਸ ਸੰਘਰਸ਼ ਨੂੰ ਆਪਣੀ ਸਿਆਸਤ ਦੇ ਹਿਸਾਬ ਨਾਲ ਚਲਾਉਣ ਜਾਂ ਮੋੜਾ ਦੇਣ ਦਾ ਭਰਪੂਰ ਯਤਨ ਕਰ ਰਹੀ ਹੈ। ਜੇ ਸਿਆਸੀ ਪਾਰਟੀਆਂ ਨੂੰ ਇਸ ਸੰਘਰਸ਼ ਵਿਚੋਂ 2022 ਵਾਲੀਆਂ ਵਿਧਾਨ ਸਭਾ ਚੋਣਾਂ ਵਾਲੀ ਸਿਆਸਤ ਦਿਸਦੀ ਹੈ ਤਾਂ ਗਰਮ-ਖਿਆਲ ਧਿਰਾਂ ਨੂੰ ਜਾਪਦਾ ਹੈ ਕਿ ਇਹ ਆਪਣਾ ਆਧਾਰ ਵਧਾ ਸਕਦੀਆਂ ਹਨ। ਇਸੇ ਕਰ ਕੇ ਹੀ ਇਨ੍ਹਾਂ ਗਰਮ-ਖਿਆਲ ਧਿਰਾਂ ਨਾਲ ਜੁੜੇ ਲੋਕਾਂ ਨੇ ਕਿਸਾਨਾਂ ਵਾਲੇ ਮੁੱਖ ਸੰਘਰਸ਼ ਤੋਂ ਵੱਖ ਹੋ ਕੇ ਆਪਣੀ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਕਿਸਾਨ ਸੰਘਰਸ਼ ਦਾ ਫਾਇਦਾ ਕਿਸ ਧਿਰ ਨੂੰ ਕਿੰਨਾ ਹੁੰਦਾ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰ ਇਕ ਗੱਲ ਐਨ ਸਪਸ਼ਟ ਹੋ ਗਈ ਹੈ ਕਿ ਇਸ ਮਾਮਲੇ ਵਿਚ ਕੋਈ ਵੀ ਧਿਰ ਪਿਛਾਂਹ ਨਹੀਂ ਰਹਿਣਾ ਚਾਹੁੰਦੀ।

ਇਹ ਤੱਥ ਗੌਲਣ ਵਾਲੇ ਹਨ ਕਿ ਸਮੁੱਚੇ ਤੌਰ 'ਤੇ ਪੰਜਾਬ ਇਸ ਵਕਤ ਜਿਸ ਸੰਕਟ ਵਿਚੋਂ ਲੰਘ ਰਿਹਾ ਹੈ, ਉਸ ਵਿਚੋਂ ਨਿਕਲਣ ਲਈ ਵੱਖ-ਵੱਖ ਤਬਕੇ (ਵਰਗ) ਅਤੇ ਧਿਰਾਂ ਆਪੋ-ਆਪਣੇ ਵਿਤ ਮੁਤਾਬਕ ਸੰਘਰਸ਼ ਲੜ ਰਹੇ ਹਨ, ਪਰ ਉਪਰੋਕਤ ਇਕ ਵੀ ਧਿਰ ਨੇ ਇਨ੍ਹਾਂ ਜੂਝਦੇ ਲੋਕਾਂ ਦੀ ਕਦੀ ਹਮਾਇਤ ਨਹੀਂ ਕੀਤੀ। ਇਹ ਭਾਵੇਂ ਨਸ਼ਿਆਂ ਖਿਲਾਫ ਲੜਾਈ ਦਾ ਮੁੱਦਾ ਹੋਵੇ, ਕਿਸਾਨਾਂ-ਮਜ਼ਦੂਰਾਂ ਦੀ ਖੁਦਕੁਸ਼ੀਆਂ ਦਾ ਮਸਲਾ ਹੋਵੇ, ਔਰਤਾਂ ਨਾਲ ਜ਼ਿਆਦਤੀਆਂ ਦੀ ਗੱਲ ਹੋਵੇ, ਭਾਵੇਂ ਵਿਦਿਆਰਥੀਆਂ ਨੂੰ ਆ ਰਹੀਆਂ ਔਕੜਾਂ ਦਾ ਮਾਮਲਾ ਹੋਵੇ-ਕਹਿਣ ਦਾ ਭਾਵ ਕਿਸੇ ਵੀ ਮਸਲੇ 'ਤੇ ਇਨ੍ਹਾਂ ਧਿਰਾਂ ਦੀ ਕਦੀ ਅੱਖ ਨਹੀਂ ਖੁੱਲ੍ਹੀ। ਜੇ ਕਿਤੇ ਇਨ੍ਹਾਂ ਧਿਰਾਂ ਨੇ ਇਨ੍ਹਾਂ ਸਾਰੇ ਮਸਲਿਆਂ 'ਤੇ ਜੂਝ ਰਹੇ ਲੋਕਾਂ ਦੀ ਹਮਾਇਤ ਕੀਤੀ ਹੁੰਦੀ ਤਾਂ ਕਿਸੇ ਮੋਦੀ ਨੂੰ ਅਜਿਹੇ ਕਾਨੂੰਨ ਲੋਕਾਂ ਉਤੇ ਥੋਪਣ ਦੀ ਹਿੰਮਤ ਨਹੀਂ ਸੀ ਪੈਣੀ। ਹੁਣ ਲਗਾਤਾਰ ਚਰਚਾ ਚੱਲ ਰਹੀ ਹੈ ਕਿ ਇਹ ਕਾਨੂੰਨ ਪੰਜਾਬ ਵਿਧਾਨ ਸਭਾ ਵਿਚ ਰੱਦ ਕਰ ਦਿੱਤੇ ਜਾਣੇ ਹਨ, ਪਰ ਸਵਾਲ ਇਹ ਹੈ ਕਿ ਪਹਿਲਾਂ ਵੀ ਤਾਂ ਪੰਜਾਬ ਦੇ ਪਾਣੀਆਂ ਬਾਰੇ ਸਮਝੌਤੇ ਵਿਧਾਨ ਸਭਾ ਵਿਚ ਰੱਦ ਕੀਤੇ ਗਏ ਸਨ। ਉਦੋਂ ਵੀ ਰਾਜ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੀ ਸਨ ਅਤੇ ਬਾਅਦ ਵਿਚ ਸੁਪਰੀਮ ਕੋਰਟ ਵਿਚ ਮਸਲਾ ਫਿਰ ਜਿਉਂ ਦਾ ਤਿਉਂ ਹੋ ਗਿਆ ਸੀ।

ਅਸਲ ਵਿਚ ਮੁਲਕ ਦੀ ਸਾਰੀ ਸਿਆਸਤ ਹੁਣ ਚੋਣਾਂ ਦੁਆਲੇ ਹੀ ਘੁੰਮਦੀ ਹੈ। ਇਸੇ ਕਰ ਕੇ ਹਰ ਸਿਆਸੀ ਧਿਰ ਦੀ ਕੋਈ ਵੀ ਕਾਰਵਾਈ ਇਨ੍ਹਾਂ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਹੀ ਕੀਤੀ ਜਾਂਦੀ ਹੈ। ਹੁਣ ਕਾਂਗਰਸ ਆਸ ਲਾਈ ਬੈਠੀ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ, ਜੋ 2022 ਵਿਚ ਹੋਣੀਆਂ ਹਨ, ਵਿਚ ਇਸ ਦੀ ਜਿੱਤ ਹੋ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਲਗਦਾ ਹੈ ਕਿ ਇਹ ਆਪਣਾ ਗੁਆਚਿਆ ਵੱਕਾਰ ਹਾਸਲ ਕਰ ਸਕਦਾ ਹੈ। ਆਮ ਆਦਮੀ ਪਾਰਟੀ ਦੀ ਸਿਆਸਤ ਵੀ ਇਨ੍ਹਾਂ ਲੀਹਾਂ ਉਤੇ ਹੀ ਚਲ ਰਹੀ ਹੈ। ਇਉਂ ਲੋਕਾਂ ਦੇ ਮਸਲੇ ਇਕ ਵਾਰ ਉਠਦੇ ਜ਼ਰੂਰ ਹਨ, ਪਰ ਕੁਝ ਸਮੇਂ ਬਾਅਦ ਹਾਲਤ ਪਹਿਲਾਂ ਵਾਲੀ ਹੀ ਹੋ ਜਾਂਦੀ ਹੈ। ਇਸੇ ਲਈ ਹੁਣ ਸੰਜੀਦਾ ਧਿਰਾਂ ਨੂੰ ਇਸ ਬਾਰੇ ਖੁੱਲ੍ਹ ਕੇ ਵਿਚਾਰ ਕਰਨੀ ਚਾਹੀਦੀ ਹੈ ਕਿ ਪੰਜਾਬ ਦੀ ਸਿਆਸਤ ਨੂੰ ਚੋਣਾਂ ਦੀ ਸਿਆਸਤ ਤੋਂ ਉਤਾਂਹ ਕਿਵੇਂ ਲਿਜਾਇਆ ਜਾਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਚੋ ਭੁੱਖਿਆਂ-ਸੁੱਖਿਆਂ ਤੋਂ!*

ਘੋਰ ਚਿੰਤਾ ਵਿਚ ਕੇਂਦਰ ਨੇ ਹੋਰ ਪਾਇਆ, ਖੇਤੀਬਾੜੀ ਵਿਚ ਘਾਟੇ ਤੋਂ ਦੁੱਖਿਆਂ ਨੂੰ।
ਸਿਰੜ ਪਰਖਣਾ ਮਿਹਨਤੀ ਕਿਰਤੀਆਂ ਦਾ, ਮੁਢਲੀ ਆਦਤ ਹੈ ਹਾਕਮਾਂ ਰੁੱਖਿਆਂ ਨੂੰ।
ਝੰਡੇ ਲੈ ਲੈ ਕੇ 'ਆਪਣੇ' ਆਉਣਗੇ ਜੋ, ਮੂੰਹ ਲਾਇਓ ਨਾ ਵੋਟਾਂ ਦੇ ਭੁੱਖਿਆਂ ਨੂੰ।
ਵਗਦੀ ਗੰਗਾ 'ਚ ਧੋਣ ਲਈ ਹੱਥ ਦੇਖੋ, ਹੇਜ ਪੰਥ ਦਾ ਜਾਗਿਆ 'ਸੁੱਖਿਆਂ' ਨੂੰ।
ਕਰਿਓ ਜਰਾ ਇਤਬਾਰ ਨਾ ਪੱਟੀਆਂ ਦਾ, ਪੜ੍ਹੀਆਂ ਚਾਣਕਿਆ ਨੀਤੀ ਦੇ ਪਾਠ ਦੀਆਂ।
ਤਪਦੇ ਦੇਖ ਕੇ ਚੁੱਲ੍ਹੇ ਸੰਘਰਸ਼ ਵਾਲੇ, ਚੱਕੀ ਆਏ ਕਈ ਹਾਂਡੀਆਂ ਕਾਠ ਦੀਆਂ!

# ਮਹਾਮਾਰੀ ਦੇ ਬਹਾਨੇ ਚੱਕਰਵਿਊ

***ਕਰੋਨਾ ਮਹਾਵਾਰੀ ਨੇ ਸੰਸਾਰ ਦੇ ਤਕਰੀਬਨ ਸਾਰੇ ਮੁਲਕਾਂ ਅੰਦਰ ਵੱਡੀਆਂ ਤਬਦੀਲੀਆਂ ਲਿਆਂਦੀਆਂ ਹਨ, ਪਰ ਇਹ ਤਬਦੀਲੀਆਂ ਲੋਕਾਂ ਦੇ ਪੱਖ ਤੋਂ ਨਹੀਂ ਸਗੋਂ ਸਰਕਾਰਾਂ ਦੇ ਪੱਖ ਤੋਂ ਹੋਈਆਂ ਹਨ। ਸਿੱਟੇ ਵਜੋਂ ਲੋਕਾਂ ਉਤੇ ਸਰਕਾਰੀ ਸ਼ਿਕੰਜਾ ਹੋਰ ਕੱਸਿਆ ਗਿਆ ਹੈ। ਸਾਡੇ ਕਾਲਮਨਵੀਸ ਡਾ. ਕੁਲਦੀਪ ਕੌਰ ਨੇ ਇਸ ਸਮੁੱਚੇ ਹਾਲਾਤ ਬਾਰੇ ਚਰਚਾ ਆਪਣੇ ਇਸ ਲੇਖ ਅੰਦਰ ਕੀਤੀ ਹੈ। -ਸੰਪਾਦਕ***

ਮਹਾਮਾਰੀ ਦਾ ਇਹ ਦੁਬਿਧਾ ਭਰਿਆ ਦੌਰ ਸਿਹਤ ਪ੍ਰਬੰਧ ਵਾਂਗ ਸਾਰੇ ਮੁਲਕਾਂ ਦੀਆਂ ਖੁਫੀਆ ਸੇਵਾਵਾਂ ਲਈ ਵੀ ਉਲਝਿਆ ਅਤੇ ਰੁੱਝਿਆ ਹੋਇਆ ਦੌਰ ਹੈ। ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੀ ਰਹੱਸ ਭਰਪੂਰ ਗੁੰਮਸ਼ੁਦਗੀ ਤੋਂ ਲੈ ਕੇ ਅਮਰੀਕਾ 'ਚ ਰਾਸ਼ਟਰਪਤੀ ਦੇ ਅਹੁਦੇ ਲਈ ਸੰਭਾਵੀ ਉਮੀਦਵਾਰਾਂ ਦੀਆਂ ਅਨੋਖੀਆਂ ਤੇ ਨਾ-ਵਿਸ਼ਵਾਸਯੋਗ ਕਹਾਣੀਆਂ ਤੱਕ ਸਰਕਾਰੀ ਜਾਸੂਸਾਂ, ਸਿਆਸੀ ਚੁਗਲਖੋਰਾਂ ਅਤੇ ਸਮਾਜਿਕ ਮਸਖਰਿਆਂ ਦੀ ਪੂਰੀ ਨਸਲ ਆਪਣੇ ਨੰਗੇ-ਚਿੱਟੇ ਰੂਪ ਵਿਚ ਮਾਨਵਤਾ ਦੇ ਪਿੰਡੇ ਉਤੇ ਖਾਜ ਵਾਂਗ ਉਗ ਆਈ ਹੈ। 1930 ਦੇ ਦਹਾਕੇ ਵਿਚ ਜਦੋਂ ਦੁਨੀਆ



ਡਾ. ਕੁਲਦੀਪ ਕੌਰ
ਫੋਨ: +91-98554-04330

ਭਰ ਵਿਚ ਆਰਥਕ ਮੰਦਵਾੜੇ ਨੇ ਆਪਣੇ ਪੈਰ ਪਸਾਰੇ ਤਾਂ ਸਾਰੇ ਮੁਲਕਾਂ ਦੇ ਬੁਨਿਆਦੀ ਢਾਂਚਿਆਂ ਅਤੇ ਪ੍ਰਬੰਧਾਂ ਵਿਚ ਵੱਡੇ ਪੱਧਰ 'ਤੇ ਤਬਦੀਲੀਆਂ ਆਈਆਂ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਤਬਦੀਲੀਆਂ ਜਮਹੂਰੀਅਤ ਨੂੰ ਪ੍ਰਨਾਈ ਸਿਆਸੀ ਸਮਝ ਦੀ ਥਾਂ ਤਾਨਾਸ਼ਾਹੀ ਅਤੇ ਫੌਜੀ ਹੁਕਮਾਂ 'ਤੇ ਆਧਾਰਤ ਸਨ। ਇਨ੍ਹਾਂ ਦਾ ਸਭ ਤੋਂ ਪ੍ਰਤੱਖ ਰੂਪ ਜਰਮਨੀ ਅਤੇ ਇਟਲੀ ਵਿਚ ਨਜ਼ਰੀ ਪਿਆ ਜਿੱਥੇ ਨਸਲਪ੍ਰਸਤੀ ਅਤੇ ਪਹਿਲੇ ਸੰਸਾਰ ਯੁੱਧ ਤੋਂ ਬਾਅਦ 'ਰਾਸ਼ਟਰ ਦੀ ਪੁਨਰ-ਸਿਰਜਣਾ' ਦੇ ਨਾਮ ਉਪਰ ਅਜਿਹਾ ਸਿਆਸੀ ਤੇ ਪ੍ਰਬੰਧਕੀ ਢਾਂਚਾ ਖੜ੍ਹਾ ਕੀਤਾ ਗਿਆ ਜਿਸ ਦੀ ਸਹਾਇਤਾ ਨਾਲ ਲੱਖਾਂ ਯਹੂਦੀਆਂ ਦਾ ਸ਼ਰੇਆਮ ਕਤਲੇਆਮ ਕਰ ਦਿੱਤਾ ਗਿਆ। ਅਜਿਹੇ ਕਤਲੇਆਮਾਂ ਬਾਰੇ ਲੋਕਾਈ ਦੀ ਇਤਿਹਾਸਕ ਸਮਝ ਬਹੁਤ ਵਾਰ ਮਰਨ ਵਾਲਿਆਂ ਦੀ ਗਿਣਤੀ ਅਤੇ ਸਬੰਧਿਤ ਪ੍ਰਕਿਰਿਆ ਤੇ ਫੋਕਸ ਹੋ ਜਾਂਦੀ ਹੈ; ਉਨ੍ਹਾਂ ਨਿਰੰਕੁਸ਼ ਕਾਨੂੰਨਾਂ ਤੇ ਨੀਤੀਆਂ 'ਤੇ ਪਰਦਾ ਪਿਆ ਰਹਿੰਦਾ ਹੈ ਜਿਸ ਕਾਰਨ ਕਤਲੇਆਮ ਤੋਂ 'ਬਚੇ' ਬਾਸ਼ਿੰਦਿਆਂ ਦੀ ਜ਼ਿੰਦਗੀ ਨਰਕ ਤੋਂ ਵੀ ਬਦਤਰ ਬਣਾ ਦਿੱਤੀ ਜਾਂਦੀ ਹੈ।

ਫਾਸ਼ੀਵਾਦੀਆਂ ਨੇ ਜਰਮਨੀ ਤੇ ਇਟਲੀ ਦੇ ਕਿਰਤ-ਕਾਨੂੰਨਾਂ, ਮਨੁੱਖੀ ਅਧਿਕਾਰਾਂ ਨਾਲ ਸਬੰਧਿਤ ਕਾਨੂੰਨੀ ਮਦਾਂ, ਸਿਆਸੀ-ਆਰਥਕ ਗਤੀਵਿਧੀਆਂ ਦੇ ਕੰਟਰੋਲ, ਸਭਿਆਚਾਰਕ ਤੇ ਸੋਚਣ-ਸਮਝਣ-ਬੋਲਣ ਦੀ ਆਜ਼ਾਦੀ ਉਪਰ ਆਰਥਕ ਮੰਦਵਾੜੇ ਦਾ ਹਊਆ ਦਿਖਾ ਕੇ ਜਿਹੜੀਆਂ ਪਾਬੰਦੀਆਂ ਅਤੇ ਰੋਕਾਂ ਲਗਾਈਆਂ, ਉਨ੍ਹਾਂ ਨੂੰ ਹਾਲਾਤ ਸਹੀ ਹੋਣ ਦੇ ਦੌਰ ਵਿਚ ਵੀ ਜਿਉਂ ਦਾ ਤਿਉਂ ਜਾਰੀ ਰੱਖਿਆ ਗਿਆ। ਇੱਥੋਂ ਤੱਕ ਕਿ ਅਮਰੀਕਾ ਜਿਹੜਾ ਹਮੇਸ਼ਾ ਜਮਹੂਰੀਅਤ ਦਾ ਦਾਅਵਾ ਕਰਦਾ ਰਿਹਾ ਹੈ, ਉਥੇ ਵਸਤੂਆਂ ਦੀਆਂ ਕੀਮਤਾਂ ਤੇ ਸਰਕਾਰੀ ਕੰਟਰੋਲ ਅਤੇ ਨਵੀਂ ਉਦਯੋਗਿਕ ਨੀਤੀ ਦੀ ਘਾੜਤ ਰਾਹੀਂ ਅਜਿਹਾ ਪ੍ਰਬੰਧ ਸਿਰਜਿਆ ਗਿਆ ਜਿਸ ਨਾਲ ਘੱਟ ਆਮਦਨ ਵਾਲੇ ਵਰਗਾਂ ਅਤੇ ਸੱਤਾ ਤੱਕ ਘੱਟ ਰਸਾਈ ਵਾਲੇ ਵਰਗਾਂ ਲਈ ਜਿਊਣਾ ਸਿਰਫ ਸਰੀਰ ਦੀ ਹੋਂਦ ਬਚਾਉਣ ਤੱਕ ਮਹਿਦੂਦ ਹੋ ਗਿਆ। ਖਾਧ ਪਦਾਰਥਾਂ 'ਤੇ ਸਰਕਾਰੀ ਕੰਟਰੋਲ ਤੋਂ ਲੈ ਕੇ ਸੰਭਾਵੀ ਜੰਗ ਦੇ ਡਰਾਂ ਦੇ ਆਧਾਰ ਤੇ ਹਥਿਆਰਾਂ ਦੇ ਜ਼ਖੀਰੇ ਜਮ੍ਹਾਂ ਕਰਨ ਦਾ ਗੈਰ-ਮਾਨਵੀ ਕਾਰੋਬਾਰ ਸਰਕਾਰਾਂ ਦੀ ਕੂਟਨੀਤੀ ਦਾ ਮੁੱਖ ਨੁਕਤਾ ਬਣ ਗਿਆ।

ਇਤਿਹਾਸਕ ਤੱਥ ਇਹ ਤਸਦੀਕ ਕਰਦੇ ਹਨ ਕਿ ਅਜਿਹੇ ਸਮਾਜਾਂ ਵਿਚ ਜਿੱਥੇ ਪਹਿਲਾ ਹੀ ਆਰਥਕ, ਸਮਾਜਿਕ ਅਤੇ ਸਭਿਆਚਾਰਕ ਵਖਰੇਵੇਂ ਤੇ ਪਾੜੇ ਮੌਜੂਦ ਹੁੰਦੇ ਹਨ, ਉਥੇ ਸਿਆਸੀ ਨੀਤੀਆਂ ਅਤੇ ਉਨ੍ਹਾਂ ਦੇ ਪ੍ਰਬੰਧਨ ਵਿਚ ਜਮਾਤੀ ਹਿੱਤਾਂ ਦਾ ਟਕਰਾਉ ਸੁਭਾਵਿਕ ਰੁਝਾਨ ਹੈ। ਇਸ ਟਕਰਾਉ ਦਾ ਪ੍ਰਗਟਾਵਾਂ ਉਦੋਂ ਵੱਧ ਤਿੱਖਾ ਹੋ ਜਾਂਦਾ ਹੈ ਜਦੋਂ ਕਿਸੇ ਮੁਲਕ ਵਿਚ ਜੰਗ, ਮਹਾਮਾਰੀ, ਕੁਦਰਤੀ ਆਫਤਾਂ ਅਤੇ ਸਿਆਸੀ ਤੇ ਸਮਾਜਿਕ ਖਾਨਾਜੰਗੀ ਹੋ ਰਹੀ ਹੋਵੇ। ਇਨ੍ਹਾਂ ਸਾਰੀਆਂ ਤਰਾਸਦੀਆਂ ਮੌਕੇ ਜਿੱਥੇ ਜ਼ਿੰਮੇਵਾਰ ਸਰਕਾਰਾਂ ਆਪਣੇ ਫਰਜ਼ ਪਛਾਣ ਕੇ ਨਾਗਰਿਕਾਂ ਦੀ ਬਾਂਹ ਫੜਦੀਆਂ ਹਨ, ਸਿਆਸੀ ਗਰੁੱਪਾਂ ਦੀ ਸਿਆਸੀ ਸਮਝ ਵਿਚ ਕਾਣ ਵਾਲੇ ਮੁਲਕਾਂ ਵਿਚ ਨਾਗਰਿਕਾਂ ਨੂੰ ਹੀ ਦੋਸ਼ੀ ਮੰਨਦਿਆਂ ਉਨ੍ਹਾਂ ਨੂੰ ਹੀ ਨਤੀਜੇ ਭੁਗਤਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ। ਸਟੇਟ ਕਾਨੂੰਨੀ ਤੇ ਸੰਵਿਧਾਨਕ ਪੇਸ਼ਬੰਦੀਆਂ ਨੂੰ ਆਪਣੀਆਂ ਸਿਆਸੀ ਕਿੜ੍ਹਾਂ ਕੱਢਣ ਅਤੇ ਜਮਹੂਰੀ ਅਮਲਾਂ ਵਾਲੇ ਗਰੁੱਪਾਂ-ਵਿਅਕਤੀਆਂ ਨੂੰ ਸਬਕ ਸਿਖਾਉਣ ਲਈ ਵਰਤਦਾ ਹੈ। ਅਦਾਲਤਾਂ ਅੰਨ੍ਹੀਆਂ ਤੇ ਗੂੰਗੀਆਂ-ਬੋਲ਼ੀਆਂ ਹੋ ਜਾਂਦੀਆਂ ਹਨ। ਵਿਰੋਧ ਦੀ ਹਰ ਆਵਾਜ਼ ਲਾਠੀ ਦੇ ਜ਼ੋਰ ਦਬਾ ਦਿੱਤੀ ਜਾਂਦੀ ਹੈ। ਅਫਵਾਹਾਂ, ਤੱਥਾਂ ਦੀ ਗਲਤ ਜਾਣਕਾਰੀ ਦੇਣ ਦੇ ਵਰਤਾਰੇ, ਸਿਆਸੀ ਚੁਗਲੀਆਂ ਤੇ ਮੱਠਾਂ ਦੀ ਸਿਆਸਤ ਵਿਚ ਘਿਰੇ ਦਰਬਾਰੀ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ, ਖਿਡਾਰੀਆਂ ਤੇ ਪੱਤਰਕਾਰਾਂ ਦੀ ਸਹਾਇਤਾ ਨਾਲ ਸਟੇਟ ਅਜਿਹੇ ਕਲਪਿਤ 'ਦੁਸ਼ਮਣ' ਦੀ ਛਵੀ ਘੜ ਲੈਂਦਾ ਹੈ ਜਿਸ ਲਈ ਆਮ ਨਾਗਰਿਕਾਂ ਨੂੰ ਉਨ੍ਹਾਂ ਦੇ ਮੁੱਢਲੇ ਅਧਿਕਾਰਾਂ ਇੱਥੋਂ ਤੱਕ ਕਿ ਮਨੁੱਖੀ ਅਧਿਕਾਰਾਂ ਤੋਂ ਵੀ ਵਾਂਝਿਆਂ ਕਰਨ ਦਾ ਅਮਲ 'ਵਤਨਪ੍ਰਸਤੀ' ਦੀ ਆੜ ਵਿਚ ਸ਼ੁਰੂ ਹੋ ਜਾਂਦਾ ਹੈ। ਮੁਲਕ ਦਾ ਹਰ ਸਰਕਾਰੀ ਬਾਸ਼ਿੰਦਾ ਹਾਸੋਹੀਣੇ 'ਸੈਨਿਕ' ਵਿਚ ਤਬਦੀਲ ਹੋ ਜਾਂਦਾ ਹੈ ਜਿਹੜਾ ਨਿਮਾਣਿਆਂ, ਨਿਤਾਣਿਆਂ ਅਤੇ ਪਹਿਲਾਂ ਹੀ ਜ਼ਿੰਦਗੀ ਦੀਆਂ ਮੁਸੀਬਤਾਂ ਨਾਲ ਜੂਝ ਰਹੇ ਨਾਗਰਿਕਾਂ ਤੇ ਨਿਸ਼ਾਨਾ ਸਾਧ ਲੈਂਦਾ ਹੈ।

ਇਸ ਟਿੱਪਣੀ ਦਾ ਦਿਲਚਸਪ ਪਹਿਲੂ ਇਹ ਹੈ ਕਿ ਇਸ ਵਿਚ ਸਰਕਾਰੀ ਬਾਸ਼ਿੰਦਿਆਂ ਅਤੇ ਸਟੇਟ ਦਾ ਕੁਝ ਵੀ ਦਾਅ ਤੇ ਨਹੀਂ ਲੱਗਦਾ, ਉਲਟਾ ਬਹੁਤੀਆਂ ਤਰਾਸਦੀਆਂ ਇਨ੍ਹਾਂ ਲਈ ਮੁਨਾਫਾ ਕਮਾਉਣ ਦੇ ਨਵੇਂ ਰਸਤੇ ਖੋਲ੍ਹਦੀਆਂ ਹਨ। ਜੰਗਾਂ ਦੇ ਨਾਮ ਤੇ ਇਕੱਠਾ ਕੀਤਾ ਪੈਸਾ ਜੂਆ ਘਰਾਂ, ਘੋੜਿਆਂ ਦੀਆਂ ਦੌੜਾਂ ਅਤੇ ਸ਼ਰਾਬਖਾਨਿਆਂ ਵਿਚ ਵਹਾਇਆ ਜਾਂਦਾ ਹੈ।

ਇਸ ਵਾਰ ਮਹਾਮਾਰੀ ਨੇ ਸਿਆਸਤ ਨੂੰ ਇਹ ਮੌਕਾ ਦਿੱਤਾ ਹੈ। ਇਸ ਤੋਂ ਬਚਾਉਣ ਦੇ ਨਾਮ ਥੱਲੇ ਜਿਸ ਵੱਡੇ ਪੱਧਰ 'ਤੇ ਸ਼ਖਸੀ ਆਜ਼ਾਦੀ, ਸੋਚਣ-ਸਮਝਣ-ਬੋਲਣ ਦੇ ਹੱਕ ਅਤੇ ਨਾਗਰਿਕਾਂ ਦੇ ਹੋਰ ਹੱਕਾਂ 'ਤੇ ਹਮਲਾ ਹੋਇਆ, ਉਸ ਦੀ ਮਿਸਾਲ ਮਿਲਣੀ ਮੁਸ਼ਕਿਲ ਹੈ। ਡਿਜੀਟਲ ਕੰਪਨੀਆਂ ਦੇ ਪਸਾਰ ਤੇ ਮੁਨਾਫੇ ਨੂੰ ਧਿਆਨ 'ਚ ਰੱਖ ਕੇ ਸਿੱਖਿਆ, ਸਿਹਤ ਤੇ ਆਰਥਕ ਖੇਤਰਾਂ 'ਚੋਂ ਜਿਵੇਂ ਸਮੂਹਿਕ ਭਲਾਈ ਅਤੇ ਸਾਂਝੀ ਤਰੱਕੀ ਦੀਆਂ ਧਾਰਨਾਵਾਂ ਛਾਂਗੀਆਂ, ਉਸ ਨੇ ਲੱਖਾਂ ਲੋਕਾਂ ਦੀ ਸਿਹਤ, ਸਿੱਖਿਆ, ਵਿਕਾਸ ਤੇ ਅਰਥਚਾਰੇ ਨੂੰ ਅੰਨ੍ਹੀ ਸੁਰੰਗ 'ਚ ਧੱਕ ਦਿੱਤਾ। ਇਹ ਵਰਤਾਰਾ ਪਿੱਛੜੇ ਤੇ ਅਰਧ-ਵਿਕਸਤ ਮੁਲਕਾਂ ਦਾ ਵਰਤਾਰਾ ਨਹੀਂ ਸਗੋਂ ਅਮਰੀਕਾ ਵਰਗਾ ਜਮਹੂਰੀਅਤ ਦੇ ਦਾਅਵੇ ਕਰਨ ਵਾਲਾ ਮੁਲਕ ਵੀ ਅਜਿਹੀਆਂ ਜ਼ਿੰਦਗੀ ਵਿਰੋਧੀ ਨੀਤੀਆਂ ਦੇ ਹੱਕ ਵਿਚ ਸ਼ਾਮਿਲ ਹੈ। ਕੀ ਹਨ ਇਹ ਨੀਤੀਆਂ? ਇਨ੍ਹਾਂ ਨਾਲ ਜੁੜੇ ਕੁਝ ਮਹਤੱਵਪੂਰਨ ਨੁਕਤਿਆਂ ਦੀ ਪੜਤਾਲ ਵਿਚੋਂ ਇਹ ਸੱਚ ਨਿੱਤਰ ਕੇ ਸਾਹਮਣੇ ਆ ਸਕਦਾ ਹੈ ਕਿ ਕਿਵੇਂ ਕਰੋਨਾ ਮਹਾਮਾਰੀ ਦੀ ਆੜ ਵਿਚ ਪੂੰਜੀ-ਤੰਤਰ ਆਪਣੇ ਪਸਾਰ ਦੇ ਨਵੇਂ ਪਸਾਰ ਤੈਅ ਕਰ ਰਿਹਾ ਹੈ।

ਤਾਇਵਾਨ ਵਿਚ ਜਦੋਂ ਕਰੋਨਾ ਦੀ ਆਮਦ ਹੋਈ ਤਾਂ ਸਰਕਾਰ ਨੇ ਸਿਹਤ ਬੀਮੇ ਦੇ ਸਰਕਾਰੀ ਪ੍ਰਬੰਧਾਂ ਨੂੰ ਵੀਜ਼ਾ ਸਿਸਟਮ ਨਾਲ ਜੋੜ ਦਿੱਤਾ ਪਰ ਇਸ ਦੀ ਵਰਤੋਂ ਅਸਿੱਧੇ ਰੂਪ 'ਚ ਕਿਸ ਨੂੰ ਵੀਜ਼ਾ ਦੇਣਾ ਹੈ, ਕਿਸ ਦਾ ਰੋਕਣਾ ਹੈ- ਤੈਅ ਕਰਨ ਲਈ ਕੀਤੀ ਗਈ। ਉਤਰੀ ਕੋਰੀਆ ਦੇ ਰਾਸ਼ਟਰਪਤੀ ਨੇ ਆਪਣੇ ਭਾਸ਼ਨ 'ਚ ਚੀਨ ਜਾਂ ਅਜਿਹੇ ਮੁਲਕਾਂ ਵਿਚ ਯਾਤਰੀ ਵਜੋਂ ਘੁੰਮਣ ਗਏ ਨਾਗਰਿਕਾਂ ਨੂੰ ਸਖਤ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਇੱਕ ਵੀ ਕਰੋਨਾ ਪੀੜਤ ਮੁਲਕ ਵਿਚ ਦਾਖਿਲ ਹੋਵੇ ਤਾਂ ਉਸ ਨੂੰ ਗੋਲੀ ਮਾਰ ਦਿੱਤੀ ਜਾਵੇ। ਪੋਲੈਂਡ ਨੇ ਪਿਛਲੇ ਦਿਨੀਂ ਅਜਿਹੇ ਐਪ ਨੂੰ ਨਾਗਰਿਕਾਂ ਲਈ ਜ਼ਰੂਰੀ ਕਰ ਦਿੱਤਾ ਹੈ ਜਿਹੜਾ ਚਾਲੀ ਦਿਨਾਂ ਦੀ 'ਜ਼ਰੂਰੀ ਇਕੱਲ' ਨੂੰ ਨਾਪਦਾ ਹੈ ਅਤੇ ਉਲੰਘਣਾ ਕਰਨ ਤੇ ਸਜ਼ਾ ਲਈ ਕੇਂਦਰੀ ਸਿਸਟਮ ਨੂੰ ਸਿਫਾਰਿਸ਼ ਕਰਦਾ ਹੈ। ਯੂਰਪੀ ਯੂਨੀਅਨ ਨੇ ਆਪਣੇ ਅਧਿਕਾਰ ਖੇਤਰ ਵਾਲੀਆਂ ਸਰਕਾਰਾਂ ਨੂੰ 'ਕਾਲ ਟਰੈਕਿੰਗ' ਦਾ ਪ੍ਰਬੰਧ ਅਖਤਿਆਰ ਕਰਨ ਲਈ ਆਖਿਆ ਹੈ। ਆਸਟਰੀਆ ਨੇ ਨਾਗਰਿਕਾਂ ਨੂੰ ਖਾਸ ਇਲੈਕਟ੍ਰੀਕਲ ਬਰੈਸਲੈੱਟ ਪਹਿਨਣ ਲਈ ਆਖਿਆ ਹੈ।

ਇਉਂ ਨਾਗਰਿਕਾਂ ਦੀ ਨਿੱਜੀ ਆਜ਼ਾਦੀ ਅਤੇ 'ਦੂਜਿਆਂ' ਬਾਰੇ ਨੈਤਿਕ ਤੇ ਤਰਕ ਆਧਾਰਤ ਵਤੀਰਿਆਂ ਨਾਲ ਕੀ ਵਾਪਰਿਆ ਹੈ? ਇਸ ਸਬੰਧ ਵਿਚ ਹੋਏ ਅਧਿਐਨ ਤੇ ਬਹਿਸਾਂ ਕੋਈ ਜ਼ਿਆਦਾ ਹਾਂ-ਪੱਖੀ ਨਤੀਜੇ ਸਾਹਮਣੇ ਨਹੀਂ ਦਿਖਾ ਰਹੀਆਂ। ਨਾਗਰਿਕ-ਪਾਬੰਦੀਆਂ ਅਤੇ 'ਦੂਜੇ' ਲਈ ਬਿਨਾ ਅਪੀਲ ਤੇ ਬਿਨਾ ਦਲੀਲ ਨਫਰਤ ਦੀ ਸਿਆਸਤ ਦਾ ਪਿੜ ਤਾਂ ਗਿਆਰਾਂ ਸਤੰਬਰ, 2001 ਤੋਂ ਅਤੇ ਮੁੰਬਈ ਵਿਚ ਨਵੰਬਰ 2008 ਵਿਚ ਹੀ ਬੰਨ੍ਹ ਚੁੱਕਾ ਹੈ। ਕਰੋਨਾ ਨੇ ਤਾਂ ਇਨ੍ਹਾਂ ਮਨਸੂਈ ਡਰਾਂ, ਦਹਿਸ਼ਤਾਂ ਅਤੇ ਬੇਇਤਬਾਰੀਆਂ ਨੂੰ ਜ਼ਰਬ ਹੀ ਦਿੱਤੀ ਹੈ। ਇਸ ਤੋਂ ਬਾਅਦ ਰਾਸ਼ਟਰ ਦੀ ਏਕਤਾ-ਅਖੰਡਤਾ ਅਤੇ ਸੁਰੱਖਿਆ ਦੇ ਨਾਮ ਤੇ ਜਿਸ ਤਰ੍ਹਾਂ ਨਾਗਰਿਕਾਂ ਨੇ ਆਪਣੇ ਹੱਥ ਕੱਟ ਕੇ ਸਰਕਾਰਾਂ ਨੂੰ ਸੌਂਪ ਦਿੱਤੇ ਹਨ, ਉਹ ਬੇਹੱਦ ਅਸੁਭਾਵਿਕ ਤੇ ਗੈਰ-ਜਮਹੂਰੀ ਹੈ। ਬਰਾਜ਼ੀਲ ਦੀ ਸਰਕਾਰ ਨੇ ਫੋਨਾਂ ਰਾਹੀਂ ਨਾਗਰਿਕਾਂ ਦੇ ਰਹਿਣ ਤੇ ਘੁੰਮਣ-ਫਿਰਨ ਦਾ ਵੇਰਵਾ ਇਕੱਠਾ ਕਰਨ ਲਈ 'ਸਟਾਰਟ-ਅੱਪਜ਼' ਜਿਵੇਂ ਜ਼ੁਮੈਟੋ ਆਦਿ ਦੀ ਮਦਦ ਲਈ ਹੈ।

ਚੀਨ ਨੇ ਇਸ ਤੋਂ ਵੀ ਇੱਕ ਕਦਮ ਅੱਗੇ ਜਾਂਦਿਆਂ ਕਰੋਨਾ ਦੇ ਸ਼ੱਕੀ ਮਰੀਜ਼ਾਂ ਦੇ ਘਰਾਂ ਵਿਚ ਹੀ ਕੈਮਰੇ ਲਗਾ ਦਿੱਤੇ ਹਨ ਜਿਸ ਨਾਲ ਨਾਗਰਿਕ ਘਰਾਂ ਵਿਚ ਹੀ ਕੈਦੀ ਹੋਣ ਦਾ 'ਆਨੰਦ' ਮਾਣ ਸਕਦੇ ਹਨ। ਸਵੀਡਨ ਦੀ ਸਰਕਾਰ ਸਿੱਧਾ ਕੰਪਨੀਆਂ ਤੋਂ ਲੋਕਾਂ ਦਾ ਡੇਟਾ ਖਰੀਦ ਰਹੀ ਹੈ ਤੇ ਉਨ੍ਹਾਂ ਤੇ ਨਿਗਰਾਨੀ ਰੱਖ ਰਹੀ ਹੈ। ਜਰਮਨੀ ਨੇ ਬਲਿਊ-ਟੁੱਥ ਆਧਾਰਿਤ ਐਪ ਦੀ ਮਦਦ ਨਾਲ ਲੋਕਾਂ ਦੀ ਜਾਣਕਾਰੀ ਇਕੱਤਰ ਕਰਨੀ ਸ਼ੁਰੂ ਕੀਤੀ ਹੋਈ ਹੈ। ਰੂਸ ਨੇ ਮੁਲਕ ਦਾ ਕੋਈ ਚੌਰਾਹਾ ਜਾਂ ਗਲੀ ਨਹੀਂ ਛੱਡੀ ਜਿੱਥੇ ਕੈਮਰਾ ਨਾ ਲਗਾਇਆ ਹੋਵੇ। ਡਰੋਨਾਂ, ਕੈਮਰਿਆਂ ਅਤੇ ਫੋਨਾਂ ਰਾਹੀ ਨਾਗਰਿਕਾਂ ਦੀ ਜਾਸੂਸੀ ਕਰਨ ਵਿਚ ਤੁਰਕੀ, ਅਰਬ ਦੇ ਦੇਸ਼, ਇਸਰਾਈਲ, ਅਰਥਾਤ ਕੋਈ ਵੀ ਮੁਲਕ ਪਿੱਛੇ ਨਹੀਂ। ਜਿੱਥੇ ਬਹੁਤ ਸਾਰੇ ਮੁਲਕਾਂ ਦੀਆਂ ਸਰਕਾਰਾਂ ਨੇ ਕੰਮਕਾਰ ਕਰਨ ਦੇ ਤੌਰ-ਤਰੀਕੇ ਐਤ ਕਰਨੇ ਸ਼ੂਰੂ ਕਰ ਦਿੱਤੇ ਹਨ, ਉਥੇ ਸੁਰੱਖਿਆ ਬਲਾਂ ਦੇ ਲਾਠੀਚਾਰਜ, ਗੈਰ-ਕਾਨੂੰਨੀ ਚਲਾਨਾਂ ਅਤੇ ਕੁੱਟਮਾਰ ਕਰਨ ਦੀਆਂ ਖਬਰਾਂ ਵੀ ਲਗਾਤਾਰ ਅਖਬਾਰਾਂ ਅਤੇ ਟੀਵੀ ਬੁਲੇਟਿਨਾਂ ਦਾ ਹਿੱਸਾ ਬਣੀਆਂ ਹਨ।

ਇਸ ਤੋਂ ਬਿਨਾ ਸਰਕਾਰ ਦੀ ਕਿਸੇ ਵੀ ਪੱਖ ਤੋਂ ਕੀਤੀ ਆਲੋਚਨਾ ਦਾ ਅਰਥ ਮਹਾਮਾਰੀ ਦੇ ਹੱਕ ਵਿਚ ਹੋਣਾ ਲੈ ਲਿਆ ਗਿਆ ਹੈ। ਇੱਕ-ਦੂਜੇ ਤੋਂ ਸਮਾਜਿਕ ਤੇ ਸੱਭਿਆਚਾਰਕ ਦੂਰੀਆਂ ਵਾਲੇ ਸਮੂਹਾਂ ਵਿਚ ਬਹੁਤ ਸਾਰੀਆਂ ਨਵੀਆਂ ਤੇ ਗੁੰਝਲਦਾਰ ਖਾਈਆਂ ਪੈਦਾ ਹੋ ਗਈਆਂ ਹਨ। ਗਰੀਬਾਂ ਅਤੇ ਹਾਸ਼ੀਆ ਤੇ ਸੁੱਟੇ ਵਰਗਾਂ ਉਤੇ ਬਿਮਾਰੀ ਦਾ ਆਰਥਕ ਤੇ ਸਮਾਜਿਕ ਬੋਝ ਆਣ ਡਿੱਗਿਆ ਹੈ। ਇਸ ਤੋਂ ਬਿਨਾ 'ਸਭ ਤੇ ਸ਼ੱਕ ਕਰਨ' ਅਤੇ 'ਬਿਮਾਰੀ ਦੀ ਥਾਂ ਬਿਮਾਰ ਨਾਲ ਘਿਰਣਾ' ਦਾ ਘਿਰਾਉਣਾ ਵਰਤਾਰਾ ਸਭਿਅਤਾ ਤੇ ਹਾਵੀ ਹੋ ਰਿਹਾ ਹੈ। ਲੋਕ ਮੁਰਦਿਆਂ ਨੂੰ ਮੋਢਾ ਦੇਣ ਤੋਂ ਇਨਕਾਰੀ ਹਨ। ਘਰਾਂ ਵਿਚ ਡਿਜੀਟਲ ਹਮਲੇ ਦੀ ਅਣਪਛਾਤੀ ਸੰਨ੍ਹ ਲੱਗ ਚੁੱਕੀ ਹੈ। ਇੰਨੀ ਜ਼ਿਆਦਾ ਜਾਣਕਾਰੀ ਤੇ ਡੇਟਾ ਹਾਜ਼ਿਰ ਹੋਣ ਦੇ ਬਾਵਜੂਦ 'ਅਗਿਆਨ ਦੀ ਧੁੰਦ' ਤੇ ਅਫਵਾਹਾਂ- ਝੂਠੀਆਂ ਖਬਰਾਂ ਦੀ ਮੰਡੀ ਰੁਕਣ ਦਾ ਨਾਮ ਨਹੀਂ ਲੈ ਰਹੀ। ਸਭ ਤੋਂ ਵੱਡਾ ਖਤਰਾ ਇਨ੍ਹਾਂ ਆਰਜ਼ੀ ਪਾਬੰਦੀਆਂ ਤੇ ਜਾਸੂਸੀਆਂ ਦਾ ਸੁਭਾਵਿਕ ਤੇ ਕੁਦਰਤੀ ਹੁੰਦੇ ਜਾਣਾ ਹੈ; ਇਸ ਮਹਾਮਾਰੀ ਦੀ ਆੜ ਵਿਚ ਸੱਤਾ ਦਾ ਕੁਝ ਖਾਸ ਵਿਅਕਤੀਆਂ ਤੇ ਕੰਪਨੀਆਂ ਦੇ ਹੱਥਾਂ ਵਿਚ ਕੇਂਦਰਿਤ ਹੁੰਦੇ ਜਾਣਾ ਹੈ। ਕੀ ਇਨ੍ਹਾਂ ਹਾਲਾਤ ਵਿਚ ਸਾਨੂੰ ਫੌਰੀ ਤੌਰ ਤੇ ਮਨੁੱਖੀ ਅਧਿਕਾਰਾਂ, ਆਜ਼ਾਦੀ, ਜਮਹੂਰੀਅਤ, ਸਮਾਨਤਾ, ਸਾਂਝੀਵਾਲਤਾ ਅਤੇ ਸਮੂਹਿਕਤਾ ਦੀਆਂ ਧਾਰਨਾਵਾਂ ਤੇ ਅਮਲਾਂ ਨੂੰ ਨਵੇਂ ਸਿਰਿਉਂ ਪ੍ਰਿਭਾਸ਼ਿਤ ਕਰਨ ਦੀ ਜ਼ਰੂਰਤ ਨਹੀਂ? ਕੀ ਸਿਆਸਤ ਨੂੰ ਸਰੀਰ ਬਣਾਉਣ ਦੀ ਸਿਆਸਤ ਤੱਕ ਮਹਿਦੂਦ ਕਰਨਾ ਸੱਭਿਅਤਾ ਦੇ ਗਰਕਣ ਦੀ ਕਨਸੋਅ ਨਹੀਂ?

# ਦੋ ਸਾਜ਼ਿਸ਼ਾਂ ਅਤੇ ਇਕ ਦਾਹ-ਸਸਕਾਰ

***ਸੰਸਾਰ ਪ੍ਰਸਿੱਧ ਲੇਖਕਾ ਅਰੁੰਧਤੀ ਰਾਏ ਨੇ ਆਪਣੇ ਇਸ ਲੇਖ ਵਿਚ ਹਾਥਰਸ (ਉਤਰ ਪ੍ਰਦੇਸ਼) ਵਿਚ ਜਬਰ ਜਨਾਹ ਦੀ ਹੋਈ ਵਾਰਦਾਤ, ਚਿਰਾਂ ਤੋਂ ਚੱਲਦੇ ਬਾਬਰੀ ਮਸਜਿਦ ਕੇਸ ਅਤੇ ਇਸ ਸਾਲ ਦੇ ਅਰੰਭ ਵਿਚ ਹੋਏ ਦਿੱਲੀ ਦੰਗਿਆਂ ਬਾਰੇ ਕੁਝ ਅਣਕਹੀਆਂ ਤੇ ਅਣਛੋਹੀਆਂ ਗੱਲਾਂ ਸਾਂਝੀਆਂ ਹਨ। ਇਸ ਲੰਮੇ ਲੇਖ ਦੀ ਪਹਿਲੀ ਕਿਸ਼ਤ ਪੇਸ਼ ਹੈ। ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

ਜਦ ਦੀਵਾਲੀ ਨੇੜੇ ਆ ਰਹੀ ਹੈ ਅਤੇ ਹਿੰਦੂ ਆਪਣੇ ਰਾਜ ਵਿਚ (ਤੇ ਉਸ ਨਵੇਂ ਧੜਵੈਲ ਮੰਦਰ ਵਿਚ ਜੋ ਅਯੁੱਧਿਆ ਵਿਚ ਉਨ੍ਹਾਂ ਲਈ ਬਣਾਇਆ ਜਾ ਰਿਹਾ ਹੈ) ਭਗਵਾਨ ਰਾਮ ਦੀ ਸਫਲ ਵਾਪਸੀ ਦਾ ਉਤਸਵ ਮਨਾਉਣ ਦੀਆਂ ਤਿਆਰੀਆਂ ਕਰ ਰਹੇ ਹਨ, ਤਾਂ ਸਾਨੂੰ ਬਾਕੀ ਲੋਕਾਂ ਨੂੰ ਬਸ ਭਾਰਤੀ ਲੋਕਤੰਤਰ ਦੀਆਂ ਸਿਲਸਿਲੇਵਾਰ ਕਾਮਯਾਬੀਆਂ ਦੇ ਜਸ਼ਨ ਨਾਲ ਹੀ ਸੰਤੁਸ਼ਟ ਹੋਣਾ ਪਵੇਗਾ। ਪ੍ਰੇਸ਼ਾਨ ਕਰ ਦੇਣ ਵਾਲੇ ਇਕ ਦਾਹ-ਸਸਕਾਰ, ਇਕ ਮਹਾਨ ਸਾਜ਼ਿਸ਼ ਨੂੰ ਦਫਨਾਉਣ ਅਤੇ ਇਕ ਹੋਰ ਸਾਜ਼ਿਸ਼ ਦੀ ਕਹਾਣੀ ਬਣਾਉਣ ਦੀਆਂ ਜੋ ਖਬਰਾਂ ਆ ਰਹੀਆਂ ਹਨ, ਉਸ ਵਿਚ ਅਸੀਂ ਖੁਦ ਉਪਰ, ਆਪਣੀ ਸੰਸਕ੍ਰਿਤੀ ਉਪਰ, ਆਪਣੀ ਸੱਭਿਅਤਾ ਦੇ ਮੁੱਲਾਂ ਉਪਰ ਨਾਜ਼ ਕੀਤੇ ਬਿਨਾ ਕਿਵੇਂ ਰਹਿ ਸਕਦੇ ਹਾਂ, ਜੋ ਪ੍ਰਾਚੀਨ ਵੀ ਹੈ ਅਤੇ ਆਧੁਨਿਕ ਵੀ?

ਸਤੰਬਰ ਦੇ ਅੱਧ 'ਚ ਖਬਰ ਆਈ ਕਿ ਉਤਰ ਪ੍ਰਦੇਸ਼ ਦੇ ਹਾਥਰਸ ਵਿਚ, ਭਾਰੂ ਜਾਤੀ ਦੇ ਮਰਦ 19 ਸਾਲ ਦੀ ਦਲਿਤ ਲੜਕੀ ਦਾ ਸਮੂਹਿਕ ਬਲਾਤਕਾਰ ਕਰ ਕੇ ਉਸ ਨੂੰ ਮਰਨ ਲਈ ਸੁੱਟ ਗਏ। ਉਸ ਦਾ ਪਰਿਵਾਰ ਪਿੰਡ ਦੇ 15 ਦਲਿਤ ਪਰਿਵਾਰਾਂ ਵਿਚੋਂ ਇਕ ਸੀ ਜਿੱਥੇ 600 ਪਰਿਵਾਰਾਂ ਦੀ ਬਹੁਗਿਣਤੀ ਆਬਾਦੀ ਬ੍ਰਾਹਮਣਾਂ ਅਤੇ ਠਾਕੁਰਾਂ ਦੀ ਹੈ। ਭਗਵਾਂਧਾਰੀ ਅਤੇ



**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ**

ਖੁਦ ਨੂੰ ਯੋਗੀ ਅਦਿੱਤਿਆਨਾਥ ਕਹਾਉਣ ਵਾਲਾ ਪ੍ਰਦੇਸ਼ ਮੁਖੀ ਅਜੈ ਸਿੰਘ ਬਿਸ਼ਟ ਇਸੇ ਠਾਕੁਰ ਜਾਤ 'ਚੋਂ ਹੈ (ਕੁਲ ਸੰਕੇਤ ਇਹੀ ਦੱਸਦੇ ਹਨ ਕਿ ਆਉਣ ਵਾਲੇ ਸਮੇਂ ਵਿਚ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਗ੍ਹਾ ਲੈਣ ਵਾਲਾ ਹੈ)। ਹਮਲਾਵਰ ਕੁਝ ਸਮੇਂ ਤੋਂ ਇਸ ਲੜਕੀ ਦਾ ਪਿੱਛਾ ਕਰ ਰਹੇ ਸਨ ਅਤੇ ਉਸ ਨੂੰ ਦਹਿਸ਼ਤਜ਼ਦਾ ਕੀਤਾ ਹੋਇਆ ਸੀ। ਕੋਈ ਨਹੀਂ ਸੀ ਜਿਸ ਤੋਂ ਉਹ ਮਦਦ ਮੰਗ ਸਕਦੀ। ਕੋਈ ਨਹੀਂ ਸੀ ਜੋ ਉਸ ਦੀ ਰੱਖਿਆ ਕਰਦਾ।

ਇਸ ਲਈ ਉਹ ਸਹਿਮੀ ਹੋਈ ਆਪਣੇ ਘਰ ਅੰਦਰ ਲੁਕੀ ਰਹਿੰਦੀ ਸੀ ਅਤੇ ਬਹੁਤ ਘੱਟ ਬਾਹਰ ਨਿਕਲਦੀ ਸੀ। ਉਸ ਅਤੇ ਉਸ ਦੇ ਪਰਿਵਾਰ ਨੂੰ ਪਤਾ ਸੀ ਕਿ ਹਾਲਾਤ ਕਿੰਨਾ ਖਤਰਨਾਕ ਰੁਖ ਅਖਤਿਆਰ ਕਰ ਸਕਦੇ ਹਨ; ਲੇਕਿਨ ਇਹ ਪਤਾ ਹੋਣ ਦਾ ਵੀ ਕੋਈ ਫਾਇਦਾ ਨਹੀਂ ਹੋਇਆ। ਉਸ ਦਿਨ ਖੂਨ ਨਾਲ ਲੱਥਪੱਥ ਉਸ ਦਾ ਜਿਸਮ ਉਸ ਦੀ ਮਾਂ ਨੂੰ ਖੇਤ ਵਿਚ ਪਿਆ ਮਿਲਿਆ, ਜਿੱਥੇ ਉਹ ਗਊਆਂ ਚਰਾਉਣ ਲਈ ਲਿਜਾਇਆ ਕਰਦੀ ਸੀ। ਉਸ ਦੀ ਜੀਭ ਲਗਭਗ ਕੱਟੀ ਹੋਈ ਸੀ, ਉਸ ਦੀ ਰੀੜ੍ਹ ਦੀ ਹੱਡੀ ਟੁੱਟੀ ਹੋਈ ਸੀ ਜਿਸ ਕਾਰਨ ਉਸ ਦੇ ਸਰੀਰ ਦਾ ਇਕ ਹਿੱਸਾ ਸੁੰਨ ਹੋ ਚੁੱਕਾ ਸੀ।

ਲੜਕੀ ਦੋ ਹਫਤੇ ਜ਼ਿੰਦਾ ਰਹੀ, ਪਹਿਲਾਂ ਅਲੀਗੜ੍ਹ ਹਸਪਤਾਲ ਵਿਚ, ਤੇ ਉਸ ਤੋਂ ਬਾਅਦ ਜਦ ਉਸ ਦੀ ਹਾਲਤ ਬਹੁਤ ਜ਼ਿਆਦਾ ਵਿਗੜ ਗਈ ਤਾਂ ਦਿੱਲੀ ਦੇ ਇਕ ਹਸਪਤਾਲ ਵਿਚ। 29 ਸਤੰਬਰ ਦੀ ਰਾਤ ਨੂੰ ਉਸ ਦੀ ਮੌਤ ਹੋ ਗਈ। ਉਤਰ ਪ੍ਰਦੇਸ਼ ਪੁਲਿਸ ਜੋ ਪਿਛਲੇ ਸਾਲ ਆਪਣੀ ਹਿਰਾਸਤ ਵਿਚ 400 ਲੋਕਾਂ ਦੇ ਹਿਰਾਸਤੀ ਕਤਲਾਂ ਲਈ ਜਾਣੀ ਜਾਂਦੀ ਹੈ (ਇਹ ਪੂਰੇ ਮੁਲਕ ਵਿਚ ਐਸੇ 1700 ਕਤਲਾਂ ਦਾ ਚੌਥਾ ਹਿੱਸਾ ਹੈ), ਰਾਤ ਦੇ ਸੰਨਾਟੇ 'ਚ ਲੜਕੀ ਦੀ ਲਾਸ਼ ਲੈ ਕੇ ਉਸ ਦੇ ਪਿੰਡ ਵਿਚ ਆਈ। ਪੁਲਿਸ ਨੇ ਸਦਮੇ ਵਿਚ ਡੁੱਬੇ ਪਰਿਵਾਰ ਨੂੰ ਘਰ ਵਿਚ ਬੰਦ ਕਰ ਦਿੱਤਾ, ਲੜਕੀ ਦੀ ਮਾਂ ਨੂੰ ਆਪਣੀ ਧੀ ਨੂੰ ਜਾਂਦੀ ਵਾਰੀ ਅਲਵਿਦਾ ਕਹਿਣ ਅਤੇ ਆਖਰੀ ਵਾਰ ਉਸ ਦਾ ਮੂੰਹ ਦੇਖ ਲੈਣ ਅਤੇ ਉਸ ਦੇ ਭਾਈਚਾਰੇ ਨੂੰ ਆਪਣੀ ਪਿਆਰੀ ਬੱਚੀ ਦੀਆਂ ਅੰਤਮ ਰਸਮਾਂ ਕਰਨ ਦੀ ਇਜਾਜ਼ਤ ਵੀ ਨਹੀਂ ਦਿੱਤੀ।

ਖਾਕੀ ਵਰਦੀ ਦੀ ਦੀਵਾਰ ਦੇ ਪਹਿਰੇ ਅੰਦਰ, ਕਾਹਲੀ ਵਿਚ ਚਿਣੀ ਗਈ ਚਿਤਾ ਉਪਰ, ਕਤਲ ਕੀਤੀ ਉਸ ਲੜਕੀ ਦੀ ਲਾਸ਼ ਰੱਖੀ ਗਈ, ਤੇ ਧੂੰਆਂ ਹਨੇਰੇ ਆਸਮਾਨ ਵਿਚ ਗੁੰਮ ਹੁੰਦਾ ਰਿਹਾ। ਲੜਕੀ ਦਾ ਦਹਿਸ਼ਤਜ਼ਦਾ ਪਰਿਵਾਰ ਮੀਡੀਆ ਵਿਚ ਉਠੀ ਆਵਾਜ਼ ਨਾਲ ਸਹਿਮਿਆ ਹੋਇਆ ਸੀ। ਉਹ ਭਲੀਭਾਂਤ ਜਾਣਦੇ ਸਨ ਕਿ ਮੀਡੀਆ ਦੀ ਚਕਾਚੌਂਧ ਦੇ ਫਿੱਕੀ ਪੈ ਜਾਣ ਤੋਂ ਬਾਅਦ ਉਨ੍ਹਾਂ ਨੂੰ ਇਸ ਸ਼ੋਰ ਲਈ ਵੀ ਸਜ਼ਾ ਮਿਲਣ ਵਾਲੀ ਹੈ।

ਜੇ ਉਹ ਬਚਣ 'ਚ ਕਾਮਯਾਬ ਹੋ ਗਏ ਤਾਂ ਆਪਣੀ ਉਸ ਜ਼ਿੰਦਗੀ ਵਿਚ ਪਰਤ ਜਾਣਗੇ ਜਿਸ ਦਾ ਉਨ੍ਹਾਂ ਨੂੰ ਆਦੀ ਬਣਾ ਦਿੱਤਾ ਗਿਆ ਹੈ - ਜਾਤਪਾਤ ਦੀ ਗਲਾਜ਼ਤ ਵਿਚ ਡੁੱਬੇ ਮੱਧਯੁਗੀ ਪਿੰਡ ਵਿਚ ਜਿੱਥੇ ਉਹ ਮੱਧਯੁਗੀ ਕਰੂਰਤਾ ਅਤੇ ਅਪਮਾਨ ਦਾ ਸ਼ਿਕਾਰ ਬਣਦੇ ਹਨ, ਜਿੱਥੇ ਉਨ੍ਹਾਂ ਨੂੰ ਅਛੂਤ ਅਤੇ ਇਨਸਾਨਾਂ ਤੋਂ ਵੀ ਨੀਵੇਂ ਮੰਨਿਆ ਜਾਂਦਾ ਹੈ।

ਦਾਹ-ਸਸਕਾਰ ਤੋਂ ਇਕ ਦਿਨ ਬਾਅਦ ਜਦ ਪੁਲਿਸ ਨੂੰ ਇਹ ਯਕੀਨ ਹੋ ਗਿਆ ਕਿ ਲਾਸ਼ ਦਾ ਮਹਿਫੂਜ਼ ਰੂਪ 'ਚ ਨਾਮੋ-ਨਿਸ਼ਾਨ ਮਿਟਾ ਦਿੱਤਾ ਗਿਆ ਹੈ, ਤਾਂ ਉਸ ਨੇ ਐਲਾਨ ਕਰ ਦਿੱਤਾ ਕਿ ਲੜਕੀ ਨਾਲ ਬਲਾਤਕਾਰ ਨਹੀਂ ਹੋਇਆ; ਉਸ ਦੀ ਸਿਰਫ ਹੱਤਿਆ ਹੋਈ ਸੀ। ਇਹੀ ਉਹ ਅਜ਼ਮਾਇਆ ਹੋਇਆ ਤਰੀਕਾ ਹੈ ਜਿਸ ਦੇ ਜ਼ਰੀਏ ਜਾਤਪਾਤੀ ਜ਼ੁਲਮਾਂ ਵਿਚੋਂ ਜਾਤ ਦੇ ਪਹਿਲੂ ਨੂੰ ਕੱਟ ਕੇ ਅੱਡ ਕਰ ਦਿੱਤਾ ਜਾਂਦਾ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਅਦਾਲਤਾਂ, ਹਸਪਤਾਲਾਂ ਦੇ ਰਿਕਾਰਡ ਅਤੇ ਮੁੱਖਧਾਰਾ ਮੀਡੀਆ ਇਸ ਅਮਲ ਵਿਚ ਇਸ ਦਾ ਸਾਥ ਦੇਣਗੇ, ਜਿਸ ਵਿਚ ਹਰ ਕਦਮ ਉਪਰ ਨਫਰਤ ਨਾਲ ਭਰੇ ਜਾਤਪਾਤੀ ਜ਼ੁਲਮ ਨੂੰ ਮਹਿਜ਼ ਮਾਮੂਲੀ ਜੁਰਮ ਵਿਚ ਬਦਲ ਦਿੱਤਾ ਜਾਂਦਾ ਹੈ। ਦੂਜੇ ਸ਼ਬਦਾਂ 'ਚ, ਸਾਡੇ ਸਮਾਜ ਦੇ ਸਿਰ ਤੋਂ ਕਸੂਰਵਾਰ ਹੋਣ ਦਾ ਬੋਝ ਲਹਿ ਜਾਂਦਾ ਹੈ, ਸੰਸਕ੍ਰਿਤੀ ਅਤੇ ਸਮਾਜੀ ਰਸਮਾਂ ਬਰੀ ਹੋ ਜਾਂਦੀਆਂ ਹਨ। ਇਹ ਅਸੀਂ ਵਾਰ-ਵਾਰ ਹੁੰਦਾ ਦੇਖਿਆ ਹੈ, ਤੇ 2006 'ਚ ਖੈਰਲਾਂਜੀ ਵਿਚ ਸੁਰੇਖਾ ਭੋਟਮਾਂਗੇ ਅਤੇ ਉਨ੍ਹਾਂ ਦੇ ਦੋ ਬੱਚਿਆਂ ਦੇ ਕਤਲੇਆਮ ਅਤੇ ਉਨ੍ਹਾਂ ਨਾਲ ਵਰਤੀ ਗਈ ਬੇਕਿਰਕੀ ਵਿਚ ਇਹ ਬਹੁਤ ਹੀ ਖੌਫਨਾਕ ਰੂਪ 'ਚ ਦੇਖਿਆ ਗਿਆ ਸੀ।

ਅਸੀਂ ਆਪਣੇ ਮੁਲਕ ਨੂੰ ਇਸ ਦੇ ਗੌਰਵਮਈ ਅਤੀਤ ਵਿਚ ਵਾਪਸ ਲਿਜਾਣ ਦੀ ਕੋਸ਼ਿਸ਼ ਕਰ ਰਹੇ ਹਾਂ ਜਿਸ ਨੂੰ ਪੂਰਾ ਕਰਨ ਦਾ ਵਾਅਦਾ ਭਾਰਤੀ ਜਨਤਾ ਪਾਰਟੀ ਨੇ ਕੀਤਾ ਹੈ। ਜੇ ਕਰ ਸਕੋ ਤਾਂ ਅਗਲੀਆਂ ਚੋਣਾਂ ਵਿਚ ਕ੍ਰਿਪਾ ਕਰ ਕੇ ਅਜੈ ਸਿੰਘ ਬਿਸ਼ਟ ਨੂੰ ਵੋਟ ਦੇਣਾ ਨਾ ਭੁੱਲਿਓ। ਜੇ ਉਸ ਨੂੰ ਨਹੀਂ ਤਾਂ ਮੁਸਲਮਾਨਾਂ ਦੀ ਤਾਕ 'ਚ ਰਹਿਣ ਵਾਲਾ, ਦਲਿਤਾਂ ਨੂੰ ਨਫਰਤ ਕਰਨ ਵਾਲਾ, ਉਸ ਵਰਗਾ ਕੋਈ ਵੀ ਰਾਜਸੀ ਨੇਤਾ ਚੱਲੇਗਾ ਜਾਂ ਚੱਲੇਗੀ। ਅੱਪਲੋਡ ਕੀਤੇ ਅਗਲੇ ਲਿੰਚਿੰਗ ਵੀਡੀਓ ਨੂੰ ਲਾਈਕ ਕਰਨਾ ਨਾ ਭੁੱਲਿਓ; ਤੇ ਆਪਣੇ ਪਸੰਦੀਦਾ, ਜ਼ਹਿਰ ਉਗਲਣ ਵਾਲੇ ਟੀ.ਵੀ. ਐਂਕਰ ਨੂੰ ਦੇਖਦੇ ਰਹਿਣਾ, ਕਿਉਂਕਿ ਸਾਡੀ ਸਮੂਹਿਕ ਆਤਮਾ ਦਾ ਪਹਿਰੇਦਾਰ ਉਹੀ ਹੈ। ਤੇ ਕ੍ਰਿਪਾ ਕਰ ਕੇ ਇਸ ਦੇ ਲਈ ਧੰਨਵਾਦ ਕਰਨਾ ਨਾ ਭੁੱਲਿਓ ਕਿ ਅਸੀਂ ਅਜੇ ਵੀ ਵੋਟ ਪਾ ਸਕਦੇ ਹਾਂ; ਕਿ ਅਸੀਂ ਦੁਨੀਆ ਦੇ ਸਭ ਤੋਂ ਬੜੇ ਲੋਕਤੰਤਰ ਵਿਚ ਰਹਿੰਦੇ ਹਾਂ; ਕਿ ਅਸੀਂ ਆਪਣੇ ਜਿਹਨਾਂ ਗੁਆਂਢੀਆਂ ਨੂੰ 'ਨਾਕਾਮ ਰਾਜ' ਕਹਿਣਾ ਪਸੰਦ ਕਰਦੇ ਹਾਂ, ਉਨ੍ਹਾਂ ਤੋਂ ਉਲਟ ਭਾਰਤ ਵਿਚ ਨਿਰਪੱਖ ਅਦਾਲਤਾਂ ਕਾਨੂੰਨ ਦੀ ਵਿਵਸਥਾ ਬਣਾਈ ਰੱਖਦੀਆਂ ਹਨ।

ਹਾਥਰਸ ਵਿਚ ਪਿੰਡ ਦੇ ਬਾਹਰ ਸ਼ਰਮਨਾਕ ਤਰੀਕੇ ਨਾਲ, ਦਹਿਸ਼ਤ ਦੇ ਆਲਮ ਵਿਚ ਕੀਤੇ ਗਏ ਇਸ ਦਾਹ-ਸਸਕਾਰ ਦੇ ਮਹਿਜ਼ ਕੁਝ ਘੰਟੇ ਬਾਅਦ, 30 ਸਤੰਬਰ ਦੀ ਸਵੇਰ ਨੂੰ ਵਿਸ਼ੇਸ਼ ਸੀਬੀਆਈ ਅਦਾਲਤ ਨੇ ਸਾਡੇ ਸਾਹਮਣੇ ਨਿਰਪੱਖਤਾ ਅਤੇ ਇਮਾਨਦਾਰੀ ਦਾ ਜ਼ੋਰਦਾਰ ਮੁਜ਼ਾਹਰਾ ਕੀਤਾ।

ਬਹੁਤ ਹੀ ਧਿਆਨ ਨਾਲ 28 ਸਾਲ ਤੱਕ ਨਿਰਖ-ਪਰਖ ਕਰਨ ਤੋਂ ਬਾਅਦ ਅਦਾਲਤ ਨੇ ਉਨ੍ਹਾਂ 32 ਜਣਿਆਂ ਨੂੰ ਬਰੀ ਕਰ ਦਿੱਤਾ ਜਿਹਨਾਂ ਉਪਰ 1992 'ਚ ਬਾਬਰੀ ਮਸਜਿਦ ਨੂੰ ਢਾਹੁਣ ਦੀ ਸਾਜ਼ਿਸ਼ ਦਾ ਇਲਜ਼ਾਮ ਸੀ। ਇਹ ਐਸੀ ਘਟਨਾ ਸੀ ਜਿਸ ਨੇ ਆਧੁਨਿਕ ਭਾਰਤ ਦੇ ਇਤਿਹਾਸ ਦਾ ਰੁਖ ਹੀ ਬਦਲ ਦਿੱਤਾ ਸੀ। ਬਰੀ ਕੀਤੇ ਲੋਕਾਂ ਵਿਚ ਇਕ ਸਾਬਕਾ ਗ੍ਰਹਿ ਮੰਤਰੀ, ਇਕ ਸਾਬਕਾ ਕੈਬਨਿਟ ਮੰਤਰੀ ਅਤੇ ਇਕ ਸਾਬਕਾ ਮੁੱਖ ਮੰਤਰੀ ਸ਼ਾਮਲ ਹੈ। ਲੱਗਦਾ ਹੈ ਕਿ ਕਿਸੇ ਨੇ ਬਾਬਰੀ ਮਸਜਿਦ ਢਾਹੀ ਹੀ ਨਹੀਂ। ਘੱਟੋ-ਘੱਟ ਕਾਨੂੰਨ ਦਾ ਮੰਨਣਾ ਤਾਂ ਇਹੀ ਹੈ। ਸ਼ਾਇਦ ਮਸਜਿਦ ਨੇ ਖੁਦ ਨੂੰ ਆਪ ਹੀ ਢਾਹਢੇਰੀ ਕਰ ਲਿਆ। ਸ਼ਾਇਦ ਉਹ ਆਪਣੇ ਉਪਰ ਗੈਂਤੀ ਅਤੇ ਹਥੌੜੇ ਚਲਾ ਕੇ ਖੁਦ ਹੀ ਮਿੱਟੀ ਵਿਚ ਮਿਲ ਗਈ। ਸ਼ਾਇਦ ਉਸ ਦਿਨ ਖੁਦ ਨੂੰ ਸ਼ਰਧਾਲੂ ਕਹਿਣ ਵਾਲੇ, ਆਪਣੇ ਚਾਰ-ਚੁਫੇਰੇ ਜੁੜੇ ਭਗਵੇਂ ਪਟਕਾਧਾਰੀ ਗੁੰਡਿਆਂ ਦੀ ਸਮੂਹਿਕ ਇੱਛਾ ਸ਼ਕਤੀ ਅੱਗੇ ਉਹ ਖੁਦ ਹੀ ਢਹਿਢੇਰੀ ਹੋ ਗਈ। ਇਹਨਾਂ ਸਾਰਿਆਂ ਦੇ ਲਈ ਇੰਨੇ ਸਾਲ ਪਹਿਲਾਂ 6 ਦਸੰਬਰ ਦਾ ਦਿਨ ਵੀ ਸ਼ਾਇਦ ਮਸਜਿਦ ਨੇ ਖੁਦ ਹੀ ਚੁਣਿਆ ਸੀ ਜੋ ਬਾਬਾ ਸਾਹਿਬ ਅੰਬੇਡਕਰ ਦਾ ਮਹਾ ਪ੍ਰੀਨਿਰਵਾਣ ਦਿਵਸ ਸੀ।

ਪਤਾ ਲੱਗਿਆ ਕਿ ਉਸ ਪੁਰਾਤਨ ਮਸਜਿਦ ਦੇ ਗੁੰਬਦ ਨੂੰ ਸੰਦਾਂ ਨਾਲ ਤੋੜਨ ਵਾਲੇ ਆਦਮੀਆਂ ਦੇ ਜੋ ਵੀਡੀਓ ਅਤੇ ਤਸਵੀਰਾਂ ਅਸੀਂ ਦੇਖੀਆਂ, ਗਵਾਹਾਂ ਦੇ ਜੋ ਬਿਆਨ ਅਸੀਂ ਪੜ੍ਹੇ ਤੇ ਸੁਣੇ, ਇਸ ਤੋਂ ਬਾਅਦ ਦੇ ਮਹੀਨਿਆਂ ਵਿਚ ਮੀਡੀਆ ਵਿਚ ਜੋ ਖਬਰਾਂ ਛਾਈਆਂ ਰਹੀਆਂ, ਉਹ ਸਭ ਸਾਡੇ ਮਨ ਦੀ ਕਲਪਨਾ ਸਨ। ਐਲ.ਕੇ. ਅਡਵਾਨੀ ਦੀ ਰਥ ਯਾਤਰਾ ਜਿਸ ਦੇ ਦੌਰਾਨ ਉਸ ਨੇ ਭਾਰਤ ਦੇ ਇਕ ਕੋਨੇ ਤੋਂ ਲੈ ਕੇ ਦੂਜੇ ਕੋਨੇ ਤਕ ਖੁੱਲ੍ਹੇ ਟਰੱਕ ਵਿਚ ਯਾਤਰਾ ਕੀਤੀ ਸੀ, ਵਿਸ਼ਾਲ ਭੀੜ ਦੇ ਸਾਹਮਣੇ ਭਾਸ਼ਣ ਦਿੱਤੇ, ਸ਼ਹਿਰਾਂ ਵਿਚ ਚੱਕਾ ਜਾਮ ਕਰ ਦਿੱਤਾ ਸੀ, ਸੱਚੇ ਹਿੰਦੂਆਂ ਨੂੰ ਲਲਕਾਰਿਆ ਸੀ ਕਿ ਉਹ ਅਯੁੱਧਿਆ ਵਿਚ ਠੀਕ ਉਸ ਜਗ੍ਹਾ ਇਕੱਠੇ ਹੋਣ ਜਿੱਥੇ ਮਸਜਿਦ ਮੌਜੂਦ ਸੀ, ਤੇ ਰਾਮ ਮੰਦਿਰ ਦੀ ਉਸਾਰੀ ਵਿਚ ਹਿੱਸਾ ਲੈਣ।

ਇਹ ਸਭ ਕੁਝ ਵੀ ਨਹੀਂ ਹੋਇਆ। ਨਾ ਹੀ ਯਾਤਰਾ ਦੇ ਪਿੱਛੇ-ਪਿੱਛੇ ਹੋਣ ਵਾਲੀ ਮੌਤ ਅਤੇ ਤਬਾਹੀ ਹੀ ਕਦੇ ਹੋਈ। ਕਿਸੇ ਨੇ 'ਏਕ ਧੱਕਾ ਔਰ ਦੋ, ਬਾਬਰੀ ਮਸਜਿਦ ਤੋੜ ਦੋ' ਦਾ ਨਾਅਰਾ ਨਹੀਂ ਲਗਾਇਆ। ਅਸੀਂ ਸਾਰੇ ਸਮੂਹਿਕ, ਰਾਸ਼ਟਰ-ਵਿਆਪੀ ਮਦਹੋਸ਼ੀ ਦੇ ਸ਼ਿਕਾਰ ਹੋ ਗਏ ਸੀ। ਕਿਸ ਚੀਜ਼ ਦਾ ਨਸ਼ਾ ਸੀ ਸਾਨੂੰ? ਸਾਡੇ ਤਕ ਐਨ.ਸੀ.ਬੀ. (ਨਾਰਕੋਟਿਕ ਕੰਟਰੋਲ ਬਿਊਰੋ) ਦੇ ਸੰਮਨ ਕਿਉਂ ਨਹੀਂ ਪਹੁੰਚੇ? ਸਿਰਫ ਬਾਲੀਵੁੱਡ ਦੇ ਲੋਕਾਂ ਨੂੰ ਹੀ ਕਿਉਂ ਬੁਲਾਇਆ ਜਾ ਰਿਹਾ ਹੈ? ਕੀ ਕਾਨੂੰਨ ਦੀ ਨਜ਼ਰ 'ਚ ਅਸੀਂ ਸਾਰੇ ਬਰਾਬਰ ਨਹੀਂ ਹਾਂ?

ਵਿਸ਼ੇਸ਼ ਅਦਾਲਤ ਦੇ ਜੱਜ ਨੇ 2300 ਪੰਨਿਆਂ ਦੇ ਵੇਰਵੇ ਸਹਿਤ ਆਪਣੇ ਫੈਸਲੇ 'ਚ ਦੱਸਿਆ ਹੈ ਕਿ ਕਿਵੇਂ ਮਸਜਿਦ ਨੂੰ ਤੋੜਨ ਦੀ ਕੋਈ ਯੋਜਨਾ ਨਹੀਂ ਸੀ। ਮੰਨਣਾ ਪਵੇਗਾ ਕਿ ਇਹ ਕਮਾਲ ਦਾ ਕੰਮ ਹੈ - ਕਿਸੇ ਯੋਜਨਾ ਦੀ ਗੈਰ-ਮੌਜੂਦਗੀ 'ਚ 2300 ਪੰਨੇ। ਉਹ ਲਿਖਦਾ ਹੈ ਕਿ ਕਿਵੇਂ ਇਸ ਦਾ ਕੋਈ ਸਬੂਤ ਨਹੀਂ ਹੈ ਜਿਸ ਤੋਂ ਇਹ ਪਤਾ ਲੱਗਦਾ ਕਿ ਮੁਲਜ਼ਮ ਮਸਜਿਦ ਨੂੰ ਤੋੜਨ ਦੀ ਯੋਜਨਾ ਬਣਾਉਣ ਲਈ 'ਇਕ ਕਮਰੇ ਵਿਚ' ਇਕੱਠੇ ਹੋਏ ਹੋਣ। ਸ਼ਾਇਦ ਇਸ ਲਈ ਕਿ ਇਹ ਇਕ ਕਮਰੇ ਤੋਂ ਬਾਹਰ, ਸਾਡੀਆਂ ਸੜਕਾਂ ਉਪਰ, ਆਮ ਇਕੱਠਾਂ ਵਿਚ, ਸਾਡੇ ਟੀ.ਵੀ. ਦੇ ਪਰਦਿਆਂ ਉਪਰ ਹੋਇਆ ਜਿਸ ਨੂੰ ਅਸੀਂ ਸਭ ਨੇ ਦੇਖਿਆ ਅਤੇ ਉਸ ਵਿਚ ਹਿੱਸਾ ਲਿਆ? ਜਾਂ ਫਿਰ, ਉਫ, ਕਿਤੇ ਇਹ ਉਹੀ 'ਮਾਲ' ਤਾਂ ਨਹੀਂ ਹੈ ਜਿਸ ਦੇ ਜ਼ੋਰ ਸਾਡੇ ਮਨ ਵਿਚ ਐਸੇ ਖਿਆਲ ਪਨਪ ਰਹੇ ਹਨ?

ਖੈਰ, ਬਾਬਰੀ ਮਸਜਿਦ ਤੋੜਨ ਦੀ ਸਾਜ਼ਿਸ਼ ਦਾ ਮਾਮਲਾ ਤਾਂ ਹੁਣ ਖਤਮ ਹੋ ਗਿਆ; ਲੇਕਿਨ ਹੁਣ ਇਕ ਹੋਰ ਸਾਜ਼ਿਸ਼ ਹੈ ਜੋ ਅਜੇ 'ਗਰਮ' ਹੈ ਅਤੇ ਅੱਜ ਕੱਲ੍ਹ ਉਸ ਦਾ 'ਟਰੈਂਡ' ਹੈ। 2020 ਦੇ ਦਿੱਲੀ ਕਤਲੇਆਮ ਦੀ ਸਾਜ਼ਿਸ਼ ਜਿਸ ਵਿਚ ਪੂਰਬ-ਉਤਰੀ ਦਿੱਲੀ ਦੇ ਕਿਰਤੀ ਮੁਹੱਲਿਆਂ ਵਿਚ 53 ਲੋਕ (ਜਿਹਨਾਂ ਵਿਚੋਂ 40 ਮੁਸਲਮਾਨ ਸਨ) ਮਾਰ ਦਿੱਤੇ ਗਏ ਅਤੇ 581 ਲੋਕ ਜ਼ਖਮੀ ਹੋਏ। ਮਸਜਿਦਾਂ, ਕਬਰਸਤਾਨਾਂ ਅਤੇ ਮਦਰੱਸਿਆਂ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ। ਘਰਾਂ, ਦੁਕਾਨਾਂ ਅਤੇ ਕਾਰੋਬਾਰਾਂ ਨੂੰ ਅੱਗ ਲਾਈ ਗਈ ਅਤੇ ਤਬਾਹ ਕਰ ਦਿੱਤੇ ਗਏ ਜਿਹਨਾਂ ਵਿਚੋਂ ਜ਼ਿਆਦਾਤਰ ਮੁਸਲਮਾਨਾਂ ਦੇ ਸਨ।

ਸਾਜ਼ਿਸ਼ ਦੇ ਇਸ ਮਾਮਲੇ ਵਿਚ, ਦਿੱਲੀ ਪੁਲਿਸ ਦੀ ਹਜ਼ਾਰਾਂ ਪੰਨਿਆਂ ਦੀ ਚਾਰਜਸ਼ੀਟ ਵਿਚ, ਇਕ ਪੈਰਾ ਇਕ ਮੇਜ਼ ਦੁਆਲੇ ਬੈਠ ਕੇ ਸਾਜ਼ਿਸ਼ ਘੜਨ ਵਾਲੇ ਕੁਝ ਲੋਕਾਂ ਬਾਰੇ ਵੀ ਹੈ - ਜੀ ਹਾਂ! ਇਕ ਕਮਰੇ ਅੰਦਰ ਜੋ ਇਕ ਤਰ੍ਹਾਂ ਦਾ ਦਫਤਰੀ ਤਹਿਖਾਨਾ ਸੀ। ਉਨ੍ਹਾਂ ਦੇ ਹਾਵ-ਭਾਵ ਤੋਂ ਹੀ ਤੁਸੀਂ ਦੱਸ ਸਕਦੇ ਹੋ ਕਿ ਉਹ ਸਾਜ਼ਿਸ਼ ਘੜ ਰਹੇ ਸਨ। ਫਿਰ ਉਥੇ ਤਾਂ ਤੀਰ ਦੇ ਨਿਸ਼ਾਨ ਵੀ ਲਗਾਏ ਗਏ ਹਨ ਜੋ ਉਨ੍ਹਾਂ ਦੀ ਪਛਾਣ ਦੱਸਦੇ ਸਨ, ਉਨ੍ਹਾਂ ਦੇ ਨਾਵਾਂ ਦੀ ਦੱਸ ਪਾਉਂਦੇ ਸਨ। ਇਹ ਖੌਫਨਾਕ ਹੈ। ਬਾਬਰੀ ਮਸਜਿਦ ਦੇ ਗੁੰਬਦ ਉਪਰ ਖੜ੍ਹੇ ਹਥੌੜਿਆਂ-ਗੈਂਤੀਆਂ ਵਾਲੇ ਆਦਮੀਆਂ ਤੋਂ ਕਿਤੇ ਜ਼ਿਆਦਾ ਚਿੰਤਾਜਨਕ। ਉਸ ਮੇਜ਼ ਦੁਆਲੇ ਬੈਠੇ ਲੋਕਾਂ 'ਚੋਂ ਕੁਝ ਨੂੰ ਤਾਂ ਜੇਲ੍ਹ ਵੀ ਭੇਜ ਦਿੱਤਾ ਗਿਆ ਹੈ। ਬਾਕੀ ਸ਼ਾਇਦ ਛੇਤੀ ਹੀ ਜੇਲ੍ਹ ਭੇਜ ਦਿੱਤੇ ਜਾਣਗੇ। ਗ੍ਰਿਫਤਾਰੀਆਂ ਵਿਚ ਕੁਝ ਮਹੀਨੇ ਹੀ ਲੱਗੇ। ਬਰੀ ਹੋਣ 'ਚ ਵਰ੍ਹੇ ਲੱਗ ਜਾਣਗੇ - ਜੇ ਬਾਬਰੀ ਮਸਜਿਦ ਦੇ ਫੈਸਲੇ ਦੀ ਮਿਸਾਲ ਲਈਏ ਤਾਂ ਸ਼ਾਇਦ 28 ਵਰ੍ਹੇ! ਕੌਣ ਜਾਣੇ।


ਉਨ੍ਹਾਂ ਉਪਰ ਜਿਸ ਯੂ.ਏ.ਪੀ.ਏ. (ਗੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ) ਦੇ ਤਹਿਤ ਇਲਜ਼ਾਮ ਲਗਾਏ ਗਏ ਹਨ, ਉਸ ਵਿਚ ਤਕਰੀਬਨ ਹਰ ਚੀਜ਼ ਹੀ ਜੁਰਮ ਹੈ, ਰਾਸ਼ਟਰ ਵਿਰੋਧੀ ਖਿਆਲ ਮਨ ਵਿਚ ਲਿਆਉਣਾ ਵੀ ਜੁਰਮ ਹੈ। ਤੇ ਆਪਣੀ ਬੇਗੁਨਾਹੀ ਸਾਬਤ ਕਰਨ ਦਾ ਜ਼ਿੰਮਾ ਵੀ ਤੁਹਾਡੇ ਉਪਰ ਹੈ। ਜਿੰਨਾ ਵਧੇਰੇ ਮੈਂ ਇਸ ਬਾਰੇ ਪੜ੍ਹਦੀ ਹਾਂ, ਤੇ ਇਸ ਉਪਰ ਅਮਲ ਕਰਨ ਦੇ ਤਰੀਕੇ ਨੂੰ ਦੇਖਦੀ ਹਾਂ, ਓਨਾ ਜ਼ਿਆਦਾ ਲੱਗਦਾ ਹੈ ਕਿ ਜਿਵੇਂ ਕਿਸੇ ਹੋਸ਼ਮੰਦ ਇਨਸਾਨ ਨੂੰ ਇਹ ਕਿਹਾ ਜਾਵੇ ਕਿ ਉਹ ਪਾਗਲਾਂ ਦੀ ਕਮੇਟੀ ਸਾਹਮਣੇ ਆਪਣੀ ਹੋਸ਼ਮੰਦੀ ਸਾਬਤ ਕਰੇ।

ਸਾਨੂੰ ਹੁਕਮ ਹੈ ਕਿ ਅਸੀਂ ਇਸ ਉਪਰ ਯਕੀਨ ਕਰ ਲਈਏ ਕਿ ਦਿੱਲੀ ਸਾਜ਼ਿਸ਼ ਮੁਸਲਮਾਨ ਵਿਦਿਆਰਥੀਆਂ ਅਤੇ ਕਾਰਕੁਨਾਂ, ਗਾਂਧੀਵਾਦੀਆਂ, 'ਸ਼ਹਿਰੀ ਨਕਸਲੀਆਂ' ਅਤੇ 'ਖੱਬੇਪੱਖੀਆਂ' ਨੇ ਘੜੀ ਸੀ ਜੋ ਕੌਮੀ ਨਾਗਰਿਕਤਾ ਰਜਿਸਟਰ (ਐਨ.ਪੀ.ਆਰ.), ਕੌਮੀ ਨਾਗਰਿਕ ਰਜਿਸਟਰ (ਐਨ.ਆਰ.ਸੀ.) ਅਤੇ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਨੂੰ ਲਾਗੂ ਕਰਨ ਦਾ ਵਿਰੋਧ ਕਰ ਰਹੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਇਹ ਸਾਰੇ ਕਦਮ ਮਿਲ ਕੇ ਭਾਰਤ ਦੇ ਮੁਸਲਮਾਨ ਭਾਈਚਾਰੇ ਅਤੇ ਉਨ੍ਹਾਂ ਗਰੀਬ ਲੋਕਾਂ ਨੂੰ ਬੇਸਹਾਰਾ ਬਣਾ ਦੇਣਗੇ, ਜਿਹਨਾਂ ਦੇ ਕੋਲ ਕੋਈ 'ਲੇਗੇਸੀ ਪੇਪਰ' (ਵਿਰਾਸਤ ਦੇ ਸਬੂਤ ਦਸਤਾਵੇਜ਼) ਨਹੀਂ ਹਨ। ਮੇਰਾ ਵੀ ਇਹੀ ਮੰਨਣਾ ਹੈ। ਤੇ ਮੈਂ ਮੰਨਦੀ ਹਾਂ ਕਿ ਜੇ ਸਰਕਾਰ ਇਸ ਪ੍ਰਾਜੈਕਟ ਨੂੰ ਜ਼ਬਰਦਸਤੀ ਅੱਗੇ ਵਧਾਉਣ ਦਾ ਫੈਸਲਾ ਕਰਦੀ ਹੈ ਤਾਂ ਅੰਦੋਲਨ ਦੁਬਾਰਾ ਸ਼ੁਰੂ ਹੋ ਜਾਣਗੇ। ਇਹ ਹੋਣੇ ਹੀ ਚਾਹੀਦੇ ਹਨ।

ਪੁਲਿਸ ਮੁਤਾਬਿਕ, ਦਿੱਲੀ ਸਾਜ਼ਿਸ਼ ਪਿੱਛੇ ਵਿਚਾਰ ਇਹ ਸੀ ਕਿ ਫਰਵਰੀ ਵਿਚ ਅਮਰੀਕਾ ਦੇ ਸਦਰ ਡੋਨਾਲਡ ਟਰੰਪ ਦੇ ਸਰਕਾਰੀ ਦੌਰੇ ਦੌਰਾਨ ਹਿੰਸਾ ਭੜਕਾ ਕੇ ਅਤੇ ਖੂਨੀ, ਫਿਰਕੂ ਫਸਾਦ ਕਰਵਾ ਕੇ ਭਾਰਤ ਸਰਕਾਰ ਨੂੰ ਸ਼ਰਮਿੰਦਾ ਕੀਤਾ ਜਾਵੇ। ਇਸ ਚਾਰਜਸ਼ੀਟ ਵਿਚ ਜਿਹੜੇ ਗੈਰ-ਮੁਸਲਿਮ ਨਾਮ ਸ਼ਾਮਲ ਕੀਤੇ ਗਏ ਹਨ, ਉਨ੍ਹਾਂ ਉਪਰ ਇਹਨਾਂ ਅੰਦੋਲਨਾਂ ਨੂੰ 'ਸੈਕੂਲਰ ਰੰਗ' ਦੇਣ ਦੀ ਸਾਜ਼ਿਸ਼ ਰਚਣ ਦਾ ਇਲਜ਼ਾਮ ਲਗਾਇਆ ਗਿਆ ਹੈ। ਧਰਨਿਆਂ ਅਤੇ ਅੰਦੋਲਨਾਂ ਦੀ ਰਾਹਨੁਮਾਈ ਕਰਨ ਵਾਲੀਆਂ ਹਜ਼ਾਰਾਂ ਮੁਸਲਮਾਨ ਔਰਤਾਂ ਉਪਰ ਇਲਜ਼ਾਮ ਲਗਾਇਆ ਗਿਆ ਹੈ ਕਿ ਉਹ 'ਲਿਆਂਦੀਆਂ ਗਈਆਂ ਸਨ' ਤਾਂ ਜੁ ਅੰਦੋਲਨ ਨੂੰ 'ਜੈਂਡਰ ਕਵਰ' (ਔਰਤਾਂ ਦੀ ਢਾਲ) ਮੁਹੱਈਆ ਹੋ ਜਾਵੇ।

ਝੰਡੇ ਲਹਿਰਾਉਣ ਅਤੇ ਸੰਵਿਧਾਨ ਦੀ ਆਦਿਕਾ ਪੜ੍ਹੇ ਜਾਣ ਨੂੰ, ਅਤੇ ਇਹਨਾਂ ਅੰਦੋਲਨਾਂ ਦੀ ਪਛਾਣ ਬਣ ਗਈ ਤਮਾਮ ਸ਼ਾਇਰੀ ਅਤੇ ਸੰਗੀਤ ਅਤੇ ਪਿਆਰ ਨੂੰ ਇਕ ਤਰ੍ਹਾਂ ਦੀ ਬੇਈਮਾਨ ਜਾਅਲਸਾਜ਼ੀ ਕਰਾਰ ਦੇ ਕੇ ਖਾਰਜ ਕਰ ਦਿੱਤਾ ਗਿਆ ਹੈ ਜਿਹਨਾਂ ਦਾ ਮਕਸਦ ਅਸਲੀ ਬਦਨੀਅਤ ਨੂੰ ਲੁਕੋਣਾ ਸੀ। ਦੂਜੇ ਸ਼ਬਦਾਂ 'ਚ, ਅੰਦੋਲਨ ਦਰਅਸਲ ਜਹਾਦੀ ਸੀ (ਤੇ ਮਰਦਾਂ ਦਾ ਸੀ), ਬਾਕੀ ਤਾਂ ਸਭ ਮਹਿਜ਼ ਉਪਰਲਾ ਸ਼ਿੰਗਾਰ ਸੀ ਅਤੇ ਚਮਕ-ਦਮਕ ਸੀ।

ਨੌਜਵਾਨ ਸਕਾਲਰ ਡਾ. ਉਮਰ ਖਾਲਿਦ ਜਿਸ ਨੂੰ ਮੈਂ ਚੰਗੀ ਤਰ੍ਹਾਂ ਜਾਣਦੀ ਹਾਂ, ਜਿਸ ਨੂੰ ਮੀਡੀਆ ਵਰ੍ਹਿਆਂ ਤੋਂ ਸਤਾਉਂਦਾ ਰਿਹਾ ਹੈ, ਉਸ ਦੇ ਪਿੱਛੇ ਪਿਆ ਹੋਇਆ ਹੈ ਅਤੇ ਉਸ ਬਾਰੇ ਝੂਠੀਆਂ ਖਬਰਾਂ ਫੈਲਾਉਂਦਾ ਰਿਹਾ ਹੈ। ਹੁਣ ਪੁਲਿਸ ਕਹਿੰਦੀ ਹੈ ਕਿ ਉਹ ਦਿੱਲੀ ਦੀ ਸਾਜ਼ਿਸ਼ ਦੇ ਘਾੜਿਆਂ ਵਿਚੋਂ ਅਹਿਮ ਸ਼ਖਸ ਹੈ। ਉਸ ਖਿਲਾਫ ਇਕੱਠੀਆਂ ਕੀਤੀਆਂ ਜਿਹਨਾਂ ਚੀਜ਼ਾਂ ਨੂੰ ਪੁਲਿਸ ਸਬੂਤ ਦੱਸ ਰਹੀ ਹੈ, ਉਨ੍ਹਾਂ ਦੇ ਦਸ ਲੱਖ ਤੋਂ ਵਧੇਰੇ ਪੰਨੇ ਹਨ (ਇਹ ਉਹੀ ਸਰਕਾਰ ਹੈ ਜਿਸ ਨੇ ਕਿਹਾ ਸੀ ਕਿ ਇਕ ਕਰੋੜ ਮਜ਼ਦੂਰਾਂ ਬਾਬਤ ਇਸ ਕੋਲ ਕੋਈ ਅੰਕੜਾ ਨਹੀਂ ਹੈ ਜੋ ਮਾਰਚ ਮਹੀਨੇ 'ਚ ਸੈਂਕੜੇ ਅਤੇ ਕੁਝ ਤਾਂ ਹਜ਼ਾਰਾਂ ਮੀਲ ਪੈਦਲ ਤੁਰ ਕੇ ਆਪੋ-ਆਪਣੇ ਘਰਾਂ 'ਚ ਪਹੁੰਚੇ ਸਨ, ਜਦ ਮੋਦੀ ਨੇ ਦੁਨੀਆ ਦੇ ਸਭ ਤੋਂ ਬੇਰਹਿਮ ਕੋਵਿਡ ਲੌਕਡਾਊਨ ਦਾ ਐਲਾਨ ਕੀਤਾ ਸੀ। ਸਰਕਾਰ ਨੇ ਕਿਹਾ ਕਿ ਇਸ ਨੂੰ ਕੁਝ ਪਤਾ ਨਹੀਂ ਹੈ ਕਿ ਕਿੰਨੇ ਮਜ਼ਦੂਰ ਰਾਹ ਵਿਚ ਦਮ ਤੋੜ ਗਏ, ਕਿੰਨੇ ਭੁੱਖਮਰੀ ਦਾ ਸ਼ਿਕਾਰ ਹੋਏ, ਕਿੰਨੇ ਬਿਮਾਰ ਹੋਏ)।



*ਬਾਬਰੀ ਮਸਜਿਦ ਢਹਿ-ਢੇਰੀ।*



*ਦਿਨ-ਦਿਹਾੜੇ ਦਿੱਲੀ ਦੰਗੇ।*



*ਹਾਥਰਸ ਕੇਸ: ਅੱਧੀ ਰਾਤੀਂ ਸਸਕਾਰ।*

**(ਚਲਦਾ)**

# ਖੇਤੀ ਕਾਨੂੰਨਾਂ ਖਿਲਾਫ 'ਪੰਜਾਬ ਬੰਦ' ਦਾ ਇਤਿਹਾਸਕ ਮਹੱਤਵ



ਸੁਕੰਨਿਆਂ ਭਾਰਦਵਾਜ ਨਾਭਾ
ਫੋਨ: 815-307-3112

ਪੱਚੀ ਸਤੰਬਰ, 2020 ਦਾ ਪੰਜਾਬ ਬੰਦ ਇਤਿਹਾਸਕ ਹੋ ਨਿਬੜਿਆ ਹੈ। ਇਹ ਕਿਸੇ ਡਰ, ਦਬਾਅ ਜਾਂ ਜਬਰੀ ਕਰਵਾਇਆ ਬੰਦ ਨਹੀਂ ਸੀ ਸਗੋਂ ਪੰਜਾਬ ਵਾਸੀਆਂ ਦਾ ਆਪਣੇ ਰਹਿਨੁਮਾਵਾਂ ਲਈ ਆਪ ਮੁਹਾਰਾ ਭਰਵਾਂ ਹੁੰਗਾਰਾ ਸੀ। ਹਰ ਵਰਗ ਵਪਾਰੀ, ਛੋਟੇ ਦੁਕਾਨਦਾਰ, ਆੜ੍ਹਤੀ ਪੱਲੇਦਾਰ, ਟਰਾਂਸਪੋਰਟਰ, ਵਕੀਲ, ਬੁੱਧੀਜੀਵੀ, ਕਲਾਕਾਰ, ਮਜ਼ਦੂਰ; ਗੱਲ ਕੀ ਹਰ ਕੋਈ ਇਨ੍ਹਾਂ ਕਾਲੇ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਦੇ ਹੱਕ ਵਿਚ ਨਾਲ ਖੜ੍ਹਾ ਸੀ। ਸਮੂਹ ਵਰਗਾਂ ਧਰਮਾਂ ਨੇ ਆਪਣੀਆਂ ਤੰਗ ਵਲਗਣਾਂ ਤੋਂ ਉਪਰ ਉਠ ਕੇ ਆਪੋ-ਆਪਣੇ ਕਾਰੋਬਾਰ ਬੰਦ ਕਰ ਕੇ ਰੋਸ ਪ੍ਰਦਰਸ਼ਨਾਂ ਵਿਚ ਭਰਵੀਂ ਹਾਜ਼ਰੀ ਲੁਆਈ। ਕਿਸਾਨ ਯੂਨੀਅਨਾਂ ਦੇ ਇਸ ਦੇਸ਼ ਵਿਆਪੀ ਅੰਦੋਲਨ ਨੂੰ ਜਿਵੇਂ ਲੋਕਾਂ ਨੇ ਹੁੰਗਾਰਾ ਦਿੱਤਾ ਤੇ ਜਿਸ ਤਰੀਕੇ ਨਾਲ ਇਹ ਬੰਦ ਨਿਰਵਿਘਨ ਸ਼ਾਂਤੀ ਪੂਰਬਕ ਨੇਪਰੇ ਚਾੜ੍ਹਿਆ, ਉਸ ਤੋਂ ਸੰਚਾਲਕਾਂ ਦੀ ਦੂਰ-ਅੰਦੇਸ਼ੀ ਤੇ ਜਥੇਬੰਦਕ ਸੂਝ-ਬੂਝ ਦਾ ਅਹਿਸਾਸ ਹੋਇਆ, ਉਥੇ ਪੰਜਾਬ ਵਾਸੀਆਂ ਵਿਚ ਵੀ ਕੇਂਦਰ ਸਰਕਾਰ ਦੇ ਮਤਰੇਈ ਮਾਂ ਵਾਲੇ ਸਲੂਕ ਖਿਲਾਫ ਰੋਹ ਪਾਇਆ ਗਿਆ। ਇਥੋਂ ਤਕ ਕਿ ਰੇੜ੍ਹੀ-ਫੜ੍ਹੀ ਵੀ ਸੜਕਾਂ 'ਤੇ ਦਿਖਾਈ ਨਹੀਂ ਦਿੱਤੀ। ਸਰਕਾਰੀ ਤੇ ਪ੍ਰਾਈਵੇਟ ਬੱਸ ਸਰਵਿਸ ਮੁਕੰਮਲ ਬੰਦ ਰਹੀ। ਰੇਲਵੇ ਆਵਾਜਾਈ ਸਰਕਾਰ ਨੇ ਪਹਿਲਾਂ ਹੀ ਬੰਦ ਕਰ ਦਿੱਤੀ ਸੀ।

ਕੌਮੀ ਮੀਡੀਏ ਨੇ ਕਿਸਾਨਾਂ ਦੇ ਇਸ ਰੋਸ ਪ੍ਰਦਰਸ਼ਨ ਤੋਂ ਦੂਰੀ ਬਣਾਈ ਰੱਖੀ, ਸਿਵਾਏ ਐਨ.ਡੀ.ਟੀ.ਵੀ. ਤੇ ਇੱਕ-ਦੋ ਹੋਰ ਚੈਨਲਾਂ ਦੇ, ਉਂਜ ਸੋਸ਼ਲ ਮੀਡੀਏ ਨੇ ਦੇਸ਼ਾਂ ਵਿਦੇਸ਼ਾਂ ਤੱਕ ਖਬਰਾਂ ਪਹੁੰਚਾ ਦਿੱਤੀਆਂ ਸਨ। ਇਸ ਬੰਦ ਦੇ ਸੱਦੇ ਨੂੰ ਪੰਜਾਬ ਹਰਿਆਣਾ ਤੋਂ ਬਿਨਾਂ 10 ਹੋਰ ਸਟੇਟਾਂ ਦੇ ਕਿਸਾਨਾਂ ਨੇ ਵੀ ਹਮਾਇਤ ਦਿੱਤੀ ਪਰ ਜਿਸ ਤਰ੍ਹਾਂ ਦਾ ਬੰਦ ਪੰਜਾਬ ਵਿਚ ਸੀ, ਲਗਦਾ ਸੀ ਪੰਜਾਬ ਨੇ ਹੀ ਸਾਰੇ ਦੇਸ਼ ਦੀ ਅਗਵਾਈ ਕੀਤੀ ਹੈ। ਇਸ ਲਈ ਸਮੂਹ ਕਿਰਤੀ ਕਿਸਾਨ ਸ਼ਹਿਰੀ ਪੇਂਡੂ ਵਧਾਈ ਦੇ ਹੱਕਦਾਰ ਹਨ ਜਿਨ੍ਹਾਂ ਆਪਣੇ ਹੱਕਾਂ ਦੀ ਲੜਾਈ ਨੂੰ ਲੜਨ ਦਾ ਜੇਰਾ ਕੀਤਾ ਤੇ ਇੱਕਜੁਟਤਾ ਦਾ ਸਬੂਤ ਦਿੱਤਾ।

ਖੇਤੀ ਕਾਨੂੰਨਾਂ ਨੂੰ ਪੰਜਾਬੀਆਂ ਦਾ ਆਪ ਮੁਹਾਰਾ ਸਾਥ ਮਿਲਣਾ ਸ਼ੁਭ ਸੰਕੇਤ ਹੈ। ਵਿਦੇਸ਼ੀ ਧਰਤੀ ਅਮਰੀਕਾ, ਆਸਟਰੇਲੀਆ, ਇੰਗਲੈਂਡ, ਕੈਨੇਡਾ ਵਿਚ ਵੀ ਪੰਜਾਬੀਆਂ ਨੇ ਕਿਸਾਨ ਅੰਦੋਲਨ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਉਹ ਆਪ ਭਾਵੇਂ ਵਿਦੇਸ਼ਾਂ ਵਿਚ ਹਰ ਸੁਖ ਸਹੂਲਤ ਮਾਣਦੇ ਹਨ ਪਰ ਉਨ੍ਹਾਂ ਦਾ ਮਨ ਹਮੇਸ਼ਾ ਪਿਛੇ ਆਪਣੀ ਜੰਮਣ ਭੋਇੰ ਨਾਲ ਜੁੜਿਆ ਰਹਿੰਦਾ ਹੈ। ਇਥੋਂ ਦੀ ਹਰ ਚੰਗੀ ਮਾੜੀ ਖਬਰ ਉਨ੍ਹਾਂ ਨੂੰ ਝੰਜੋੜਦੀ ਹੈ ਪਰ ਕਿਸਾਨ ਵੀਰੋ, ਇਹ ਵੇਲਾ ਆਪਣੀ ਪਲੇਠੀ ਕਾਮਯਾਬੀ 'ਤੇ ਹੁੱਬਣ ਦਾ ਨਹੀਂ। ਤੁਹਾਡੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਵੱਧ ਪ੍ਰਪੱਕਤਾ, ਚੇਤੰਨਤਾ, ਬੁੱਧੀਮਤਾ ਨਾਲ ਇਸ ਲੜਾਈ ਨੂੰ ਅੰਜਾਮ ਤਕ ਪਹੁੰਚਾਣ ਦੀ ਲੋੜ ਹੈ। ਦੇਸ਼ ਵਿਦੇਸ਼ ਦੀਆਂ ਨਜ਼ਰਾਂ ਤੁਹਾਡੇ ਉਪਰ ਲੱਗੀਆਂ ਹੋਈਆਂ ਹਨ। ਸਭ ਨੂੰ ਲਗਦਾ ਹੈ ਕਿ ਸ਼ਾਇਦ ਕੋਈ ਅਜਿਹੀ ਲੀਡਰਸ਼ਿਪ ਇਸ ਅੰਦੋਲਨ ਵਿਚੋਂ ਨਿਕਲ ਆਵੇ ਜੋ ਪੰਜਾਬ ਦੀਆਂ ਦੁਸ਼ਵਾਰੀਆਂ ਦਾ ਹੱਲ ਕਰ ਸਕੇ।

ਇਨ੍ਹਾਂ ਕਿਸਾਨ ਵਿਰੋਧੀ ਕਾਨੂੰਨਾਂ ਨੇ ਇੱਕ ਗੱਲ ਤਾਂ ਸਾਫ ਕਰ ਦਿੱਤੀ ਹੈ ਕਿ ਇਹ ਇਕੱਲੇ ਕਿਸਾਨ ਵਿਰੋਧੀ ਹੀ ਨਹੀਂ ਬਲਕਿ ਖਪਤਕਾਰ ਦਾ ਗਲਾ ਘੁੱਟਣ ਵਾਲੇ ਵੀ ਹਨ। ਇਹ ਕਾਨੂੰਨ ਜਿਵੇਂ ਜਿਣਸਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦਾ ਖਾਤਮਾ, ਜ਼ਖੀਰੇਬਾਜ਼ੀ ਨੂੰ ਉਤਸ਼ਾਹਤ ਕਰਨ ਅਤੇ ਠੇਕਾ ਪ੍ਰਣਾਲੀ ਰਾਹੀਂ ਕਿਸਾਨਾਂ ਦੀਆਂ ਜ਼ਮੀਨਾਂ ਲੰਮੇ ਸਮੇਂ ਲਈ ਸਰਮਾਏਦਾਰੀ ਨਿਜ਼ਾਮ ਹੇਠ ਕਰਨ ਦੀ ਚਾਲ ਹੈ। ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਕਿਸਾਨ-ਠੇਕੇਦਾਰ ਦੇ ਝਗੜੇ ਵਿਚ ਸੁਣਵਾਈ ਠੇਕੇਦਾਰ ਦੀ ਹੀ ਹੋਵੇਗੀ। ਝਗੜੇ ਦੇ ਫੈਸਲਿਆਂ ਲਈ ਐਸ.ਡੀ.ਐਮ./ਡੀ.ਸੀ. ਦੀਆਂ ਕੋਰਟਾਂ ਨੂੰ ਹੀ ਅਧਿਕਾਰਤ ਕੀਤਾ ਗਿਆ ਹੈ। ਜੁਡੀਸ਼ਰੀ ਨੂੰ ਇਸ ਤੋਂ ਪੂਰੀ ਤਰ੍ਹਾਂ ਲਾਂਭੇ ਰੱਖਿਆ ਗਿਆ ਹੈ। ਖਪਤਕਾਰ ਤਾਂ ਬੋਲ ਹੀ ਨਹੀਂ ਸਕਦਾ, ਭਾਵੇਂ ਉਸ ਨੂੰ ਪੰਜ ਦੀ ਚੀਜ਼ ਪੰਜਾਹ ਦੀ ਕਿਉਂ ਨਾ ਮਿਲੇ!

ਜ਼ਖੀਰੇਬਾਜ਼ਾਂ ਨੇ ਆਮ ਵਰਤੋਂ ਦੀਆਂ ਜ਼ਰੂਰੀ ਵਸਤਾਂ ਨੂੰ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਕਰ ਦੇਣਾ ਹੈ। ਉਸ ਨੂੰ ਮਨਮਰਜ਼ੀ ਤੇ ਜਿੰਨੀ ਮਰਜ਼ੀ ਵਸਤੂ/ਜਿਣਸ ਭੰਡਾਰ ਕਰਨ ਅਤੇ ਆਪਣੇ ਮੁਤਾਬਕ ਭਾਅ ਮਿੱਥਣ ਦੀ ਖੁਲ੍ਹ ਦਿੱਤੀ ਗਈ ਹੈ। ਸਰਕਾਰਾਂ ਅਤੇ ਅਦਾਲਤਾਂ ਕੋਈ ਵੀ ਦਖਲਅੰਦਾਜ਼ੀ ਨਹੀਂ ਕਰ ਸਕਣਗੀਆਂ। ਉਤਪਾਦਕ/ਖਪਤਕਾਰ ਦੀ ਸੰਘੀ ਵਿਚ ਅੰਗੂਠਾ ਦੇ ਕੇ ਪੂੰਜੀਪਤੀਆਂ ਦਾ ਪੱਖ ਬਾਖੂਬੀ ਪੂਰਿਆ ਗਿਆ ਹੈ। ਇਨ੍ਹਾਂ ਕਾਨੂੰਨਾਂ ਨਾਲ ਸੰਸਦ ਨੇ ਇੱਕ ਹੋਰ ਮਜ਼ਦੂਰ ਵਿਰੋਧੀ ਕਾਨੂੰਨ ਵੀ ਪਾਸ ਕੀਤਾ ਹੈ ਜਿਸ ਵਿਚ ਪੂੰਜੀਪਤੀ 280 ਤਕ ਦੀ ਲੇਬਰ ਨੂੰ ਬਿਨਾ ਕਿਸੇ ਅਗਾਊਂ ਨੋਟਿਸ ਦੇ ਕੰਮ ਤੋਂ ਕੱਢ ਸਕਦਾ ਹੈ। ਮਜ਼ਦੂਰ ਦੀ ਸੁਣਵਾਈ ਕਿਸੇ ਲੇਬਰ, ਸਿਵਲ, ਜੁਡੀਸ਼ਰੀ ਕੋਰਟ ਵਿਚ ਨਹੀਂ ਹੋ ਸਕੇਗੀ। ਇਨ੍ਹਾਂ ਦੇ ਪਿਛੇ ਹੀ ਬਿਜਲੀ ਸੋਧ ਬਿੱਲ-2020 ਵੀ ਆ ਰਿਹਾ ਹੈ। ਇਹ ਸਾਰੇ ਕਾਨੂੰਨ ਕਿਸਾਨ/ਮਜ਼ਦੂਰ/ਖਪਤਕਾਰ ਦੀ ਸੰਘੀ ਨੱਪਣ ਵਾਲੇ ਹਨ।

ਇਹ ਬਿੱਲ, ਕਾਨੂੰਨ ਬਣਨ ਲਈ ਅਜੇ ਦੇਸ਼ ਦੇ ਰਾਸ਼ਟਰਪਤੀ ਦੇ ਟੇਬਲ 'ਤੇ ਸਨ ਕਿ ਗੁਜਰਾਤ ਦੇ ਇਕ ਧਨਾਢ ਵਲੋਂ ਪੰਜਾਬ ਵਿਚ ਸੈਂਕੜੇ ਏਕੜ ਜ਼ਮੀਨ ਖਰੀਦਣ ਤੇ ਐਫ.ਸੀ.ਆਈ. ਦੇ ਗੁਦਾਮਾਂ ਨੂੰ ਕਿਰਾਏ 'ਤੇ ਲੈਣ ਦੇ ਚਰਚੇ ਸ਼ੁਰੂ ਹੋ ਗਏ। ਇਸ ਤੋਂ ਕਈ ਸਾਲ ਪਹਿਲਾਂ ਅੰਬਾਨੀ-ਅਡਾਨੀ ਨੇ ਪੰਜਾਬ ਦੀ ਧਰਤੀ ਉਤੇ ਵੱਡੇ-ਵੱਡੇ ਸਟੀਲ ਸਾਇਲੋ ਬਣਾਉਣੇ ਸ਼ੁਰੂ ਕਰ ਦਿੱਤੇ ਸਨ। ਪੰਜਾਬ ਦੀ ਉਪਜਾਊ ਜ਼ਮੀਨ ਸਰਕਾਰਾਂ ਦੀ ਮਿਲੀਭੁਗਤ ਨਾਲ ਕੌਡੀਆਂ ਦੇ ਭਾਅ ਖਰੀਦੀ ਗਈ। ਉਨ੍ਹਾਂ ਨੂੰ ਸਟੈਂਪ ਡਿਊਟੀ ਤੋਂ ਵੀ ਛੋਟ ਦੇ ਦਿੱਤੀ। ਰਾਤੋ-ਰਾਤ ਵੱਡੇ-ਵੱਡੇ ਮਾਲ ਤੇ ਪੈਟਰੋਲ ਪੰਪ ਉਸਰ ਗਏ ਜਿਹਨਾਂ ਵਿਚ ਪੰਜਾਬ ਦੇ ਸਿਆਸਤਦਾਨਾਂ ਦੇ ਵੀ ਹਿੱਸੇ ਹਨ। ਦੇਸ਼ ਦੇ ਵੱਡੇ ਸਰਮਾਏਦਾਰਾਂ ਵਲੋਂ ਪੰਜਾਬ ਦੀ ਧਰਤੀ 'ਤੇ ਸੈਂਕੜੇ ਟਨ ਦੀ ਸਮਰਥਾ ਵਾਲੇ ਅਨਾਜ ਭੰਡਾਰ ਬਣ ਜਾਣਾ ਦਰਸਾਉਂਦਾ ਹੈ ਕਿ ਇਨ੍ਹਾਂ ਖੇਤੀ ਕਾਨੂੰਨਾਂ ਦੇ ਪਾਸ ਹੋਣ ਤੋਂ ਕਈ ਸਾਲ ਪਹਿਲਾਂ ਹੀ ਕਿਰਤੀ ਕਿਸਾਨ ਮਜ਼ਦੂਰ ਦੀ ਕਬਰ ਖੋਦਣ ਦੇ ਮਨਸੂਬੇ ਗੁੰਦਣੇ ਸ਼ੁਰੂ ਹੋ ਗਏ ਸਨ।

ਕਿਸਾਨ ਅੰਦੋਲਨ ਨੂੰ ਮਾਵਾਂ, ਭੈਣਾਂ, ਨੌਜਵਾਨਾਂ ਦੇ ਮਿਲ ਰਹੇ ਸਮਰਥਨ ਦਾ ਅਗਰ ਜ਼ਿਕਰ ਨਾ ਕਰਾਂ ਤਾਂ ਬੇਇਨਸਾਫੀ ਹੋਵੇਗੀ। ਪੰਜਾਬੀ ਨੌਜਵਾਨ ਜਿਨ੍ਹਾਂ ਨੂੰ ਨਸ਼ੇੜੀ ਕਹਿ ਕੇ ਦੁਤਕਾਰਿਆ ਜਾਂਦਾ ਸੀ, ਅੱਜ ਕਿਸਾਨਾਂ ਦੀ ਪਿੱਠ ਪੂਰਦਿਆਂ ਅਗਲੀ ਕਤਾਰ ਵਿਚ ਖੜ੍ਹੇ ਦਿਖਾਈ ਦਿੰਦੇ ਹਨ। ਛੋਟੇ-ਛੋਟੇ ਬੱਚੇ ਹੱਥਾਂ ਵਿਚ ਬਿੱਲ ਵਿਰੋਧੀ ਤਖਤੀਆਂ ਫੜੀ ਕਾਲੇ ਖੇਤੀ ਆਰਡੀਨੈਂਸਾਂ, ਮੰਡੀਬੋਰਡ ਤੇ ਮੰਡੀਕਰਨ ਸਿਸਟਮ ਨੂੰ ਖਤਮ ਕਰਨ ਜਿਹੀਆਂ ਮੁਖ ਸਮੱਸਿਆਵਾਂ ਦੀ ਵਿਆਖਿਆ ਕਰ ਰਹੇ ਹਨ ਜਦੋਂਕਿ ਇਸ ਉਮਰੇ ਬੱਚਿਆਂ ਨੂੰ ਖੇਡਣ ਪੜ੍ਹਨ ਤੋਂ ਬਿਨਾ ਕਿਸੇ ਗੱਲ ਦੀ ਖਬਰ ਨਹੀਂ ਹੁੰਦੀ। ਹਾੜ੍ਹੀ ਸਾਉਣੀ ਫਸਲ ਨੂੰ ਘਰੇ ਆਉਂਦੀ ਦੇਖ ਮਾਂਵਾਂ ਪੇਕੇ ਨਹੀਂ ਜਾਂਦੀਆਂ, ਅੱਜ ਉਹੋ ਮਾਵਾਂ ਕੜਕਦੀ ਧੁੱਪ ਵਿਚ ਤਪਦੀ ਰੇਲਵੇ ਲਾਇਨ 'ਤੇ ਕਿਸਾਨਾਂ ਨਾਲ ਮਾੜੇ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਨਾਅਰੇ ਲਾਉਣੇ ਸਿੱਖ ਗਈਆਂ ਹਨ।



ਇਥੇ ਹੀ ਸ਼ਾਮਲ ਇੱਕ ਬਜ਼ੁਰਗ ਕਿਸਾਨ ਮਾਤਾ ਨੂੰ ਮੀਡੀਆ ਕਰਮੀ ਨੇ ਖੇਤੀ ਮਾਰੂ ਬਿਲਾਂ ਅਤੇ ਕਿਸਾਨ ਸੰਘਰਸ਼ ਬਾਰੇ ਪੁੱਛਿਆ ਤਾਂ ਉਹਦਾ ਭੋਲੇ ਭਾਅ ਜੁਆਬ ਸੀ- 'ਪੁੱਤ ਜਦੋਂ ਜੱਟ ਦੀ ਜ਼ਮੀਨ ਮੋਦੀ ਨੇ ਖੋਹ ਲੈਣੀ ਹੈ ਤਾਂ ਘਰੇ ਜਿਣਸ ਨਹੀਂ ਆਵੇਗੀ। ਘਰੇ ਜਿਣਸ ਨਹੀਂ ਆਊ ਤਾਂ ਰੋਟੀ ਕਿਵੇਂ ਪੱਕੂ। ਤੂੰ ਤਾਂ ਆ ਕੇ ਮਾਂ ਤੋਂ ਰੋਟੀ ਮੰਗਣੀ ਹੈ, ਮਾਂ ਕਿਥੋਂ ਦੇਵੇਗੀ ਰੋਟੀ ਤੈਨੂੰ? ਬੱਸ ਦਿੱਲੀ ਵਾਲੇ ਸਾਡੀ ਥਾਲੀ ਦੀ ਰੋਟੀ ਖੋਹਣ ਨੂੰ ਫਿਰਦੇ ਐ। ਹੋਰ ਤਾਂ ਉਨ੍ਹਾਂ ਜੱਟ ਕੋਲ ਕੁਝ ਛੱਡਿਆ ਨਹੀਂ।' ਮਾਤਾ ਦੀ ਆਪਣੇ ਹੀ ਲਹਿਜੇ ਵਿਚ ਕੀਤੀ ਬਿਲਾਂ ਦੀ ਵਿਆਖਿਆ ਨੇ ਵੱਡੇ-ਵੱਡੇ ਖੇਤੀ ਆਰਥਕ ਮਾਹਰਾਂ ਨੂੰ ਮਾਤ ਪਾ ਦਿੱਤਾ ਸੀ। ਇਥੇ ਹੀ ਸ਼ਾਮਲ 80 ਸਾਲਾ ਬਜ਼ੁਰਗ ਜਿਸ ਦੀ ਬਾਂਹ ਟੁੱਟੀ ਹੋਈ ਸੀ, ਆਖ ਰਿਹਾ ਸੀ- 'ਮੰਜੇ 'ਤੇ ਪੈ ਕੇ ਕੀ ਕਰੂੰਗਾ। ਜੇ ਮਰਨਾ ਹੀ ਹੈ ਤਾਂ ਮਾਰੂ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਦਾ ਸਾਥ ਦਿੰਦਾ ਮਰਾਂ ਤਾਂ ਜੋ ਕੱਲ੍ਹ ਨੂੰ ਪੁੱਤ ਪੋਤਰੇ ਤਾਂ ਉਲਾਂਭਾ ਨਹੀਂ ਦੇਣਗੇ ਕਿ ਜਦੋਂ ਸਾਡੀ ਜ਼ਮੀਨ ਲੁੱਟੀ ਜਾ ਰਹੀ ਸੀ, ਤੁਸੀਂ ਕਿਥੇ ਸੀ?' ਧਰਨਾਕਾਰੀਆਂ ਦੀ ਇਹ ਮਾਨਸਿਕਤਾ 'ਕਰੋ ਜਾਂ ਮਰੋ' ਦੀ ਨੀਤੀ ਦੀ ਪ੍ਰਤੀਨਿਧਤਾ ਕਰ ਰਹੀ ਸੀ।

ਕਿਸਾਨ ਵੀਰੋ, ਇਹ ਕਾਲੇ ਕਾਨੂੰਨ ਛੇਤੀ ਕੀਤਿਆਂ ਰੱਦ ਹੋਣ ਵਾਲੇ ਨਹੀਂ। ਸਾਡੇ ਕੋਲ ਐਨ.ਸੀ.ਆਰ.-ਸੀ.ਏ.ਏ. ਵਰਗੇ ਕਾਲੇ ਕਾਨੂੰਨ ਹਨ ਜਿਨ੍ਹਾਂ ਦੀ ਮੁਖਾਲਫਤ ਸ਼ਾਹੀਨ ਬਾਗ ਮੁਸਲਿਮ ਘੱਟ ਗਿਣਤੀ ਅਤੇ ਔਰਤਾਂ ਨੇ ਕੀਤੀ ਸੀ। ਇਸ ਦਾ ਸਮਰਥਨ ਜੇ.ਐਨ.ਯੂ., ਦਿੱਲੀ ਯੂਨੀਵਰਸਟੀ, ਅਲੀਗੜ੍ਹ ਯੂਨੀਵਰਸਟੀ ਸਮੇਤ ਕਈ ਯੂਨੀਵਰਸਟੀਆਂ ਦੇ ਵਿਦਿਆਰਥੀਆਂ ਨੇ ਪੁਰ-ਅਮਨ ਰਹਿੰਦਿਆਂ ਕੀਤਾ ਪਰ ਕੇਂਦਰ ਦੀ ਮੋਦੀ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ। ਉਨ੍ਹਾਂ ਦੇ ਸੰਘਰਸ਼ ਨੂੰ ਸਾਬੋਤਾਜ ਕਰਨ ਲਈ ਕਈ ਤਰ੍ਹਾਂ ਦੇ ਹੱਥਕੰਡੇ ਅਪਨਾਏ ਗਏ। ਤਿੰਨ ਮਹੀਨੇ ਤੋਂ ਵੀ ਉਪਰ ਚੱਲੇ ਇਸ ਸੰਘਰਸ਼ ਨੂੰ ਬਿਨਾ ਕਿਸੇ ਸਿੱਟੇ ਦੇ ਕਰੋਨਾ ਦੀ ਆੜ ਵਿਚ ਖਤਮ ਕਰ ਦਿੱਤਾ ਗਿਆ ਤੇ ਕਈਆਂ ਤੇ ਪਰਚੇ ਦਰਜ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ। ਇਸ ਲਈ ਵੱਡੇ ਲੰਮੇ ਸੰਘਰਸ਼ ਲੜਨ ਲਈ ਐਨ.ਆਰ.ਆਈ. ਵੀਰਾਂ ਸਮੇਤ ਪੰਜਾਬ ਦੇ ਹਰ ਬਸ਼ਰ ਨੂੰ ਨਾਲ ਲੈਣਾ ਪਵੇਗਾ। ਭਾਨੂੰਮਤੀ ਦੇ ਇਸ ਪਿਟਾਰੇ ਨੂੰ ਇਕੱਠਾ ਰੱਖਣ ਲਈ ਬਹੁਤ ਸਾਰੇ ਹੌਸਲੇ, ਹਿੰਮਤ, ਦੂਰਅੰਦੇਸ਼ੀ ਵਾਲੀ ਡੂੰਘੀ ਸੋਚ ਵਿਚਾਰ ਮੁੱਖ ਹੈ।

ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਦਿੱਲੀ ਖਿਲਾਫ ਭਾਰੀ ਰੋਸ ਹੈ ਪਰ ਇਸ ਰੋਹ ਨੂੰ ਸੰਘਰਸ਼ ਦਾ ਹਥਿਆਰ ਕਿਵੇਂ ਬਣਾਉਣਾ ਹੈ, ਇਹ ਤੁਹਾਡੇ ਹੱਥ ਹੈ। ਮੋਰਚੇ ਦੀ ਭਾਵਨਾ ਨਾ ਖਿੰਡੇ, ਇਸ ਲਈ ਬਾਕਾਇਦਾ ਵਿਉਂਤਬੰਦੀ ਦੀ ਲੋੜ ਹੈ। ਤੁਹਾਡੇ ਸੰਘਰਸ਼ ਨੂੰ ਲੀਹੋਂ ਲਾਹੁਣ ਵਾਲੇ ਘੁਸਪੈਠੀਆਂ ਦੀ ਵੇਲੇ ਸਿਰ ਪਛਾਣ ਕਰਨੀ ਹੋਰ ਵੀ ਜ਼ਰੂਰੀ ਹੈ। ਨਹੀਂ ਤਾਂ ਕਿਤੇ ਪੀ.ਪੀ.ਪੀ., 'ਆਪ' ਅਤੇ ਬਰਗਾੜੀ ਮੋਰਚੇ ਵਰਗੀ ਨਾ ਬਣ ਜਾਵੇ। ਤੁਹਾਡੀ ਅਗਵਾਈ 'ਤੇ ਪੰਜਾਬ ਵਾਸੀਆਂ ਨੂੰ ਭਾਵੇਂ ਕੋਈ ਸ਼ੱਕ ਸੁਭਾਅ ਨਹੀਂ। ਤੁਹਾਡੇ ਵਲੋਂ ਕਿਸਾਨ ਆਗੂ ਮਨਜੀਤ ਸਿੰਘ ਧਨੇਰ ਨੂੰ ਦਰਜਨਾਂ ਕੇਸਾਂ ਅਤੇ ਉਮਰ ਕੈਦ ਵਿਚੋਂ ਕਢਾ ਕੇ ਲਿਆਉਣ ਵਾਲੇ ਸੰਘਰਸ਼ ਨੂੰ ਲੋਕ ਭੁੱਲੇ ਨਹੀਂ ਪਰ ਇਸ ਵਾਰੀ ਤੁਹਾਡੀ ਟੱਕਰ ਪੂਰੀ ਤਰ੍ਹਾਂ ਸਾਧਨ-ਸੰਪੰਨ ਤੇ ਹਰ ਤਰ੍ਹਾਂ ਦੀਆਂ ਸ਼ਾਤਰ ਚਾਲਾਂ ਨਾਲ ਲੈਸ ਡਾਢੇ ਨਾਲ ਹੈ। ਬਹੁਤ ਸੰਭਲ ਕੇ ਚੱਲਣਾ ਪਵੇਗਾ। ਪੰਜਾਬ ਮਾਰੂ ਨੀਤੀਆਂ ਖਿਲਾਫ ਰੋਹ ਹੋਣ ਕਾਰਨ ਆਪ ਮੁਹਾਰੇ ਰੋਸ ਪ੍ਰਦਰਸ਼ਨ ਹੋ ਰਹੇ ਹਨ। ਹਰ ਕੋਈ ਆਪੋ ਆਪਣਾ ਰਾਗ ਤੇ ਆਪੋ-ਆਪਣੀ ਡਫਲੀ ਦੇ ਰਾਗ ਨੂੰ ਅਲਾਪ ਰਹੇ ਹਨ। ਇਨ੍ਹਾਂ ਨੂੰ ਇੱਕ ਝੰਡੇ ਥੱਲੇ ਇਕੱਠਾ ਕਰਨ ਦੀ ਲੋੜ ਹੈ। ਮਾਅਰਕੇਬਾਜ਼ ਐਕਸ਼ਨ ਜਿਵੇਂ ਟਰੈਕਟਰ ਸਾੜੇ ਜਾਣ ਦੀਆਂ ਘਟਨਾਵਾਂ ਪਿਛਲੇ ਦਿਨੀਂ ਵਾਪਰੀਆਂ ਹਨ, ਨੂੰ ਰੋਕਿਆ ਜਾਵੇ। ਇੱਕ ਪਾਸੇ ਤਾਂ ਅਸੀਂ ਆਪਣੀ ਮਾਂ ਜ਼ਮੀਨ ਲਈ ਸਿਰ-ਧੜ ਦੀ ਲਾ ਰਹੇ ਹਾਂ, ਦੂਜੇ ਪਾਸੇ ਟ੍ਰੈਕਟਰ ਜੋ ਕਿਸਾਨ ਦਾ ਪੁੱਤ ਹੈ, ਨੂੰ ਸਰਕਾਰਾਂ ਦੇ ਸਿਰ ਚੜ੍ਹ ਕੇ ਸਾੜ ਰਹੇ ਹਾਂ। ਅਜਿਹੇ ਐਕਸ਼ਨਾਂ ਨਾਲ ਸਾਡੇ ਰੋਹ ਦਾ ਸੰਦੇਸ਼ ਗਲਤ ਜਾਂਦਾ ਹੈ। ਪਿਆਰ ਪ੍ਰੇਰਨਾ ਨਾਲ ਇਹ ਐਕਸ਼ਨ ਰੋਕੇ ਜਾਣ ਤਾਂ ਜੋ ਤੁਹਾਡੀ ਤਾਕਤ ਖਿੰਡੇ ਨਾ। ਪੰਜਾਬੀਆਂ ਦੀਆਂ ਨਜ਼ਰਾਂ ਤੁਹਾਡੇ ਉਤੇ ਲੱਗੀਆਂ ਹੋਈਆਂ ਨੇ। ਆਗੂਆਂ ਨੂੰ ਸਿਰ ਜੋੜ ਕੇ ਬੈਠਣਾ ਹੋਵੇਗਾ। ਸੰਘਰਸ਼ ਲੜਨ ਨਾਲੋਂ ਸਹੀ ਦਿਸ਼ਾ ਵਿਚ ਲੜੇ ਜਾਣ ਵਾਲੇ ਸੰਘਰਸ਼ ਦੀ ਲੋੜ ਹੈ ਤਾਂ ਜੋ ਕਿਸੇ ਨਤੀਜੇ 'ਤੇ ਅੱਪੜਿਆ ਜਾ ਸਕੇ। ਇਸ ਬਾਰੇ ਤੁਸੀਂ ਮੇਰੇ ਨਾਲੋਂ ਜਿਆਦਾ ਜਾਣਦੇ ਹੋਵੋਗੇ।

ਮੇਰੀ ਛੋਟੀ ਜਿਹੀ ਗੁਜ਼ਾਰਿਸ਼ ਸਾਡੀਆਂ ਸਿਆਸੀ ਪਾਰਟੀਆਂ ਨੂੰ ਹੈ। ਜੋ ਆਪਣੀ ਵਾਅਦਾ-ਖਿਲਾਫੀ, ਬੇਅਦਬੀ ਜਿਹੀਆਂ ਘਟਨਾਵਾਂ, ਭ੍ਰਿਸ਼ਟਾਚਾਰ, ਅਸੰਵੇਦਨਸ਼ੀਲਤਾ ਆਦਿ ਕਰ ਕੇ ਲੋਕਾਂ ਦੀ ਕਚਹਿਰੀ ਵਿਚ ਹਨ। ਸੰਸਦ ਵਿਚ ਵਾਪਰੀਆਂ ਘਟਨਾਵਾਂ ਦਰਬਾਰ ਸਾਹਿਬ ਦੇ ਲੰਗਰ 'ਤੇ ਜੀ.ਐਸ.ਟੀ. ਲਾਗੂ ਹੋਣਾ, ਜੰਮੂ ਕਸ਼ਮੀਰ ਵਿਚੋਂ ਪੰਜਾਬੀ ਭਾਸ਼ਾ ਨੂੰ ਤਿਲਾਂਜਲੀ, ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਅਜੇ ਤਕ ਸ਼ਹੀਦ ਦਾ ਦਰਜਾ ਨਾ ਦਿਵਾ ਸਕਣਾ, ਪਾਣੀਆਂ ਦਾ ਮਸਲਾ, ਪੰਜਾਬ ਸਿਰ ਚੜ੍ਹੇ ਕਰਜ਼ੇ ਨੂੰ ਮੁਆਫ ਨਾ ਕਰਾ ਸਕਣਾ ਸਮੇਤ ਕਿੰਨੇ ਹੀ ਲੋਕ ਹਿੱਤ ਦੇ ਮਸਲੇ ਹਨ ਜਿਨ੍ਹਾਂ ਨੂੰ ਸਾਰੀਆਂ ਹੀ ਧਿਰਾਂ ਨੇ ਦਰਕਿਨਾਰ ਕਰ ਛੱਡਿਆ ਹੈ।

ਇਥੋਂ ਤਕ ਕਿ ਇਹ ਪੰਜਾਬ ਮਾਰੂ ਬਿਲਾਂ ਨੂੰ ਕਾਨੂੰਨ ਬਣਨ ਵਿਚ ਵੀ ਸਾਰੀਆਂ ਧਿਰਾਂ ਦਾ ਰੋਲ ਹੈ ਜਿਸ ਕਾਰਨ ਤੁਹਾਡੀ ਭਰੋਸੇਯੋਗਤਾ ਨੂੰ ਕਾਫੀ ਹੱਦ ਤਕ ਖੋਰਾ ਲੱਗਿਆ ਹੈ। ਵੋਟਾਂ ਦੀ ਰਾਜ ਨੀਤੀ ਫਿਰ ਕਰ ਲਿਓ ਹਾਲੇ ਸਮਾਂ ਪਿਆ ਹੈ 2022 ਵਿਚ। ਤੁਸੀਂ ਵਿਧਾਨ ਸਭਾ ਦਾ ਇਜਲਾਸ ਬੁਲਾ ਕੇ ਬਿਲਾਂ ਨੂੰ ਰੱਦ ਕਰ ਸਕਦੇ ਹੋ। ਸਾਰੇ ਸੰਸਦ ਮੈਂਬਰ ਅਤੇ ਵਿਧਾਇਕ ਇਕੱਠੇ ਹੋ ਕੇ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਸੰਵਿਧਾਨਕ, ਵਿੱਤੀ, ਖੇਤੀ ਮਾਹਰ ਕਮੇਟੀਆਂ ਤੇ ਹੋਰ ਸਬੰਧਤ ਧਿਰਾਂ ਨੂੰ ਮੰਗ ਪੱਤਰ ਦੇ ਸਕਦੇ ਹੋ। ਪਿੰਡਾਂ ਦੀਆਂ ਗ੍ਰਾਮ ਸਭਾਵਾਂ ਤੋਂ ਮਤੇ ਪੁਆ ਕੇ ਕੇਂਦਰ ਨੂੰ ਭੇਜੋ। ਸੁਪਰੀਮ ਕੋਰਟ ਦਾ ਦਰਵਾਜ਼ਾ ਵੀ ਤੁਹਾਡੇ ਵਲੋਂ ਖੜਕਾਇਆ ਜਾ ਸਕਦਾ ਹੈ।

ਬੇਸ਼ੱਕ ਇਹ ਸਾਰੇ ਉਪਰਾਲੇ ਬੇਸਿੱਟਾ ਰਹਿਣ ਪਰ ਵੱਖ-ਵੱਖ ਫਰੰਟ ਤੇ ਪੰਜਾਬ ਦੇ ਪੱਖ ਤੋਂ ਤੁਹਾਡੇ ਵਲੋਂ ਵਿਰੋਧ ਦਰਜ ਕਰਵਾਇਆ ਜਾਣਾ ਜ਼ਰੂਰੀ ਹੈ। ਕਿਸਾਨ ਆਪਣੇ ਰੋਸ ਪ੍ਰਦਰਸ਼ਨ ਤਾਂ ਕਰ ਹੀ ਰਹੇ ਹਨ। ਇਨ੍ਹਾਂ ਨਿਗੂਣੇ ਯਤਨਾਂ ਨਾਲ ਤੁਸੀਂ ਲੋਕਾਂ ਨੂੰ ਮੂੰਹ ਦਿਖਾਉਣ ਜੋਗੇ ਰਹਿ ਸਕਦੇ ਹੋ। ਤੁਹਾਡੇ ਸ਼ਕਤੀ ਪ੍ਰਦਰਸ਼ਨਾਂ ਨੇ ਪੰਜਾਬ ਦਾ ਕੁਝ ਨਹੀਂ ਸੰਵਾਰਨਾ। ਲੋੜ ਹੈ ਅੱਜ ਪੰਜਾਬ ਦੀਆਂ ਸਾਰੀਆਂ ਧਿਰਾਂ ਨੂੰ ਇਕੱਠੇ ਹੋ ਕੇ ਆਪੋ-ਆਪਣੇ ਅਧਿਕਾਰ ਖੇਤਰ ਮੁਤਾਬਕ ਕਾਲੇ ਖੇਤੀ ਕਾਨੂੰਨਾਂ ਵਿਰੁਧ ਕਦਮ ਚੁੱਕਣ ਤਾਂ ਜੋ ਇਹ ਰੱਦ ਕਰਵਾਏ ਜਾ ਸਕਣ।


---

# ਸਵਾਲ, ਜੋ ਜੁਆਬ ਮੰਗਦੇ ਹਨ!

ਨਿੰਦਰ ਘੁਗਿਆਣਵੀ
ਫੋਨ: 91-94174-21700

ਪੰਜਾਬ ਦੇ ਕਿਰਸਾਨੀ ਸੰਘਰਸ਼ ਵਿਚ ਪੰਜਾਬ ਦੀ ਜੁਆਨੀ ਜੋਸ਼ ਨਾਲ ਕੁੱਦੀ ਹੈ ਤੇ ਜੁਆਨੀ ਨੇ ਖੜਕਾਟ ਪਾਉਂਦਿਆਂ ਆਪਣੀ ਹੋਂਦ ਦਰਸਾਈ ਹੈ। ਇਹ ਚੰਗਾ ਹੋਇਆ ਹੈ ਕਿ ਜੁਆਨੀ ਨੇ ਸੰਘਰਸ਼ ਤੋਂ ਮੂੰਹ ਨਹੀਂ ਮੋੜਿਆ, ਪਰ ਮੇਰੇ ਜ਼ਿਹਨ ਵਿਚ ਬਹੁਤ ਕੁਝ ਚੱਲ ਰਿਹਾ ਹੈ। ਕਈ ਸਵਾਲ ਖੌਰੂ ਪਾ ਰਹੇ ਨੇ। ਕੀ ਜੁਆਨੀ ਸਾਡੀ ਇਵੇਂ ਰੁਲਦੀ ਰਹੇਗੀ ਜਾਂ ਵਿਦੇਸ਼ ਨੂੰ ਕੂਚ ਕਰਦੀ ਰਹੇਗੀ? ਕੀ ਉਥੋਂ ਆਤਮ ਹਤਿਆਵਾਂ ਕਰ ਗਏ ਪੁੱਤਾਂ-ਧੀਆਂ ਦੀਆਂ ਮਨਹੂਸ ਖਬਰਾਂ ਸੁਣਨਾ ਪੰਜਾਬੀ ਮਾਪਿਆਂ ਦੇ ਭਾਗੀਂ ਰੱਬ ਨੇ ਕਿਹੜੀ ਕਲਮ ਨਾਲ ਲਿਖੀਆਂ ਸਨ? ਮੇਰੇ ਸਵਾਲਾਂ ਦਾ ਕਿਸੇ ਕੋਲ ਜੁਆਬ ਨਹੀਂ।

ਚੇਤੇ ਆਇਆ ਕਿ ਪਿਛੇ ਜਿਹੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਅਦਾਲਤਾਂ ਵਿਚ ਚਪੜਾਸੀ (ਅਰਦਲੀ) ਰੱਖਣੇ ਸਨ। ਪੈਂਤੀ ਹਜ਼ਾਰ ਮੁੰਡੇ-ਕੁੜੀਆਂ, ਵਧੇਰੇ ਐੱਮ. ਏ. ਅਤੇ ਬੀ. ਏ. ਨੇ ਹੀ ਅਪਲਾਈ ਕੀਤਾ ਹੋਇਆ ਸੀ। ਅਸਾਮੀਆਂ ਪੰਜ ਹੁੰਦੀਆਂ ਨੇ ਤੇ ਅਪਲਾਈ ਪੰਜ ਸੌ ਉਮੀਦਵਾਰ ਕਰ ਦਿੰਦੇ ਹਨ ਤੇ ਉਲਟਾ ਕਿਹਾ ਜਾ ਰਿਹੈ ਕਿ ਬੇਰੁਜ਼ਗਾਰੀ ਦੂਰ ਕਰ ਦਿੱਤੀ ਆ। ਚੰਡੀਗੜ੍ਹ ਪੁਲੀਸ ਵਿਚ ਚਪੜਾਸੀ ਰੱਖੇ ਜਾਣ ਲਈ ਜਿਹੜੇ ਮੁੰਡੇ-ਕੁੜੀਆਂ ਨੇ ਅਰਜ਼ੀਆਂ ਦਿੱਤੀਆਂ ਨੇ, ਉਨ੍ਹਾਂ ਦੀਆਂ ਡਿਗਰੀਆਂ 'ਤੇ ਉੱਚ-ਵਿੱਦਿਆ 'ਤੇ ਝਾਤੀ ਮਾਰਦਿਆਂ ਹੈਰਾਨੀ ਹੁੰਦੀ ਹੈ। ਚਪੜਾਸੀ ਲੱਗਣ ਦੇ ਚਾਹਵਾਨਾਂ ਵਿਚ ਸਾਢੇ ਅੱਠ ਸੌ ਉਮੀਦਵਾਰ ਗਰੈਜੂਏਟ ਹਨ। (ਇਸ ਅਸਾਮੀ ਲਈ ਲੋੜੀਂਦੀ ਯੋਗਤਾ ਸਿਰਫ ਅੱਠਵੀਂ ਪਾਸ ਚਾਹੀਦੀ ਹੈ)। ਹੈਰਾਨੀ ਦੀ ਹੱਦ ਉਦੋਂ ਸਿਖਰ ਨੂੰ ਛੂਹ ਜਾਂਦੀ ਹੈ, ਜਦੋਂ ਚਾਰ ਐਮ. ਬੀ. ਏ. ਪਾਸ ਇਸ ਅਸਾਮੀ 'ਤੇ ਲੱਗਣ ਲਈ ਉਤਾਵਲੇ ਹਨ। ਇੱਥੇ ਹੀ ਬੱਸ ਨਹੀਂ, ਬੀ. ਐੱਸ. ਸੀ, ਬੀ. ਐੱਡ ਤੇ ਬੀ. ਪੀ. ਐੱਡ ਬਿਆਸੀ ਸੌ ਉਮੀਦਵਾਰਾਂ ਨੇ ਵੀ ਚਪੜਾਸੀ ਲੱਗਣ ਲਈ ਅਪਲਾਈ ਕੀਤਾ। ਪਝੱਤਰ ਸੌ ਬਾਰਵੀਂ ਪਾਸ ਨੇ ਅਪਲਾਈ ਕੀਤਾ ਤੇ ਪਚਵੰਜਾ ਸੌ ਦਸਵੀਂ ਪਾਸ ਨੇ ਅਰਜ਼ੀਆਂ ਲਿਖ ਕੇ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਚਪੜਾਸੀ ਰੱਖ ਲਿਆ ਜਾਵੇ।



ਦਿਲਚਸਪ ਤੱਥ ਇਹ ਹੈ ਕਿ ਜਦ ਇਸ ਕੰਮ ਵਾਸਤੇ ਇੰਟਰਵਿਊ ਹੋ ਰਹੀ ਸੀ ਤਾਂ ਬੇਰੁਜ਼ਗਾਰ ਮੁੰਡੇ-ਕੁੜੀਆਂ ਭਾਰੀ ਕਠਿਨ ਪ੍ਰਕਿਰਿਆ ਵਿਚੋਂ ਲੰਘ ਰਹੇ ਸਨ। ਉਮੀਦਵਾਰਾਂ ਕੋਲੋਂ ਗਲਾਸਾਂ ਵਿਚ ਪਾਣੀ ਭਰਵਾ ਕੇ ਤੇ ਫਿਰ ਗਲਾਸਾਂ ਨੂੰ ਟਰੇਅ ਵਿਚ ਰਖਵਾ ਕੇ ਸਾਬ੍ਹ ਵੱਲ ਤੋਰਿਆ ਜਾਂਦਾ ਸੀ। ਇਸ ਦੇ ਨਾਲ-ਨਾਲ ਉਮੀਦਵਾਰ ਦੀ ਤੋਰ ਦਾ ਵੀ ਜਿਵੇਂ ਟੈਸਟ ਹੋ ਰਿਹਾ ਸੀ ਕਿ ਕਿਧਰੇ ਉਮੀਦਵਾਰ ਕਾਹਲ ਨਾਲ ਤੁਰਦਾ ਜਾਂ ਪੈਰ ਅੱਲ-ਪਲੱਲ ਮਾਰਦਾ ਪਾਣੀ ਟਰੇਅ ਵਿਚ ਹੀ ਵਿਚ ਤਾਂ ਨਹੀਂ ਡੋਲ੍ਹ ਦਿੰਦਾ? ਜਿਸ ਦਾ ਪਾਣੀ ਟਰੇਅ ਵਿਚ ਡੁੱਲ੍ਹ ਜਾਂਦਾ ਸੀ, ਉਸ ਨੂੰ ਟੈਸਟ ਵਿਚੋਂ ਫੇਲ੍ਹ ਕਰ ਦਿੱਤਾ ਜਾਂਦਾ ਸੀ। ਹੋਰ ਵੀ ਅਹਿਮ ਤੱਥ ਇਹ ਕਿ ਉਮੀਦਵਾਰ ਕੋਲੋਂ ਜਦੋਂ ਜੱਗ ਵਿਚੋਂ ਪਾਣੀ ਗਲਾਸ ਵਿਚ ਪੁਵਾਇਆ ਜਾਂਦਾ ਸੀ ਤਾਂ ਇਹ ਵੀ ਧਿਆਨ ਰੱਖਿਆ ਜਾਦਾ ਸੀ, ਕਿਧਰੇ ਪਾਣੀ ਦਾ ਤੁਪਕਾ ਬਾਹਰ ਤਾਂ ਨਹੀਂ ਛਲਕ ਗਿਆ? ਜੇ ਪਾਣੀ ਦਾ ਤੁਪਕਾ ਗਲਾਸ ਤੋਂ ਬਾਹਰ ਛਲਕ ਗਿਆ ਤਾਂ ਸਮਝੋ ਕਿ ਉਮੀਦਵਾਰ ਦੇ ਭਵਿੱਖ 'ਤੇ ਲੱਗ ਗਿਆ ਸਵਾਲੀਆ ਨਿਸ਼ਾਨ। ਕਿਸੇ ਅੱਖੜ ਸੁਭਾਅ ਦੇ ਸਾਬ੍ਹ ਦੇ ਆਖਣ ਵਾਂਗੂੰ, "ਉਏ ਵੱਡਿਆ ਪਾੜ੍ਹਿਆ, ਤੈਨੂੰ ਤਾਂ ਗਲਾਸ ਵਿਚ ਪਾਣੀ ਵੀ ਨਹੀਂ ਪਾਉਣਾ ਆਉਂਦਾ, ਕਰੀ ਫਿਰਦਾ ਐਂ ਵੱਡੀਆਂ ਡਿਗਰੀਆਂ।"

ਇਨ੍ਹਾਂ ਸਾਰੀਆਂ ਗੱਲਾਂ ਤੇ ਤੱਥਾਂ ਤੋਂ ਮੈਨੂੰ ਆਪਣੀ ਸੇਵਾਦਾਰੀ (ਅਰਦਲੀ) ਦੀ ਨੌਕਰੀ ਦੇ ਦਿਨ ਭਲੀਭਾਂਤੀ ਚੇਤੇ ਆਉਂਦੇ ਨੇ ਤੇ ਉਸ ਵੇਲੇ ਵਿਚ ਹੰਢਾਈ ਜ਼ਲਾਲਤ ਵੀ ਕਦੇ ਨਹੀਂ ਭੁੱਲੀ। ਮੇਰੇ ਵਰਗੇ ਅਨੇਕਾਂ ਅਰਦਲੀ ਅਜਿਹੇ ਹਨ, ਜਿਹੜੇ ਅੱਜ ਵੀ ਜ਼ਲਾਲਤ ਭਰੀ ਜ਼ਿੰਦਗੀ ਜਿਉਂ ਰਹੇ ਹਨ। ਘਰ ਦਾ ਉਹ ਕੰਮ ਇਨ੍ਹਾਂ ਅਰਦਲੀਆਂ ਤੋਂ ਕਰਵਾਇਆ ਜਾਂਦਾ ਹੈ, ਜੋ ਸਾਰਾ ਬੁੜ੍ਹੀਆਂ

(ਬਾਕੀ ਅਗਲੇ ਸਫੇ 'ਤੇ)

# ਔਰੰਗਜ਼ੇਬਾਂ ਨੂੰ ਜੇਬ-ਉ-ਨਿਸਾ ਵਾਂਗ ਟੱਕਰੀਏ!


ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268


ਸ਼ਾਇਦ ਪਾਠਕ ਸੋਚਣਗੇ ਕਿ ਔਰੰਗਜ਼ੇਬ ਤਾਂ ਇਕ ਉਹੀ ਹੋਇਆ, ਜਿਸ ਦੇ ਤੁਅੱਸਬੀ ਰਾਜ ਵਿਚ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਈ ਸੀ, ਪਰ ਇੱਥੇ ਬਹੁਵਚਨ ਵਜੋਂ 'ਔਰੰਗਜ਼ੇਬਾਂ ਕਿਉਂ ਲਿਖਿਆ ਹੈ? ਇਹ ਸਵਾਲ ਖੜ੍ਹਾ ਕਰਨ ਵਾਲਿਆਂ ਦੀ ਨਜ਼ਰ ਵਿਚ ਸ਼ਿਅਰ ਹਾਜ਼ਰ ਹੈ,

ਤਖ਼ਤੇ-ਸ਼ਾਹੀ ਤਖ਼ਤ-ਨਸ਼ੀਂ ਪਰ
ਅਪਨਾ ਰੰਗ ਚੜ੍ਹਾ ਦੇਤਾ ਹੈ
ਰਫ਼ਤਾ ਰਫ਼ਤਾ ਹਰ ਹਾਕਿਮ ਕੋ
ਔਰੰਗਜ਼ੇਬ ਬਨਾ ਦੇਤਾ ਹੈ।

ਔਰੰਗਜ਼ੇਬ ਦੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਬਿਲਕੁਲ ਉਹਦੇ ਵਰਗੇ ਹੈਂਕੜਬਾਜ਼ ਇਕ ਚੌਧਰੀ ਦੀ ਦੀ ਵਾਰਤਾ ਸੁਣਨੀ ਵੀ ਦਿਲਚਸਪ ਰਹੇਗੀ, ਜੋ ਕੁਝ ਦਿਨ ਪਹਿਲਾਂ ਮੈਂ ਸਰਹੱਦੋਂ ਪਾਰਲੇ ਸਕਾਲਰ ਜਨਾਬ ਨੈਣ ਸੁਖ ਮੂੰਹੋਂ ਸੁਣੀ ਸੀ। ਕਹਿੰਦੇ, ਕਿਸੇ ਇਲਾਕੇ ਦੇ ਜ਼ੈਲਦਾਰਾਂ ਵਰਗੇ ਚੌਧਰੀ ਦੀ ਕੋਈ ਰਿਸ਼ਤੇਦਾਰ ਬੀਬੀ ਕਹਿਣ ਲੱਗੀ, 'ਚੌਧਰੀ ਸਾਹਿਬ, ਮੈਂ ਸਰੋਤਿਆਂ ਦੇ ਇਕੱਠ ਵਿਚ ਕੁਝ ਗਾਉਣਾ ਚਾਹੁੰਦੀ ਹਾਂ।' ਉਹਦੀ ਰੀਝ ਪੂਰੀ ਕਰਨ ਲਈ ਚੌਧਰੀ ਨੇ ਇਲਾਕੇ ਦੇ ਕਾਫੀ ਲੋਕਾਂ ਦਾ ਇਕੱਠ ਬੁਲਾ ਲਿਆ। ਗਾਉਣ ਵਜਾਉਣ ਦੀ ਕੋਈ ਵੀ ਤਾਲੀਮ ਨਾ ਹੋਣ ਕਾਰਨ ਉਸ ਬੀਬੀ ਨੇ ਚੌਧਰੀ ਤੋਂ ਇਹ ਸਖਤ ਹਦਾਇਤ ਵੀ ਦਿਵਾ ਦਿੱਤੀ ਕਿ ਕੋਈ ਸਰੋਤਾ, ਬੀਬੀ ਦਾ ਗੌਣ ਸੁਣ ਕੇ ਠੱਠਾ ਮਜ਼ਾਕ ਨਾ ਕਰੇ ਤੇ ਨਾ ਹੀ ਕੋਈ ਨੁਕਸ ਗਿਣਾਵੇ। ਸੁਭਾਅ ਦੇ ਤੱਤੇ ਚੌਧਰੀ ਨੇ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਨ ਵਾਲੇ ਦੀ ਵੱਖੀ ਪਾੜ ਦੇਣ ਦੀ ਸਜ਼ਾ ਦਾ ਐਲਾਨ ਵੀ ਅਗਾਊਂ ਹੀ ਕਰ ਦਿੱਤਾ।

ਜੁੜੇ ਇਕੱਠ ਮੂਹਰੇ ਖੜ੍ਹ ਕੇ ਬੀਬੀ ਲੱਗ ਪਈ ਝੱਲ ਵਲੱਲੀਆਂ ਮਾਰਨ। ਕਿਸੇ ਦੀ ਲੱਤ, ਕਿਸੇ ਦੀ ਬਾਂਹ! ਜੋ ਕੁਝ ਵੀ ਬੋਲੇ, ਸਭ ਬੇਸੁਰਾ। ਸਖਤ ਵਾਰਨਿੰਗ ਤੋਂ ਡਰਦੇ ਸਰੋਤਿਆਂ ਵਿਚ ਕਈ ਝੂਮਣ ਲੱਗ ਪਏ, ਕਈ ਫੋਕੀ 'ਵਾਹ ਵਾਹ' ਦੀ ਦਾਦ ਦੇਣ ਲੱਗੇ। ਅਜਿਹਾ ਮਾਹੌਲ ਦੇਖ ਕੇ ਬੇਸਮਝ ਬੀਬੀ ਹੋਰ ਉਤਸ਼ਾਹ ਨਾਲ ਉੱਚ ਦੀਆਂ ਪਤਾਲ ਮਾਰਨ ਲੱਗ ਪਈ। ਇੰਨੇ ਨੂੰ ਗਾਇਕੀ ਦਾ 'ਅਨੰਦ ਮਾਣਦੇ' ਸਰੋਤਿਆਂ ਵਿਚੋਂ ਇਕ ਗਰੀਬੜਾ ਮੀਰਜਾਦਾ ਉੱਠ ਕੇ ਖੜ੍ਹਾ ਹੋ ਗਿਆ।

ਇਸ ਤੋਂ ਪਹਿਲਾਂ ਕਿ ਚੌਧਰੀ ਉਹਦੇ ਉੱਠਣ ਦਾ ਕਾਰਨ ਪੁੱਛਦਾ, ਉਹ ਮੀਰਜਾਦਾ ਚੌਧਰੀ ਕੋਲ ਆ ਖਲੋਤਾ। ਆਪਣੀ ਕਮੀਜ ਦਾ ਪੱਲਾ ਇਕ ਪਾਸਿਉਂ ਉੱਤੇ ਚੁੱਕ ਕੇ ਕਹਿੰਦਾ, "ਚੌਧਰੀ ਸਾਬ੍ਹ, ਵੱਖੀ ਪਾੜ ਦਿਉ ਮੇਰੀ!"

ਹੁਣ ਔਰੰਗਜ਼ੇਬ ਦੀ ਗੱਲ। ਇਤਿਹਾਸਕਾਰ ਗਿਆਨੀ ਸੋਹਣ ਸਿੰਘ ਸੀਤਲ ਅਨੁਸਾਰ ਔਰੰਗਜ਼ੇਬ ਨੇ ਪਖੰਡ ਕਰਦਿਆਂ ਦੋ ਵਾਰ ਆਪਣੇ ਆਪ ਨੂੰ 'ਫਕੀਰ' ਕਿਹਾ। ਪਹਿਲੀ ਵਾਰ ਉਦੋਂ, ਜਦ ਉਸ ਨੂੰ ਦੱਖਣ ਵਿਚ ਗਏ ਨੂੰ ਆਪਣੇ ਬਾਪ ਸ਼ਾਹ ਜਹਾਨ ਦੀ ਬੀਮਾਰੀ ਦਾ ਪਤਾ ਲੱਗਾ। ਇਹ ਸੂਚਨਾ ਦਿੰਦਾ ਭੈਣ ਦਾ ਖਤ ਪੜ੍ਹ ਕੇ ਉਹ ਮੱਕਾਰੀ ਨਾਲ, ਭਰਾ ਮੁਰਾਦ ਨੂੰ ਆਪਣੇ ਨਾਲ ਗੰਢਣ ਦੀ ਮਨਸ਼ਾ ਨਾਲ ਕਹਿਣ ਲੱਗਾ, "ਭਰਾਵਾ, ਦਾਰੇ ਵਰਗਾ ਕਾਫਰ ਬੰਦਾ ਬਾਦਸ਼ਾਹ ਨਹੀਂ ਬਣਨਾ ਚਾਹੀਦਾ। ਮੈਂ (ਔਰੰਗਜ਼ੇਬ) ਤਾਂ ਫਕੀਰ ਆਦਮੀ ਹਾਂ...ਤੈਨੂੰ (ਮੁਰਾਦ) ਦਿੱਲੀ ਦਾ ਤਖ਼ਤ ਦੁਆ ਕੇ ਮੱਕੇ ਮਦੀਨੇ ਚਲੇ ਜਾਵਾਂਗਾ!"

ਮੁਰਾਦ ਵਲੋਂ ਕਪਟੀ ਔਰੰਗਜ਼ੇਬ ਦੇ ਝਾਂਸੇ ਵਿਚ ਆਉਣ ਦਾ ਵੇਰਵਾ ਛੱਡ ਕੇ ਆਪਾਂ ਅਗਲੀ ਗੱਲ ਛੋਹੀਏ। ਪਿਉ, ਭੈਣਾਂ, ਭਰਾਵਾਂ ਦੇ ਖਾਤਮੇ ਦੇ ਨਾਲ ਨਾਲ ਹੋਰ ਘੋਰ ਜੁਲਮ ਕਮਾਉਂਦਾ ਜਦ ਉਹ ਬੁੱਢਾ ਹੋ ਚੱਲਿਆ ਤਾਂ ਇਕ ਦਿਨ ਕਿਤੇ ਉਸ ਨੇ ਆਪਣੀ ਕਵਿੱਤਰੀ ਬੇਟੀ ਜੇਬ-ਉ-ਨਿਸਾ ਵੱਲ ਚਾਰ ਸਤਰਾਂ ਲਿਖ ਭੇਜੀਆਂ,

ਸਲਤਨਤ ਰਾ ਇਜਤ ਅੰਦਰ
ਆਲਮਿ-ਫਾਨੀ ਕੁਜਾਸਤ?
ਮਾ ਗਦਾਯੇਮ ਮਾ ਰਾ
ਐਸ਼ਿ-ਸੁਲਤਾਨੀ ਕੁਜਾਸਤ?
ਈ ਦਿਲਿ-ਦੀਵਾਨਾ ਰਾ
ਗੁਫਤਮ ਕਿ ਆਕਿਲ ਸ਼ੌ ਨ ਸ਼ੁਦ।
ਆ ਰੇ! ਆ ਰੇ! ਤਿਫਲ ਰਾ
ਮੈਲਿ-ਸਬਕ ਖਾਨੀ ਕੁਜਾਸਤ!

(ਅਰਥਾਤ-ਇਸ ਨਾਸਵੰਤ ਸੰਸਾਰ ਵਿਚ ਬਾਦਸ਼ਾਹ ਲਈ ਇੱਜਤ ਕਿੱਥੇ? ਮੈਂ ਤਾਂ ਫਕੀਰ ਹਾਂ, ਮੇਰੇ ਵਾਸਤੇ ਸ਼ਾਹੀ ਆਰਾਮ ਕਿੱਥੇ? ਮੈਂ ਇਸ ਪਾਗਲ ਮਨ ਨੂੰ ਆਖਦਾ ਹਾਂ ਕਿ ਅਕਲ ਵਾਲਾ



ਬਣ, ਪਰ ਨਹੀਂ ਬਣਦਾ। ਹਾਂ ਹਾਂ {ਜਿਵੇਂ} ਬੱਚਾ ਸੰਥਿਆ ਯਾਦ ਕਰਨ ਵਿਚ ਲੀਨ ਨਹੀਂ ਹੁੰਦਾ!)

ਧੀ ਜੇਬ-ਉ-ਨਿਸਾ ਦਾ ਸ਼ਾਇਰ ਮਨ 'ਕਪਟੀ ਫਕੀਰ' ਦੀਆਂ ਇਹ ਸਤਰਾਂ ਪੜ੍ਹ ਕੇ ਖੌਲ ਉੱਠਿਆ ਹੋਵੇਗਾ! ਉਸ ਨੇ ਹੇਠ ਲਿਖਿਆ ਜਵਾਬ ਭੇਜਿਆ,

ਬੇ ਤਕੱਲਫ ਦਰ ਬਦਰ ਗਰਦੀ
ਤੁਰਾ ਸਾਨੀ ਕੁਜਾਸਤ?
ਚੂੰ ਤੂ ਖੂੰਰੇਜੇ ਦਿਗਰ ਦਰ
ਆਲਮਿ ਫਾਨੀ ਕੁਜਾਸਤ?
ਅਜ ਬਰਾਏ ਸਲਤਨਤ
ਖੂਨਿ ਬਰਾਦਰ ਰੇਖਤੀ
ਕਾਜ ਮੇਂ ਗੋਈ ਕਿ
ਮਾਰਾ ਐਸ਼ਿ ਸੁਲਤਾਨੀ ਕੁਜਾਸਤ!

(ਅਰਥਾਤ-ਬਿਨਾ ਝਿਜਕ ਤੂੰ ਦਰ-ਬਦਰ ਭਟਕਦਾ ਫਿਰਦਾ ਹੈਂ। ਤੇਰੇ ਵਰਗਾ ਕੌਣ ਹੈ? ਕਿਉਂਕਿ ਤੇਰੇ ਵਰਗਾ ਜਾਲਮ ਹੋਰ ਨਾਸ਼ਵੰਤ ਦੁਨੀਆਂ ਵਿਚ ਕਿੱਥੇ? ਬਾਦਸ਼ਾਹੀ ਵਾਸਤੇ ਤੂੰ ਭਰਾ ਦਾ ਖੂਨ ਡੋਲ੍ਹਿਆ (ਭਰਾ ਨੂੰ ਕਤਲ ਕੀਤਾ)। ਫਿਰ ਆਖਦਾ ਹੈਂ ਕਿ ਮੇਰੇ ਵਾਸਤੇ ਬਾਦਸ਼ਾਹੀ ਆਰਾਮ ਕਿੱਥੇ?)

ਖਰੀਆਂ ਖਰੀਆਂ ਸੁਣਾਉਣ ਵਾਲੇ ਅਣਖੀਲੇ ਲੋਕ ਜਾਂ ਤਾਂ ਔਰੰਗਜ਼ੇਬਾਂ ਕੋਲੋਂ ਵੱਖੀਆਂ ਪੜਵਾਉਣ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਹਨ ਜਾਂ ਫਿਰ ਉਹ ਬਾਕੀ ਉਮਰ ਜੇਲ੍ਹਾਂ ਵਿਚ ਗੁਜਰਦੇ ਹਨ। ਇਵੇਂ ਵਿਚਾਰੀ ਜੇਬ-ਉ-ਨਿਸਾ ਵੀ ਆਪਣੇ ਨਿਰਦਈ ਬਾਪ ਨੂੰ ਸੱਚ ਦਾ ਸ਼ੀਸ਼ਾ ਦਿਖਾਉਣ ਬਦਲੇ ਵੀਹ ਸਾਲ ਜੇਲ੍ਹ ਵਿਚ ਸੜਦੀ ਰਹੀ। ਵਕਤਨ-ਬ-ਵਕਤਨ 'ਔਰੰਗਜ਼ੇਬ' ਬਣਦੇ ਰਹਿੰਦੇ ਹੁਕਮਰਾਨਾਂ ਨੂੰ ਹਕੀਕਤ ਤੋਂ ਜਾਣੂ ਕਰਵਾਉਣ ਵਾਲੇ ਸ਼ਾਇਰ ਵੀ ਹੋਕਾ ਦਿੰਦੇ ਹੀ ਰਹਿੰਦੇ ਹਨ,

ਬਜਾ ਕਹੇ ਜਿਸੇ ਆਲਮ
ਉਸੇ ਬਜਾ ਸਮਝੋ,
ਜ਼ਬਾਨੇ-ਖ਼ਲਕ ਕੋ
ਨੱਕਾਰਾ-ਏ-ਖ਼ੁਦਾ ਸਮਝੋ।

***(ਜ਼ਬਾਨੇ-ਖ਼ਲਕ: ਲੋਕਾਂ ਦੀ ਅਵਾਜ਼; ਨੱਕਾਰਾ-ਏ-ਖ਼ੁਦਾ: ਰੱਬ ਦਾ ਨਗਾਰਾ)***

# ਹਾਥਰਸ ਮਾਮਲੇ ਵਿਚ ਅਲਾਹਾਬਾਦ ਹਾਈਕੋਰਟ ਦਾ ਦਲੇਰਾਨਾ ਦਖਲ


ਹਰਜਿੰਦਰ ਸਿੰਘ ਗੁਲਪੁਰ

ਫੋਨ: 0061411218801


ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਦਿੱਤੇ ਨਾਅਰੇ 'ਬੇਟੀ ਬਚਾਓ ਬੇਟੀ ਪੜ੍ਹਾਓ' ਦਾ ਦੇਸ਼ ਦੇ ਕੁਝ ਹਿੱਸਿਆਂ, ਖਾਸ ਕਰ ਕੇ ਉਤਰ ਪ੍ਰਦੇਸ਼ ਵਿਚ ਮਜ਼ਾਕ ਬਣਾ ਕੇ ਰੱਖ ਦਿੱਤਾ ਗਿਆ ਹੈ। ਦੇਸ਼ ਦੇ ਸਭ ਤੋਂ ਵੱਡੇ ਭਾਜਪਾ ਸ਼ਾਸਤ ਰਾਜ ਉਤਰ ਪ੍ਰਦੇਸ਼ ਵਿਚ ਆਏ ਦਿਨ ਇਸ ਨਾਅਰੇ ਅੰਦਰਲੀ ਮੂਲ ਭਾਵਨਾ ਨੂੰ ਤਾਰ-ਤਾਰ ਕੀਤਾ ਜਾ ਰਿਹਾ ਹੈ। ਜਿਸ ਤਰ੍ਹਾਂ ਉਤਰ ਪ੍ਰਦੇਸ਼ ਅੰਦਰ ਉਪਰੋਥਲੀ ਦਲਿਤ ਸਮਾਜ ਦੀਆਂ ਬੱਚੀਆਂ ਨਾਲ ਸ਼ਰਮਨਾਕ ਘਟਨਾਵਾਂ ਵਾਪਰ ਰਹੀਆਂ ਹਨ, ਉਸ ਨਾਲ ਪੂਰੇ ਸੰਸਾਰ ਵਿਚ ਕੇਂਦਰ ਅਤੇ ਰਾਜ ਸਰਕਾਰ ਦੀ ਬਦਨਾਮੀ ਹੋ ਰਹੀ ਹੈ। ਇਸ ਘਟਨਾ ਨੇ 2016 ਵਿਚ ਵਾਪਰੇ ਨਿਰਭੈਆ ਕੇਸ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ।

ਉਤਰ ਪ੍ਰਦੇਸ਼ ਵਿਚ ਅਮਨ ਕਾਨੂੰਨ ਦੀ ਹਾਲਤ ਦਾ ਬਹੁਤ ਮੰਦਾ ਹਾਲ ਹੈ। ਆਏ ਦਿਨ ਕਤਲਾਂ ਅਤੇ ਬਲਾਤਕਾਰਾਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਪੀ.ਐਮ. ਦਾ ਸੱਜਾ ਹੱਥ ਮੰਨੇ ਜਾਂਦੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਦੇ ਚੁਸਤ-ਦਰੁਸਤ ਪ੍ਰਸ਼ਾਸਨ ਦੇਣ ਦੇ ਵਾਅਦੇ ਅਤੇ ਦਾਅਵੇ ਹਵਾ ਹਵਾਈ ਸਾਬਤ ਹੋ ਰਹੇ ਹਨ। ਜਿਸ ਤਰ੍ਹਾਂ ਇਸ ਸੰਵੇਦਨਸ਼ੀਲ ਮਾਮਲੇ ਨੂੰ ਹੱਲ ਕਰਦੇ ਸਮੇਂ ਯੂ.ਪੀ. ਪੁਲਿਸ ਨੇ ਗੈਰ ਜ਼ਿੰਮੇਵਾਰਾਨਾ ਰਵੱਈਆ ਅਖਤਿਆਰ ਕੀਤਾ, ਉਸ ਨੇ ਹਰ ਅੱਖ ਨੂੰ ਨਮ ਕਰ ਦਿੱਤਾ ਹੈ। ਮਾਮਲੇ ਦੀ ਗੰਭੀਰਤਾ ਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ ਅਲਾਹਾਬਾਦ ਹਾਈਕੋਰਟ ਨੂੰ ਇਸ ਘਟਨਾ ਦਾ ਖੁਦ ਨੋਟਿਸ ਲੈਣਾ ਪਿਆ ਹੈ। ਅਲਾਹਾਬਾਦ ਹਾਈਕੋਰਟ ਨੇ ਨੋਟਿਸ ਵਿਚ ਕਿਹਾ ਹੈ, "ਮਾਮਲਾ ਸਰਵਜਨਕ ਮਹੱਤਵ ਅਤੇ ਸਰਵਜਨਕ ਹਿਤ ਦਾ ਹੈ ਕਿਉਂਕਿ ਇਸ ਵਿਚ ਰਾਜ ਦੇ ਅਧਿਕਾਰੀਆਂ ਦੁਆਰਾ ਜ਼ਿਆਦਤੀ ਦਾ ਦੋਸ਼ ਸ਼ਾਮਲ ਹੈ। ਇਸ ਕਾਰਨ ਨਾ ਕੇਵਲ ਮ੍ਰਿਤਕ ਪੀੜਤਾ ਬਲਕਿ ਉਸ ਦੇ ਪਰਿਵਾਰਕ ਮੈਂਬਰਾਂ ਦੇ ਮਾਨਵੀ ਅਤੇ ਮੌਲਿਕ ਅਧਿਕਾਰਾਂ ਦਾ ਉਲੰਘਣ ਹੁੰਦਾ ਹੈ।" ਜਸਟਿਸ ਰਾਜਨ ਰਾਏ ਅਤੇ ਜਸਟਿਸ ਜਸਪ੍ਰੀਤ ਸਿੰਘ ਨੇ ਕਿਹਾ, "ਜਿਸ ਤਰ੍ਹਾਂ ਦਿਸ ਰਿਹਾ ਹੈ ਕਿ ਅਪਰਾਧ ਕਰਨ ਵਾਲਿਆਂ ਦੁਆਰਾ ਮ੍ਰਿਤਕਾ ਨਾਲ ਬਹੁਤ ਕਰੂਰਤਾ ਵਰਤੀ ਗਈ ਸੀ ਅਤੇ ਉਸ ਤੋਂ ਬਾਅਦ ਕੀ ਹੋਇਆ, ਅਗਰ ਇਹ ਸੱਚ ਹੈ ਤਾਂ ਪਰਿਵਾਰ ਦੇ ਦੁੱਖ ਵਿਚ ਵਾਧਾ ਕਰਨ ਵਾਲਾ ਅਤੇ ਉਹਨਾਂ ਦੇ ਜ਼ਖਮਾਂ ਉਤੇ ਨਮਕ ਛਿੜਕਣ ਵਾਲਾ ਹੈ।"



ਇਹਨਾਂ ਦੋਹਾਂ ਜੱਜਾਂ ਦੀ ਬੈਂਚ ਨੇ ਮਾਮਲੇ ਦਾ ਖੁਦ ਨੋਟਿਸ ਲੈਂਦਿਆਂ ਕੋਰਟ ਦੇ ਸੀਨੀਅਰ ਰਜਿਸਟਰਾਰ ਨੂੰ ਆਦੇਸ਼ ਦਿੱਤਾ ਹੈ ਕਿ 'ਗਰਿਮਾ ਪੂਰਨ ਅੰਤਿਮ ਸੰਸਕਾਰ' ਦੇ ਨਾਮ ਤਹਿਤ ਜਨ ਹਿੱਤ ਸ਼ਿਕਾਇਤ ਦਾਇਰ ਕੀਤੀ ਜਾਵੇ ਜਿਸ ਦੀ ਸੁਣਵਾਈ 12 ਸਤੰਬਰ ਨੂੰ ਹੋਵੇਗੀ।

ਅਦਾਲਤ ਨੇ ਕਿਹਾ ਹੈ ਕਿ ਇਹ ਤੈਅ ਕੀਤਾ ਜਾਣਾ ਚਾਹੀਦਾ ਹੈ ਕਿ ਰਾਤ 2 ਵਜੇ ਤੋਂ ਬਾਅਦ ਪੀੜਤਾ ਦਾ ਕਾਹਲੀ ਵਿਚ ਦਾਹ ਸੰਸਕਾਰ ਕਰਨਾ ਸੰਵਿਧਾਨ ਦੀ ਧਾਰਾ 21 ਅਧੀਨ ਜੀਵਨ ਦੇ ਮੌਲਿਕ ਅਧਿਕਾਰ ਦਾ ਉਲੰਘਣ ਤਾਂ ਨਹੀਂ ਹੈ। ਦੇਰ ਰਾਤ ਕਾਹਲੀ ਵਿਚ ਕੀਤੇ ਦਾਹ ਸੰਸਕਾਰ ਨੂੰ ਲੈ ਕੇ ਅਦਾਲਤ ਨੇ ਸ਼ੱਕ ਪ੍ਰਗਟ ਕੀਤਾ ਹੈ ਕਿ ਇਹ ਸਭ ਕੁਝ ਅਧਿਕਾਰੀਆਂ ਨੇ ਲੜਕੀ ਦੀ ਆਰਥਿਕ ਹੈਸੀਅਤ ਕਰ ਕੇ ਕੀਤਾ ਹੈ। ਇਸ ਮਾਮਲੇ ਵਿਚ ਅਦਾਲਤ ਨੇ ਉਤਰ ਪ੍ਰਦੇਸ਼ ਦੇ ਵਧੀਕ ਸਕੱਤਰ (ਗ੍ਰਹਿ), ਡੀ.ਜੀ.ਪੀ., ਏ.ਡੀ.ਜੀ.ਪੀ. (ਕਾਨੂੰਨ ਵਿਵਸਥਾ), ਹਾਥਰਸ ਦੇ ਜ਼ਿਲ੍ਹਾ ਮੈਜਿਸਟਰੇਟ ਅਤੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਤਲਬ ਕੀਤਾ ਹੈ। ਉਹਨਾਂ ਨੂੰ ਅਦਾਲਤ ਦੇ ਸਾਹਮਣੇ ਪੇਸ਼ ਹੋ ਕੇ ਆਪਣਾ ਪੱਖ ਰੱਖਣ ਅਤੇ ਪੜਤਾਲ ਵਿਚ ਹੋਈ ਪ੍ਰਗਤੀ ਵਾਰੇ ਰਿਪੋਰਟ ਕਰਨ ਲਈ ਆਦੇਸ਼ ਦਿੱਤਾ ਹੈ।

ਇਸ ਦੇ ਨਾਲ ਹੀ ਅਦਾਲਤ ਨੇ ਪੀੜਤਾ ਦੇ ਮਾਤਾ ਪਿਤਾ, ਭਾਈ ਭੈਣ ਆਦਿ ਨੂੰ ਵੀ ਅਦਾਲਤ ਸਾਹਮਣੇ ਹਾਜ਼ਰ ਹੋਣ ਦੇ ਆਦੇਸ਼ ਦਿੱਤੇ ਹਨ ਤਾਂ ਕਿ ਉਹਨਾਂ ਦੀ ਧੀ ਦੇ ਸੰਸਕਾਰ ਵਾਰੇ ਉਹਨਾਂ ਦਾ ਪੱਖ ਸੁਣਿਆ ਜਾ ਸਕੇ ਅਤੇ ਅਦਾਲਤ, ਪ੍ਰਸ਼ਾਸਨ ਵਲੋਂ ਪੇਸ਼ ਕੀਤੇ ਜਾਣ ਵਾਲੇ ਤੱਥਾਂ ਦੀ ਜਾਂਚ ਕਰ ਸਕੇ। ਹਾਥਰਸ ਦੇ ਜ਼ਿਲ੍ਹਾ ਜੱਜ ਨੂੰ ਇਹ ਨਿਸਚਿਤ ਕਰਨ ਦੇ ਆਦੇਸ਼ ਦਿੱਤੇ ਗਏ ਹਨ ਕਿ ਸੁਣਵਾਈ ਦੇ ਦਿਨ ਪੀੜਤਾ ਦੇ ਪਰਿਵਾਰ ਵਾਲੇ ਅਦਾਲਤ ਵਿਚ ਮੌਜੂਦ ਰਹਿਣ।

ਦੇਖਿਆ ਜਾਵੇ ਤਾਂ ਸ਼ੁਰੂ ਤੋਂ ਲੈ ਕੇ ਇਸ ਕੇਸ ਤੇ ਪੁਲਿਸ ਅਧਿਕਾਰੀਆਂ ਵਲੋਂ ਮਿੱਟੀ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਪਹਿਲਾਂ ਪੁਲਿਸ ਇਸ ਮਾਮਲੇ ਦੀ ਐਫ.ਆਈ.ਆਰ. ਦਰਜ ਕਰਨ ਵਿਚ ਆਨਾ-ਕਾਨੀ ਕਰਦੀ ਰਹੀ ਜੋ ਕਾਨੂੰਨਨ ਜੁਰਮ ਹੈ। ਇਸ ਤੋਂ ਬਾਅਦ ਉਸ ਲੜਕੀ ਨੂੰ ਜਾਣ ਬੁਝ ਕੇ ਮੈਡੀਕਲ ਸਹਾਇਤਾ ਦੇਣ ਵਿਚ ਦੇਰੀ ਕੀਤੀ ਗਈ। ਜਦੋਂ ਲੜਕੀ ਨੇ ਦਿੱਲੀ ਦੇ ਸਫਦਰਗੰਜ ਹਸਪਤਾਲ ਵਿਚ ਦਮ ਤੋੜ ਦਿੱਤਾ ਤਾਂ ਜਲਦਬਾਜ਼ੀ ਵਿਚ ਪੁਲਿਸ ਨੇ ਉਸ ਦੀ ਲਾਸ਼ ਦਾ ਸੰਸਕਾਰ ਕਰ ਦਿੱਤਾ। ਇਸ ਸਮੇਂ ਲੜਕੀ ਦੇ ਪਰਿਵਾਰ ਨੂੰ ਲਾਸ਼ ਦੇ ਨੇੜੇ ਨਹੀਂ ਆਉਣ ਦਿੱਤਾ ਗਿਆ। ਜਿਉਂਦੇ ਜੀਅ ਤਾਂ ਉਸ ਨਾਲ ਜੋ ਹੋਇਆ ਸੋ ਹੋਇਆ, ਮਰਨ ਉਪਰੰਤ ਵੀ ਉਸ ਦਾ ਤਿਰਸਕਾਰ ਕੀਤਾ ਗਿਆ। ਪ੍ਰਸ਼ਾਸਨ ਦੇ ਇਸ ਗੈਰ ਮਾਨਵੀ ਵਤੀਰੇ ਨੂੰ ਦੇਖ ਕੇ ਪੂਰੇ ਦੇਸ਼ ਅੰਦਰ ਰੋਸ ਦੀ ਲਹਿਰ ਫੈਲ ਗਈ।

ਇਸੇ ਦੌਰਾਨ ਏ.ਡੀ.ਜੀ.ਪੀ. ਰੈਂਕ ਦੇ ਇੱਕ ਅਧਿਕਾਰੀ ਨੇ ਬਿਆਨ ਦੇ ਮਾਰਿਆ ਕਿ ਪੋਸਟ ਮਾਰਟਮ ਦੀ ਰਿਪੋਰਟ ਅਨੁਸਾਰ ਲੜਕੀ ਨਾਲ ਬਲਾਤਕਾਰ ਨਹੀਂ ਹੋਇਆ ਕਿਉਂਕਿ ਰਿਪੋਰਟ ਵਿਚ ਸੀਮਨ ਨਾ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਪੁਲਿਸ ਅਧਿਕਾਰੀ ਨੇ ਇਹ ਬਿਆਨ ਹਾਈਕੋਰਟ ਵਲੋਂ ਮਾਮਲੇ ਦਾ ਸਵੈ ਨੋਟਿਸ ਲੈਣ ਤੋਂ ਬਾਅਦ ਦਿੱਤਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਇਹ ਬਿਆਨ ਦੇਣ ਸਮੇਂ ਇਸ ਉਚ ਪੁਲਿਸ ਅਧਿਕਾਰੀ ਨੂੰ ਨਵੇਂ ਕਾਨੂੰਨ ਦੀ ਰੌਸ਼ਨੀ ਵਿਚ ਬਲਾਤਕਾਰ ਦੀ ਸੋਧੀ ਹੋਈ ਪਰਿਭਾਸ਼ਾ ਦੀ ਜਾਣਕਾਰੀ ਨਹੀਂ ਸੀ? ਅਸਲ ਵਿਚ ਇਹ ਬਿਆਨ ਵੀ ਉਸੇ ਕੜੀ ਦਾ ਹਿੱਸਾ ਹੈ ਜਿਸ ਦਾ ਇਸਤੇਮਾਲ ਇਸ ਸ਼ਰਮਨਾਕ ਅਪਰਾਧ ਨੂੰ ਦਬਾਉਣ ਲਈ ਕੀਤਾ ਜਾ ਰਿਹਾ ਹੈ।

ਪੀੜਤਾ ਦੀ ਪੋਸਟ ਮਾਰਟਮ ਰਿਪੋਰਟ ਵਿਚ ਸਾਫ ਲਿਖਿਆ ਹੈ ਕਿ ਉਸ ਦੀ ਰੀੜ੍ਹ ਦੀ ਹੱਡੀ ਵਿਚ ਫਰੈਕਚਰ ਸੀ ਅਤੇ ਉਸ ਦਾ ਗਲਾ ਦਬਾਇਆ ਗਿਆ ਸੀ। ਇਹ ਰਿਪੋਰਟ ਦਿੱਲੀ ਦੇ ਸਫਦਰਗੰਜ ਹਸਪਤਾਲ ਵਲੋਂ ਹੀ ਤਿਆਰ ਕੀਤੀ ਗਈ ਹੈ ਜਿਥੇ ਪੀੜਤਾ ਦੀ ਮੌਤ ਹੋਈ। ਵਰਮਾ ਰਿਪੋਰਟ 'ਤੇ ਆਧਾਰਤ ਬਲਾਤਕਾਰ ਦੀ ਸੋਧੀ ਹੋਈ ਕਾਨੂੰਨੀ ਪਰਿਭਾਸ਼ਾ ਅਨੁਸਾਰ ਲੜਕੀ ਨਾਲ ਵਾਪਰੀ ਘਟਨਾ ਕਿਸੇ ਤਰ੍ਹਾਂ ਵੀ ਬਲਾਤਕਾਰ ਦੇ ਘੇਰੇ ਵਿਚੋਂ ਬਾਹਰ ਨਹੀਂ ਰੱਖੀ ਜਾ ਸਕਦੀ। 2 ਦਿਨ ਪਹਿਲਾਂ ਉਤਰ ਪਰਦੇਸ ਸਰਕਾਰ ਨੇ ਐਸ.ਪੀ. ਰੈਂਕ ਦੇ ਅਧਿਕਾਰੀ ਵਿਕਰਾਂਤ ਵੀਰ ਸਮੇਤ 5 ਪੁਲਿਸ ਅਧਿਕਾਰੀਆਂ ਨੂੰ ਸਸਪੈਂਡ ਕਰ ਕੇ ਮਾਮਲੇ ਦੀ ਜਾਂਚ ਕਰਨ ਦਾ ਜ਼ਿੰਮਾ ਸੀ. ਬੀ. ਆਈ. ਨੂੰ ਸੌਂਪ ਦਿੱਤਾ ਹੈ। ਇਸ ਮਾਮਲੇ ਵਿਚ ਪੀੜਤ ਧਿਰ ਦਾ ਸਾਥ ਦੇ ਰਹੇ ਲੋਕ, ਉਤਰ ਪ੍ਰਦੇਸ਼ ਸਰਕਾਰ ਅਤੇ ਪ੍ਰਸ਼ਾਸਨ ਦੀ ਥਾਂ ਅਲਾਹਾਬਾਦ ਹਾਈਕੋਰਟ ਤੋਂ ਇਨਸਾਫ ਦੀ ਉਮੀਦ ਕਰ ਰਹੇ ਹਨ। ਭਾਰਤ ਵਿਚ ਅਦਾਲਤਾਂ ਦੀ ਢਿੱਲੀ ਕਾਰਗੁਜ਼ਾਰੀ ਦੇ ਬਾਵਜੂਦ ਲੋਕਾਂ ਦਾ ਨਿਆਂ ਪਾਲਿਕਾ 'ਤੇ ਭਰੋਸਾ ਬਰਕਰਾਰ ਹੈ।

# ਸਵਾਲ, ਜੋ ਜੁਆਬ ਮੰਗਦੇ ਹਨ!

(ਬਾਕੀ ਅਗਲੇ ਸਫੇ 'ਤੇ)

ਘਰਾਂ ਵਿਚ ਕਰਦੀਆਂ ਹਨ। ਗੋਹਾ-ਕੂੜਾ ਕਰਨ ਤੋਂ ਲੈ ਕੇ (ਅਫਸਰਾਂ ਦੇ ਰੱਖੇ ਪਸ਼ੂਆਂ ਦੀ ਸੇਵਾ ਸੰਭਾਲ), ਸਾਹਿਬਾਂ ਦੀਆਂ ਚੱਡੀਆਂ ਵੀ ਧੋਣੀਆਂ। ਜੁੱਤੇ ਪਾਲਿਸ਼ ਕਰਨ ਦੀ ਜ਼ਿੰਮੇਵਾਰੀ ਵੀ ਨਿਭਾਉਣੀ। ਰੋਟੀ-ਟੁੱਕ ਕਰਨਾ। 'ਫਲਾਣਾ ਸਿੰਘ ਬਨਾਮ ਢਮਕਾਣਾ ਸਿੰਘ ਹਾਜ਼ਰ ਹੋ' ਦਾ ਹੋਕਾ ਦੇਣ ਦੇ ਨਾਲ-ਨਾਲ ਦਫਤਰ ਦੇ ਸਾਰੇ ਕੰਮ ਵੀ ਕਰਨੇ। ਹਫਤੇ ਵਿਚ ਤਾਂ ਸੋਚਣਾ ਦੂਰ ਰਿਹਾ, ਮਹੀਨੇ ਦੋ ਮਹੀਨੇ ਮਗਰੋਂ ਵੀ ਛੁੱਟੀ ਕੋਈ ਨਹੀਂ ਮਿਲਣੀ। ਅਜਿਹੇ ਕੰਮ ਹੁੰਦੇ ਨੇ ਜੱਜ ਦੇ ਅਰਦਲੀ ਦੇ। ਜੇ ਕੋਈ ਅਜਿਹੇ ਕੰਮ ਨਹੀਂ ਕਰਦਾ ਤਾਂ ਨੌਕਰੀ ਤੋਂ ਛੁੱਟੀ। ਕੋਈ ਅਪੀਲ ਨਹੀਂ ਤੇ ਕੋਈ ਦਲੀਲ ਨਹੀਂ।

ਇਨ੍ਹੀਂ ਦਿਨੀਂ ਅਰਦਲੀ ਦੀ ਇਸ ਨੌਕਰੀ ਲਈ ਨੌਜਵਾਨ ਵਹੀਰਾਂ ਘੱਤ-ਘੱਤ ਕੇ ਇੰਟਰਵਿਊ ਦੇਣ ਲਈ ਪੁੱਜੇ ਹਨ। ਇਸ ਵਾਸਤੇ ਵੀ ਯੋਗਤਾ ਸਿਰਫ ਅੱਠਵੀਂ ਪਾਸ ਚਾਹੀਦੀ ਹੈ, ਪਰ ਲੱਗਣ ਲਈ ਗਏ ਹਨ ਬੀ. ਏ. ਤੇ ਐੱਮ. ਏ. ਪਾਸ, ਫਿਰ ਪਲੱਸ ਟੂ ਤੇ ਦਸਵੀਂ ਪਾਸ। ਹੁਣ ਜਿਹੜੀ ਰਿਪੋਰਟ ਸਾਹਮਣੇ ਆਈ ਹੈ, ਉਹ ਪੜ੍ਹ ਕੇ ਸੋਚਦਾ ਹਾਂ ਕਿ ਹੁਣ ਇਹ ਉੱਚ ਡਿਗਰੀਆਂ ਵਾਲੇ ਵੀ ਜ਼ਲਾਲਤ ਭੋਗਣ ਜਾ ਰਹੇ ਹਨ। ਭਾਂਡੇ ਮਾਂਜਣ ਜਾ ਰਹੇ ਹਨ। ਚਾਕਰੀ ਕਰਨ ਜਾ ਰਹੇ ਹਨ। ਸਾਹਿਬਾਂ ਦੀਆਂ ਮੱਝਾਂ ਨੂੰ ਪੱਠੇ ਪਾਉਣਗੇ। ਸਾਹਿਬਾਂ ਦੇ ਨਿਆਣਿਆਂ ਨੂੰ ਕੁੱਛੜ ਚੁੱਕ ਕੇ ਖਿਡਾਉਣਗੇ। ਸਕੂਲਾਂ 'ਚ ਛੱਡ ਕੇ ਆਉਣਗੇ ਤੇ ਛੁੱਟੀ ਹੋਈ ਤੋਂ ਲੈ ਕੇ ਆਉਣਗੇ।

ਫਿਰ ਸੋਚਦਾ ਹਾਂ ਕਿ ਜਦ ਵਿਦੇਸ਼ ਜਾਂਦਾ ਹਾਂ ਤਾਂ ਅੰਨ੍ਹੇਵਾਹ ਪਰਦੇਸ ਜਾ ਢੁੱਕੀ ਪੰਜਾਬ ਦੀ ਜੁਆਨੀ ਵੱਲ ਦੇਖ ਕੇ ਲਗਦਾ ਹੈ ਕਿ ਸਾਰਾ ਪੰਜਾਬ ਹੀ ਜਿਵੇਂ ਖਾਲੀ ਹੋ ਗਿਆ ਹੈ। ਸਾਰੀ ਜੁਆਨੀ ਵਹੀਰਾਂ ਘੱਤ-ਘੱਤ ਆ ਗਈ ਏਧਰ ਤੇ ਹੁਣ ਮਜ਼ਦੂਰੀਆਂ ਕਰ ਰਹੀ ਹੈ। ਸੜਕਾਂ 'ਤੇ ਰੁਲ ਰਹੀ ਹੈ। ਕੀ ਪੰਜਾਬ ਵਿਚੋਂ ਇਨ੍ਹਾਂ ਲਈ ਉੱਕਾ ਹੀ ਰੁਜ਼ਗਾਰ ਮੁੱਕ ਗਿਆ?

ਕੀ ਕਦੇ ਕਿਸੇ ਸਰਕਾਰ ਨੇ ਗੰਭੀਰਤਾ ਨਾਲ ਇਹ ਕਿਉਂ ਨਾ ਸੋਚਿਆ ਕਿ ਪੰਜਾਬ ਦੇ ਵਿਹੜੇ ਖਾਲਮ-ਖਾਲੀ ਭਾਕ ਰਹੇ ਹਨ। ਬਹੁਤ ਸਾਰੇ ਜੱਗੇ ਪਰਦੇਸੀਂ ਤੁਰ ਗਏ ਨੇ, 'ਵੇ ਜੱਗਿਆ, ਤੁਰ ਪਰਦੇਸ ਗਿਓਂ ਬੂਹਾ ਵੱਜਿਆ।' ਜਿਹੜੇ ਜੱਗੇ ਬਾਕੀ ਬਚੇ ਨੇ, ਉੱਚ ਡਿਗਰੀਆਂ ਚੁੱਕੀ ਭਟਕਦੇ ਫਿਰਦੇ ਨੇ, ਉਹ ਚਪੜਾਸੀ ਲੱਗਣ ਲਈ ਤਰਲੇ ਕਰ ਰਹੇ ਹਨ-ਭਾਵੇਂ ਕੋਈ ਕੱਚਾ ਹੀ ਰੱਖ ਲਵੇ! ਕੀ ਬਣੂੰ ਪੰਜਾਬ ਦਾ? ਕਿਧਰ ਜਾਏ ਜੁਆਨੀ? ਅਜਿਹੇ ਅਣਮੁੱਕ ਸਵਾਲ ਕਦੇ ਪਿੱਛਾ ਨਹੀਂ ਛੱਡਣ ਵਾਲੇ।

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਦਿਲ, ਦਿਮਾਗ ਤੇ ਦੇਹ ਦੀ ਤਿੱਕੜੀ ਵਿਚਲੇ ਸਾਂਝ-ਸੰਪਰਕ ਦੀਆਂ ਤੰਦਾਂ ਛੋਹੀਆਂ ਸਨ, "ਦਿਲ, ਦਿਮਾਗ ਅਤੇ ਦੇਹ ਦਾ ਸੰਪੂਰਨ ਸੰਤੁਲਨ ਬਹੁਤ ਜਰੂਰੀ ਹੁੰਦਾ ਹੈ-ਸਰਬਪੱਖੀ ਵਿਕਾਸ ਅਤੇ ਉਨਤੀ ਲਈ। ਇਨ੍ਹਾਂ ਦਾ ਅਸਾਵਾਂਪਣ ਬਹੁਤ ਕੁਝ ਅਜਿਹਾ ਪੈਦਾ ਕਰ ਦਿੰਦਾ, ਜਿਸ ਨਾਲ ਪੈਦਾ ਹੋਏ ਕੋਹਜ਼, ਕਰੂਪਤਾ ਜਾਂ ਕੁਢੰਗਤਾ ਨੂੰ ਛੁਪਾਇਆ ਨਹੀਂ ਜਾ ਸਕਦਾ।...ਦਰਅਸਲ ਦਿਲ ਸਾਡੇ ਭਾਵਾਂ, ਅਹਿਸਾਸਾਂ, ਮਨੋਕਾਮਨਾਵਾਂ ਤੇ ਸੁਪਨਿਆਂ ਦੀ ਜਨਮ ਭੂਮੀ ਹੁੰਦਾ ਅਤੇ ਦਿਮਾਗ ਤੇ ਦੇਹ ਇਨ੍ਹਾਂ ਨੂੰ ਪੂਰਾ ਕਰਨ ਲਈ ਪੂਰਨ ਸਹਿਯੋਗ ਤੇ ਸਮਰਥਨ ਦੇਣ ਲਈ ਤਿਆਰ ਹੁੰਦੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਬੋਲਾਂ ਦੇ ਬੋਲ ਸੁਣਾਏ ਹਨ ਕਿ ਕਈ ਵਾਰ ਇਕ ਹੀ ਬੋਲ ਮਨੁੱਖੀ ਸਮੁੱਚਤਾ ਨੂੰ ਬਦਲ ਦਿੰਦਾ ਤੇ ਇਕ ਹੀ ਬੋਲ ਕੁਰਾਹੇ ਪਾਉਂਦਾ; ਇਕ ਹੀ ਬੋਲ ਕਾਇਆ-ਕਲਪ ਤੇ ਇਕ ਹੀ ਬੋਲ ਬਰਬਾਦੀ; ਇਕ ਹੀ ਬੋਲ ਅੱਗ ਦੇ ਭਾਂਬੜ ਅਤੇ ਇਕ ਹੀ ਬੋਲ ਪਾਣੀ ਦੀਆਂ ਫੁਹਾਰਾਂ। ਇਕ ਹੀ ਬੋਲ ਰਿਸ਼ਤਿਆਂ ਵਿਚਲੀ ਤ੍ਰੇੜ ਅਤੇ ਇਕ ਹੀ ਬੋਲ ਸਬੰਧਾਂ ਦੀ ਭਰਪਾਈ। ਉਹ ਕਹਿੰਦੇ ਹਨ, "ਸੋਚ-ਸਮਝ ਕੇ ਬੋਲੇ ਇਕ ਹੀ ਬੋਲ ਦੇ ਗਰਭ ਵਿਚ ਬਹੁਤ ਕੁਝ ਛੁਪਿਆ ਹੁੰਦਾ, ਜਿਸ ਨੇ ਭਵਿੱਖ ਨੂੰ ਨਵੀਂ ਤਕਦੀਰ ਦੇਣੀ ਹੁੰਦੀ; ਪਰ ਸਭ ਤੋਂ ਔਖਾ ਹੁੰਦਾ ਏ ਮਨ ਦੇ ਪਾਕ ਬੋਲਾਂ ਨੂੰ ਸੁਣਨਾ ਅਤੇ ਇਸ ਦੀ ਉਂਗਲ ਫੜ ਕੇ ਜੀਵਨ ਵਿਉਂਤਣਾ। -ਸੰਪਾਦਕ***

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

# ਬੋਲ-ਬਬੀਹੇ

ਬੋਲ, ਭਾਵਾਂ ਦਾ ਦਾਨ-ਪ੍ਰਦਾਨ। ਗੱਲਬਾਤ ਦਾ ਸਬੱਬ। ਨਿੱਜੀ ਭਾਵਨਾਵਾਂ ਦਾ ਪ੍ਰਵਾਹ। ਦਿਲ ਦੀਆਂ ਰਮਜ਼ਾਂ ਨੂੰ ਉਲਥਾਉਣਾ ਅਤੇ ਇਨ੍ਹਾਂ ਨੂੰ 'ਵਾ ਦੇ ਕੰਨੀਂ ਬੰਨ ਕੇ ਸੱਜਣਾਂ ਨੂੰ ਪਹੁੰਚਾਣਾ।

ਬੋਲ, ਸਮਾਜਕ ਵਰਤਾਰੇ ਦਾ ਅਹਿਮ ਅੰਗ, ਪਰਿੰਦਿਆਂ ਦੇ ਚੁੰਝ-ਚੋਚਲੇ ਦਾ ਸਬੱਬ, ਇਕ ਦੂਜੇ ਨੂੰ ਸੁਨੇਹਾ ਪਹੁੰਚਾਉਣ ਲਈ ਤਰਕੀਬ, ਤਜਵੀਜ਼ ਅਤੇ ਤਰਜੀਹ।

ਬੋਲ, ਖਾਸ ਰਿਦਮ ਅਨੁਸ਼ਾਸਨ ਅਤੇ ਤਰਤੀਬ ਵਿਚ ਅਰਥਮਈ ਜਦ ਕਿ ਉਗੜੇ-ਦੁੱਗੜੇ ਬੋਲ ਬੇਅਰਥੇ ਹੁੰਦੇ।

ਬੋਲ ਦੀ ਸੁੱਚਮਤਾ ਤੇ ਉਤਮਤਾ ਇਸ ਗੱਲ ਦੀ ਗਵਾਹ ਕਿ ਬੋਲ ਕਿਸ ਮੁਖਾਰਬਿੰਦ ਵਿਚੋਂ ਉਚਾਰੇ ਗਏ? ਕਿਸ ਨੂੰ ਮੁਖਾਤਬ ਹੋ ਕੇ ਉਚਾਰੇ ਗਏ? ਬੋਲਾਂ ਦਾ ਕੀ ਮਸਕਦ ਅਤੇ ਆਸਥਾ? ਬੋਲਾਂ ਦੀ ਤਾਸੀਰ ਇਸ ਗੱਲ 'ਤੇ ਵੀ ਨਿਰਭਰ ਕਰਦੀ ਕਿ ਇਹ ਬੋਲ ਕਿਸ ਸਮੇਂ, ਕਿਹੜੀ ਥਾਂ ਅਤੇ ਕਿਨ੍ਹਾਂ ਹਾਲਤਾਂ ਵਿਚ ਆਪਣੀ ਹੋਂਦ ਪ੍ਰਗਟਾਉਂਦੇ?

ਬੋਲ, ਅਬੋਲ ਤੇ ਅਗਾਧ ਵੀ। ਉਦਾਸ ਵੀ ਤੇ ਹਾਸੇ-ਠੱਠੇ ਨਾਲ ਭਰਪੂਰ ਵੀ। ਗੁੰਮਸੁਦਗੀ ਦੀ ਦੱਸ ਵੀ ਤੇ ਹਾਜ਼ਰੀ ਦਾ ਪਤਾ ਵੀ। ਬੋਲਾਂ ਦੀ ਤਾਸੀਰ, ਤਰਬੀਅਤ ਅਤੇ ਤਰੰਗਾਂ ਵਿਚੋਂ ਹੀ ਇਨ੍ਹਾਂ ਦੇ ਅੰਤਰੀਵ ਵਿਚ ਬੈਠੀ ਸੋਚ-ਸਪੱਸ਼ਟਤਾ ਦਾ ਝਲਕਾਰਾ।

ਬੋਲ, ਸੁਹਜਮਈ ਤੇ ਕੁਹਜੇ ਵੀ। ਅਵੈੜੇ ਵੀ ਤੇ ਮਲੂਕ ਵੀ। ਰਸੀਲੇ ਵੀ ਤੇ ਗੁਸੈਲੇ ਵੀ। ਝਗੜਾਲੂ ਵੀ ਤੇ ਸਮਝੌਤਾਵਾਦੀ ਵੀ। ਜ਼ਖਮ ਵੀ ਤੇ ਜਖਮਾਂ ਲਈ ਮਰਹਮ ਵੀ। ਦਰਦਵੰਤੇ ਵੀ ਅਤੇ ਦਰਦ ਦੀ ਦਵਾ ਵੀ। ਦੁੱਖ ਵਿਹਾਜਣੇ ਵੀ ਅਤੇ ਸੁੱਖ ਵਰਤਾਉਣੇ ਵੀ-ਬਹੁਤ ਹੀ ਰੂਪ ਨੇ ਬੋਲਾਂ ਦੇ।

ਬੋਲ ਜਦ ਚੀਸਾਂ, ਚੀਕ-ਚਿਹਾੜਾ, ਕੁਰਲਾਹਟ, ਕੀਰਨੇ ਜਾਂ ਕੂਕ ਬਣਦੇ ਤਾਂ ਵਕਤ ਦੇ ਪਿੰਡੇ 'ਤੇ ਲਾਸ਼ਾਂ ਪੈਂਦੀਆਂ। ਇਨ੍ਹਾਂ ਦੀ ਚਸਕ ਰੂਹ ਨੂੰ ਲੀਰਾਂ ਕਰਦੀ। ਬੋਲ, ਕਦੇ ਸੱਸੀ ਦੀਆਂ ਬੋਲ ਵਿਚਲੀਆਂ ਕੂਕਾਂ, ਕਦੇ ਮਿਰਜ਼ੇ ਦੀ ਲਾਸ਼ ਕੋਲ ਕੀਰਨੇ ਪਾਉਂਦਾ ਸਾਹਿਬਾਂ ਦਾ ਵਿਰਲਾਪ, ਕਦੇ ਝਨਾਂ ਵਿਚ ਮਹੀਂਵਾਲ ਨੂੰ ਹਾਕਾਂ ਮਾਰਦੀ ਸੋਹਣੀ ਦਾ ਆਖਰੀ ਤਰਲਾ ਅਤੇ ਕਦੇ ਖੇੜਿਆਂ ਦੀ ਡੋਲੀ ਵਿਚ ਬਹਿ ਕੇ ਰੋਂਦੀ ਹੀਰ ਦੀਆਂ ਭੁੱਬਾਂ ਹੁੰਦੇ। ਇਹ ਬੋਲ ਕਰੁਣਾ ਵਿਚ ਪਸੀਜੇ, ਖਾਰੇ ਪਾਣੀਆਂ 'ਚ ਖੁਰ, ਹੋਠਾਂ 'ਤੇ ਉਕਰਿਆ ਮਰਸੀਆ ਬਣ ਜਾਂਦੇ।

ਬੋਲ, ਮਾਂ ਦੀਆਂ ਬੱਚੇ ਨੂੰ ਦਿੱਤੀਆਂ ਲੋਰੀਆਂ, ਬਾਪ ਦੇ ਲਡਾਏ ਲਾਡਾਂ, ਮੇਲੀਆਂ ਦੀਆਂ ਪਾਈਆਂ ਬੋਲੀਆਂ, ਜਾਂਞੀਆਂ ਵਲੋਂ ਸਿੱਠਣੀਆਂ ਦੇ ਹੁੰਗਾਰੇ, ਵੀਰਾਂ ਦੇ ਗੁੱਟਾਂ 'ਤੇ ਬੱਝੀਆਂ ਰੱਖੜੀਆਂ 'ਚ ਭੈਣਾਂ ਦੀ ਅਸੀਸ, ਵਿਆਹ ਸਮੇਂ ਘੋੜੀਆਂ ਤੇ ਸੁਹਾਗ, ਧੀ ਦੇ ਤੋਰਨ ਵਿਚ ਵਿਰਾਗੀ ਮਾਂ ਦੀਆਂ ਲਿਲਕੜੀਆਂ, ਬਾਪ ਦਾ ਘਰ ਛੱਡ ਰਹੀ ਧੀ ਦੀਆਂ ਸਿਸਕੀਆਂ, ਨੂੰਹ ਤੋਂ ਪਾਣੀ ਵਾਰਦੀ ਸੱਸ ਦੀਆਂ ਦੁਆਵਾਂ ਦਾ ਰੂਪ ਧਾਰਦੇ ਤਾਂ ਨਵੇਂ ਪਰਿਵਾਰ, ਸਬੰਧਾਂ ਅਤੇ ਸਮਾਜ ਦਾ ਅਰੰਭ ਹੁੰਦਾ, ਜਿਸ ਨੇ ਭਵਿੱਖ ਦੀ ਸਿਰਜਣਾ ਕਰਨੀ ਹੁੰਦੀ।

ਬੋਲ, ਵਿਹੜੇ ਵਿਚ ਵਿੱਛੇ ਸੱਥਰ ਦੀ ਪੀੜ ਫਰੋਲਦੇ, ਆਪਣਿਆਂ ਦੇ ਸਦੀਵੀ ਵਿਛੋੜੇ ਵਿਚ ਪਿਘਲ ਕੇ ਕਬਰਾਂ ਨੂੰ ਜਾਂਦੀਆਂ ਰਾਹਾਂ ਧੋਂਦੇ ਅਤੇ ਸਿਵੇ ਵਿਚੋਂ ਉਡਦੀਆਂ ਲਾਟਾਂ ਵਿਚ ਸੜਦੇ ਅਵਾਕ ਹੋ ਜਾਂਦੇ। ਇਨ੍ਹਾਂ ਬੋਲਾਂ ਵਿਚ ਬਹੁਤ ਕੁਝ ਗੁੰਮ ਜਾਂਦਾ, ਜੋ ਧੂਣੀ ਦਾ ਧੂੰਆਂ ਬਣ ਕੇ ਜੀਵਨ ਧੁਆਂਖਦਾ।

ਬੋਲ ਲਲਕਾਰੇ, ਜੈਕਾਰੇ, ਵੰਗਾਰਾਂ, ਤਲਵਾਰਾਂ ਅਤੇ ਛਵੀਆਂ ਦੀਆਂ ਚੀਖਦੀਆਂ ਅਵਾਜ਼ਾਂ। ਅਜਿਹੇ ਬੋਲਾਂ ਵਿਚ ਮੂਕ ਹੋ ਜਾਂਦੇ ਧੜਕਦੀਆਂ ਜਿੰਦਾਂ ਦੇ ਸਾਜ਼। ਧਰਤ 'ਤੇ ਵਿਛੀਆਂ ਲਾਸ਼ਾਂ 'ਤੇ ਗਿਰਝਾਂ ਦੀ ਡਾਰ ਮੰਡਰਾਉਂਦੀ। ਚੀਥੜਿਆਂ 'ਚੋਂ ਪ੍ਰਗਟ ਹੁੰਦੀ ਮਨੁੱਖ ਅੰਦਰ ਵੱਸਦੀ ਹੈਵਾਨੀਅਤ, ਜਿਸ ਲਈ ਜਿਉਣ ਨਾਲੋਂ ਮਰਨਾ ਅਤੇ ਮਾਰਨਾ ਹੀ ਜ਼ਿੰਦਗੀ ਦਾ ਦਸਤੂਰ ਹੁੰਦਾ।

ਬੋਲ ਨਿੰਦਿਆ, ਨਕਾਰਾਤਮਕ, ਨਿਰ-ਉਦੇਸ਼ ਅਤੇ ਨਫਰਤੀ ਹੋਣ ਤਾਂ ਬੋਲ, ਬੋਲ ਨਹੀਂ ਸਗੋਂ ਬੋਲਾਂ ਦੀ ਕੁੱਖ ਵਿਚ ਸਾਹਾਂ ਦਾ ਸੰਤਾਪ ਹੁੰਦਾ।

ਬੋਲ ਜਦ ਧਰਮ ਦੀ ਆੜ ਵਿਚ ਨਫਰਤ ਬੀਜਦੇ; ਅਰਦਾਸ, ਆਰਤੀ ਤੇ ਅਜ਼ਾਨ ਦੀ ਤਿੱਕੜੀ ਵਿਚ ਸੇਹ ਦਾ ਤੱਕਲਾ ਗੱਡਦੇ ਅਤੇ ਮਾਨਵਤਾ ਦੇ ਮੁੱਖ ਨੂੰ ਬੇਦੋਸ਼ਿਆਂ ਦੇ ਖੂਨ ਵਿਚ ਰੰਗਦੇ ਤਾਂ ਬੋਲ ਖੁਦਕੁਸ਼ੀ ਕਰ ਜਾਂਦੇ, ਕਿਉਂਕਿ ਧਰਮੀ ਬੋਲ ਤਾਂ ਆਪਸੀ ਪ੍ਰੇਮ-ਭਾਵ ਮਿਲਵਰਤਨ ਤੇ ਸਹਿ-ਵਰਤਾਰੇ ਦਾ ਸੰਦੇਸ਼ ਹੁੰਦੇ। ਅਧਰਮੀ ਵਰਤਾਰਾ ਤਾਂ ਸਿਰਫ ਅਡੰਬਰੀ ਲੋਕਾਂ ਦੀ ਜ਼ਹਿਰੀਲੀ ਜ਼ਹਿਨੀਅਤ ਦਾ ਨੰਗਾ ਨਾਚ।

ਬੋਲ, ਬੰਦਗੀ ਲਈ ਰਿਆਜ਼, ਬੰਦਿਆਈ ਦਾ ਬਿਹਤਰੀਨ ਅੰਦਾਜ਼, ਭਲਾਈ ਦਾ ਭਗਤੀ-ਨਾਦ ਅਤੇ ਅੰਤਰੀਵੀ ਯਾਤਰਾ ਦਾ ਸ਼ੁਭ-ਅਗਾਜ਼। ਬੋਲ-ਸਾਜ਼ ਜਦ ਅਗੰਮੀ ਨਾਦ ਬਣ ਕੇ ਰੂਹ ਵਿਚ ਗੂੰਜਦਾ ਤਾਂ ਬਹੁਤ ਕੁਝ ਮਨੁੱਖ ਨੂੰ ਹਾਸਲ ਹੁੰਦਾ, ਜਿਸ ਤੋਂ ਬਲਿਹਾਰੇ ਜਾਣ ਨੂੰ ਜੀਅ ਕਰਦਾ।



ਬੋਲ ਜਦ ਸੁੰਨ ਸਮਾਧੀ ਵਿਚ ਜਾਂਦੇ ਤਾਂ ਮਨੁੱਖ ਅੰਤਰੀਵ 'ਚ ਉਤਰਦਾ। ਫਿਰ ਅਬੋਲ ਰਹਿ ਕੇ ਬਹੁਤ ਕੁਝ ਸੁਣਾਈ ਦਿੰਦਾ, ਜਿਸ ਤੋਂ ਜਾਣ-ਬੁੱਝ ਕੇ ਅਣਜਾਣ ਬਣਦੇ। ਸਭ ਤੋਂ ਔਖਾ ਹੁੰਦਾ ਏ ਮਨ ਦੇ ਪਾਕ ਬੋਲਾਂ ਨੂੰ ਸੁਣਨਾ ਅਤੇ ਇਸ ਦੀ ਉਂਗਲ ਫੜ ਕੇ ਜੀਵਨ ਵਿਉਂਤਣਾ। ਸੱਚ ਨਾਲੋਂ ਕੂੜ-ਮਾਰਗੀ ਬਣਨਾ ਅਸਾਨ ਹੁੰਦਾ, ਕਿਉਂਕਿ ਅਸੀਂ ਸਮਾਜ ਦੇ ਗੰਧਲੇਪਣ ਵਿਚ ਰੰਗੇ, ਖੁਦ ਨੂੰ ਸ਼ਫਾਫ ਬਣਾਉਣ ਵੰਨੀਂ ਕਦੇ ਉਤੇਜਿਤ ਹੀ ਨਹੀਂ ਹੁੰਦੇ।

ਬੋਲ ਕਿਤਾਬਾਂ, ਕਲਾ-ਕਿਰਤਾਂ ਵਿਚੋਂ ਵੀ ਉਗਣ ਲਈ ਤਰਲੇ ਲੈਂਦੇ। ਇਨ੍ਹਾਂ ਬੋਲਾਂ ਨੂੰ ਰੂਹ ਵਿਚ ਵਸਾਉਣਾ ਅਤੇ ਇਨ੍ਹਾਂ ਨਾਲ ਆੜੀ ਪਾਉਣਾ, ਸੱਚ ਦੇ ਰਾਹ 'ਤੇ ਚੱਲਣ ਦਾ ਹੁਨਰ ਆਵੇਗਾ।

ਕਦੇ ਬੱਚਿਆਂ ਨੂੰ ਫੁੱਲਾਂ ਨਾਲ ਗੱਲਾਂ ਕਰਦੇ ਸੁਣਨਾ। ਪਾਲਤੂ ਜਾਨਵਰਾਂ ਨਾਲ ਗੱਲਬਾਤ ਵਿਚ ਰੁੱਝਿਆਂ ਨੂੰ ਵਾਚਣਾ। ਸ਼ਾਇਦ ਬਾਤਚੀਤ ਦੀ ਤੁਹਾਨੂੰ ਸਮਝ ਨਾ ਆਵੇ, ਪਰ ਉਸ ਬੋਲੀ ਨੂੰ ਫੁੱਲ ਅਤੇ ਜਾਨਵਰ ਬਾਖੂਬੀ ਸਮਝਦੇ।

ਹਵਾ ਦੀ ਰੁਮਕਣੀ, ਪੱਤਿਆਂ ਦੀ ਸਰਸਰਾਹਟ, ਬਿਰਖਾਂ 'ਚ ਸੂਕਦੀ ਹਵਾ, ਪਾਣੀਆਂ ਦੀਆਂ ਲਹਿਰਾਂ ਵਿਚਲਾ ਸੰਗੀਤ ਜਾਂ ਪੁਸਤਕ ਦੇ ਵਰਕੇ ਪਰਤਦਿਆਂ ਪੈਦਾ ਹੋਈ ਧੁਨੀ ਨੂੰ ਸੁਣਨਾ, ਰੂਹ ਨਸ਼ਿਆ ਜਾਵੇਗੀ। ਬਹੁਤ ਕੁਝ ਅਨਾਦੀ ਰੂਪ ਵਿਚ ਹਾਸਲ ਹੋਵੇਗਾ।

ਕਦੇ ਬਗੀਚੀ ਵਿਚ ਭੌਰਿਆਂ, ਤਿਤਲੀਆਂ ਤੇ ਮਧੂ-ਮੱਖੀਆਂ ਜਾਂ ਦੀਵੇ ਦੀ ਲਾਟ ਦੁਆਲੇ ਪਤੰਗੇ ਦੇ ਪਰਾਂ ਦੀ ਅਵਾਜ਼ ਸੁਣਨਾ, ਪਤਾ ਲੱਗੇਗਾ ਕਿ ਰੰਗ ਤੇ ਮਹਿਕ ਦੀ ਤਲਾਸ਼ ਦੇ ਕੀ ਅਰਥ ਨੇ? ਸ਼ਹਿਦ ਦੀ ਤਲਾਸ਼ ਕਿਵੇਂ ਕਰੀਦੀ? ਜੀਵਨ ਨਿਛਾਵਰਤਾ ਕੀ ਹੁੰਦੀ?

ਬੋਲ, ਦੋ ਜਣਿਆਂ ਦੀ ਆਪਸੀ ਗੁਫਤਗੂ। ਸੋਚਾਂ, ਸੁਪਨਿਆਂ, ਸਾਧਨਾਂ ਅਤੇ ਸਮਾਧਾਨਾਂ ਦਾ ਵਿਚਾਰ-ਵਟਾਂਦਰਾ। ਹੰਭਲਿਆਂ ਦੀ ਜਨਮਭੂਮੀ।

ਬੋਲ ਜਦ ਕਿਸੇ ਜ਼ਰਖੇਜ਼-ਧਰਾਤਲ 'ਚ ਸੁਪਨੇ ਬੀਜਦੇ, ਸਿਰੜ ਤੇ ਪ੍ਰਤੀਬੱਧਤਾ ਦੀ ਜਾਗ ਲਾਉਂਦੇ ਜਾਂ ਮਸਤਕ 'ਤੇ ਸਫਲਤਾਵਾਂ ਦੇ ਨਕਸ਼ ਉਘਾੜਨ ਦਾ ਜ਼ਰੀਆ ਬਣਦੇ ਤਾਂ ਬੋਲ ਆਪਣੀ ਪੁਖਤਗੀ ਅਤੇ ਪ੍ਰੇਰਣਾ ਦਾ ਸਬੂਤ ਬਣਦੇ। ਕਈ ਵਾਰ ਇਕ ਹੀ ਬੋਲ ਮਨੁੱਖੀ ਸਮੁੱਚਤਾ ਨੂੰ ਬਦਲ ਦਿੰਦਾ ਤੇ ਇਕ ਹੀ ਬੋਲ ਕੁਰਾਹੇ ਪਾਉਂਦਾ। ਇਕ ਹੀ ਬੋਲ ਕਾਇਆ-ਕਲਪ ਤੇ ਇਕ ਹੀ ਬੋਲ ਬਰਬਾਦੀ। ਇਕ ਹੀ ਬੋਲ ਕਤਲ ਕਰਵਾਉਂਦਾ ਅਤੇ ਇਕ ਹੀ ਬੋਲ ਜੀਵਨ-ਦਾਨ। ਇਕ ਹੀ ਬੋਲ ਅੰਬਰ-ਤਸ਼ਬੀਹ ਅਤੇ ਇਕ ਹੀ ਬੋਲ ਰਸਾਤਲ-ਗਰਕਣੀ। ਇਕ ਹੀ ਬੋਲ ਖੁਦਕੁਸ਼ੀ ਵੰਨੀਂ ਤੋਰਦਾ ਅਤੇ ਇਕ ਹੀ ਬੋਲ ਜੀਵਨ-ਜੰਗ ਜਿੱਤਣ ਦੀ ਨਿਸ਼ਠਾ। ਇਕ ਹੀ ਬੋਲ ਖਾਲਸਾ ਸਿਰਜਦਾ ਅਤੇ ਇਕ ਹੀ ਬੋਲ ਕੌਮ ਦਾ ਕਲੰਕ। ਇਕ ਹੀ ਬੋਲ ਕਈ ਗ੍ਰੰਥਾਂ ਦੀ ਰਚਨਾ ਅਤੇ ਇਕ ਹੀ ਬੋਲ ਧਾਰਮਿਕ ਆਸਥਾ ਨੂੰ ਚਕਨਾਚੂਰ ਕਰਦਾ। ਇਕ ਹੀ ਬੋਲ ਅੱਗ ਦੇ ਭਾਂਬੜ ਅਤੇ ਇਕ ਹੀ ਬੋਲ ਪਾਣੀ ਦੀਆਂ ਫੁਹਾਰਾਂ। ਇਕ ਹੀ ਬੋਲ ਰਿਸ਼ਤਿਆਂ ਵਿਚਲੀ ਤ੍ਰੇੜ ਅਤੇ ਇਕ ਹੀ ਬੋਲ ਸਬੰਧਾਂ ਦੀ ਭਰਪਾਈ। ਇਕ ਹੀ ਬੋਲ ਕੁੜੱਤਣਾਂ ਦਾ ਖਾਰਾ ਖੂਹ ਅਤੇ ਇਕ ਹੀ ਬੋਲ ਰਸੀਲੇਪਣ ਦੀ ਧਾਰਾ। ਇਕ ਹੀ ਬੋਲ ਆਪਣਿਆਂ ਤੋਂ ਦੂਰ ਕਰੇਂਦਾ ਅਤੇ ਇਕ ਹੀ ਬੋਲ ਆਪਣਿਆਂ ਦੀ ਗਲਵੱਕੜੀ। ਇਸ ਲਈ ਤਾਂ ਕਹਿੰਦੇ ਨੇ ਸੋਚ-ਸਮਝ ਕੇ ਬੋਲੇ ਇਕ ਹੀ ਬੋਲ ਦੇ ਗਰਭ ਵਿਚ ਬਹੁਤ ਕੁਝ ਛੁਪਿਆ ਹੁੰਦਾ, ਜਿਸ ਨੇ ਭਵਿੱਖ ਨੂੰ ਨਵੀਂ ਤਕਦੀਰ ਦੇਣੀ ਹੁੰਦੀ।

ਮਾਂ-ਬੱਚੇ ਦੇ ਬੋਲਾਂ ਵਿਚ ਕੋਮਲ ਗੱਲਾਂ, ਸੁਪਨਿਆਂ ਦੀ ਤਾਮੀਰਦਾਰੀ, ਤੋਤਲੇ ਬੋਲੇ ਵਿਚੋਂ ਅਣਕਿਆਸੇ ਅਤੇ ਅਣਛੋਹੇ ਅਰਥ ਦੀ ਭਾਲ ਅਤੇ ਮਮਤਾ ਦਾ ਜਲੌਅ। ਮਾਂ-ਬੱਚੇ ਦਰਮਿਆਨ ਆਂਦਰਾਂ ਦੀ ਇਕਜੁੱਟਤਾ ਤੇ ਇਕਸਾਰਤਾ ਦਾ ਅਨੂਠਾ ਸਰੂਪ। ਕੋਈ ਨਹੀਂ ਇਸ ਦਾ ਬਦਲ। ਭੈਣ-ਭਰਾ ਦੇ ਬੋਲਾਂ ਵਿਚ ਸ਼ਰਾਰਤਾਂ, ਰੁੱਸਣ ਅਤੇ ਮਨਾਉਣ ਦੀਆਂ ਅਦਾਵਾਂ, ਚਿੜਾਉਣ ਤੇ ਖਿਝਾਉਣ ਦੀ ਅਵੱਗਿਆ ਅਤੇ ਆਖਰ ਨੂੰ ਇਕ ਦੂਜੇ ਦੇ ਸਾਹੀਂ ਜਿਉਣ ਦਾ ਜਨੂਨ। ਬਹੁਤ ਪਾਕੀਜ਼ ਹੁੰਦੀ ਹੈ ਭੈਣ-ਭਰਾ ਜਾਂ ਭੈਣ-ਭੈਣ ਜਾਂ ਭਰਾ-ਭਰਾ ਦੀ ਬਚਪਨੀ ਗੱਲਬਾਤ। ਮਿੱਤਰਾਂ ਦੀ ਗੱਲਬਾਤ ਵਿਚ ਹੁੰਦਾ ਹੈ ਖੁੱਲਾਪਣ, ਬੰਦਿਸ਼-ਮੁਕਤ, 'ਵਾਵਾਂ ਨੂੰ ਗੰਢਾਂ ਦੇਣ ਦੀ ਬਿਰਤੀ, ਸੁਪਨੇ ਲੈਣ ਅਤੇ ਜੀਵਨੀ ਰੰਗਤ ਨੂੰ ਸੁਪਨਿਆਂ ਦੀ ਤਕਦੀਰ ਬਣਾਉਣ ਦੀ ਜਗਿਆਸਾ। ਇਹ ਸੰਗਤ ਜੇ ਸੁਚਾਰੂ ਮਾਰਗ ਦਰਸ਼ਨਾ ਕਰੇ ਤਾਂ ਸਾਰੀ ਉਮਰ ਦੀਆਂ ਸਾਂਝਾਂ। ਇਸ ਮਿਲ-ਬੈਠਣੀ ਗੱਲਬਾਤ ਵਿਚੋਂ ਹੀ ਨਵੀਆਂ ਉਪਲਬਧੀਆਂ ਅਤੇ ਨਿਵੇਕਲੀਆਂ ਮੰਜ਼ਿਲਾਂ ਦੀ ਪ੍ਰਾਪਤੀ। ਪ੍ਰੇਮੀ ਤੇ ਪ੍ਰੇਮਿਕਾ ਦੇ ਪਿਆਰ-ਪਰੁੱਚੇ ਬੋਲਾਂ ਵਿਚ ਅੰਬਰ ਨੂੰ ਕਲਾਵੇ 'ਚ ਲੈਣ ਅਤੇ ਸੂਹੀ ਰੰਗਤ ਨੂੰ ਮਾਣਨ ਦੀ ਤਮੰਨਾ। ਉਹ ਸੁਪਨਈ ਦੁਨੀਆਂ ਦੇ ਵਾਸੀ, ਪਰ ਜੇ ਇਹ ਸੁਪਨਾ ਸੱਚ ਬਣ ਜਾਵੇ ਤਾਂ ਜ਼ਿੰਦਗੀ ਰੰਗੀਨ, ਵਰਨਾ ਸਾਰੀ ਉਮਰ ਹੀ ਸੁਪਨਿਆਂ ਦੀ ਅਰਥੀ ਢੋਣੀ ਪੈਂਦੀ। ਮਾਂ-ਧੀ ਦੀਆਂ ਗੱਲਾਂ ਵਿਚ ਜੀਵਨ-ਸਿਆਣਪਾਂ ਤੇ ਸਹਿਜ-ਗਿਆਨ ਦੀਆਂ ਬਾਤਾਂ। ਪਿਉ-ਪੁੱਤ ਵਿਚਲੀ ਗੱਲਬਾਤ ਨਰੋਏ ਦਿਸਹੱਦਿਆਂ ਨੂੰ ਸਿਰਜਣ ਦੀ ਪ੍ਰੇਰਨਾ। ਅਧਿਆਪਕ ਤੇ ਸ਼ਿਸ਼ ਦਾ ਆਪਸੀ ਸੰਵਾਦ, ਉਚੇਰੀ ਤੇ ਮਿਆਰੀ ਵਿਦਿਆ ਰਾਹੀਂ ਜੀਵਨ ਨੂੰ ਹੋਰ ਖੂਬਸੂਰਤ ਬਣਾਉਣ ਦਾ ਖਬਤ। ਪਤੀ-ਪਤਨੀ ਦੀਆਂ ਗੱਲਾਂ ਪਰਿਵਾਰਕ ਮਸਲਿਆਂ ਦੀਆਂ ਗੁੰਝਲਾਂ ਨੂੰ ਫਰੋਲਣ ਅਤੇ ਖੋਲ੍ਹਣ ਵਿਚ ਹੀ ਗਵਾਚ ਜਾਂਦੀਆਂ। ਉਨ੍ਹਾਂ ਲਈ ਆਪਣੇ ਹਿੱਸੇ ਦੀ ਜ਼ਿੰਦਗੀ ਜਿਉਣ ਦਾ ਖਿਆਲ ਹੀ ਵਿਸਰ ਜਾਂਦਾ।

ਬੋਲ-ਬਾਣੀ ਇਸ 'ਤੇ ਨਿਰਭਰ ਕਰਦੀ ਕਿ ਤੁਸੀਂ ਕਿਸ ਨਾਲ, ਕਿਸ ਬਾਰੇ ਅਤੇ ਕਿਹੜੀ ਸੋਚ ਨੂੰ ਲੈ ਕੇ ਗੱਲ ਕਰ ਰਹੇ ਹੋ? ਪਰ ਬੋਲਣ ਤੋਂ ਪਹਿਲਾਂ ਗੱਲਬਾਤ ਦੇ ਵਿਸ਼ੇ ਬਾਰੇ ਮਨ ਵਿਚ ਸਪੱਸ਼ਟਤਾ ਅਤਿ-ਜਰੂਰੀ। ਅਣਜਾਣੇ ਵਿਚ ਬੋਲੇ ਬੋਲ, 'ਕੇਰਾਂ ਮੂੰਹ ਵਿਚੋਂ ਨਿਕਲਣ 'ਤੇ ਵਾਪਸ ਨਹੀਂ ਪਰਤਦੇ। ਕਈ ਵਾਰ ਤਾਂ ਮੁਆਫੀ ਮੰਗਣ ਦੀ ਨੌਬਤ ਆ ਜਾਂਦੀ।

ਬੋਲ, ਬਹਾਦਰੀ ਵਾਲੇ ਵੀ ਤੇ ਕਾਇਰਤਾ ਵਾਲੇ ਵੀ; ਕਮੀਨਗੀ ਭਰਪੂਰ ਵੀ ਅਤੇ ਖੁਲ੍ਹਦਿਲੇ ਵੀ; ਪੁਰ-ਖਲੂਸ ਵੀ ਅਤੇ ਕਿਰਕਿਰੇ ਵੀ; ਕੜਕ ਵੀ ਅਤੇ ਸਹਿਲ ਵੀ; ਸ਼ੁਕਰਗੁਜ਼ਾਰੀ ਵਾਲੇ ਵੀ ਅਤੇ ਅਕ੍ਰਿਤਘਣੇ ਵੀ। ਬੋਲ ਤਾਂ;

ਬੋਲ, ਬੋਲਾਂ ਦੀਆਂ ਪਰਤਾਂ ਹੁੰਦੇ,
ਬੋਲ, ਬੋਲਾਂ ਦੀਆਂ ਰਮਜ਼ਾਂ
ਬੋਲ, ਬੋਲਾਂ ਦੇ ਭਰਮ-ਭੁਲੇਖੇ
ਬੋਲ, ਬੋਲਾਂ ਦੀਆਂ ਸਮਝਾਂ
ਬੋਲ, ਬੋਲਾਂ 'ਚ ਫੁੱਲ ਉਗਾਉਂਦੇ,
ਬੋਲ, ਬੋਲਾਂ 'ਚ ਕੰਡੇ
ਬੋਲ, ਬੋਲਾਂ ਦੀ ਗਲਵੱਕੜੀ
ਬੋਲ, ਬੋਲਾਂ ਨੂੰ ਵੰਡੇ
ਬੋਲ, ਬੋਲਾਂ 'ਚ ਉਗਦੇ ਤਾਰੇ,
ਬੋਲ, ਬੋਲਾਂ ਦੀ ਸੁਬਾ-ਸਵੇਰਾ,
ਬੋਲ, ਬੋਲਾਂ ਵਿਚਲਾ ਸੂਰਜ,
ਬੋਲ, ਬੋਲਾਂ 'ਚ ਅੰਧ-ਘਨੇਰਾ
ਬੋਲ, ਬੋਲਾਂ ਦੀ ਪੱਤਝੜ ਹੁੰਦੇ
ਬੋਲਾਂ, ਬੋਲਾਂ ਦੀਆਂ ਬਲਖ-ਬਹਾਰਾਂ
ਬੋਲ, ਬੋਲਾਂ ਦੀਆਂ ਰੱਕੜ-ਜੂਹਾਂ,
ਬੋਲ, ਖਿੜੀਆਂ ਗੁਲਜ਼ਾਰਾਂ
ਬੋਲ, ਬੋਲਾਂ 'ਚ ਬਬੀਹਾ ਬੋਲੇ,
ਬੋਲ, ਕੋਚਰੀ ਦੀ ਚੀਖ,
ਬੋਲ, ਜੰਗਲੀ ਮੋਰ ਪੈਲਦਾ
ਤੇ ਬੋਲ, ਟਟੀਹਰੀ-ਭੀਖ
ਬੋਲ, ਬੋਲਾਂ ਦੀਆਂ ਬਾਹਾਂ,
ਬੋਲ, ਬੋਲਾਂ ਦੀ ਸੀਰ,
ਬੋਲ, ਬੋਲੀਂ ਚੁੱਪ ਦਾ ਵਾਸਾ
ਬੋਲ ਹੀ ਗਾਉਂਦਾ ਫਕੀਰ
ਬੋਲ, ਬੋਲਾਂ ਦਾ ਨਾਦੀ ਰਾਗ
ਤੇ ਬੋਲ ਹੀ ਅਗਮ-ਅਗਾਜ਼
ਬੋਲ, ਮਨ ਦਾ ਬੋਲ-ਪਰਿੰਦਾ
ਬੋਲ ਹੀ ਰੂਹ ਦਾ ਸਾਜ਼
ਬੋਲ, ਬੋਲਾਂ ਦੀ ਉਧੜੀ ਤਾਣੀ
ਬੋਲ ਹੀ ਸੁਰ ਤੇ ਤਾਲ
ਬੋਲ, ਬੋਲਾਂ ਦੇ ਬੋਲੇ ਘੁੰਮਣਾ,
ਬੋਲ ਹੀ ਖੁਦ ਦੀ ਭਾਲ
ਬੋਲ, ਸੋਚ-ਧੜਕਣ ਦੀ ਸੂਹ,
ਬੋਲ, ਕਰਮ ਦੀ ਹਾਕ
ਬੋਲ, ਬੋਲਾਂ ਦਾ ਯੋਗ ਕਮਾਉਣਾ
ਬੋਲ ਹੀ ਵਾਕ-ਅਵਾਕ
ਬੋਲ, ਬੋਲਾਂ ਦਾ ਗੁੰਗਾ ਦਰਦ
ਬੋਲ, ਖਣਕਦੇ ਬੋਲ,
ਬੋਲ ਕਦੇ ਦੂਰੀਆਂ ਬਣਦੇ,
ਬੋਲ ਹੀ ਬਹਿੰਦੇ ਕੋਲ
ਬੋਲ, ਬੋਲਾਂ ਦੀ ਨਿੰਦਿਆ-ਚੁਗਲੀ
ਬੋਲ, ਬੋਲਾਂ ਦੇ ਪਾਪ
ਬੋਲ ਦੇ ਬੋਲੀਂ ਬੰਦਾ ਬੋਲੇ,
ਬੋਲ ਹੀ ਬਣਦੇ ਜਾਪ
ਬੋਲ, ਬੋਲਾਂ ਨੂੰ ਜਨਮਦੇ
ਬੋਲ, ਬੋਲਾਂ ਦੀਆਂ ਖਬਰਾਂ।
ਬੋਲ, ਬੋਲਾਂ ਦੇ ਸਾਹ ਬਣੇਂਦੇ
ਬੋਲ, ਬੋਲਾਂ ਦੀਆਂ ਕਬਰਾਂ।
ਬੋਲ, ਬੋਲਾਂ ਦੀ ਰੂਹ-ਪਰਵਾਜ਼,
ਬੋਲ, ਬੋਲਾਂ ਦੀ ਸੂਹ।
ਬੋਲ, ਬੋਲਾਂ ਦਾ ਮਹਿਕ-ਬਸੇਰਾ
ਬੋਲ ਹੀ ਸੰਦਲੀ ਜੂਹ।
ਬੋਲ, ਬੋਲਾਂ ਦਾ ਬੀਜ-ਪੁੰਗਾਰਾ,
ਬੋਲ, ਬੋਲਾਂ ਦੀ ਰੂਹ
ਬੋਲ, ਬੋਲਾਂ ਦਾ ਜੀਣ ਤੇ ਥੀਣ,
ਬੋਲ, ਬੋਲਾਂ ਦੀ ਛੂਹ
ਬੋਲ, ਬੋਲਾਂ ਦੀ ਸ਼ੁਕਰ-ਸਾਬਰੀ,
ਬੋਲ ਹੀ ਸੁਖਨ-ਸਬੂਰੀ
ਬੋਲ, ਬੋਲਾਂ ਦਾ ਸੂਰਜ-ਸਹਿਜ
ਬੋਲ ਹੀ ਬੋਲ-ਕਸਤੂਰੀ।

ਬੰਦਿਆਂ ਦੇ ਸ਼ੋਰ-ਓ-ਗੁੱਲ ਵਿਚ ਗੁੰਮ ਗਈ ਏ ਪਰਿੰਦਿਆਂ ਦੀ ਚਹਿਕਣੀ, ਬੋਟਾਂ ਦੀ ਗੁਫਤਗੂ ਅਤੇ ਜੰਗਲੀ ਜਾਨਵਰਾਂ ਦੀ ਦਹਾੜ। ਜਦ ਬੰਦਾ ਘਰ ਵਿਚ ਕੈਦ ਹੁੰਦਾ ਅਤੇ ਸੜਕਾਂ ਸੁੰਨਸਾਨ ਹੁੰਦੀਆਂ ਤਾਂ ਪੰਛੀਆਂ ਤੇ ਜਾਨਵਰਾਂ ਨੂੰ ਆਪਣੇ ਹਿੱਸੇ ਦੀ ਜ਼ਿੰਦਗੀ ਜਿਉਣਾ ਨਸੀਬ ਹੁੰਦਾ।

ਦੁਨਿਆਵੀ ਸ਼ੋਰ ਵਿਚ ਗਵਾਚ ਗਏ ਸੂਖਮ ਬੋਲ, ਪਿਆਰੀਆਂ ਬੋਲ-ਮਿਲਣੀਆਂ, ਪਿਆਰੇ ਦੇ ਸਾਥ ਦੀ ਸਾਹ-ਤਰੰਗਤਾ ਅਤੇ ਸੱਜਣਾਂ ਦੀ ਬੋਲ-ਛਾਂ 'ਚ ਜਰਾ ਕੁ ਜਰੂਰ ਸੁਸਤਾਣਾ।

ਬੋਲ ਜਦ ਸੁਰ ਅਤੇ ਤਾਲ ਵਿਚ ਹੁੰਦੇ ਤਾਂ ਸੰਗੀਤ ਹੁੰਦੇ, ਜੋ ਰੂਹ ਦਾ ਸਕੂਨ, ਖੁਦਾਬੰਦ ਦੀ ਅਨਾਇਤ, ਰੱਬ ਦੀ ਭਗਤੀ ਜਾਂ ਰੂਹ ਨੂੰ ਸ਼ਰਸ਼ਾਰ ਕਰਕੇ ਖੁਦ ਵਿਚੋਂ ਖੁਦ ਦੀ ਤਲਾਸ਼ ਅਰੰਭਦੇ। ਜਦ ਸੰਗੀਤ ਸ਼ੋਰ ਵੱਲ ਨੂੰ ਉਲਾਰ ਹੁੰਦਾ ਤਾਂ ਗਵਾਚ ਜਾਂਦਾ ਮਨੁੱਖ, ਕਰਤਾਰੀ ਬਿਰਤੀ, ਸੁਹਜ-ਸੰਵੇਦਨਾ ਅਤੇ ਸੁਰਤੀ-ਸਾਧਨਾ।

ਬੋਲ ਜਦ ਮਾਰੂਥਲ ਦੇ ਪਿੰਡੇ 'ਤੇ ਰੇਤ ਦੀਆਂ ਲਹਿਰਾਂ, ਮੀਂਹ ਦੇ ਸੁਰੀਲੇਪਣ ਜਾਂ ਬਿਰਖਾਂ ਦੇ ਟਾਹਣਾਂ ਨਾਲ ਖਹਿੰਦੀ ਪੌਣ ਵਿਚੋਂ ਪੈਦਾ ਹੁੰਦੇ ਤਾਂ ਕੁਦਰਤ ਦੇ ਨਿਆਰੇਪਣ ਅਤੇ ਅਦਭੁੱਤਤਾ ਨਾਲ ਮਨ ਲਬਰੇਜ਼ ਹੋ ਜਾਂਦਾ। ਕੁਦਰਤ ਦੇ ਅੰਗ ਅੰਗ ਵਿਚ ਵੱਸੀ ਹੈ ਸੰਗੀਤਕ ਬੋਲਾਂ ਦੀ ਰਮਜ਼।


ਬਾਬੇ ਨਾਨਕ ਦੇ ਬੋਲ ਜਦ ਮਰਦਾਨੇ ਦੀ ਰਬਾਬੀ ਸੰਗਤ ਵਿਚ ਫਿਜ਼ਾ ਵਿਚ ਪਿਘਲਦੇ ਤਾਂ ਕਾਇਨਾਤ ਮੰਤਰ-ਮੁਗਧ ਹੋ ਜਾਂਦੀ। ਸਮੁੱਚੀ ਲੋਕਾਈ ਉਨ੍ਹਾਂ ਬੋਲਾਂ ਵਿਚਲੀਆਂ ਮੱਤਾਂ ਨੂੰ ਜੀਵਨ ਵਿਚ ਢਾਲਦੀ, ਨਵੀਆਂ ਰਾਹਾਂ ਸਿਰਜਣਾ ਵਿਚ ਰੁੱਝ ਜਾਂਦੀ।

ਟਿਕੀ ਰਾਤ ਵਿਚ ਤਾਰਿਆਂ ਦੇ ਬੋਲ, ਰਾਤ ਦੀ ਸਾਂ ਸਾਂ, ਪਪੀਹੇ ਦੀ ਕੂਕ ਜਾਂ ਕੋਚਰੀ ਦੀ ਹੂਕ ਨੂੰ ਸੁਣਨ ਦੀ ਜਾਚ ਆ ਜਾਵੇ ਤਾਂ ਜੀਵਨ ਦੇ ਰੰਗ-ਬਿਰੰਗੇ ਪਲਾਂ ਨੂੰ ਜਿਉਣ ਦੀ ਜਾਚ ਆ ਜਾਂਦੀ। ਰਾਤ ਨੂੰ ਬੰਦਾ ਚੁੱਪ ਹੋ ਜਾਂਦਾ, ਜਾਨਵਰ ਤੇ ਪਰਿੰਦੇ ਵੀ ਰਾਤ ਨੂੰ ਨੀਂਦ ਦੀ ਆਗੋਸ਼ ਵਿਚ ਚੁੱਪ ਨੂੰ ਮਾਣਦੇ, ਪਰ ਕੁਦਰਤ ਕਦੇ ਵੀ ਨਹੀਂ ਸੌਂਦੀ। ਹਮੇਸ਼ਾ ਜਾਗਦੀ ਤੇ ਜਗਾਉਂਦੀ। ਇਸ ਦੇ ਬੋਲਾਂ

(ਬਾਕੀ ਅਗਲੇ ਸਫੇ 'ਤੇ)

# ਚੀ ਗੁਵੇਰਾ ਨੂੰ ਯਾਦ ਕਰਦਿਆਂ

***ਲਾਤੀਨੀ ਅਮਰੀਕਾ ਦੇ ਮੁਲਕ ਅਰਜਨਟੀਨਾ ਵਿਚ ਜੰਮਿਆ ਅਤੇ ਕਿਊਬਾ ਦੇ ਇਨਕਲਾਬ ਵਿਚ ਵੱਡਾ ਯੋਗਦਾਨ ਪਾਉਣ ਵਾਲਾ ਸੰਸਾਰ ਪ੍ਰਸਿੱਧ ਇਨਕਲਾਬੀ ਅਰਨੈਸਟੋ ਚੀ ਗੁਵੇਰਾ ਆਪਣੀ ਮਿਸਾਲ ਆਪ ਹੈ। ਸੰਸਾਰ ਭਰ ਵਿਚ ਜੂਝਦੇ ਲੋਕਾਂ ਲਈ ਉਹ ਅੱਜ ਵੀ ਪ੍ਰੇਰਨਾ ਦਾ ਸਰੋਤ ਹੈ। ਧਰਮ ਸਿੰਘ ਗੋਰਾਇਆ ਨੇ ਆਪਣੇ ਇਸ ਲੇਖ ਵਿਚ ਉਸ ਦੇ ਜੀਵਨ ਅਤੇ ਇਨਕਲਾਬੀ ਸਰਗਰਮੀਆਂ ਬਾਰੇ ਚਰਚਾ ਕੀਤੀ ਹੈ। -ਸੰਪਾਦਕ***



ਜਨਮ ਤੋਂ ਉਹ ਚੀ ਨਹੀਂ ਸੀ। ਅਰਨੈਸਟੋ ਗਵੇਰਾ ਤੋਂ ਚੀ ਕਿੰਝ ਹੋਇਆ? ਅਸਲੀ ਜਨਮ ਤਰੀਕ 14 ਮਈ 1928 ਨੂੰ ਅਰਜਨਟੀਨਾ ਦੇ ਸ਼ਹਿਰ ਰੋਜ਼ੇਰੀਉ ਵਿਚ ਪੈਦਾ ਹੋਇਆ। ਪਲੇਠਾ ਹੋਣ ਕਰ ਕੇ ਮਾਪਿਆਂ ਨੇ ਲਾਡ ਨਾਲ ਚੀ ਕਹਿਣਾ ਸ਼ੁਰੂ ਕਰ ਦਿੱਤਾ। ਅਰਜਨਟੀਨੀ ਸਭਿਆਚਾਰ ਵਿਚ ਇਸ ਦਾ ਅਰਥ 'ਮੇਰੇ ਪਿਆਰੇ' ਹੈ। ਅੱਜ ਲਾਤੀਨੀ ਮੁਲਕਾਂ ਵਿਚ ਲੋਕ ਚਾਹੇ ਅਰਨੈਸਟੋ ਗੁਵੇਰਾ ਨੂੰ ਨਾ ਜਾਣਦੇ ਹੋਣ ਲੇਕਿਨ ਉਹ ਚੀ ਗੁਵੇਰਾ ਨੂੰ ਭਲੀ-ਭਾਂਤ ਯਾਦ ਕਰਦੇ ਹਨ।

ਉਹ ਦੋ ਸਾਲ ਦੀ ਉਮਰ ਵਿਚ ਬਹੁਤ ਠੰਢੇ ਤਲਾਬ ਅਤੇ ਤੇਜ਼ ਚਲਦੀ ਹਵਾ ਵਿਚ ਨਹਾਉਂਦਿਆਂ ਠੰਢ ਲੱਗਣ ਨਾਲ ਦਮੇ ਦਾ ਸ਼ਿਕਾਰ ਹੋ ਗਿਆ ਅਤੇ ਇਸ ਬਿਮਾਰੀ ਨੇ ਚੀ ਦਾ 39 ਸਾਲ 3 ਮਹੀਨੇ ਖਹਿੜਾ ਨਾ ਛੱਡਿਆ। ਸਕੂਲੀ ਪੜ੍ਹਾਈ ਐਲਤਾ-ਗਰੇਸ਼ੀਆ ਵਿਚ ਕੀਤੀ। ਸਕੂਲ ਦੌਰਾਨ

**ਧਰਮ ਸਿੰਘ ਗੋਰਾਇਆ**
**ਫੋਨ: 301-653-7029**

ਅਮੀਰ ਬੱਚੇ ਗਰੀਬ ਬੱਚਿਆਂ ਨਾਲ ਕਿੰਝ ਨਾ-ਬਰਾਬਰੀ ਅਤੇ ਖੇਡ ਮੈਦਾਨਾਂ ਵਿਚ ਵਿਹਾਰ ਕਰਦੇ, ਇਸ ਗੱਲ ਨੇ ਚੀ ਨੂੰ ਗਰੀਬ ਬੱਚਿਆਂ ਨਾਲ ਜੋੜ ਦਿੱਤਾ। ਚੀ ਦੀ ਮਾਂ ਸੇਲੀਆ ਨੂੰ ਪੜ੍ਹਨ ਦਾ ਸ਼ੌਕ ਹੋਣ ਕਰ ਕੇ ਘਰ ਦੀ ਲਾਇਬ੍ਰੇਰੀ ਵਿਚ ਫਲਸਫੇ, ਮਨੋ-ਵਿਗਿਆਨ, ਇਤਿਹਾਸ ਤੇ ਕਲਾ ਨਾਲ ਜੁੜੀਆਂ ਕਿਤਾਬਾਂ ਤੋਂ ਇਲਾਵਾ ਲੈਨਿਨ, ਬਾਕੂਨਿਨ, ਕਰੋਪੋਤਕਿਨ ਨਾਲ ਸਬੰਧਤ ਕਿਤਾਬਾਂ ਵੀ ਸਨ। ਮਾਂ ਖੁਦ ਕਿਤਾਬਾਂ ਪੜ੍ਹਦੀ ਅਤੇ ਚੀ ਨੂੰ ਵੀ ਸੁਣਾਉਂਦੀ। ਚੀ ਨੂੰ ਪੜ੍ਹਨ ਦੀ ਐਸੀ ਚੇਟਕ ਲੱਗੀ ਕਿ ਦੋਸਤਾਂ-ਮਿੱਤਰਾਂ ਨੇ ਚੀ ਨੂੰ ਭੁੱਖੜ ਪੜ੍ਹਾਕੂ ਕਹਿਣਾ ਸ਼ੁਰੂ ਕਰ ਦਿੱਤਾ। ਚੰਗਾ ਅਗਾਂਹ-ਵਧੂ ਸਾਹਿਤ ਪੜ੍ਹਨਾ ਅਤੇ ਉਸ ਵਿਚੋਂ ਨੋਟਿਸ ਤਿਆਰ ਕਰਨੇ ਚੀ ਗੁਵੇਰਾ ਅਤੇ ਭਗਤ ਸਿੰਘ ਦੇ ਸਾਂਝੇ ਗੁਣ ਸਨ।

ਦੁਨੀਆਂ ਵਿਚ ਕੀ ਵਾਪਰ ਰਿਹਾ ਹੈ, ਇਹ ਜਾਣਨ ਲਈ ਮਹਿਜ 12 ਸਾਲ ਦੀ ਉਮਰ ਵਿਚ ਆਪਣੇ ਸਕੂਲੀ ਮਿੱਤਰ ਰੋਬਰਤੋ ਨਾਲ ਚੀ ਨੇ ਸਾਈਕਲ 'ਤੇ 800 ਕਿਲੋਮੀਟਰ ਦਾ ਪਹਿਲਾ ਸਫਰ ਕੀਤਾ। ਪਿੰਡਾਂ ਸ਼ਹਿਰਾਂ ਦੀ ਲੋਕ-ਜ਼ਿੰਦਗੀ ਨੂੰ ਨੇੜਿਓਂ ਦੇਖਣ ਦਾ ਅਵਸਰ ਮਿਲਿਆ। ਲੋਕਾਂ ਦਾ ਰਹਿਣ ਸਹਿਣ, ਮਾੜੀ ਆਰਥਿਕ ਹਾਲਤ, ਗਰੀਬਾਂ ਦਾ ਹਸਪਤਾਲਾਂ ਵਿਚ ਚੰਗਾ ਇਲਾਜ ਨਹੀਂ, ਚੰਗੀ ਪੜ੍ਹਾਈ ਨਹੀਂ, ਕਿਸਾਨੀ ਤੇ ਮਜ਼ਦੂਰ ਜਮਾਤ ਦੀ ਤਰਸਯੋਗ ਹਾਲਤ ਉਸ ਨੇ ਦੇਖੀ। ਕੋਹੜ ਦੀ ਬਿਮਾਰੀ ਤੋਂ ਪੀੜਤ ਲੋਕ ਤੜਫਦੇ ਦੇਖੇ। ਇੰਜਨੀਅਰਿੰਗ ਦੀ ਪੜ੍ਹਾਈ ਕਰਨ ਵਾਲਾ ਚੀ, ਡਾਕਟਰ ਬਣ ਕੇ ਗਰੀਬ ਲੋਕਾਂ ਦੀ ਸੇਵਾ ਕਰਨ ਦਾ ਫੈਸਲਾ ਕਰਦਾ ਹੈ। ਮੈਡੀਕਲ ਦੀ ਪੜ੍ਹਾਈ ਲਈ ਚੀ ਨੇ ਬਿਉਨਸ-ਆਇਰਸ ਦੀ ਯੂਨੀਵਰਸਿਟੀ 'ਚ ਦਾਖਲਾ ਲੈ ਲਿਆ। ਪੜ੍ਹਾਈ ਦੌਰਾਨ ਦੂਜੀ ਲੰਮੀ ਯਾਤਰਾ (4500 ਕਿਲੋਮੀਟਰ) ਚੀ ਨੇ ਸਾਈਕਲ 'ਤੇ ਇੰਜਣ ਫਿੱਟ ਕਰ ਕੇ ਕੀਤੀ। ਅਗਲੀ ਯਾਤਰਾ (8000 ਕਿਲੋਮੀਟਰ) ਆਪਣੇ ਮਿੱਤਰ ਅਲਬਰਤੋ ਨਾਲ ਕੀਤੀ ਜਿਸ ਵਿਚ ਉਨ੍ਹਾਂ ਨੇ ਪੂਰੇ ਦੱਖਣੀ ਅਮਰੀਕਾ ਨੂੰ ਆਪਣੇ ਘੇਰੇ ਵਿਚ ਲੈ ਆਂਦਾ ਸੀ। ਰਾਹਾਂ ਵਿਚ ਇਨ੍ਹਾਂ ਨੂੰ ਬਹੁਤ ਮੁਸ਼ਕਿਲਾਂ ਵੀ ਆਈਆਂ; ਜਿਵੇਂ ਕਿਧਰੇ ਚੀ ਆਉਣ ਵਾਲੇ ਸਮੇਂ ਲਈ ਆਪਣੇ ਆਪ ਨੂੰ ਤਿਆਰ ਕਰ ਰਿਹਾ ਹੋਵੇ! ਖਰਚੇ ਪੂਰੇ ਕਰਨ ਲਈ ਇਨ੍ਹਾਂ ਨੂੰ ਖੇਤਾਂ, ਹੋਟਲਾਂ ਵਿਚ ਕੰਮ ਕਰਨਾ ਪਿਆ।

ਉਹ ਸਮਾਜ ਵਿਚੋਂ ਦੁਰਕਾਰੇ ਅਤੇ ਬੇਸਹਾਰਾ ਲੋਕਾਂ ਨੂੰ ਪਿਆਰ ਮੁਹੱਬਤ ਤੇ ਇਨਸਾਨਾਂ ਵਾਲਾ ਸਨੇਹ ਦਿੰਦੇ ਉਨ੍ਹਾਂ ਦਾ ਦਰਦ ਮਹਿਸੂਸ ਕਰਦੇ। ਇਹ ਯਾਤਰਾਵਾਂ ਮੋਟਰ ਸਾਈਕਲ ਡਾਇਰੀਜ਼ ਨਾਂ ਹੇਠ ਛਪੀਆਂ ਜੋ ਸੰਸਾਰ ਪ੍ਰਸਿੱਧ ਹਨ। ਉਹ ਆਪਣੇ ਬਚਪਨ ਦੇ ਦੋਸਤ ਕਾਰਲਸ ਸੈਲੀਕਾ ਨਾਲ ਬੋਲੋਵੀਆ ਵਿਚ ਘੁੰਮਿਆ। ਇਹ ਉਹ ਸਮਾਂ ਸੀ, ਜਦ ਕੁਝ ਯੂਨੀਵਰਸਿਟੀ ਵਿਦਿਆਰਥੀਆਂ ਨੇ ਮੋਨਕਡਾ ਦੇ ਆਰਮੀ ਹੈਡਕੁਆਰਟਰ ਉਪਰ ਹਮਲਾ ਕੀਤਾ ਸੀ ਜਿਸ ਦੀ ਅਗਵਾਈ ਫੀਦਲ ਕਾਸਤਰੋ ਕਰ ਰਿਹਾ ਸੀ। '26 ਜੁਲਾਈ ਮੂਵਮੈਂਟ' ਨਾਲ ਜਾਣਿਆ ਜਾਂਦਾ ਇਨਕਲਾਬੀਆ ਦਾ ਇਹ ਹਮਲਾ ਬੁਰੀ ਤਰ੍ਹਾਂ ਪਛਾੜ ਦਿੱਤਾ ਗਿਆ। ਰਾਜਧਾਨੀ ਲਾਪਾਜ਼ ਚੀ ਨੇ ਕਿਸਾਨਾਂ ਅਤੇ ਖਾਣ ਮਜ਼ਦੂਰਾਂ ਦੇ ਮੁਜ਼ਾਹਰੇ ਦੇਖੇ। ਇਨਕਲਾਬੀ ਆਗੂ ਵਿਕਤੋਰ ਨੇ ਕੁਝ ਜ਼ਮੀਨੀ ਸੁਧਾਰ ਕੀਤੇ ਪਰ ਅਮਰੀਕਾ ਦੇ ਦਬਾਅ ਕਾਰਨ ਬਹੁਤੇ ਲੋਕ ਪੱਖੀ ਸੁਧਾਰ ਨਾ ਹੋ ਸਕੇ।

ਲਾਪਾਜ਼ ਵਿਚ ਚੀ ਦੀ ਮੁਲਾਕਾਤ ਇਨਕਲਾਬੀ ਭਗੌੜੇ ਵਕੀਲ ਰਿਕਾਰਦੋ ਰੋਜੋ ਨਾਲ ਹੋਈ। ਇਸ ਨੇ ਬਿਉਨਸ-ਆਇਰਸ ਵਿਚ ਗੁਆਟੇਮਾਲਾ ਦੇ ਦੂਤਘਰ ਵਿਚ ਸ਼ਰਨ ਲਈ ਹੋਈ ਸੀ। ਰੋਜੋ ਨੇ ਹੀ ਚੀ ਨੂੰ ਪ੍ਰੇਰ ਕੇ ਗੁਆਟੇਮਾਲਾ ਜਾਣ ਲਈ ਕਿਹਾ ਸੀ। ਗੁਆਟੇਮਾਲਾ ਦੇ ਪ੍ਰਧਾਨ ਅਰਬੈਂਜ ਦੇ ਕੁਝ ਕ੍ਰਾਂਤੀਕਾਰੀ ਸੁਧਾਰਾਂ ਨੇ ਚੀ ਨੂੰ ਬਹੁਤ ਪ੍ਰਭਾਵਿਤ ਕੀਤਾ। ਯੂਨਾਈਟਡ ਫੂਡ ਕੰਪਨੀ ਦੀ 2 ਲੱਖ 25 ਹਜ਼ਾਰ ਏਕੜ ਜ਼ਮੀਨ ਇੰਡੀਅਨਾਂ ਅਤੇ ਆਮ ਬੇਜ਼ਮੀਨਿਆਂ ਵਿਚ ਤਕਸੀਮ ਕੀਤੀ ਗਈ ਸੀ ਜਿਵੇਂ ਬੰਦਾ ਸਿੰਘ ਬਹਾਦਰ ਨੇ ਪੰਜਾਬ ਅੰਦਰ 1710 ਵਿਚ ਕੀਤਾ ਸੀ। ਚੀ 1953 ਦੇ ਅਖੀਰ ਵਿਚ ਗੁਆਟੇਮਾਲਾ ਪਹੁੰਚਦਾ ਹੈ ਪਰ ਗੁਆਟੇਮਾਲਾ ਉਪਰ ਅਮਰੀਕੀ ਹਮਲੇ ਨੇ ਅਰਬੈਂਜ ਨੂੰ 27 ਜੂਨ 1954 ਨੂੰ ਤਾਕਤ ਤੋਂ ਪਾਸੇ ਕਰ ਦਿੱਤਾ। ਚੀ ਨੇ ਇਸ ਘਟਨਾ ਨੂੰ ਆਮ ਗਰੀਬਾਂ ਮਜ਼ਦੂਰਾਂ ਕਿਸਾਨਾਂ ਲਈ ਬਹੁਤ ਘਾਤਕ ਸਮਝਿਆ। ਗੁਆਟੇਮਾਲਾ ਵਿਚ ਚੀ ਦੀਆਂ ਦੁਨੀਆਂ ਭਰ ਦੇ ਕਮਿਊਨਿਸਟ ਬਾਗੀਆਂ ਨਾਲ ਮੁਲਾਕਾਤਾਂ ਹੋਈਆਂ। ਹਿਲਦਾ ਗਾਦੀਆ ਜੋ ਬਾਅਦ ਵਿਚ ਚੀ ਦੀ ਪਤਨੀ ਬਣੀ। ਇਥੇ ਹੀ ਕਿਊਬਨ ਬਾਗੀ ਨਿਕੋ ਲੋਪੇਜ਼ ਨੇ ਚੀ ਨਾਲ ਫੀਦਲ ਕਾਸਤਰੋ ਬਾਰੇ ਜਾਣਕਾਰੀ ਸਾਂਝੀ ਕੀਤੀ।

21 ਸਤੰਬਰ 1954 ਨੂੰ ਚੀ ਅਤੇ ਪਤੇਜੋ ਮੈਕਸੀਕੋ ਸ਼ਹਿਰ ਪਹੁੰਚੇ। ਬਹੁਤ ਵੱਡਾ ਅਤੇ ਅਣਜਾਣਿਆ ਸ਼ਹਿਰ ਜਿਥੇ ਆਪਣਾ ਟਿਕ-ਟਿਕਾ ਕਰਨ ਲਈ ਉਸ ਨੂੰ ਅਖਬਾਰਾਂ ਵੇਚ ਕੇ, ਫੋਟੋਗ੍ਰਾਫੀ ਕਰ ਕੇ, ਪੇਪਰਾਂ ਲਈ ਲੇਖ ਲਿਖ ਕੇ ਗੁਜ਼ਾਰਾ ਕਰਨਾ ਪਿਆ। ਅਖੀਰ ਇਕ ਜਨਰਲ ਹਸਪਤਾਲ ਵਿਚ ਵਾਲੰਟੀਅਰ ਦਾ ਕੰਮ ਮਿਲਿਆ ਜਿਥੇ ਅਚਾਨਕ ਨਿਕੋ ਨਾਲ ਮਿਲਣੀ ਹੋਈ। ਨਿਕੋ ਨੇ ਚੀ ਨੂੰ ਦੱਸਿਆ ਕਿ ਮੋਨਕਡਾ ਵਾਲੀ ਘਟਨਾ ਦੇ ਹੀਰੋ ਫੀਦਲ ਅਤੇ ਰਾਊਲ ਕਾਸਤਰੋ ਜਲਦੀ ਹੀ ਰਿਹਾਅ ਹੋ ਰਹੇ ਹਨ। ਮਈ 1955 ਨੂੰ ਦੋਵੇਂ ਭਰਾ ਆਪਣੇ 18 ਹੋਰ ਬਾਗੀਆਂ ਨਾਲ ਜੇਲ੍ਹ ਤੋਂ ਰਿਹਾਅ ਹੋਏ। ਇਨ੍ਹਾਂ ਦੀ ਅਗਲੀ ਰਣਨੀਤੀ ਪਹਿਲਾਂ ਹੀ ਤੈਅ ਹੋ ਚੁੱਕੀ ਸੀ। ਸਾਰੇ ਬਾਗੀ ਮੈਕਸੀਕੋ ਵਿਚ ਗੁਰੀਲਾ ਟਰੇਨਿੰਗ ਲੈ ਕੇ ਕਿਊਬਾ ਵਲ ਰਵਾਨਾ ਹੋਣਗੇ। ਨਿਕੋ ਦੇ ਯਤਨਾਂ ਸਦਕਾ ਜੁਲਾਈ ਵਿਚ ਮੈਕਸੀਕੋ ਦੇ ਡਾਊਨ ਟਾਊਨ ਵਿਚ ਮਾਰੀਆ ਅਨਤੋਨੀਆ ਦੇ ਘਰੇ ਫਦਿਲ, ਰਾਊਲ ਅਤੇ ਚੀ ਦੀ ਲੰਮੀ ਗੱਲਬਾਤ ਹੋਈ। ਹਰ ਰਾਜਨੀਤਕ ਵਿਸ਼ੇ ਨੂੰ ਵਿਚਾਰਿਆ ਗਿਆ। ਫੀਦਲ ਚੀ ਦੀ ਮਾਰਕਸਵਾਦੀ ਪਕੜ ਦਾ ਕਾਇਲ ਹੋ ਚੁੱਕਾ ਸੀ। ਆਪਣੀਆਂ ਯਾਦਾਂ ਵਿਚ ਫੀਡਲ ਲਿਖਦਾ ਹੈ- ਚੀ ਦੇ ਮੇਰੇ ਨਾਲੋਂ ਵੀ ਜ਼ਿਆਦਾ ਪੱਕੇ ਇਨਕਲਾਬੀ ਵਿਚਾਰ ਸਨ। ਵਿਚਾਰਧਾਰਾ ਅਤੇ ਸਿਧਾਂਤ ਦੇ ਅਰਥਾਂ ਵਿਚ ਉਹ ਬਹੁਤ ਅੱਗੇ ਸੀ। ਮੇਰੇ ਨਾਲੋਂ ਉਹ ਕਿਤੇ ਵੱਧ ਇਨਕਲਾਬੀ ਸੀ।

ਸਾਬਕਾ ਕਰਨਲ ਅਲਬਰਤੋ ਬਾਓ ਨੂੰ ਬਾਗੀ ਗੁਰੀਲਿਆਂ ਦੀ ਟਰੇਨਿੰਗ ਲਈ ਚੁਣਿਆ ਗਿਆ। ਮੈਕਸੀਕੋ ਤੋਂ 50 ਮੀਲ ਦੀ ਦੂਰੀ 'ਤੇ ਸ਼ੈਲਕੋ ਦੀਆਂ ਪਹਾੜੀਆਂ ਵਿਚ ਇਕ ਰੈਂਚ ਅੰਦਰ ਸਖਤ ਗੁਰੀਲਾ ਟਰੇਨਿੰਗ ਸ਼ੁਰੂ ਹੋਈ। ਦਮੇ ਦੀ ਬਿਮਾਰੀ ਦੇ ਬਾਵਜੂਦ ਚੀ ਨੇ ਅੱਵਲ ਨੰਬਰ ਲੈ ਕੇ ਕੋਰਸ ਪੂਰਾ ਕੀਤਾ ਅਤੇ ਆਪਣੇ ਗਰੁੱਪ ਦਾ ਲੀਡਰ ਚੁਣਿਆ ਗਿਆ। ਇਕ ਸਮਾਂ ਅਜਿਹਾ ਵੀ ਆਇਆ ਕਿ ਫੀਦਲ ਅਤੇ ਚੀ ਫੜੇ ਵੀ ਗਏ ਪਰ ਆਪਣੀ ਦੂਰਅੰਦੇਸ਼ੀ ਨਾਲ ਫੀਦਲ ਨੇ ਮੈਕਸੀਕੋ ਦੀ ਅਫਸਰਸ਼ਾਹੀ ਨਾਲ ਗੰਢ-ਤੁਪ ਕਰ ਕੇ ਮਸਲਾ ਹੱਲ ਕਰ ਲਿਆ ਪਰ ਸ਼ਰਤ ਸੀ ਕਿ ਸਾਰੇ ਬਾਗੀ ਬਹੁਤ ਜਲਦੀ ਮੈਕਸੀਕੋ ਛੱਡ ਜਾਣ। ਤੁਰੰਤ ਤੱਕਸਪਾਨ ਦੀ ਬੰਦਰਗਾਹ ਜਾ ਕੇ 38 ਫੁੱਟ ਲੰਮੀ ਗਰਾਨਮਾ ਬੋਟ (ਕਿਸ਼ਤੀ) 12 ਹਜ਼ਾਰ ਡਾਲਰਾਂ ਵਿਚ ਖਰੀਦੀ, ਇਸ ਦੀ ਮੁਰੰਮਤ ਕੀਤੀ। ਹੁਣ ਵੱਡਾ ਸੁਆਲ ਸੀ ਕਿ 82 ਬਾਗੀ ਇਸ ਬੋਟ ਵਿਚ ਕਿੰਝ 1200 ਮੀਲ ਦਾ ਸੀਆਰਾ ਮੈਸਤਰਾ ਤੱਕ ਦਾ ਸਫਰ ਤੈਅ ਕਰਨਗੇ? ਬੋਟ ਕੇਵਲ 22 ਜਣਿਆਂ ਦੀ ਹੀ ਸਮਰਥਾ ਰੱਖਦੀ ਸੀ। 25 ਨਵੰਬਰ 1956 ਦੇ ਤੜਕੇ 2 ਵਜੇ 82 ਬਾਗੀ ਹਥਿਆਰਾਂ ਸਮੇਤ ਗਰਾਨਮਾ ਬੋਟ 'ਤੇ ਸਵਾਰ ਹੋ ਕੇ 5 ਦਿਨਾਂ ਦਾ ਸਫਰ 7 ਦਿਨਾਂ ਵਿਚ ਪੂਰਾ ਕਰ ਕੇ ਬੜੀਆਂ ਮੁਸੀਬਤਾਂ ਝੱਲਦਿਆਂ ਸੀਆਰਾ ਦੀਆਂ ਪਹਾੜੀਆਂ ਤੱਕ ਪੰਹੁਚੇ ਜਿਥੇ ਉਨ੍ਹਾਂ ਦਾ ਸਵਾਗਤ ਗੋਲੀਆਂ ਅਤੇ ਬਾਰੂਦ ਨਾਲ ਹੋਇਆ। ਕੁਲ 82 ਬਾਗੀਆਂ ਵਿਚੋਂ ਕੇਵਲ 20 ਹੀ ਬਚੇ ਪਰ ਇਨ੍ਹਾਂ ਬਾਗੀਆਂ ਨੇ ਲਗਾਤਾਰ 2 ਸਾਲ ਫੈਸਲਾਕੁਨ ਯੁਧ ਲੜਿਆ। ਇਹ ਯੁੱਧ ਲੜਦਿਆਂ ਕਾਫਲੇ ਬਣਦੇ ਗਏ। ਨੌਜਵਾਨ ਕਿਸਾਨ, ਮਜ਼ਦੂਰ ਇਨ੍ਹਾਂ ਦੇ ਸੰਗੀ ਸਾਥੀ ਸਨ।

ਪੂਰੀ ਤਰ੍ਹਾਂ ਅਮਰੀਕਨ ਹਾਕਮਸ਼ਾਹੀ ਪੱਖੀ ਤਾਨਾਸ਼ਾਹ ਬਤਿਸਤਾ ਨੂੰ ਕਿਊਬਾ ਛੱਡ ਕੇ ਹਾਰ ਮੰਨਣੀ ਪਈ ਅਤੇ ਜਨਵਰੀ 1959 ਦਾ ਸੂਰਜ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਲਤਾੜੇ ਲੋਕਾਂ ਲਈ ਆਸ ਦੀਆਂ ਕਿਰਨਾਂ ਲੈ ਕੇ ਆਇਆ। ਕਿਊਬਾ ਵਿਚ ਜ਼ਮੀਨੀ ਸੁਧਾਰ ਕਰਨ ਪਿਛੇ ਚੀ ਨੇ ਅਹਿਮ ਭੂਮਿਕਾ ਨਿਭਾਈ। ਬੈਂਕਾਂ ਦਾ ਕੌਮੀਕਰਨ, ਮੁਫਤ ਪੜ੍ਹਾਈ ਤੇ ਸਿਹਤ ਸਹੂਲਤਾਂ, ਰੁਜ਼ਗਾਰ ਦੇ ਨਵੇਂ ਅਵਸਰ, ਵਿਦੇਸ਼ੀ ਕੰਪਨੀਆਂ ਦੇ ਹਿੱਸਿਆਂ ਨੂੰ ਜ਼ਬਤ ਕਰਨਾ, ਖੇਤੀ ਵਿਚ ਨਵੀਆਂ ਤਕਨੀਕਾਂ, ਖੰਡ ਲਈ ਬਾਹਰਲੇ ਮੁਲਕਾਂ ਨਾਲ ਸਮਝੌਤੇ, ਖਾਸ ਕਰ ਕੇ ਰੂਸ ਨਾਲ ਜੋ ਉਦੋਂ ਸੋਵੀਅਤ ਯੂਨੀਅਨ ਸੀ। ਇਸੇ ਸਬੰਧ ਵਿਚ ਚੀ 30 ਜੂਨ 1959 ਨੂੰ ਦਿੱਲੀ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਮਿਲਿਆ। ਨਹਿਰੂ ਬਾਰੇ ਚੀ ਕਈ ਭਰਮ ਲਈ ਬੈਠਾ ਸੀ ਲੇਕਿਨ ਨਹਿਰੂ ਨੂੰ ਮਿਲਣ ਬਾਅਦ ਉਸ ਨੂੰ ਨਿਰਾਸ਼ਾ ਹੋਈ। ਇਕ ਹਫਤੇ ਦੇ ਦੌਰੇ ਮਗਰੋਂ ਚੀ ਆਪਣੀਆਂ ਯਾਦਾਂ ਵਿਚ ਲਿਖਦਾ ਕਿ ਜਿੰਨਾ ਚਿਰ ਇਥੋਂ ਦੇ ਲੋਕ ਵਹਿਮਾਂ-ਭਰਮਾਂ ਅਤੇ ਦੇਵੀ ਦੇਵਤਿਆਂ ਦੀ ਚੁੰਗਲ ਵਿਚੋਂ ਬਾਹਰ ਨਹੀਂ ਆਉਂਦੇ, ਉਦੋਂ ਤੱਕ ਇਨ੍ਹਾਂ ਦਾ ਬਹੁਤਾ ਕੁਝ ਸੰਵਰ ਨਹੀਂ ਸਕਦਾ। ਕਾਸ਼! ਅੱਜ ਚੀ ਜਿਊਂਦਾ ਹੁੰਦਾ ਅਤੇ 81 ਸਾਲ ਪਹਿਲਾਂ ਕੀਤੀ ਭਵਿੱਖਬਾਣੀ ਦੇਖ ਸਕਦਾ!!

ਬਾਗੀ ਸਾਥੀਆਂ ਦੀ ਜ਼ੋਰਦਾਰ ਮੰਗ 'ਤੇ ਚੀ ਨੂੰ 7 ਫਰਵਰੀ 1959 ਨੂੰ ਕਿਊਬਾ ਦਾ ਨਾਗਰਿਕ ਬਣਾਇਆ ਗਿਆ। ਚੀ ਨੇ 9 ਦਸੰਬਰ 1964 ਨੂੰ ਯੂ.ਐਨ.ਓ. ਦੀ 19ਵੀਂ ਜਨਰਲ ਅਸੈਂਬਲੀ ਵਿਚ ਕਿਊਬਾ ਦੀ ਨੁਮਾਇੰਦਗੀ ਕੀਤੀ। ਚੀ ਨੇ ਦੁਨੀਆਂ ਦੇ ਚਾਰ ਦੌਰੇ ਕਰ ਕੇ ਕਿਊਬਾ ਦੀ ਸਾਮਰਾਜ ਉਪਰ ਜਿੱਤ ਅਤੇ ਬਾਕੀ ਗਰੀਬ ਮੁਲਕਾਂ ਦੇ ਕਲਿਆਣ ਲਈ ਸਮਾਜਵਾਦੀ ਵਿਚਾਰਧਾਰਾ ਨੂੰ ਖੁੱਲ੍ਹੇਆਮ ਪ੍ਰਚਾਰਿਆ। ਫੀਦਲ ਨੇ ਮੀਡੀਆ ਸਾਹਮਣੇ ਆਪਣੇ ਆਪ ਨੂੰ ਕਮਿਊਨਿਸਟ ਹੋਣ ਦੇ ਦਾਅਵੇ ਤੋਂ ਦੂਰੀ ਬਣਾਈ ਰੱਖੀ। ਚੀ ਨੇ ਇੰਜ ਕਦੇ ਨਹੀਂ ਸੀ ਕੀਤਾ। ਚੀ ਦਾ ਇਕ ਥਾਂ ਟਿਕ ਕੇ ਕੰਮ ਔਖਾ ਹੁੰਦਾ, ਉਹ ਤਾਂ ਪੂਰੀ ਦੁਨੀਆਂ, ਖਾਸ ਕਰ ਕੇ ਲਾਤੀਨੀ ਮੁਲਕਾਂ ਅੰਦਰ ਇਨਕਲਾਬ ਦਾ ਚਿਰਾਗ ਬਾਲਣਾ ਚਾਹੁੰਦਾ ਸੀ।

ਚੀ ਨੇ ਕਾਂਗੋ ਨੂੰ ਆਪਣਾ ਅਗਲਾ ਟੀਚਾ ਬਣਾਇਆ। ਕਾਂਗੋ ਨੇ ਕਰੀਬ 5 ਸਾਲ ਪਹਿਲਾਂ ਹੀ ਬੈਲਜੀਅਮ ਤੋਂ 30 ਜੂਨ 1960 ਨੂੰ ਬੰਦ-ਖਲਾਸੀ ਕਰਵਾਈ ਸੀ। ਬਹੁਤ ਹੀ ਪੱਛੜਿਆ ਮੁਲਕ ਜਿਸ ਨੂੰ ਲਾਲ ਰੰਗ ਵਿਚ ਰੰਗਣ ਲਈ 29 ਜੂਨ 1965 ਨੂੰ ਆਪਣੇ 40 ਕਿਊਬਨ ਬਾਗੀਆਂ ਨਾਲ ਚੀ ਨੇ ਕਾਂਗੋ ਦੇ ਟੂਟਸੀ ਬੈਨਡੇਰਾ ਵੱਲ ਕੂਚ ਕੀਤਾ। ਛੇਤੀ ਹੀ 160 ਕਾਂਗੋ ਅਤੇ ਇਡੀਅਨ ਇਨ੍ਹਾਂ ਨਾਲ ਆਣ ਮਿਲੇ ਪਰ ਇਨ੍ਹਾਂ ਵਿਚਕਾਰ ਕੋਈ ਜ਼ਾਬਤਾ ਜਾਂ ਅਨੁਸ਼ਾਸਨ ਨਹੀਂ ਸੀ। ਪੜ੍ਹਾਈ ਤੋਂ ਕੋਰੇ, ਹਥਿਆਰਾਂ ਦੀ ਕੋਈ ਜਾਣਕਾਰੀ ਨਹੀਂ। ਉਜੱਡਪੁਣਾ, ਗਾਲੀ ਗਲੋਚ ਤੇ ਨਾਲ ਹੀ ਕਈ ਲਿੰਗਕ ਬਿਮਾਰੀਆਂ। ਚੀ ਨੇ 20-20 ਦੇ ਗਰੁੱਪ ਬਣਾ ਕੇ ਇਨ੍ਹਾਂ ਨੂੰ ਟਰੇਂਡ ਕਰਨਾ ਸ਼ੁਰੂ ਕੀਤਾ। ਇਨ੍ਹਾਂ ਨੂੰ ਪੂਰੀ ਗੁਰੀਲਾ ਟਰੇਨਿੰਗ ਵਿਚ ਮਾਹਰ ਕਰਨਾ ਚੀ ਲਈ ਚੁਣੌਤੀ ਵੀ ਸੀ। ਪੈਤਰਿਸ ਲੰਮੂਬਾ ਜੂਨ 1960 ਵਿਚ ਕਾਂਗੋ ਦਾ ਮੁਖੀ ਬਣਿਆ। ਬੈਲਜੀਅਮ ਪੱਖੀਆਂ ਨੇ ਜਦੋਂ ਉਲਟਾ ਲੜਨਾ ਸ਼ੁਰੂ ਕਰ ਦਿੱਤਾ ਤਾਂ ਸੋਵੀਅਤ ਯੂਨੀਅਨ ਤੋਂ ਮਦਦ ਮੰਗੀ ਗਈ। ਅਮਰੀਕਾ ਤੜਫ ਉਠਿਆ। ਸਾਮਰਾਜੀਆਂ ਨੇ ਲੰਮੂਬਾ ਨੂੰ 17 ਜਨਵਰੀ 1961 ਨੂੰ ਗੋਲੀ ਮਾਰ ਦਿੱਤੀ। ਲੰਮੂਬਾ ਦੇ ਸਾਥੀ ਹੁਣ ਖਾਨਾਜੰਗ ਲੜ ਰਹੇ ਸਨ ਅਤੇ ਚੀ ਇਨ੍ਹਾਂ ਦੀ ਸਹਾਇਤਾ ਕਰਨ ਆਇਆ ਸੀ।

ਅਜੇ ਟਰੇਨਿੰਗ ਚੱਲ ਹੀ ਰਹੀ ਸੀ ਕਿ ਇਨ੍ਹਾਂ ਉਪਰ ਹਮਲਾ ਹੋ ਗਿਆ। ਇਕ ਤਿਹਾਈ ਕਾਂਗੋ ਤੇ ਰਿਵਾਂਡੀਅਨ ਮੈਦਾਨ ਛੱਡ ਕੇ ਦੌੜ ਗਏ। ਚੀ ਨੂੰ ਇਹ ਆਸ ਨਹੀਂ ਸੀ। ਗੁਰੀਲਿਆਂ ਨੂੰ ਭਾਵੇਂ ਸੋਵੀਅਤ ਯੂਨੀਅਤ ਅਤੇ ਚੀਨ ਤੋਂ ਹਥਿਆਰ, ਦਵਾਈਆਂ ਆਦਿ ਆ ਰਹੇ ਸਨ ਪਰ ਚੀ ਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਇਹ ਦੋ ਵੱਡੇ ਸਮਾਜਵਾਦੀ ਮੁਲਕ ਆਪਸ ਵਿਚ ਇੰਨੇ ਜ਼ਿਆਦਾ ਖਹਿੰਦੇ ਕਿਉਂ ਸਨ। ਇਹ ਸਭ ਸਰਦਾਰੀ ਜਮਾਉਣ ਲਈ ਹੋ ਰਿਹਾ ਸੀ। ਚੀ ਬਹੁਤ ਨਿਰਾਸ਼ ਹੋ ਚੁੱਕਾ ਸੀ। ਚੀ ਦਾ ਪ੍ਰੋਲਤਾਰੀ ਕੌਮਾਂਤਰੀਵਾਦ ਦਾ ਸੁਪਨਾ ਸਾਕਾਰ ਹੁੰਦਾ ਨਹੀਂ ਸੀ ਦਿਸ ਰਿਹਾ ਪਰ ਉਹ ਹਥਿਆਰ ਸੁੱਟਣ ਵਾਲਾ ਵੀ ਨਹੀਂ ਸੀ। ਕਾਂਗੋ ਦੇ ਲੋਕਾਂ ਦਾ ਰੰਗ ਢੰਗ, ਬੋਲੀ, ਸਭਿਆਚਾਰ, ਆਰਥਕ ਮਜਬੂਰੀਆਂ ਨੇ ਇਨ੍ਹਾਂ ਬਾਗੀਆਂ ਨੂੰ ਕਦੇ ਵੀ ਆਪਣਾ ਨਾ ਮੰਨਿਆ। ਸੋਵੀਅਤ ਤੋਂ ਗੁਰੀਲਿਆਂ ਦੀ ਭਾਵੇਂ ਨਫਰੀ ਆਉਂਦੀ ਰਹੀ ਪਰ ਇਹ ਕਾਫੀ ਨਹੀਂ ਸੀ। ਬਾਵਜੂਦ ਇਨ੍ਹਾਂ ਹਾਲਾਤ ਦੇ, ਚੀ ਜੰਗ ਜਾਰੀ ਰੱਖਣਾ ਚਾਹੁੰਦਾ ਸੀ ਪਰ ਬਹੁ ਗਿਣਤੀ ਬਾਗੀਆਂ ਦੇ ਹੁਕਮ ਮੁਹਰੇ ਚੀ ਨੂੰ ਆਪਣੇ ਪਿਆਰਿਆਂ ਅੱਗੇ ਸਿਰ ਝੁਕਾਉਣਾ ਪਿਆ ਅਤੇ ਕੁਝ ਮਹੀਨਿਆਂ ਦੀਆਂ ਇਨਕਲਾਬੀ ਮੁਹਿੰਮਾਂ ਬਾਅਦ ਇਨ੍ਹਾਂ ਨੂੰ ਨਵੰਬਰ 1965 ਨੂੰ ਕਾਂਗੋ ਛੱਡਣਾ ਪਿਆ। ਜੇ ਇਨ੍ਹਾਂ ਦੋਹਾਂ ਮੁਲਕਾਂ ਦਰਮਿਆਨ ਸਹੀ ਵਿਚਾਰਧਾਰਕ ਸਾਂਝ ਦੇ ਨਾਲ-ਨਾਲ ਅਸਲੀ ਹਲੀਮੀ ਰਾਜ ਕਾਇਮ ਕਰਨ ਦੀ ਇੱਛਾ ਸ਼ਕਤੀ ਹੁੰਦੀ ਤਾਂ ਸੋਵੀਅਤ ਯੂਨੀਅਨ ਕਦੇ ਦੁਬਾਰਾ ਰੂਸ ਨਾ ਬਣਦਾ ਅਤੇ ਅਮਰੀਕਾ ਵਰਗਾ ਖੂੰਖਾਰ ਮੁਲਕ ਕਦੇ ਚੀਨ ਨੂੰ ਕਰੋਨਾ ਫੈਲਾਉਣ ਲਈ ਪੂਰੀ ਦੁਨੀਆਂ ਵਿਚ ਬਦਨਾਮ ਨਾ ਕਰਦਾ।

ਦਸੰਬਰ 1966 ਨੂੰ ਚੀ ਲਿਖਦਾ ਹੈ, "ਗੁਆਂਢੀ ਮੁਲਕਾਂ ਅੰਦਰ ਇਨਕਲਾਬੀ ਸੰਘਰਸ਼ ਸ਼ੁਰੂ ਕਰਨ ਲਈ ਬੋਲੀਵੀਆ ਨੂੰ ਕੁਰਬਾਨੀ ਦੇਣੀ ਪਵੇਗੀ।" ਉਹ ਬੋਲੀਵੀਆ ਅੰਦਰ ਸੈਂਕੜੇ ਮੀਲਾਂ ਦੇ ਕਠਿਨ ਪਹਾੜੀ ਖੇਤਰਾਂ ਵਿਚ ਕਿਸਾਨਾਂ-ਮਜ਼ਦੂਰਾਂ ਨਾਲ ਰਾਬਤਾ ਬਣਾਉਂਦੇ ਨਵਾਂ ਸਮਾਜ ਸਿਰਜਣ ਦੀ ਗੱਲ ਕਰਦੇ। ਇਥੇ ਅਮਰੀਕਾ ਦੀ ਖੁਫੀਆ ਏਜੰਸੀ ਸੀ.ਆਈ.ਏ. ਦੇ ਟਰੇਂਡ ਫੌਜੀਆਂ ਨਾਲ 5 ਵਾਰ ਟਕਰਾਅ ਹੋਇਆ। ਆਖਰੀ ਲੜਾਈ ਨੋਨਕਹੌਸੂ ਦਰਿਆ ਲਾਗੇ ਹੋਈ। 31 ਅਗਸਤ 1967 ਨੂੰ 8 ਗੁਰੀਲੇ ਦਰਿਆ ਪਾਰ ਕਰਦੇ ਮਾਰੇ ਗਏ ਜਿਨ੍ਹਾਂ ਵਿਚ 30 ਸਾਲਾ ਔਰਤ ਤਾਨੀਆ ਵੀ ਸੀ। 8 ਅਕਤੂਬਰ ਨੂੰ ਚੀ ਦੇ ਦਸਤੇ ਦਾ ਮੁਕਾਬਲਾ ਲਾ-ਹਿਗੂਏਰਾ ਵਿਖੇ ਹੋਇਆ। ਚੀ ਦੀ ਐਮ-2 ਕਾਰਬਾਈਨ ਨਕਾਰਾ ਹੋ ਚੁੱਕੀ ਸੀ। ਦੁਸ਼ਮਣ ਗੋਲੀ ਚਲਾਉਣ ਲੱਗਾ ਤਾਂ ਚੀ ਦੇ ਬੋਲ ਸਨ: "ਗੋਲੀ ਨਾ ਚਲਾਈਂ, ਮੈਂ ਚੀ ਗੁਵੇਰਾ ਹਾਂ। ਮੈਂ ਤੇਰੇ ਲਈ ਮਰੇ ਨਾਲੋਂ ਜਿਊਂਦਾ ਚੰਗਾ ਰਹਾਂਗਾ।"

ਲੈਫਟੀਨੈਂਟ ਕਰਨਲ ਸੈਲਿਚ ਨੇ ਚੀ ਨਾਲ ਬਹੁਤ ਸੁਆਲ ਜੁਆਬ ਕੀਤੇ। ਚੀ ਦੇ ਜੁਆਬ ਬੇਖੌਫ ਸਨ। ਅਮਰੀਕੀ ਰਾਸ਼ਟਰਪਤੀ ਲਿੰਡਨ ਜੋਹਨਸਨ ਦੇ ਚੀ ਨੂੰ ਖਤਮ ਕਰਨ ਦੇ ਹੁਕਮ ਮਿਲ ਚੁੱਕੇ ਸਨ। 9 ਅਕਤੂਬਰ 1967 ਨੂੰ ਦਿਨ ਦੇ 1.10 ਵਜੇ ਜਦ ਮਾਰੀਓ ਤੇਰਨ ਹੱਥ ਵਿਚ ਗੰਨ ਲਈ ਕੱਚੇ ਸਕੂਲੀ ਕਮਰੇ ਜਿਥੇ ਚੀ ਨੂੰ ਰੱਖਿਆ ਗਿਆ ਸੀ, ਵਿਚ ਦਾਖਲ ਹੋਇਆ ਤਾਂ ਚੀ ਬੋਲਿਆ, "ਮੈਨੂੰ ਪਤਾ, ਤੂੰ ਮੈਨੂੰ ਮਾਰਨ ਆਇਆਂ। ਚਲਾ ਗੋਲੀ ਮੂਰਖਾ, ਤੂੰ ਇਕ ਆਦਮੀ ਹੀ ਮਾਰੇਂਗਾ।"

53 ਸਾਲ ਪਹਿਲਾਂ ਦੁਨੀਆਂ ਤੋਂ ਜਾ ਚੁੱਕੇ ਸਭ ਤੋਂ ਹਰਮਨ ਪਿਆਰੇ ਇਸ ਇਨਕਲਾਬੀ ਨੂੰ ਲਾਤੀਨੀ ਲੋਕ ਅੱਜ ਵੀ ਆਪਣਾ ਆਦਰਸ਼ ਮੰਨਦੇ ਹਨ।

## ਬੋਲ-ਬਬੀਹੇ

*(ਪਿਛਲੇ ਸਫੇ ਦੀ ਬਾਕੀ)*

ਦੀ ਨਿਰੰਤਰਤਾ ਹੀ ਜਿਉਂਦੇ ਹੋਣ ਦਾ ਸਬੂਤ। ਕੁਦਰਤ ਦੇ ਬੋਲ ਰੂਹ ਦੇ ਸਭ ਤੋਂ ਕਰੀਬ, ਮਾਨਸਿਕ ਭਟਕਣਾ ਲਈ ਟਿਕਾਅ ਅਤੇ ਦੁਨਿਆਵੀ ਦੌੜ-ਭੱਜ ਤੋਂ ਰਾਹਤ। ਖੁਦ ਦੇ ਕੋਲ ਕੋਲ ਰਹਿਣ ਅਤੇ ਖੁਦ ਸੰਗ ਜਿਉਣ ਦਾ ਬਿਹਤਰੀਨ ਮੌਕਾ। ਕਦੇ ਕਦਾਈਂ ਕੁਦਰਤ ਦੇ ਬੋਲਾਂ ਨਾਲ ਸਾਂਝ ਪਾਉਣੀ, ਜੀਵਨ-ਸੁੱਚਮਤਾ ਹਾਸਲ ਹੋਵੇਗੀ।

ਬੋਲ ਸੰਕੋਚਵੇਂ, ਸੱਚੇ, ਸੁੱਚੇ, ਸੁੰਦਰ, ਸੰਜੀਦਾ ਅਤੇ ਸਪੱਸ਼ਟ ਹੋਣ ਤਾਂ ਇਨ੍ਹਾਂ ਦੇ ਅਰਥਾਂ ਦੀ ਅਸੀਮਤਾ ਤੇ ਡੂੰਘਾਈ ਸੁਣਨ ਵਾਲੇ ਲਈ ਬੋਲ-ਬਬੀਹਾ ਹੁੰਦੀ, ਜਿਸ ਦੀ ਪੁਕਾਰ ਸੁਣ ਕੇ ਖੁਦਾ ਵੀ ਦ੍ਰਿਸ਼ਟਮਾਨ ਹੋ ਜਾਂਦਾ।

ਬੋਲ ਤਾਂ ਬੋਲ ਹੁੰਦੇ, ਬੋਲਾਂ ਦਾ ਕੀ ਏ। ਬੋਲਾਂ ਵਿਚ ਬੋਲਦਾ, ਤਾਂ ਮਨੁੱਖੀ ਜੀਅ ਹੁੰਦਾ। ਬੋਲਾਂ ਨਾਲ ਜਦ ਕਿਸੇ ਦਾ ਮੂੰਹ ਸੀਅ ਹੁੰਦਾ, ਤਾਂ ਬੋਲਾਂ ਕੋਲੋਂ ਕਹਿ ਨਾ ਸੀਅ ਹੁੰਦਾ। ਬੋਲਾਂ ਨੂੰ ਬੰਦੇ ਦਾ ਮਾਣ ਬਣਾਓ, ਬੋਲਾਂ ਦੀ ਝੋਲੀ ਰਹਿਮਤ ਪਾਓ। ਬੋਲ-ਬਰਕਤਾਂ ਸਮਿਆਂ ਦੇ ਲੇਖੇ ਲਾਓ, ਇਸ ਦੀ ਰੂਹੇ ਕਾਇਨਾਤ ਦੀ ਉਪਮਾ ਗਾਓ ਤਾਂ ਕਿ ਕੁਦਰਤ ਵੀ ਤੁਹਾਨੂੰ ਦੁਆਵਾਂ ਦਿੰਦੀ, ਜੀਵਨ-ਤਲੀ 'ਤੇ ਦੀ ਗੂੜ੍ਹੀ ਮਹਿੰਦੀ ਲਾਵੇ।

# ਬਲਬੀਰ ਸਿੰਘ ਕੰਵਲ ਦੀ ਬੱਲੇ ਬੱਲੇ

ਪੰਜਾਬੀ ਖੇਡ ਸਾਹਿਤ 10



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਬਲਬੀਰ ਸਿੰਘ ਕੰਵਲ ਖੋਜੀ ਲੇਖਕ ਹੈ। 'ਬੱਲੇ ਬੱਲੇ' ਉਹਦਾ ਤਕੀਆ ਕਲਾਮ। ਬੱਲੇ ਬੱਲੇ ਕਰੇ ਬਿਨਾਂ ਉਹਤੋਂ ਰਹਿ ਨਹੀਂ ਹੁੰਦਾ। ਉਸ ਨੇ ਪਹਿਲਵਾਨਾਂ, ਕੌਡਿਆਲਾਂ, ਰਾਗੀਆਂ, ਰਬਾਬੀਆਂ, ਬਾਈਆਂ ਤੇ ਭਾਰਤੀ ਸੰਗੀਤ ਘਰਾਣਿਆਂ ਬਾਰੇ ਲਿਖ ਕੇ ਵਾਕਿਆ ਈ ਬੱਲੇ ਬੱਲੇ ਕਰਾਈ ਹੈ। ਉਹ ਪੰਜਾਬੀ ਵਿਰਸੇ ਦਾ ਅਲੰਬਰਦਾਰ ਹੈ ਅਤੇ ਵਿਰਾਸਤ ਨਾਲ ਮੋਹ ਰੱਖਦੈ। ਇਸੇ ਮੋਹ ਸਦਕਾ ਉਸ ਨੇ ਲੰਡਨ ਵਿਚ 'ਪੰਜਾਬ ਹੈਰੀਟੇਜ ਮਿਊਜ਼ੀਅਮ' ਬਣਾਇਆ ਹੈ। ਉਸ ਵਿਚ ਭਲਵਾਨੀ, ਸਾਜ਼ ਸੰਗੀਤ ਤੇ ਪੰਜਾਬੀ ਵਿਰਸੇ ਨਾਲ ਸਬੰਧਿਤ ਵਸਤਾਂ ਸੰਭਾਲ ਰੱਖੀਆਂ ਹਨ।

ਉਹ 8 ਮਾਰਚ 1934 ਨੂੰ ਪਿੰਡ ਜੌਤਾ ਜਿਲਾ ਹੁਸ਼ਿਆਰਪੁਰ ਵਿਚ ਜੰਮਿਆ ਸੀ ਅਤੇ 1964 ਤੋਂ ਵਲਾਇਤ ਵਿਚ ਵਸ ਰਿਹੈ। ਚੜ੍ਹਦੀ ਜੁਆਨੀ 'ਚ ਰੁਸਤਮੇ ਜ਼ਮਾਂ ਗਾਮੇ ਨੂੰ ਮਿਲਣ ਪਿੱਛੋਂ ਉਹ ਪਹਿਲਵਾਨਾਂ ਬਾਰੇ ਲਿਖਣ ਲਈ ਪ੍ਰੇਰਿਆ ਗਿਆ। 1964 ਵਿਚ ਉਸ ਨੇ 'ਭਾਰਤ ਦੇ ਪਹਿਲਵਾਨ' ਪੁਸਤਕ ਲਿਖੀ, ਜਿਸ ਨੂੰ ਯੂਨੈਸਕੋ ਦਾ ਅਵਾਰਡ ਮਿਲਿਆ। ਪੰਜਾਬ ਸਰਕਾਰ ਨੇ ਉਸ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਨਾਲ ਸਨਮਾਨਿਆ। ਪੰਜਾਬ ਵਿਚ ਉਹ ਅਧਿਆਪਕ ਸੀ, ਵਲਾਇਤ ਵਿਚ ਪੋਸਟਮੈਨ ਤੇ ਹੋਰ ਕਈ ਕੁਝ। ਇਕ ਵਾਰ ਨਿੰਦਰ ਘੁਗਿਆਣਵੀ ਉਹਦੇ ਕੋਲ ਗਿਆ ਤੇ ਲਿਖਿਆ ਕਿ ਅਸੀਂ ਘਰੋਂ ਬਾਹਰ ਜਾਣ ਲੱਗੇ ਤਾਂ ਅੰਕਲ ਕੰਵਲ ਬੂਹੇ ਨੂੰ ਲੌਕ ਲਾਉਣ ਲੱਗਾ। ਮੈਂ ਯਾਦ ਕਰਾਇਆ ਕਿ ਟੀ. ਵੀ. ਬੰਦ ਕਰਨੀ ਤਾਂ ਆਪਾਂ ਭੁੱਲ ਈ ਗਏ। ਕੰਵਲ ਨੇ ਕਿਹਾ, "ਉਹ ਮੈਂ ਜਾਣ ਕੇ ਬੰਦ ਨਹੀਂ ਕੀਤੀ। ਜਦੋਂ ਮੁੜ ਕੇ ਬੂਹਾ ਖੋਲ੍ਹਾਂਗੇ ਤਾਂ ਬੋਲ ਬੁਲਾਰਾ ਸੁਣ ਕੇ ਲੱਗੇਗਾ ਬਈ ਘਰ ਅਜੇ ਵੱਸਦੈ!"

ਹਰਪਾਲ ਸਿੰਘ ਪੰਨੂੰ ਅਨੁਸਾਰ ਬਲਬੀਰ ਸਿੰਘ ਕੰਵਲ ਸ਼ਾਸਤਰੀ ਸੰਗੀਤ ਦਾ ਰਸੀਆ ਤਾਂ ਹੈ ਹੀ, ਉਹ ਸੰਗੀਤ ਸ਼ਾਸਤਰ ਦਾ ਕਾਮਲ ਫਿਲਾਸਫਰ ਅਤੇ ਗੰਭੀਰ ਇਤਿਹਾਸਕਾਰ ਵੀ ਹੈ। ਭਲਾ ਸੰਗੀਤ ਤੇ ਭਲਵਾਨੀ ਦਾ ਕੀ ਮੇਲ? ਆਓ ਉਹਦੀਆਂ ਭਲਵਾਨਾਂ ਤੇ ਕੌਡਿਆਲਾਂ ਬਾਰੇ ਲਿਖਤਾਂ 'ਤੇ ਝਾਤ ਮਾਰੀਏ:

...ਭਾਰਤ ਵਿਚ ਮੱਲ-ਯੁੱਧ ਜਾਂ ਕੁਸ਼ਤੀ ਕਲਾ ਪ੍ਰਾਚੀਨ ਸਮੇਂ ਤੋਂ ਪ੍ਰਚਲਿਤ ਹੈ। ਮੁਸਲਮਾਨ ਧਾੜਵੀਆਂ ਨੇ ਮੱਲ-ਯੁੱਧ ਲਈ ਫਾਰਸੀ ਦਾ ਸ਼ਬਦ 'ਕੁਸ਼ਤੀ' ਦਿੱਤਾ। ਇੰਜ ਪ੍ਰਤੀਤ ਹੁੰਦਾ ਹੈ ਕਿ ਕੁਸ਼ਤੀ ਨਾਲੋਂ ਮੁਸ਼ਤੀ (ਮੁੱਕੇਬਾਜ਼ੀ) ਪਹਿਲਾਂ ਪ੍ਰਚਲਿਤ ਹੋਈ, ਜਿਸ ਦਾ ਸੂਖਮ ਰੂਪ ਕੁਸ਼ਤੀ ਹੋ ਗਿਆ। ਇਸ ਦੀਆਂ ਅਗਾਹਾਂ ਚਾਰ ਸ਼ਾਖਾਂ ਬਣ ਗਈਆਂ, ਜਿਨ੍ਹਾਂ ਵਿਚੋਂ ਪਹਿਲੀਆਂ ਤਿੰਨ ਹੀ ਪ੍ਰਚਲਿਤ ਹੋ ਸਕੀਆਂ-ਭੀਮਸੈਨੀ, ਹਨੂਮੰਤੀ ਤੇ ਜਾਮਵੰਤੀ। ਭੀਮਸੈਨੀ ਕਿਸਮ ਵਿਚ ਜਿੱਤ ਸਿਰਫ ਤਾਕਤ ਤੇ ਬਲ ਨਾਲ ਪ੍ਰਾਪਤ ਕੀਤੀ ਜਾਂਦੀ ਸੀ। ਹਨੂਮੰਤੀ ਦੀ ਬੁਨਿਆਦ ਦਾਵਾਂ-ਪੇਚਾਂ ਦੇ ਸਿਰ 'ਤੇ ਸੀ, ਜਾਮਵੰਤੀ ਵਿਚ ਵਿਰੋਧੀ ਨੂੰ ਵਧੇਰੇ ਦੁਖਦਾਈ ਦਾਵਾਂ ਜਿਵੇਂ ਨਮਾਜਬੰਦ ਅਤੇ ਕਮਰਘੋੜਾ ਆਦਿ ਨਾਲ ਨਿੱਸਲ ਕਰ ਕੇ ਢਾਹਿਆ ਜਾਂਦਾ ਸੀ। ਚੌਥੀ ਕਿਸਮ ਜਰਾਬੰਧੀ ਵਿਚ ਨੌਬਤ ਕਈ ਵੇਰ ਮਰਨ ਮਾਰਨ ਤੱਕ ਅੱਪੜ ਜਾਂਦੀ ਸੀ ਇਸੇ ਲਈ ਇਹ ਬਹੁਤੀ ਹਰਮਨ ਪਿਆਰੀ ਨਾ ਹੋ ਸਕੀ। ਵਰਤਮਾਨ ਕੁਸ਼ਤੀ ਦਾ ਮੋਢੀ ਉਸਤਾਦ ਨੂਰ-ਉ-ਦੀਨ ਮੰਨਿਆ ਜਾਂਦਾ ਹੈ, ਜਿਸ ਨੇ 361 ਦਾਅ ਪੇਚ ਅਤੇ ਉਨ੍ਹਾਂ ਦੇ ਤੋੜ ਈਜਾਦ ਕੀਤੇ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਕੁਸ਼ਤੀਆਂ ਦੀਆਂ ਤਿੰਨ ਸ਼ੈਲੀਆਂ ਸਨ, ਜਿਨ੍ਹਾਂ ਨੂੰ ਦਫਾਂ ਕਿਹਾ ਜਾਂਦਾ ਸੀ। ਕੰਵਲ ਲਿਖਦਾ ਹੈ ਕਿ ਮਹਾਰਾਜਾ ਉਨ੍ਹਾਂ ਤਿੰਨਾਂ ਮਹਾਨ ਕੁਸ਼ਤੀਗੀਰਾਂ ਦਾ ਸਤਿਕਾਰ ਕਰਦਾ ਸੀ, ਜਿਨ੍ਹਾਂ ਨੇ ਇਹ ਦਫਾਂ ਚਲਾਈਆਂ। ਉਹ ਉਨ੍ਹਾਂ ਨੂੰ ਭਰਪੂਰ ਮਦਦ ਦਿੰਦਾ ਸੀ। ਇੰਨਾ ਆਦਰ ਕਰਦਾ ਸੀ ਕਿ ਜਦੋਂ ਕੋਈ ਇਨ੍ਹਾਂ ਦੀਆਂ ਹਵੇਲੀਆਂ ਵਿਚ ਮਿਲਣ ਆਉਂਦਾ, ਸਤਿਕਾਰ ਨਾਲ ਆਪਣੇ ਜੋੜੇ ਲਾਹ ਕੇ ਬਾਹਰ ਰੱਖਦਾ, ਫਿਰ ਅੰਦਰ ਦਾਖਲ ਹੁੰਦਾ। ਉਸਤਾਦ ਨੂਰ-ਉ-ਦੀਨ ਦੇ ਬਿਮਾਰ ਹੋਣ ਦੀ ਖਬਰ ਸੁਣੀ ਤਾਂ 1810 ਵਿਚ ਪਤਾ ਲੈਣ ਤਿੰਨ ਵਾਰ ਉਸ ਦੇ ਘਰ ਗਿਆ। ਉਸ ਦੀ ਕਬਰ ਉੱਪਰ ਸਿਲ ਮਹਾਰਾਜੇ ਨੇ ਆਪ ਰੱਖੀ...।



ਬਲਬੀਰ ਸਿੰਘ ਕੰਵਲ ਦੀਆਂ ਖੇਡ ਪੁਸਤਕਾਂ ਦੇ ਨਾਂ ਹਨ: ਭਾਰਤ ਦੇ ਪਹਿਲਵਾਨ, ਪੰਜਾਬ ਕਬੱਡੀ ਦਾ ਇਤਿਹਾਸ ਅਤੇ ਆਲਮੀ ਕਬੱਡੀ ਦਾ ਇਤਿਹਾਸ। ਪੇਸ਼ ਹਨ ਉਹਦੀਆਂ ਕਬੱਡੀ ਲਿਖਤਾਂ ਦੇ ਕੁਝ ਅੰਸ਼:

ਪੰਜਾਬ ਦੀ ਮਾਂ-ਖੇਡ ਕਬੱਡੀ ਦੇ ਮਰਮ ਨੂੰ ਤਾੜਦਿਆਂ ਦੇਸ਼ ਭਰ ਵਿਚ ਤਿੰਨ ਕੁ ਦਹਾਕੇ ਕਬੱਡੀ ਦੇ ਤਕੜੇ ਤੋਂ ਤਕੜੇ ਭੇੜ ਬਹੁਤ ਨੇੜਿਓਂ ਹੋ ਕੇ ਵੇਖੇ-ਘੋਖੇ। ਨੀਝ ਨਾਲ ਤਕਦਿਆਂ ਇਸ ਵਿਚ ਕਈ ਕੁਝ ਗੈਬੀ ਵੀ ਡਿੱਠਾ। ਕੌਡੀ ਦੇ ਮੈਚ ਬਾਰੇ ਸੁਣ ਕੇ ਕਿਹੜਾ ਪੰਜਾਬੀ ਪਿੜ ਵੱਲ ਨੂੰ ਪਰਵਾਨਿਆਂ ਵਾਂਗ ਨਹੀਂ ਝੂਮਦਾ ਭੁਰਮਟਦਾ...। ਕਬੱਡੀ ਪੰਜਾਬੀਆਂ ਦੇ ਲਹੂ ਵਿਚ ਹੈ। ਹਰੇਕ ਪੰਜਾਬੀ ਕਿਸੇ ਨਾ ਕਿਸੇ ਸਟੇਜ 'ਤੇ ਕਬੱਡੀ ਖੇਡਦਾ ਤੇ ਵੇਖਦਾ ਹੈ। ਕਬੱਡੀ ਦਾ ਸਾਹ ਪੰਜਾਬੀਆਂ ਲਈ ਜੀਵਨ ਸੁਆਸ ਹੈ, ਜੀਹਨੂੰ ਲਏ ਬਿਨਾ ਉਨ੍ਹਾਂ ਦਾ ਸਰਦਾ ਨਹੀਂ, ਭਾਵੇਂ ਉਹ ਪੰਜਾਬ ਦੀ ਧਰਤੀ 'ਤੇ ਰਹਿਣ ਭਾਵੇਂ ਵਲੈਤੀਂ ਜਾ ਵਸਣ। ਕਬੱਡੀ ਦੇ ਨਾਂ ਵਿਚ ਹੀ ਝਰਨਾਹਟ ਹੈ ਤੇ ਖੇਡ ਵਿਚ ਆਖਰਾਂ ਦੀ ਖਿੱਚ। ਕਬੱਡੀ ਦੀ ਖੇਡ ਇਕ ਬੰਨੇ ਖਿਡਾਰੀ ਨੂੰ ਪਕੜੀ ਰੱਖਦੀ ਹੈ ਤੇ ਦੂਜੇ ਬੰਨੇ ਦਰਸ਼ਕਾਂ ਨੂੰ। ਇਸ ਖੇਡ ਨੇ ਪੰਜਾਬ ਦੇ ਗੱਭਰੂਆਂ ਨੂੰ ਤਕੜੇ ਵੀ ਬਣਾਈ ਰੱਖਿਆ ਹੈ, ਹਿੰਮਤੀ ਵੀ ਤੇ ਜ਼ਿੰਦਗੀ ਦੀਆਂ ਰਗੜਾਂ ਸਹਿਣ ਜੋਗੇ ਵੀ...।

ਕੌਡੀ ਜਿਹਤੀ ਕਦੇ ਕਬੀਲਿਆਂ ਤੋਂ ਸ਼ੁਰੂ ਹੋਈ, ਧਾਵਿਆਂ, ਹਮਲਿਆਂ ਸਮੇਂ ਪਰਵਾਨ ਚੜ੍ਹੀ। ਪਹਿਲਾਂ ਪਹਿਲ ਇਕ ਦੂਜੇ ਪਿੰਡਾਂ ਵਿਚਕਾਰ ਹੁੰਦੀ ਰਹੀ, ਫਿਰ ਦਰਿਆਵਾਂ ਦੇ ਆਰ-ਪਾਰ ਦੀ ਹੋਣੀ ਸ਼ੁਰੂ ਹੋ ਗਈ। ਪੰਜਾਂ ਪਾਣੀਆਂ ਦੀ ਧਰਤੀ ਦੇ ਗੱਭਰੂ, ਦਰਿਆਓਂ ਇਕ ਪਾਸੇ ਦੇ ਪਿੰਡਾਂ ਦੇ ਖਿਡਾਰੀ ਇਕ ਟੀਮ ਬਣਾ ਕੇ ਖੜ੍ਹੇ ਹੋ ਜਾਂਦੇ ਅਤੇ ਦੂਜੇ ਪਾਰ ਦੇ ਪਿੰਡਾਂ ਦੇ ਦੂਜੀ ਟੀਮ ਬਣਾ ਲੈਂਦੇ। ਖੂਬ ਟੱਕਰਾਂ ਹੁੰਦੀਆਂ...।

ਜਾਰਜ ਪੰਚਮ ਦੀ ਤਾਜਪੋਸ਼ੀ ਵਾਲਾ ਸਾਲ ਸਾਡੀਆਂ ਖੇਡਾਂ ਦੇ ਇਤਿਹਾਸ ਵਿਚ ਖਾਸ ਮੁਕਾਮ ਰੱਖਦਾ ਹੈ। 1911 ਵਿਚ ਦਿੱਲੀ ਵਿਖੇ ਇਕ ਬਹੁਤ ਭਾਰਾ ਦਰਬਾਰ ਹੋਇਆ, ਜੋ ਖੇਡਾਂ ਲਈ ਇੰਡੀਆ ਵਿਚ ਸ਼ਾਇਦ ਸਭ ਤੋਂ ਵੱਡਾ ਖੇਡ ਮੇਲਾ ਸੀ। ਉਥੇ ਕੁਸ਼ਤੀਆਂ ਵੀ ਹੋਈਆਂ, ਜਿਨ੍ਹਾਂ ਵਿਚ ਸਭ ਤੋਂ ਵੱਡੀ ਕੁਸ਼ਤੀ ਕਿੱਕਰ ਸਿੰਘ ਦੇਵੇ ਹਿੰਦ ਅਤੇ ਕੱਲੂ ਸਿਤਾਰਾ-ਏ-ਹਿੰਦ ਵਿਚਕਾਰ ਸੀ ਅਤੇ ਕਬੱਡੀ ਵੀ ਹੋਈ...।

ਪਿਛਲੀ ਸਦੀ ਨੇ ਕੁਝ ਕੁ ਆਫਤ ਖਿਡਾਰੀਆਂ ਨੂੰ ਜਨਮ ਦਿੱਤਾ, ਜਿਨ੍ਹਾਂ ਦਾ ਖੇਡਣ ਢੰਗ ਉਨ੍ਹਾਂ ਨਾਲ ਹੀ ਖਤਮ ਹੋ ਗਿਆ। ਵੀਹਵੀਂ ਸਦੀ ਦੀ ਅੱਖ ਖੁੱਲ੍ਹਣ ਨਾਲ ਜਿਹੜਾ ਖਿਡਾਰੀ ਇਕ 'ਕਹਾਵਤੀ' ਰੁਤਬੇ ਨੂੰ ਅੱਪੜਿਆ, ਉਹ ਸਰਗੋਧੇ ਦਾ ਬਾਬੂ ਫਕੀਰ ਮੁਹੰਮਦ ਸੀ, ਜੋ ਟਿਵਾਣਿਆਂ ਦੀ ਪ੍ਰਸਿੱਧ ਟੀਮ ਦਾ ਕਪਤਾਨ ਸੀ। ਸਰੀਰ ਵਿਚ ਆਖਰਾਂ ਦੀ ਤੜ ਸੀ, ਤਾਕਤ ਸੀ ਤੇ ਜਦੋਂ ਦਮ ਜਾਂਦਾ ਤਾਂ ਇਓਂ ਲੱਗਦਾ, ਜਿਵੇਂ ਵਿਰੋਧੀ ਨੂੰ ਪਾੜ ਕੇ ਖਾ ਜਾਵੇਗਾ। ਉਦੋਂ ਉਸ ਬਾਰੇ ਇਹ ਕਹਾਵਤ ਪ੍ਰਚਲਿਤ ਹੋਈ:

-ਕੌਡੀ ਫਕੀਰ ਦੀ, ਪਾਸੇ ਜਾਵੇ ਚੀਰਦੀ।

ਉਸ ਪਿੱਛੋਂ ਸੁਲਤਾਨ ਸ਼ਾਹ ਆਦੇ ਵਾਲਾ ਇਕ ਹੈਬਤਨਾਕ ਧਾਵੀ ਸਾਬਤ ਹੋਇਆ। ਉਸ ਦੀ ਕੌਡੀ ਤੋਂ ਖੁਸ਼ ਹੋ ਕੇ ਟਿਵਾਣਿਆਂ ਨੇ ਉਸ ਨੂੰ ਦੋ ਮੁਰੱਬੇ ਜ਼ਮੀਨ ਇਨਾਮ ਵਜੋਂ ਦਿੱਤੀ ਸੀ। ਉਸ ਨੂੰ ਯਾਦ ਕਰਦਿਆਂ ਵਾਰਿਸ ਸ਼ਾਹ ਦਾ ਇਕ ਸ਼ਿਅਰ ਯਾਦ ਆ ਜਾਂਦਾ ਹੈ:

-ਵਿਹੜੇ ਵਿਚ ਔਧੂਤ ਜਾ ਗੱਜਦਾ ਸੀ, ਮਸਤ ਸਾਨ੍ਹ ਵਾਂਗ ਜਾ ਮੇਲ੍ਹਦਾ ਸੀ।

ਸ਼ਾਹ ਬਾਰੇ ਮਸ਼ਹੂਰ ਸੀ ਕਿ ਸਾਹ ਗਿਆ ਉਹ 'ਕੌਡੀ ਕੌਡੀ' ਕਹਿ ਕੇ ਦਮ ਨਹੀਂ ਸੀ ਪਾਉਂਦਾ ਸਗੋਂ ਇਸ ਸਵੈਭਰੋਸੇ ਨਾਲ ਜਾਂਗਲੀਆਂ ਵਾਂਗ ਲੰਮੀ ਹੇਕ ਲਾਉਂਦਿਆਂ 'ਹੋ ਕੌਡੀ ਸ਼ਾਹ ਦੀ' ਕਹਿੰਦਾ ਆਪਣੇ ਘਰ ਵਾਪਸ ਪਰਤ ਆਉਂਦਾ ਸੀ। ਉਸ ਨੂੰ ਆਪਣੀ ਤਾਕਤ 'ਤੇ ਏਨਾ ਨਾਜ਼ ਸੀ ਕਿ ਉਸ ਨੂੰ ਫੜਨ ਵਾਲਾ ਅਜੇ ਤਕ ਕੋਈ ਨਹੀਂ ਜੰਮਿਆ। ਤਾਰੀਖ ਦੱਸਦੀ ਹੈ ਕਿ ਇਕ ਵਾਰ ਇਕ ਥਾਂ ਉਹ ਅਤੇ ਸਿੱਖਾਂ ਦਾ ਸ਼ਾਹਜ਼ੋਰ ਧਾਵੀ ਤਾਰਾ ਸਿੰਘ ਗੱਟੀ ਵਾਲਾ ਜ਼ਰੂਰ ਅੱਧੋ ਅੱਧੀ ਹੋਏ, ਵਰਨਾ ਉਸ ਦਾ ਕੋਈ ਮੁਕਾਬਲਾ ਹੀ ਨਹੀਂ ਸੀ।

ਉਹਦੇ ਪਿੰਡਾਂ ਦਾ ਹੀ ਇਕ ਹੋਰ ਖਿਡਾਰੀ ਗੌਹਰ ਵੀ ਬਹੁਤ ਤਕੜਾ ਜਾਫੀ ਸੀ। ਉਹ ਬੜੇ ਬੜੇ ਸ਼ਾਹਜ਼ੋਰ, ਕੱਦਾਵਰ, ਫੁਰਤੀਲੇ, ਤੇਜ਼-ਗੱਲ ਕੀ ਹਰੇਕ ਤਰ੍ਹਾਂ ਦੇ ਸਾਹੀ ਨੂੰ ਲਪੇਟ ਕੇ ਆਪਣੀ ਝੋਲੀ 'ਚ ਆਸਾਨੀ ਨਾਲ ਪਾ ਲੈਂਦਾ ਸੀ। ਇਸੇ ਕਰਕੇ ਉਹ 'ਫਾਟਕ' ਦੇ ਨਾਂ ਨਾਲ ਪ੍ਰਸਿੱਧ ਸੀ। ਖੁਦ ਵੀ ਖਾਸਾ ਕੱਦਾਵਰ ਤੇ ਲੰਮ ਸਲੰਮਾ ਜਵਾਨ ਸੀ।



ਨਿਰਭੈ ਸਿੰਘ ਰਮੀਦੀ ਵਾਲੇ ਨੂੰ ਕਈ ਓਡਵੀਂ ਕੈਂਚੀ ਦਾ ਕਾਦੂ ਮੰਨਦੇ ਹਨ। ਉਸ ਨੂੰ ਮੁਸਲਮਾਨ ਖਿਡਾਰੀ ਕਹਿੰਦੇ ਸਨ, "ਭਈ ਬੰਦਾ ਕਾਹਦਾ, ਉਡਣਾ ਸੱਪ ਐ! ਖੜ੍ਹੇ ਖੜ੍ਹੇ ਤਿੰਨ ਤਿੰਨ ਕੈਂਚੀਆਂ ਮਾਰ ਦਿੰਦੈ। ਇਕ ਵੇਰ ਇਕ ਤਕੜੇ ਮੈਚ ਵਿਚ ਇਕ ਤਕੜੇ ਸਾਹੀ ਨੂੰ ਹੱਧਿਆਂ ਤਕ ਆਉਂਦਿਆਂ ਪੂਰੀਆਂ ਅੱਠ ਕੈਂਚੀਆਂ ਮਾਰੀਆਂ। ਕੈਂਚੀ ਉਸ ਉਤੇ ਖਤਮ ਸੀ। ਦਮ ਗਿਆ, ਜਾਫੀ ਉਤੋਂ ਦੀ ਆਰਾਮ ਨਾਲ ਟੱਪ ਜਾਂਦਾ ਸੀ। ਏਸੇ ਤਰ੍ਹਾਂ ਗੜ੍ਹਦੀਵਾਲੇ ਵਾਲਾ ਮਹਿੰਗਾ ਸਿੰਘ ਵੀ ਤਕੜੇ ਬੰਦੇ ਉਤੋਂ ਦੀ ਸਫਾਲ ਟੱਪ ਜਾਂਦਾ ਸੀ। ਉਹ ਆਫਤਾਂ ਦਾ ਧਾਵੀ ਸੀ। ਇਹੋ ਹੀ ਹਾਲ ਪ੍ਰੇਮ ਸਿੰਘ ਲਾਲਪੁਰੇ ਦਾ ਸੀ।

ਬਾਬੂ ਹਰਬੰਸ ਲਾਲ ਯਾਰੀ ਦੋਸਤੀ ਦੇ ਦਾਇਰੇ 'ਚ ਘੁੱਗਾ, ਪਰ ਖਿਡਾਰੀਆਂ 'ਚ 'ਡੋਂਜਰ' ਨਾਂ ਨਾਲ ਜਾਣਿਆ ਜਾਂਦਾ ਸੀ। ਤਕੜਾ ਧਾਵੀ ਸੀ, ਹਰ ਰੋਜ਼ ਬਾਰਾਂ ਮੀਲ ਦੌੜ ਲਾਉਂਦਾ ਅਤੇ ਇਕ ਵੇਰ ਜਦੋਂ ਕਪੂਰਥਲੇ ਇਕ ਹਾਥੀ ਨੂੰ ਪੋਲ ਵਾਲਟ ਵਾਂਗ ਟੱਪ ਗਿਆ ਤਾਂ ਮਹਾਰਾਜੇ ਨੇ ਖੁਸ਼ ਹੋ ਕੇ ਇਕੋਤਰ ਸੌ ਰੁਪਿਆ ਅਤੇ ਇਕ ਬਿਸਤਰਾ ਬੰਨ੍ਹ ਇਨਾਮ ਵਜੋਂ ਦਿੱਤਾ।

ਚੌਧਰੀ ਮੁਹੰਮਦ ਸਦੀਕ ਲਾਇਲਪੁਰੀਆ ਇਕ ਤੂਫਾਨ ਮੇਲ ਧਾਵੀ ਸੀ। ਉਹ ਤਕੜੇ ਜਾਫੀਆਂ ਨੂੰ ਵੀ ਬੱਸ ਲੇਲੇ ਦੁੰਬੇ ਹੀ ਸਮਝਦਾ। ਉਸ ਦਾ ਹੀ ਸਮਕਾਲੀ ਬਸਤੀ ਬਾਬਾ ਖੇਲ ਦਾ ਮੰਨੂੰ ਖਾਂ ਪਠਾਣ ਵੀ ਬਹੁਤ ਤਕੜਾ ਧਾਵੀ ਸੀ, ਪਰ ਉਹ ਸਦੀਕ ਹੋਰਾਂ ਦੇ ਜੋੜਾਂ ਵਿਚ ਨਹੀਂ ਸੀ ਆਉਂਦਾ। ਕਰਤਾਰ ਸਿੰਘ ਆਲੀ ਨੰਗਲ ਵੀ ਸਾਹੀ ਸੀ ਕਿਤੇ! ਸਾਨ੍ਹ ਸੀ ਪੂਰਾ। ਉਹਦੀਆਂ ਬਾਹਾਂ 'ਚ ਬਹੁਤ ਤਾਕਤ ਸੀ। ਸਾਧ ਤੋਂ ਵੀ 'ਕੱਲੇ ਗੁੱਟ ਨਾਲ ਕਦੀ ਨਹੀਂ ਸੀ ਰੁਕਦਾ। ਦੇਸ਼ ਦੇ ਵੰਡਾਰੇ ਤੋਂ ਪਹਿਲਾਂ ਬਿਆਸ ਵਿਚ ਹੋਏ ਇਕ ਇਤਿਹਾਸਕ ਮੈਚ ਵਿਚ ਇਹ ਦੋਵੇਂ ਚਾਰ ਵਾਰ ਫਸੇ। ਦੋ ਵਾਰ ਇਹ ਲੈ ਗਿਆ ਤੇ ਦੋ ਵਾਰ ਉਸ ਨੇ ਡੱਕ ਲਿਆ।

ਕਿਰਪਾਲ ਸਿੰਘ ਰਾਹਲ ਚਾਹਲ 'ਤੇ ਗੁੱਟ ਦੀ ਫੜਾਈ ਖਤਮ ਸੀ। ਕਿਹਾ ਜਾਂਦਾ ਸੀ ਕਿ ਉਹਦੇ ਮੂਹਰਿਓਂ ਕੋਈ ਪੰਛੀ ਉੱਡ ਕੇ ਲੰਘ-ਜੇ ਤਾਂ ਲੰਘ-ਜੇ ਪਰ ਕੋਈ ਧਾਵੀ ਨਹੀਂ ਸੀ ਲੰਘ ਸਕਦਾ। ਪਾਕਿਸਤਾਨੀਆਂ ਨੇ ਉਸ ਨੂੰ ਗੁੱਟ ਦੇ ਪੀਰ ਸਰਦਾਰ ਦਾ ਖਿਤਾਬ ਦਿੱਤਾ ਸੀ। ਦੇਸ਼ ਦੇ ਵੰਡਾਰੇ ਵੇਲੇ ਇਕ ਹੋਰ ਖਿਡਾਰੀ ਸ਼ਬਦਲ ਪੰਨੂੰ ਵੀ ਸਿਰਕੱਢ ਖਿਡਾਰੀ ਸੀ। ਉਹ ਮਿੰਟਗੁਮਰੀ ਵੱਲੋਂ ਸਿੱਖਾਂ ਦੀ ਟੀਮ ਦਾ ਕਪਤਾਨ ਬਣਿਆ ਤੇ ਮੁਸਲਮਾਨਾਂ ਦੀ ਟੀਮ ਨੂੰ ਜਿੱਤਿਆ। ਉਹ ਫੁੱਟਬਾਲ ਦਾ ਵੀ ਤਕੜਾ ਖਿਡਾਰੀ ਸੀ। ਜਗੀਰਾ ਭੰਬਾ ਅੰਬਰਸਰੀਆ ਆਪਣੇ ਆਪ ਨੂੰ ਜ਼ੋਰ ਵਿਚ ਅੰਨ੍ਹਾ ਸਮਝਦਾ। ਹਮੇਸ਼ਾਂ ਅੱਖਾਂ ਮੀਟ ਕੇ ਦਮ ਪਾਉਣ ਜਾਂਦਾ ਤੇ ਅਗਲੇ ਘਰ ਦਾ ਸੋਹਣਾ ਖਿਡਾਰੀ ਸੀ।

ਉਨ੍ਹਾਂ ਹੀ ਸਮਿਆਂ ਵਿਚ ਮਹਿੰਦਰ ਸਿੰਘ ਢੱਗਾ, ਗਿਆਨ ਸਿੰਘ ਬੜਾ ਪਿੰਡ, ਸਵਰਨ ਸਿੰਘ ਤੇ ਜਸਬੀਰ ਸਿੰਘ ਧੱਤੂ ਹੋਏ। ਸਵਰਨ ਨੂੰ ਕਈ ਵੇਰ ਲੋਕ ਛੋਟਾ ਸਾਧ ਵੀ ਸੱਦਦੇ ਸਨ। ਤੋਖੀ ਐਟਮ ਦੇ ਪਿੰਡ ਅੰਬਾਲਾ ਜੱਟਾਂ ਦਾ ਇਕ ਜਾਫੀ ਕਾਬਲ ਸਿੰਘ ਐਵੇਂ ਚਲਾਵੀਂ ਜਿਹੀ ਕੈਂਚੀ ਮਾਰਦਾ 'ਨਾਗ' ਦੇ ਨਾਂ ਨਾਲ ਪ੍ਰਸਿੱਧ ਸੀ। ਉਸ ਦੀਆਂ ਉਂਗਲਾਂ ਮੈਂ ਗਹੁ ਨਾਲ ਤੱਕੀਆਂ ਹਨ, ਜੋ ਬਹੁਤ ਲੰਮੀਆਂ ਸਨ। ਅਗਲੇ ਦੇ ਗੁੱਟ ਨੂੰ ਦੂਹਰੇ ਪਲਸੇਟੇ ਨਾਲ ਨਾਗਵਲ ਪਾ ਲੈਂਦਾ ਸੀ। ਇਹ ਜਾਫੀ ਘਰ ਦਿਆਂ ਵੱਲੋਂ ਵਿਆਹ ਲਈ ਜ਼ੋਰ ਪਾਏ ਜਾਣ 'ਤੇ ਜ਼ਾਰੋ ਜ਼ਾਰ ਰੋਂਦਾ ਕਹਿ ਰਿਹਾ ਸੀ, "ਭਾਈਆ, ਮੈਂ ਵਿਆਹ ਨਹੀਂ ਕਰਾਉਣਾ, ਸਾਰੀ ਉਮਰ ਬੱਸ ਕੌਡੀ ਖੇਡਣੀ ਹੈ। ਗੁਰਦੁਆਰੇ ਸੌਂ ਜਾਇਆ ਕਰਨਾ। ਮਿੰਨਤ ਨਾਲ ਮੇਰਾ ਵਿਆਹ ਨਾ ਕਰੋ!"



ਤੋਖੀ ਐਟਮ ਬੰਬ 'ਤੇ ਉਡਾਰੀ ਖਤਮ ਹੋ ਗਈ। ਆਮ ਦਰਸ਼ਕਾਂ 'ਚ ਇਹ ਵਹਿਮ ਹੁੰਦਾ ਸੀ ਕਿ ਜਾਫੀ ਦਾ ਹੱਥ ਲੱਗਦਿਆਂ ਈ ਉਹ ਦਮ ਤੋੜ ਦੇਵੇਗਾ, ਪਰ ਉਹ ਉਡਣਾ ਬਾਜ ਸੀ। ਗੁਰਦਿਆਲ ਸਿੰਘ ਢਿੱਲੋਂ ਤੇ ਉਸ ਦਾ ਵੱਡਾ ਵੀਰ ਜੁਗਿੰਦਰ ਸਿੰਘ ਵੀ ਦੇਸ਼ ਦੇ ਵੰਡਾਰੇ ਤੋਂ ਪਹਿਲਾਂ ਸਿਰਕੱਢ ਜਾਫੀ ਸਨ, ਜਿਨ੍ਹਾਂ ਨੇ ਮੁਲਤਾਨ ਦੇ ਅੱਵਲ ਨੰਬਰ ਧਾਵੀ ਅੱਵਲ ਖਾਂ ਨੂੰ ਖੜ੍ਹਾ ਕਰ ਦਿੱਤਾ ਸੀ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਜਗਤਾ ਜਾਟ ਆਪਣਾ ਗੁੱਟ ਹਮੇਸ਼ਾ ਅਗਾਂਹ ਨੂੰ ਚੁੱਕ ਕੇ ਕਬੱਡੀ ਦਾ ਦਮ ਪਾਉਂਦਾ ਹੈ, ਜਿਵੇਂ ਠੂਠ ਵਿਖਾ ਰਿਹਾ ਹੋਵੇ ਤਾਂ ਝੱਟ ਹੀ ਕਹਿੰਦੇ, "ਚਲੋ ਹੁਣੇ ਚੱਲੀਏ, ਅਸੀਂ ਉਹਨੂੰ ਏਦਾਂ ਸਾਹ ਨਹੀਂ ਪਾਉਣ ਦੇਣਾ।" ਸੂਰਾਨੂੰਸੀ ਹੋਏ ਇਕ ਮੈਚ ਵਿਚ ਉਸ ਦਾ ਗੁੱਟ ਖਿੱਚ ਕੇ ਸਾਫ ਹੀ ਖੜ੍ਹਾ ਕਰ ਦਿੱਤਾ। ਗੁਰਦਿਆਲ ਕਹਿੰਦਾ, "ਤੇਰਾ ਹਰਿਆਣਾ ਤਾਂ ਡੱਕ ਦਿੱਤਾ, ਵੇਖ ਲਿਆ ਵੀਰ ਜੀ ਦਾ ਸਟਾਈਲ?"

ਯਾਦ ਰਹੇ, ਪੰਜਾਬ ਕਬੱਡੀ ਐਸੋਸੀਏਸ਼ਨ ਦੀ ਸਥਾਪਨਾ ਕਰਨ ਵਿਚ ਢਿੱਲੋਂ ਭਰਾਵਾਂ ਦਾ ਖਾਸ ਹਿੱਸਾ ਹੈ। 1954 ਵਿਚ ਜਦੋਂ ਪਾਕਿਸਤਾਨੋਂ ਕੌਡੀ ਦੀ ਟੀਮ ਸਾਡੇ ਖੇਡਣ ਆਈ ਤਾਂ ਉਨ੍ਹਾਂ ਵਿਚੋਂ ਇਕ ਧਾਵੀ ਕਹਿੰਦਾ, "ਮੈਨੂੰ ਸ਼ੇਰੇ ਪੰਜਾਬ ਕਹਿੰਦੇ ਆ। ਮੈਨੂੰ ਏਥੇ ਕਿਹੜਾ ਫੜਨ ਵਾਲਾ ਜੰਮਿਐ?" ਉਸ ਦੀ ਗੱਲ ਸੁਣ ਕੇ ਜੁਗਿੰਦਰ ਸਿੰਘ ਢਿੱਲੋਂ ਨੂੰ ਰੋਹ ਚੜ੍ਹ ਗਿਆ ਤੇ ਉਸ ਨੇ ਕਿਹਾ, "ਹੈਂ ਤੂੰ? ਤੈਨੂੰ ਏਥੇ ਕਿਸ ਨੇ ਤੁਰਨ ਦੇਣਾ? ਤੂੰ ਹਾਅ ਗੱਲ ਕਰਦਾਂ?" ਉਸ ਦੀ ਗੱਲ ਉਤੇ ਜਦੋਂ ਮੁਸਲਮਾਨ ਨੂੰ ਯਕੀਨ ਨਾ ਆਇਆ ਤਾਂ ਢਿੱਲੋਂ ਨੇ ਜੇਬ ਵਿਚਲੇ ਬਾਰਾਂ ਹਜ਼ਾਰ ਰੁਪਏ ਕੱਢ ਕੇ ਸ਼ਰਤ ਲਾਉਣ ਨੂੰ ਕਿਹਾ। ਮੁਸਲਮਾਨ ਖਿਡਾਰੀ ਮਨੋਵਿਗਿਆਨਕ ਤੌਰ 'ਤੇ ਚਕਰਾ ਗਿਆ ਤੇ ਢਿੱਲੋਂ ਕਿਰਪਾਲ ਸਿੰਘ ਸਾਧ ਨੂੰ ਲੈਣ ਚਲਾ ਗਿਆ।

ਉਦੋਂ ਦੇ ਦਿਨਾਂ 'ਤੇ ਝਾਤ ਮਾਰਦਾ ਹਾਂ ਤਾਂ ਆਰਗੇਨਾਈਜ਼ਿੰਗ ਸਾਈਡ 'ਤੇ ਜਿਥੇ ਵਰਿਆਮ ਸਿੰਘ, ਨਿਰੰਜਣ ਸਿੰਘ ਤੇ ਜਸਵੰਤ ਸਿੰਘ ਵਰਗੀਆਂ ਹਸਤੀਆਂ ਦੇ ਨਾਂ ਸਾਹਮਣੇ ਆਉਂਦੇ ਹਨ, ਉਥੇ ਇਨ੍ਹਾਂ ਢਿੱਲੋਂ ਭਰਾਵਾਂ ਦੇ ਨਾਂ ਵੀ ਝਿਲਮਿਲ ਕਰਦੇ ਹਨ। ਕਈ ਵੇਰ ਸੋਚਦਾ ਹਾਂ ਕਿ ਜੇ ਅਸੀਂ ਉਦੋਂ ਪਾਕਿਸਤਾਨ ਨੂੰ ਨਾ ਜਿੱਤਦੇ ਤਾਂ ਖਬਰੇ ਹਾਲੇ ਪੰਜਾਬ ਕਬੱਡੀ ਐਸੋਸੀਏਸ਼ਨ ਹੋਂਦ ਵਿਚ ਆਉਂਦੀ ਕਿ ਨਾ?

ਉਸ ਅਣਖੀ ਇਤਿਹਾਸਕ ਟੈਸਟ ਮੈਚ ਦੀ ਕਪਤਾਨੀ ਲਈ ਉਸ ਸਮੇਂ ਦੇ ਪੜ੍ਹੇ-ਲਿਖੇ ਧਾਵੀ ਅਜੀਤ ਸਿੰਘ ਮਾਲੜੀ ਨੂੰ ਚੁਣਿਆ ਗਿਆ ਸੀ। ਵਾਹ ਬਈ ਮਾਲੜੀ, ਦਮ ਜਾਂਦਾ ਬੋਤੇ ਵਾਂਗ ਉਲਾਂਘਾਂ ਭਰਦਾ। ਜਾਫੀ ਦੇ ਨੇੜੇ ਕੌਡੀ ਦੀ ਆਵਾਜ਼ ਤੇਜ਼ ਗਰਾਰੀ 'ਤੇ ਚੜ੍ਹ ਕੇ ਕਿੜ-ਕਿੜ ਵਿਚ ਬਦਲ ਜਾਂਦੀ ਜਿਵੇਂ ਗੇਅਰ ਬਦਲਿਆ ਗਿਆ ਹੋਵੇ। ਉਸ ਦੀ ਕੌਡੀ ਵੇਖਣ ਦਾ ਵੀ ਸੁਆਦ ਆਉਂਦਾ ਸੀ। ਪਿੱਛੇ ਜਿਹੇ ਇਹ ਕੌਡਿਆਲ ਪਰਲੋਕ ਸਿਧਾਰ ਗਿਆ ਹੈ।

ਸੋਹਣ ਸਿੰਘ ਜੰਪ, ਜੋ ਟਰੱਕ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਰਿਹਾ, ਵੀ ਉਸ ਇਤਿਹਾਸਕ ਮੈਚ ਵਿਚ ਖੇਡਿਆ ਸੀ। ਉਹ ਸੋਹਣਾ ਕੌਡਿਆਲ ਸੀ, ਪਰ ਉਸ ਦੀ ਕੌਡੀ ਕਿਲਾ ਰਾਇਪੁਰ ਤੋਂ ਬਾਹਰ ਵਧੇਰੇ ਪਰਗਟ ਨਾ ਹੋ ਸਕੀ। ਆਪਣੇ ਸਮੇਂ ਦਾ ਚੈਂਪੀਅਨ ਸੁਟਾਵਾ ਸੀ, ਜਿਸ ਨੇ ਰਿਕਾਰਡ ਵੀ ਰੱਖਿਆ। ਸੰਤੋਖ ਸਿੰਘ ਮਾਨਗੜ੍ਹੀਆ ਜੱਫੇ ਦਾ ਬੇਮਿਸਾਲ ਸ਼ਾਇਰ ਸੀ। ਜਿਥੇ ਖੜ੍ਹ ਜਾਂਦਾ, ਖੜ੍ਹ ਜਾਂਦਾ; ਜਿਥੇ ਅੜ ਜਾਂਦਾ, ਅੜ ਜਾਂਦਾ। ਅਸੀਂ ਉਸ ਕੋਲੋਂ ਕੋਈ ਬੰਦਾ ਜ਼ੋਰ ਨਾਲ ਅੜ ਕੇ ਨੰਬਰ ਲੈਂਦਾ ਨਹੀਂ ਵੇਖਿਆ। ਗੁਰਦੇਵ ਅੱਟਾ, ਮਹਿੰਦਰ ਬੋਲਾ, ਸਰਵਣ ਰਮੀਦੀ ਤੇ ਅਮਰੀਕ ਬਾਘ ਹੋਰਾਂ ਦੇ ਨਾਂ

(ਬਾਕੀ ਅਗਲੇ ਸਫੇ 'ਤੇ)

## ਪੁਸਤਕ ਚਰਚਾ

# ਇਫਲਾ ਸਕੂਲ ਲਾਇਬ੍ਰੇਰੀ ਗਾਈਡਲਾਈਨਜ਼

**ਸਕੂਲ ਲਾਇਬ੍ਰੇਰੀਆਂ ਵਿਚ ਕਾਰਜ ਸੰਚਾਲਨ: ਇਫਲਾ ਦੀਆਂ ਕੌਮਾਂਤਰੀ ਹਦਾਇਤਾਂ/ਇਫਲਾ ਦੇ ਸਕੂਲ ਲਾਇਬ੍ਰੇਰੀਆਂ ਸਬੰਧੀ ਭਾਗ ਦੀ ਸਥਾਈ ਕਮੇਟੀ ਵਲੋਂ ਲਿਖਤ; ਬਾਰਬਰਾ ਸ਼ਅਲਟਜ਼-ਜੌਨਸ ਅਤੇ ਡਾਇਨ ਉਬ੍ਰਗ ਵਲੋਂ ਸੰਪਾਦਿਤ; ਦੂਜਾ ਸੰਸਕਰਣ/ਪੰਜਾਬੀ ਅਨੁਵਾਦ ਡਾ. ਸੁਖਦੇਵ ਸਿੰਘ। ਅੰਮ੍ਰਿਤਸਰ: ਪੰਨੇ 119**

https://www.ifla.org/publications/node/9512?og=52


---

ਬੱਚਿਆਂ ਦੇ ਸਰਬ-ਪੱਖੀ ਵਿਕਾਸ ਲਈ ਸਕੂਲੀ ਸਿੱਖਿਆ ਦਾ ਸਭ ਤੋਂ ਅਹਿਮ ਯੋਗਦਾਨ ਹੈ ਅਤੇ ਸਕੂਲ ਲਾਇਬ੍ਰੇਰੀਆਂ ਇਸ ਸਿੱਖਿਆ

**ਡਾ. ਸੁਖਦੇਵ ਸਿੰਘ ਝੰਡ**

ਦਾ ਮਹੱਤਵਪੂਰਨ ਅੰਗ ਬਣਦੀਆਂ ਹਨ। ਵਿੱਦਿਆ ਗ੍ਰਹਿਣ ਕਰਨ ਲਈ ਲਾਇਬ੍ਰੇਰੀਆਂ ਸਭ ਤੋਂ ਵਧੀਆ ਸਾਧਨ ਤੇ ਸਰੋਤ ਹਨ, ਕਿਉਂਕਿ ਇਨ੍ਹਾਂ ਦੀ ਬਦੌਲਤ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਿਲੇਬਸ ਦੀਆਂ ਕਿਤਾਬਾਂ ਤੋਂ ਇਲਾਵਾ ਉਨ੍ਹਾਂ ਦੀ ਨਿੱਜੀ ਦਿਲਚਸਪੀ ਅਨੁਸਾਰ ਹੋਰ ਵਿਸ਼ਿਆਂ ਬਾਰੇ ਵੀ ਪੜ੍ਹਨ ਦੀ ਆਦਤ ਪੈਂਦੀ ਹੈ। ਸਕੂਲ ਲਾਇਬ੍ਰੇਰੀ ਵਿਚ ਬੈਠ ਕੇ ਪੜ੍ਹਨ ਤੋਂ ਇਲਾਵਾ ਉਹ ਲਾਇਬ੍ਰੇਰੀ ਵਿਚੋਂ ਪੁਸਤਕਾਂ ਜਾਰੀ ਕਰਵਾ ਕੇ ਆਪਣੇ ਘਰਾਂ ਵਿਚ ਜਾ ਕੇ ਇਨ੍ਹਾਂ ਨੂੰ ਪੜ੍ਹਦੇ ਹਨ ਅਤੇ ਆਪਣੇ ਗਿਆਨ ਵਿਚ ਵਾਧਾ ਕਰਦੇ ਹਨ।

ਸਾਲ 1999 ਦੇ ਇਫਲਾ/ਯੂਨੈਸਕੋ ਘੋਸ਼ਣਾ-ਪੱਤਰ ਅਨੁਸਾਰ ਸੰਸਾਰ-ਭਰ ਵਿਚ ਸਕੂਲ ਲਾਇਬ੍ਰੇਰੀਆਂ ਨੂੰ ਸਥਾਪਿਤ ਕਰਨ ਦਾ ਮਕਸਦ ਇਕਸਾਰ ਹੈ ਅਤੇ ਇਸ ਦਾ ਮੁੱਖ ਉਦੇਸ਼ ਬੱਚਿਆਂ ਦਾ ਬੌਧਿਕ ਵਿਕਾਸ ਕਰਨਾ ਹੈ। ਇਸ ਤੋਂ ਇਲਾਵਾ ਕੌਮਾਂਤਰੀ ਪੱਧਰ 'ਤੇ ਬੱਚਿਆਂ ਦੇ ਅਧਿਕਾਰਾਂ ਨਾਲ ਸਬੰਧਿਤ ਵੱਖ-ਵੱਖ ਦੇਸ਼ਾਂ ਅਤੇ ਕੌਮਾਂਤਰੀ ਪੱਧਰ 'ਤੇ 'ਇੰਟਰਨੈਸ਼ਨਲ ਫੈੱਡਰੇਸ਼ਨ ਆਫ ਲਾਇਬ੍ਰੇਰੀ ਐਸੋਸੀਏਸ਼ਨਜ ਐਂਡ ਇੰਸਟੀਟਿਊਸ਼ਨਜ਼ (ਇਫਲਾ) ਵੱਲੋਂ ਸਮੇਂ-ਸਮੇਂ 'ਤੇ ਕਈ ਕਾਨੂੰਨ ਅਤੇ ਘੋਸ਼ਣਾਵਾਂ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਸਕੂਲ ਲਾਇਬ੍ਰੇਰੀਆਂ ਦੇ ਬਿਹਤਰ ਕੰਮ-ਕਾਜ ਸਬੰਧੀ ਕਈ ਤਰ੍ਹਾਂ ਦੇ ਵਧੀਆ ਸੁਝਾਅ ਦਿੱਤੇ ਗਏ ਹਨ। ਸੰਸਾਰ ਪੱਧਰ 'ਤੇ ਸਮੁੱਚਾ ਸਕੂਲ ਲਾਇਬ੍ਰੇਰੀ ਅਮਲਾ 'ਇਕਜੁੱਟ ਰਾਸ਼ਟਰਾਂ ਦੇ ਸਵਦੇਸ਼ੀ ਲੋਕਾਂ ਦੇ ਅਧਿਕਾਰਾਂ ਦੇ ਘੋਸ਼ਣਾ-ਪੱਤਰ' (2007) ਅਤੇ 'ਇਫਲਾ' ਵੱਲੋਂ ਦਰਸਾਈਆਂ ਗਈਆਂ ਮਨੁੱਖੀ ਕਦਰਾਂ-ਕੀਮਤਾਂ ਦਾ ਸਮੱਰਥਨ ਕਰਦਾ ਹੈ। ਇਸ ਘੋਸ਼ਣਾ-ਪੱਤਰ ਵਿਚ ਸਕੂਲ ਲਾਇਬ੍ਰੇਰੀਆਂ ਨੂੰ ਇਕ ਅਜਿਹੇ ਕੇਂਦਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਜੋ ਵਿਆਪਕ ਸਕੂਲ ਭਾਈਚਾਰੇ ਅਤੇ ਸਮੁੱਚੇ ਲੋਕਾਂ ਦੀਆਂ ਸਿੱਖਣ ਤੇ ਸਿਖਾਉਣ ਦੀਆਂ ਲੋੜਾਂ ਦੀ ਪੂਰਤੀ ਲਈ ਯਤਨਸ਼ੀਲ ਹੈ।




ਹਥਲੀ ਪੁਸਤਕ ਦਾ ਮੂਲ ਰੂਪ 'ਇਫਲਾ ਸਕੂਲ ਲਾਇਬ੍ਰੇਰੀ ਗਾਈਡਲਾਈਨਜ਼' ਸਿਰਲੇਖ ਅਧੀਨ ਅੰਗਰੇਜ਼ੀ ਭਾਸ਼ਾ ਵਿਚ ਮੌਜੂਦ ਹੈ। ਸੰਸਾਰ ਪੱਧਰ 'ਤੇ ਵੱਖ-ਵੱਖ ਵਿਦਵਾਨਾਂ ਵੱਲੋਂ ਇਸ ਦਾ ਅਨੁਵਾਦ 22 ਭਾਸ਼ਾਵਾਂ ਵਿਚ ਕੀਤਾ ਗਿਆ ਹੈ। ਪੰਜਾਬੀ ਵਿਚ ਇਸ ਦਾ ਤਰਜਮਾ ਕਰਨ ਦਾ ਸੁਭਾਗ ਮੇਰੇ ਸਿਰਨਾਵੀਏਂ ਡਾ. ਸੁਖਦੇਵ ਸਿੰਘ (ਝੰਡ) ਨੂੰ ਪ੍ਰਾਪਤ ਹੋਇਆ ਹੈ, ਜਿਸ ਨੇ ਇਹ ਬੜੀ ਰੀਝ ਨਾਲ ਛੋਟੇ-ਛੋਟੇ ਵਾਕਾਂ ਵਿਚ ਆਸਾਨ ਅਤੇ ਜਲਦੀ ਸਮਝ ਵਿਚ ਆਉਣ ਵਾਲੇ ਸ਼ਬਦਾਂ ਵਿਚ ਕੀਤਾ ਹੈ। ਮੇਰਾ ਖਿਆਲ ਹੈ ਕਿ ਪਾਠਕ ਨੂੰ ਇਸ ਦੇ ਪੜ੍ਹਨ ਵਿਚ ਕੋਈ ਦਿੱਕਤ ਨਹੀਂ ਆਵੇਗੀ।

ਸਕੂਲ ਲਾਇਬ੍ਰੇਰੀਆਂ ਬਾਬਤ ਅਹਿਮ ਸਿਫਾਰਸ਼ਾਂ ਨਾਲ ਸ਼ੁਰੂ ਹੁੰਦੀ ਇਸ ਪੁਸਤਕ ਨੂੰ ਛੇ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਸਕੂਲ ਲਾਇਬ੍ਰੇਰੀ ਦੇ ਮਨੋਰਥ ਅਤੇ ਟੀਚਿਆਂ ਨੂੰ ਵਿਸਥਾਰ ਸਹਿਤ ਦਰਸਾਇਆ ਗਿਆ ਹੈ, ਜਿਨ੍ਹਾਂ ਵਿਚ ਸਕੂਲ ਲਾਇਬ੍ਰੇਰੀ ਦੀ ਪਰਿਭਾਸ਼ਾ, ਇਸ ਦੀ ਭੂਮਿਕਾ ਅਤੇ ਲਾਇਬ੍ਰੇਰੀ ਦੇ ਕਾਰਜਾਂ ਲਈ ਲੋੜੀਂਦੀਆਂ ਸ਼ਰਤਾਂ ਤੇ ਸੇਵਾਵਾਂ ਦਾ ਬਾਖੂਬੀ ਵਰਣਨ ਕੀਤਾ ਗਿਆ ਹੈ। ਦੂਜਾ ਅਧਿਆਇ ਸਕੂਲ ਲਾਇਬ੍ਰੇਰੀ ਦੇ ਕਾਨੂੰਨੀ ਅਤੇ ਵਿੱਤੀ ਢਾਂਚੇ ਬਾਰੇ ਹੈ, ਜਿਸ ਵਿਚ ਕਾਨੂੰਨੀ ਤੇ ਨੈਤਿਕਤਾ ਆਧਾਰਿਤ ਮੁੱਦਿਆਂ ਨੂੰ ਛੋਹਿਆ ਗਿਆ ਹੈ। ਇਸ ਵਿਚ ਸਕੂਲ ਲਾਇਬ੍ਰੇਰੀ ਸਬੰਧੀ ਲੋੜੀਂਦੀਆਂ ਨੀਤੀਆਂ ਬਣਾਉਣ, ਯੋਜਨਾਬੰਦੀ ਕਰਨ ਅਤੇ ਇਨ੍ਹਾਂ ਲਈ ਵਿੱਤੀ ਸਹਾਇਤਾ ਜੁਟਾਉਣ ਲਈ ਵਿਚਾਰ-ਵਟਾਂਦਰਾ ਕੀਤਾ ਗਿਆ ਹੈ।

ਇਸੇ ਤਰ੍ਹਾਂ ਇਸ ਦੇ ਤੀਜੇ ਅਧਿਆਇ ਵਿਚ ਸਕੂਲ ਲਾਇਬ੍ਰੇਰੀ ਵਿਚ ਕੰਮ ਕਰਨ ਵਾਲੇ ਅਮਲੇ ਬਾਰੇ ਗੱਲ ਕੀਤੀ ਗਈ ਹੈ, ਜਿਸ ਵਿਚ ਸਕੂਲ ਲਾਇਬ੍ਰੇਰੀਅਨ ਦੀ ਪਰਿਭਾਸ਼ਾ, ਉਸ ਦੀ ਵਿਦਿਅਕ ਅਤੇ ਪੇਸ਼ਾਵਰ ਯੋਗਤਾ ਤੇ ਸਮਰੱਥਾ, ਲਾਇਬ੍ਰੇਰੀ ਦਾ ਕੰਮ-ਕਾਜ ਸਹੀ ਢੰਗ ਨਾਲ ਚਲਾਉਣ ਲਈ ਉਸ ਦੀਆਂ ਪ੍ਰਬੰਧਕ ਜ਼ਿੰਮੇਵਾਰੀਆਂ, ਯੋਗ ਅਗਵਾਈ, ਮਿਲਵਰਤਣ ਅਤੇ ਭਾਈਚਾਰਕ ਸਾਂਝ ਬਣਾਉਣ ਤੇ ਇਸ ਨੂੰ ਕਾਇਮ ਰੱਖਣ ਜਿਹੇ ਖਾਸ ਪੱਖਾਂ ਨੂੰ ਸਫਲਤਾ ਪੂਰਵਕ ਵਿਚਾਰਿਆ ਗਿਆ ਹੈ।

ਪੁਸਤਕ ਦੇ ਦੂਜੇ ਅੱਧ ਵਿਚ ਜਾ ਕੇ ਇਸ ਦੇ ਚੌਥੇ ਅਧਿਆਇ 'ਸਕੂਲ ਲਾਇਬ੍ਰੇਰੀ ਦੇ ਭੌਤਿਕ ਅਤੇ ਡਿਜ਼ੀਟਲ ਸਰੋਤ' ਵਿਚ ਸਕੂਲ ਲਾਇਬ੍ਰੇਰੀ ਲਈ ਇਮਾਰਤ ਅਤੇ ਇਸ ਲਈ ਲੋੜੀਂਦੀ ਪੜ੍ਹਨ ਸਮੱਗਰੀ ਤੇ ਅੱਜ ਦੇ ਸਮੇਂ ਦੀ ਲੋੜ ਮੁਤਾਬਿਕ ਡਿਜ਼ੀਟਲ ਸਰੋਤਾਂ ਦੀ ਗੱਲ ਕੀਤੀ ਗਈ ਹੈ। ਇਸ ਤੋਂ ਅਗਲੇ ਪੰਜਵੇਂ ਅਧਿਆਇ ਵਿਚ ਸਕੂਲ ਲਾਇਬ੍ਰੇਰੀ ਦੇ ਕੰਮਾਂ; ਜਿਵੇਂ ਕਿ ਸਾਖਰਤਾ ਤੇ ਪੁਸਤਕ ਸੱਭਿਆਚਾਰ ਦਾ ਪਸਾਰ, ਸੂਚਨਾ ਤੇ ਸੰਚਾਰ ਤਕਨਾਲੋਜੀ, ਅਧਿਆਪਕਾਂ ਦਾ ਪੇਸ਼ੇਵਰ ਵਿਕਾਸ ਅਤੇ ਸਕੂਲ ਲਾਇਬ੍ਰੇਰੀਅਨ ਦੀ ਵਿੱਦਿਅਕ ਭੂਮਿਕਾ ਨੂੰ ਵਿਸਥਾਰ ਸਹਿਤ ਬਿਆਨਿਆ ਗਿਆ ਹੈ। ਇੰਜ ਹੀ, ਇਸ ਦਸਤਾਵੇਜ਼ ਦੇ ਆਖਰੀ ਛੇਵੇਂ ਅਧਿਆਇ ਵਿਚ ਸਕੂਲ ਲਾਇਬ੍ਰੇਰੀ ਦੇ ਮੁਲੰਕਣ, ਗੁਣਵੱਤਾ ਅਤੇ ਇਸ ਦੇ ਲੋਕ-ਸੰਪਰਕ ਪੱਖ ਨੂੰ ਪੇਸ਼ ਕੀਤਾ ਗਿਆ ਹੈ। ਹਰੇਕ ਅਧਿਆਇ ਦੇ ਅਖੀਰ ਵਿਚ ਸਬੰਧਿਤ ਹਵਾਲਿਆਂ ਅਤੇ ਟਿੱਪਣੀਆਂ ਦੀ ਕ੍ਰਮਵਾਰ ਸੂਚੀ ਦਿੱਤੀ ਗਈ ਹੈ। ਪੁਸਤਕ ਦੇ ਅੰਤਲੇ ਭਾਗ ਵਿਚ ਵੱਡੀ ਪੁਸਤਕ-ਸੂਚੀ, ਤਕਨੀਕੀ ਸ਼ਬਦਾਵਲੀ ਅਤੇ ਅੰਤਕਾਵਾਂ ('ੳ' ਤੋਂ 'ਹ') ਪ੍ਰਦਾਨ ਕੀਤੀਆਂ ਹਨ। ਇਸ ਪੁਸਤਕ ਵਿਚ ਲੋੜੀਂਦੀ ਜਾਣਕਾਰੀ ਨੂੰ ਤੁਰੰਤ ਲੱਭਣ ਲਈ ਅਨੁਵਾਦਕ ਵੱਲੋਂ ਇਕ ਅੰਤਰ-ਸਬੰਧਿਤ ਵਿਸ਼ਾ ਅਨੁਕ੍ਰਮਣਿਕਾ ਵੀ ਦਿੱਤੀ ਗਈ ਹੈ।

ਸਕੂਲੀ ਸਿੱਖਿਆ ਨਾਲ ਜੁੜੇ ਇਹ ਸਾਰੇ ਹੀ ਅਹਿਮ ਪੱਖ ਹਨ, ਜਿਨ੍ਹਾਂ ਨੂੰ ਇਫਲਾ ਵੱਲੋਂ ਪ੍ਰਕਾਸ਼ਿਤ ਕੀਤੀ ਗਈਆਂ ਇਨ੍ਹਾਂ ਹਦਾਇਤਾਂ ਵਿਚ ਬਾਖੂਬੀ ਬਿਆਨ ਕੀਤਾ ਗਿਆ ਹੈ। ਸਕੂਲ ਲਾਇਬ੍ਰੇਰੀਆਂ ਨੂੰ ਸੁਚੱਜੇ ਤਰੀਕੇ ਨਾਲ ਚਲਾਉਣ ਲਈ ਇਸ ਪੁਸਤਕ ਤੋਂ ਬਹੁਤ ਵਧੀਆ ਜਾਣਕਾਰੀ ਅਤੇ ਅਗਵਾਈ ਮਿਲ ਸਕਦੀ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਹੋਰ ਚੰਗੇ ਢੰਗ ਨਾਲ ਗਾਈਡ ਕੀਤਾ ਜਾ ਸਕਦਾ ਹੈ। ਡਾ. ਸੁਖਦੇਵ ਸਿੰਘ ਵੱਲੋਂ ਪੰਜਾਬੀ ਵਿਚ ਕੀਤਾ ਗਿਆ ਇਸ ਦਾ ਉਲੱਥਾ ਸ਼ਾਨਦਾਰ ਕਦਮ ਕਿਹਾ ਜਾ ਸਕਦਾ ਹੈ, ਜਿਸ ਦੀ ਸ਼ਲਾਘਾ ਕਰਨੀ ਬਣਦੀ ਹੈ। ਇਸ ਨਾਲ ਪੰਜਾਬੀ ਪਾਠਕਾਂ ਨੂੰ ਸਕੂਲੀ ਲਾਇਬ੍ਰੇਰੀਆਂ ਸਬੰਧੀ ਹੋਰ ਉਤਸ਼ਾਹ ਮਿਲੇਗਾ ਅਤੇ ਇਸ ਤਰ੍ਹਾਂ ਇਹ ਲਾਇਬ੍ਰੇਰੀਆਂ ਵਿਦਿਆਰਥੀਆਂ ਲਈ ਹੋਰ ਲਾਹੇਵੰਦ ਸਾਬਤ ਹੋਣਗੀਆਂ। ਮੈਂ ਪੰਜਾਬੀ ਵਿਚ ਉਲਥਾਈ ਗਈ ਇਸ ਕਿਤਾਬ ਨੂੰ ਜੀ-ਆਇਆਂ ਕਹਿੰਦਾ ਹੈ ਅਤੇ ਆਸ ਕਰਦਾ ਹਾਂ ਕਿ ਡਾ. ਸੁਖਦੇਵ ਸਿੰਘ ਹੋਰ ਅਜਿਹੇ ਅਹਿਮ ਦਸਤਾਵੇਜ਼ਾਂ ਦਾ ਪੰਜਾਬੀ ਵਿਚ ਤਰਜਮਾ ਕਰਕੇ ਪੰਜਾਬੀ ਪਾਠਕਾਂ ਦੀ ਝੋਲੀ ਵਿਚ ਪਾਵੇਗਾ।

---

# ਬਲਬੀਰ ਸਿੰਘ ਕੰਵਲ ਦੀ ਬੱਲੇ ਬੱਲੇ

*(ਪਿਛਲੇ ਸਫੇ ਦੀ ਬਾਕੀ)*

ਵੀ ਸੁਨਹਿਰੀ ਝਿਲਮਿਲ ਸਹਿਤ ਸਾਹਮਣੇ ਆਉਂਦੇ ਹਨ। ਪ੍ਰੀਤਾ ਤੇ ਦੇਵੀ ਦਿਆਲ ਇਨ੍ਹਾਂ ਤੋਂ ਹਟਵੇਂ ਪੋਚ ਦੇ ਸਿਰਕੱਢ ਖਿਡਾਰੀ ਹਨ।

ਨਵਾਬ ਫਕੀਰ ਦਾ ਜਨਮ 1900 ਈ: ਦੇ ਲਾਗੇ ਚਾਗੇ ਸਰਗੋਧੇ ਵਿਚ ਹੋਇਆ ਸੀ। ਉਸ ਨੇ ਬਾਰ ਦੇ ਇਲਾਕੇ ਵਿਚ ਅਣਗਿਣਤ ਮੈਚ ਖੇਡੇ ਤੇ ਨਾਮਣਾ ਖੱਟਿਆ। ਸੁਲਤਾਨ ਸ਼ਾਹ ਦਾ ਜਨਮ 1908 ਵਿਚ ਗੋਜਰੇ ਦੇ ਲਾਗੇ ਚੱਕ ਨੰਬਰ 430, ਆਦਾ, ਤਹਿਸੀਲ ਟੋਭਾ ਟੇਕ ਸਿੰਘ, ਜਿਲਾ ਲਾਇਲਪੁਰ ਵਿਚ ਹੋਇਆ ਤੇ ਉਹ ਲਾਇਲਪੁਰ ਦੀ ਟੀਮ ਵਿਚ ਕੌਡੀ ਖੇਡਦਾ ਰਿਹਾ। ਅਮੀਰ ਇਨਾਇਤੁੱਲਾ ਖਾਂ ਜਲੰਧਰ ਲਾਗੇ ਬਸਤੀ ਬਾਬਾ ਖੈਲਾ ਵਿਚ 5 ਅਪਰੈਲ 1911 ਨੂੰ ਜੰਮਿਆ। ਉਹ ਜਲੰਧਰ ਦੀ ਅਫਗਾਨ ਕਬੱਡੀ ਕਲੱਬ ਦਾ ਲਗਾਤਾਰ ਪੰਜ ਸਾਲ ਕਪਤਾਨ ਰਿਹਾ। ਉਹ ਆਪਣੇ ਸਮੇਂ ਦਾ ਤਕੜਾ ਅਥਲੀਟ ਸੀ। ਹਾਮਦ ਹਸਨ ਮਹਿਮੂਦ ਦਾ ਜਨਮ ਜਲ੍ਹਿਆਂ ਵਾਲੇ ਬਾਗ ਦੇ ਲਾਗੇ ਅੰਮ੍ਰਿਤਸਰ ਵਿਚ 1920 'ਚ ਹੋਇਆ ਸੀ। ਉਹ ਹਾਕੀ ਦਾ ਖਿਡਾਰੀ ਹੋਣ ਦੇ ਨਾਲ ਕਬੱਡੀ ਦਾ ਵੀ ਬਹੁਤ ਤਕੜਾ ਧਾਵੀ ਸੀ। ਸਦੀਕ ਚੌਧਰੀ 1921 ਵਿਚ ਲਾਇਲਪੁਰ ਵਿਖੇ ਇਕ ਖੁਸ਼ਹਾਲ ਖਾਨਦਾਨ ਵਿਚ ਜੰਮਿਆ ਸੀ। ਉਸ ਨੇ ਮਸ਼ਹੂਰ ਜਾਫੀ ਫਾਟਕ ਉਤੇ ਸਤਾਰਾਂ ਸਾਹ ਪਾ ਕੇ ਉਸ ਨੂੰ ਇਕ ਵਾਰ ਵੀ ਡੱਕਣ ਦਾ ਮੌਕਾ ਨਹੀਂ ਸੀ ਦਿੱਤਾ।

ਮਹਿੰਗਾ ਸਿੰਘ ਤਕੜਾ ਅਥਲੀਟ, ਫੁੱਟਬਾਲ ਦਾ ਖਿਡਾਰੀ ਤੇ ਕਬੱਡੀ ਦਾ ਉਡਣਾ ਧਾਵੀ ਸੀ। ਉਸ ਦਾ ਜਨਮ 13 ਜੁਲਾਈ 1921 ਨੂੰ ਗੜ੍ਹਦੀਵਾਲੇ ਵਿਚ ਹੋਇਆ ਸੀ। ਸ਼ਿੰਗਾਰਾ ਸਿੰਘ ਚੀਮਾ ਸਾਂਝੇ ਪੰਜਾਬ ਦਾ ਬਹੁਤ ਵੱਡਾ ਖਿਡਾਰੀ ਸੀ। ਉਹ ਸਾਹ ਪਾਉਣ ਗਿਆ ਏਨੀਆਂ ਧੌਲਾਂ ਮਾਰਦਾ ਸੀ ਕਿ ਅਗਲੇ ਦੀ ਹਿੱਕ ਸੁਜਾ ਦਿੰਦਾ ਸੀ। ਉਹ ਚੱਕ ਨੰਬਰ 157 ਜਿਲਾ ਲਾਇਲਪੁਰ ਵਿਚ 9 ਦਸੰਬਰ 1921 ਨੂੰ ਜੰਮਿਆ ਸੀ। ਨਿਰਭੈ ਸਿੰਘ ਸ਼ਾਹ ਬਾਰੇ ਕਿਹਾ ਜਾਂਦਾ ਸੀ, ਭਈ ਉਹ ਬੰਦਾ ਕਾਹਦਾ ਸੀ, ਉਡਣਾ ਸੱਪ ਸੀ ਪੂਰਾ। ਧਾਵੀ ਨੂੰ ਉਡ ਕੇ ਕੈਂਚੀ ਮਾਰਨ ਪੈਂਦਾ ਸੀ। ਉਸ ਦਾ ਜਨਮ ਰਮੀਦੀ ਵਿਖੇ 27 ਫਰਵਰੀ 1922 ਨੂੰ ਹੋਇਆ ਸੀ। ਨਜ਼ਰ ਮੁਹੰਮਦ ਬਿਜਲੀ ਤੇ ਉਸਤਾਦ ਕਾਦਰ ਬਖਸ਼ ਲਾਹੌਰ ਦੇ ਜੰਮਪਲ ਸਨ। ਕਿਰਪਾਲ ਸਾਧ ਜੀਹਨੂੰ ਗੁੱਟ ਦੀ ਫੜਾਈ ਦਾ ਪੀਰ ਸਰਦਾਰ ਕਿਹਾ




ਜਾਂਦਾ ਸੀ, 1980 ਵਿਚ ਸਦੀਵੀ ਵਿਛੋੜਾ ਦੇ ਗਿਆ। ਤਾਰਾ ਸਿੰਘ ਮੂਸਾ ਪਾਕਿਸਤਾਨ ਦੀ ਟੀਮ ਵਿਰੁੱਧ ਖੇਡਿਆ ਸੀ।

ਸੰਤੋਖ ਸਿੰਘ ਐਟਮ ਬੰਬ ਦਾ ਜਨਮ 20 ਜੁਲਾਈ 1931 ਨੂੰ ਹੁਸ਼ਿਆਰਪੁਰ ਦੇ ਪਿੰਡ ਅੰਬਾਲਾ ਜੱਟਾਂ ਵਿਚ ਹੋਇਆ ਸੀ। ਜਦੋਂ 1954 ਦੇ ਸ਼ੁਰੂ ਵਿਚ ਚੜ੍ਹਦੇ ਪੰਜਾਬ ਦੀ ਟੀਮ ਲਹਿੰਦੇ ਪੰਜਾਬ 'ਚ ਟੈਸਟ ਮੈਚ ਖੇਡਣ ਗਈ ਤਾਂ ਲਾਹੌਰੀਆਂ ਨੇ ਉਸ ਨੂੰ ਐਟਮ ਬੰਬ ਦਾ ਖ਼ਿਤਾਬ ਦਿੱਤਾ। ਜੁਆਨੀ ਸਮੇਂ ਇਸ ਨੇ ਮੰਦੇ ਭਾਵਾਂ 'ਚ ਇਕ ਸੌ ਰੁਪਏ ਤੋਂ ਲੈ ਕੇ ਸੱਤ ਸੌ ਰੁਪਏ ਦੇ ਇਨਾਮਾਂ ਵਾਲੇ ਸਾਹ ਪਾਏ ਤੇ ਕਿਸੇ ਨੇ ਉਸ ਦੇ ਸਰੀਰ ਨੂੰ ਮਿੱਟੀ ਲੱਗੀ ਨਹੀਂ ਵੇਖੀ। ਅਤੀਤ ਵਿਚ ਹੋ ਸਕਦੈ ਉਸ ਨਾਲੋਂ ਵੀ ਤਕੜੇ ਸਾਹੀ ਹੋਏ ਹੋਣਗੇ ਪਰ ਉਸ ਨੂੰ ਵੀਹਵੀਂ ਸਦੀ ਦਾ ਸਰਵੋਤਮ ਸਾਹੀ ਕਹਿਣ ਵਿਚ ਕੋਈ ਉਜਰ ਨਹੀਂ ਹੋ ਸਕਦਾ।

ਮਹਿੰਦਰ ਸਿੰਘ ਢੱਗਾ, ਸਵਰਨ ਸਿੰਘ, ਗਿਆਨ ਸਿੰਘ, ਸੂਬਾ ਸਿੰਘ, ਹਰਨਾਮ ਸਿੰਘ ਨਾਮ੍ਹਾ, ਕਰਨੈਲ ਸਿੰਘ ਬਠਿੰਡਾ, ਢਿੱਲੋਂ ਭਰਾ, ਅਜੀਤ ਬੱਲ, ਕਰਤਾਰ ਪੰਨੂੰ ਤੇ ਗੁਰਦੇਵ ਅੱਟਾ ਆਪਣੇ ਸਮੇਂ ਦੇ ਤਕੜੇ ਕੌਡਿਆਲ ਸਨ। ਅੱਟਾ ਕਹਿੰਦੇ-ਕਹਾਉਂਦੇ ਜਾਫੀ ਨੂੰ ਪਝੰਤਰ ਫੁੱਟ ਤੋਂ ਖਿੱਚ ਕੇ ਲੈ ਆਉਂਦਾ ਸੀ। ਉਸ ਦਾ ਜਨਮ 15 ਅਪਰੈਲ 1935 ਨੂੰ ਹੋਇਆ ਸੀ। ਪਿੱਛੇ ਜਿਹੇ ਉਸ ਦਾ ਵਲਾਇਤ ਵਿਚ ਮਾਨ ਸਨਮਾਨ ਕੀਤਾ ਗਿਆ। ਸੰਤੋਖ ਸਿੰਘ ਦਾ ਜਨਮ ਮਾਨਗੜ੍ਹ ਵਿਚ 1938 'ਚ ਹੋਇਆ ਤੇ ਉਸ ਨੂੰ ਜੱਫੇ ਦਾ ਸ਼ੀਹ ਯਾਨਿ ਟਾਈਗਰ ਕਿਹਾ ਜਾਂਦਾ ਸੀ। ਉਸ ਨੇ ਪਾਕਿਸਤਾਨ ਦੇ ਜਰਵਾਣੇ ਧਾਵੀਆਂ ਨੂੰ ਬੰਨ੍ਹ ਲਾ ਦਿੱਤੇ ਸਨ। ਰਤਨ ਸਿੰਘ ਰੱਤੂ, ਮਹਿੰਦਰ ਸਿੰਘ ਧਾਮੀ, ਸੀਤਲ ਸਿੰਘ ਸਰਾਓ, ਅਮਰੀਕ ਸਿੰਘ, ਪ੍ਰੀਤਮ ਸਿੰਘ, ਜੋਤਾ, ਸੱਤਾ, ਅਜੈਬ ਸਿੰਘ ਬਾਸੀ ਤੇ ਅਜਮੇਰ ਸਿੰਘ ਚਕਰੀਏ ਨੇ ਵੀ ਕਬੱਡੀ ਦੇ ਪਿੜ ਵਿਚ ਨਾ ਮਿਟਣ ਵਾਲੀਆਂ ਪੈੜਾਂ ਕੀਤੀਆਂ ਹਨ...।

ਕਬੱਡੀ ਦੀ ਖੇਡ ਵਿਚ ਕਈ ਖੇਡਾਂ ਦਾ ਮਿਸ਼ਰਨ ਹੈ। ਇਸ ਵਿਚ ਕੁਸ਼ਤੀ ਦੇ ਦਾਅ ਜਿਵੇਂ ਢਾਕ, ਧੋਬੀ ਪਟੜਾ ਆਦਿ ਸਾਂਝੇ ਹਨ; ਇਸ ਵਿਚ ਅਥਲੈਟਿਕਸ ਦਾ ਦੌੜਨਾ ਭੱਜਣਾ, ਛਾਲਾਂ ਮਾਰਨਾ, ਹਾਕੀ ਤੇ ਫੁੱਟਬਾਲ ਦੀ ਖੇਡ ਵਰਗੀ ਡਾਜ ਅਤੇ ਜਿਮਨਾਸਟਿਕਸ ਦੇ ਕਰਤੱਬ ਵੀ ਸ਼ਾਮਲ ਹਨ। ਇਸ ਵਿਚ ਧਾਵੀ ਸੋਟ, ਤਲੀ, ਮੋੜ, ਅੰਦਰਲੀ, ਬਾਹਰਲੀ, ਢਾਕ, ਧੋਬੀ, ਬਾਡੀ ਡਾਜ ਤੇ ਤੇਜ਼ ਦੌੜ ਦੀ ਵਰਤੋਂ ਕਰਦੇ ਹਨ। ਜਾਫੀ ਹੱਥ-ਕਟੀ, ਗੁੱਟ ਫੜਨਾ, ਕੈਂਚੀ, ਲੱਪਾ, ਡੰਡ, ਬਗਲੀ ਭਰਨਾ, ਲੱਕ ਫੜਨਾ, ਟੰਗ ਚੀਰਨਾ, ਗਿੱਟਾ ਫੜਨਾ ਆਦਿ ਦੀ ਵਰਤੋਂ ਵੀ ਕਰਦੇ ਹਨ। ਕਬੱਡੀ ਸਰੀਰਕ ਕਰਤੱਬਾਂ ਦੀ ਸ਼ਾਇਰੀ ਤੇ ਕੌਡੀ ਕੌਡੀ ਕਹਿਣ ਦਾ ਅਨੂਠਾ ਨਗਮਾ ਹੈ! ਇਸ ਨਗਮੇ ਵਿਚ ਬਲਬੀਰ ਸਿੰਘ ਦੀ 'ਬੱਲੇ ਬੱਲੇ' ਵੀ ਸ਼ਾਮਲ ਹੈ।

---

# ਐਸਾ ਮੇਰਾ ਪੰਜਾਬ ਹੋਵੇ...

**ਜਿਥੇ ਹਿੰਦੂ, ਸਿੱਖ, ਮੁਸਲਿਮ ਪੰਜਾਬ ਦੇ ਜਾਏ ਬਣਨ**
**ਕਦੀ ਇਕ ਦੂਜੇ ਲਈ ਉਹ ਨਾ ਮੌਤ ਦੇ ਸਾਏ ਬਣਨ**
**ਰੱਤ ਪੀਣ ਲਈ ਬੰਦਿਆਂ ਦੀ, ਨਾ ਤ੍ਰਿਹਾਏ ਬਣਨ**
**ਮੇਰੇ ਰੱਬ ਦੀ ਮਿਹਰ ਰਹੇ, ਇਹ ਸਭ ਹਮਸਾਏ ਬਣਨ**
**ਇਕ ਦੂਜੇ ਲਈ ਮੰਗਦਾ ਹਰ ਕੋਈ ਸਵਾਬ ਹੋਵੇ**
**ਰੱਬ ਮਿਹਰ ਕਰੇ, ਐਸਾ ਮੇਰਾ ਪੰਜਾਬ ਹੋਵੇ।**

**ਪੰਜਾਬ ਦੇ ਜਾਇਆਂ ਦੀ ਬੱਸ ਇੱਕੋ ਜਾਤ ਹੋਵੇ**
**ਸੁਰਮਈ ਸ਼ਾਮ ਹੋਵੇ, ਮਿਠੜੀ ਪ੍ਰਭਾਤ ਹੋਵੇ**
**ਨਾ ਕੋਈ ਡਰੇ ਹਨੇਰਿਆਂ ਤੋਂ, ਭਾਵੇਂ ਅੱਧੜੀ ਰਾਤ ਹੋਵੇ**
**ਮੁਸਲਿਮ ਹੁੰਗਾਰਾ ਦਏ, ਹਿੰਦੂ ਦੀ ਬਾਤ ਹੋਵੇ**
**ਨੀਅਤ ਕਿਸੇ ਦੁਸ਼ਮਣ ਦੀ ਨਾ ਕਦੀ ਖਰਾਬ ਹੋਵੇ।**
**ਰੱਬ ਮਿਹਰ ਕਰੇ, ਐਸਾ ਮੇਰਾ ਪੰਜਾਬ ਹੋਵੇ।**

**ਜਿਥੇ ਧਰਮ ਧ੍ਰੋਹੀਆਂ ਨੂੰ ਜਥੇਦਾਰ ਬਚਾਵਣ ਨਾ**
**ਬਹਿ ਧਰਮ ਸਥਾਨਾਂ 'ਤੇ ਮੁਰਦਾਰ ਨੂੰ ਖਾਵਣ ਨਾ**
**ਜਿਥੇ ਵੋਟਰ ਡਰ ਡਰ ਕੇ ਕਦੀ ਵੋਟਾਂ ਪਾਵਣ ਨਾ**
**ਜਿਥੇ ਨਸ਼ੇ ਦੀ ਬੋਤਲ 'ਤੇ ਵੋਟਰ ਵਿਕ ਜਾਵਣ ਨਾ**
**ਜਿਥੇ ਕਲਮ ਨਾ ਵਿਕੇ ਕਦੀ, ਵਿਕਦਾ ਨਾ ਖਿਤਾਬ ਹੋਵੇ।**
**ਰੱਬ ਮਿਹਰ ਕਰੇ, ਐਸਾ ਮੇਰਾ ਪੰਜਾਬ ਹੋਵੇ।**

**ਜਿਥੇ ਦੁੱਧ ਦੇ ਵਿਚ ਕਦੀ ਕੋਈ ਪਾਣੀ ਪਾਵੇ ਨਾ**
**ਜਿਥੇ ਆਟੇ ਦਾਲਾਂ ਵਿਚ ਕੋਈ ਜ਼ਹਿਰ ਮਿਲਾਵੇ ਨਾ**
**ਮੱਝਾਂ ਅਤੇ ਗਾਈਆਂ ਨੂੰ ਕੋਈ ਟੀਕੇ ਲਾਵੇ ਨਾ**
**ਅੱਧ ਨੰਗੀਆਂ ਕੁੜੀਆਂ ਨੂੰ ਕੋਈ ਗਾਇਕ ਨਚਾਵੇ ਨਾ**
**ਜਿਥੇ ਭੁੱਕੀਆਂ, ਨਸ਼ਿਆਂ ਦਾ ਚੜ੍ਹਿਆ ਨਾ ਸੈਲਾਬ ਹੋਵੇ।**
**ਰੱਬ ਮਿਹਰ ਕਰੇ, ਐਸਾ ਮੇਰਾ ਪੰਜਾਬ ਹੋਵੇ।**

**ਕਿਤੇ ਜੋਤਾਂ ਜਗਣ ਪਈਆਂ, ਕਿਤੇ ਬਲਦਾ ਚਿਰਾਗ ਹੋਵੇ**
**ਮੱਕੀ ਦਿਆਂ ਮਿੱਸੀਆਂ ਤੇ ਤੜਕੇ ਵਾਲਾ ਸਾਗ ਹੋਵੇ**
**ਨਾ ਕਿਸੇ ਦੇ ਮੱਥੇ 'ਤੇ ਕਾਲਖ ਦਾ ਦਾਗ ਹੋਵੇ**
**ਗੈਰਤ ਦੇ ਨਗਮੇ ਤੇ ਅਣਖਾਂ ਦਾ ਰਾਗ ਹੋਵੇ**
**ਪੰਜਾਬ ਦੇ ਮੂੰਹ ਉਤੇ 'ਸੁਰਜੀਤ' ਸ਼ਬਾਬ ਹੋਵੇ।**
**ਰੱਬ ਮਿਹਰ ਕਰੇ, ਐਸਾ ਮੇਰਾ ਪੰਜਾਬ ਹੋਵੇ।**

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

ਕਲਾ ਪਰਿਕਰਮਾ

# ਬਾਤਾਂ ਬਾਬੂ ਰਜਬ ਅਲੀ ਦੀਆਂ

ਗੱਲ 2010 ਦੀ ਹੈ; ਮੈਂ ਅਜੇ ਗਿਆਰਵੀਂ ਕਲਾਸ ਵਿਚ ਹੋਇਆ ਹੀ ਸੀ ਕਿ ਮੇਰੇ ਮਿੱਤਰ ਗੁਰਮਿੰਦਰ ਸਿੰਘ ਨੇ ਸਕੂਲ ਵਿਚੋਂ ਮਿਲੀਆਂ ਕਿਤਾਬਾਂ ਮੈਨੂੰ ਦਿਖਾਉਂਦਿਆਂ ਇਕ ਕਿਤਾਬ ਮੇਰੇ ਵੱਲ ਵਧਾਈ। ਕਿਤਾਬ ਦਾ ਨਾਂ ਸੀ- ਜੋਸ਼ੀਲਾ ਰਜਬ ਅਲੀ। ਨੀਲੀ ਜਿਲਦ 'ਤੇ ਮੋਟੇ ਕਰ ਕੇ ਲਿਖੇ ਹੋਏ ਅੱਖਰਾਂ 'ਰਜਬ ਅਲੀ' 'ਤੇ ਮੇਰੀ ਨਿਗ੍ਹਾ ਅਟਕ ਗਈ। ਇਹ ਨਾਂ ਤਾਂ ਮੈਂ ਆਪਣੇ ਪਿੰਡ ਦੇ ਲੋਕਾਂ ਤੋਂ ਆਮ ਹੀ ਸੁਣਦਾ ਰਿਹਾ ਸਾਂ।

ਮੈਂ ਝੱਟ ਕਿਤਾਬ ਫੜੀ ਤੇ ਖੋਲ੍ਹ ਕੇ ਵੇਖਣ ਲੱਗਾ। ਭੂਮਿਕਾ ਤੋਂ ਅੱਗੇ ਗਿਆ ਤਾਂ ਲਿਖਿਆ ਸੀ, 'ਮੰਗਲਾ ਚਰਨ- ਦਸ ਅਵਤਾਰਾਂ ਦੀ ਸਿਫਤ'। ਇਹ ਮੰਗਲਾ ਚਰਨ ਕੀ ਹੁੰਦਾ ਹੈ? ਮੈਨੂੰ ਨਹੀਂ ਸੀ ਪਤਾ। ਖੈਰ! ਪੜ੍ਹਨਾ ਸ਼ੁਰੂ ਕੀਤਾ-

**ਹਰਵਿੰਦਰ ਸਿੰਘ ਰੋਡੇ**

'ਸੋਹਣੀ ਲੱਗਦੀ ਮਜਲਸ ਸਿਆਣੀ, ਸੁਣਲੋ ਗੁਰ ਨਾਨਕ ਦੀ ਬਾਣੀ, ਦਿਲ ਨੂੰ ਖਿੱਚਦੀ ਜਾਂਦੀ ਜਾਣੀ, ਪੜ੍ਹ-ਪੜ੍ਹ ਅੰਦਰ ਠਰਗੇ ਐ। ਸੁਣ ਬਾਬੇ ਦੀ ਬਾਣੀ ਲੱਖ ਗੁਨਾਹੀ ਤਰਗੇ ਐ।' ਕਮਾਲ ਦੀ ਕਵਿਤਾ ਸੀ। ਮੈਂ ਕਦੇ ਗਾਇਆ ਨਹੀਂ ਸੀ ਪਰ ਇਹ ਕਵਿਤਾ ਮੈਂ ਪੜ੍ਹੀ ਨਹੀਂ ਸਗੋਂ ਗਾਈ ਸੀ। ਤਰਜ਼ ਪਤਾ ਨਹੀਂ ਕਿੱਥੋਂ ਆਈ। ਫਿਰ ਏਸੇ ਤਰਜ਼ 'ਤੇ ਅਗਲੀ ਕਵਿਤਾ ਗਾਉਣ ਲੱਗਿਆ, ਉਹ ਗੱਲ ਨਾ ਬਣੇ। ਗੱਲ ਕਾਹਦੀ ਬਣਨੀ ਸੀ ਅਗਲੀ ਕਵਿਤਾ 'ਕਬਿੱਤ ਛੰਦ' ਵਿਚ ਸੀ, ਚਾਲ ਦਾ ਫਰਕ ਸੀ ਪਰ ਪੜ੍ਹਨ 'ਚ ਸੁਆਦ ਆਈ ਗਿਆ ਤੇ ਮੈਂ ਪੜ੍ਹੀ ਗਿਆ, ਜਿੱਥੇ ਕਿਤੇ ਤਰਜ਼ ਬਣ ਜਾਂਦੀ ਗਾਉਣ ਲੱਗ ਜਾਂਦਾ। ਸਾਰੀ ਕਿਤਾਬ ਪੜ੍ਹ ਕੇ ਮੈਨੂੰ ਏਨਾ ਕੁ ਪਤਾ ਲੱਗ ਗਿਆ ਕਿ ਜੋ ਕਵਿਤਾ ਦੇ ਉਪਰ ਲਿਖਿਆ ਹੁੰਦਾ ਏ, 'ਕਬਿੱਤ, ਝੋਕ ਚਾਲ ਛੰਦ, ਡੂਢਾ ਛੰਦ, ਦੋਤਾਰਾ ਛੰਦ' ਆਦਿ ਇਨ੍ਹਾਂ ਦਾ ਕੋਈ ਮਤਲਬ ਹੈ। ਬਸ ਫਿਰ ਚੱਲ ਸੋ ਚੱਲ, ਮੈਂ ਬਾਬੂ ਜੀ ਦਾ ਏਨਾ ਕਾਇਲ ਹੋਇਆ ਕਿ ਲਾਇਬ੍ਰੇਰੀ 'ਚੋਂ ਬਾਬੂ ਰਜਬ ਅਲੀ ਜੀ ਦੀਆਂ ਸਾਰੀਆਂ ਕਿਤਾਬਾਂ ਛਾਣ ਮਾਰੀਆਂ; ਪੜ੍ਹੀਆਂ ਹੀ ਨਹੀਂ ਸਗੋਂ ਘਰ ਲਿਆ ਕੇ ਕਿਤਾਬਾਂ ਦੇ ਸੋਹਣੇ ਪ੍ਰਸੰਗ ਆਪਣੀਆਂ ਕਿਤਾਬਾਂ 'ਤੇ ਉਤਾਰਦਾ ਰਿਹਾ। ਅਜੇ ਵੀ ਕਾਪੀਆਂ ਪਈਆਂ ਨੇ।

ਸੋਚਦਾ ਹਾਂ- 'ਅਜਿਹਾ ਕੀ ਹੈ ਬਾਬੂ ਜੀ ਦੀ ਕਵਿਤਾ ਵਿਚ?' ਫਿਰ ਆਪਣੇ ਆਪ ਹੀ ਅੰਦਰੋਂ ਜੁਆਬ ਉਠਦਾ ਹੈ- 'ਕੀ ਨਹੀਂ ਬਾਬੂ ਜੀ ਦੀ ਕਵਿਤਾ ਵਿਚ?' ਸੱਚਮੁੱਚ ਹੀ ਬਾਬੂ ਜੀ ਦੀ ਕਵਿਤਾ ਵਿਚ ਪੂਰਾ ਬ੍ਰਹਿਮੰਡ ਸਮਾਇਆ ਪਿਆ ਹੈ। ਉਨ੍ਹਾਂ ਦੀ ਕਵਿਤਾ ਮਲਵਈ ਬੋਹੜਾਂ, ਪਿੱਪਲਾਂ, ਤ੍ਰਿਵੈਣੀਆਂ ਥੱਲਿਓਂ ਉਠ ਕੇ, ਵੱਡੇ-ਵੱਡੇ ਮੇਲਿਆਂ ਵਿਚ ਦੀ ਹੁੰਦੀ ਹੋਈ ਅੱਜ ਕੱਲ੍ਹ ਹੋ ਰਹੇ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਵਿਚ ਆ ਪਹੁੰਚੀ ਹੈ। ਹੈਰਾਨੀ ਇਸ ਗੱਲ ਦੀ ਕਿ ਉਸ ਕਵਿਤਾ ਨੂੰ ਜਿੰਨੀ ਸ਼ਿੱਦਤ ਨਾਲ ਸੱਥ ਵਿਚ ਬੈਠਾ ਬਜ਼ੁਰਗ ਗਾਉਂਦਾ ਹੈ, ਓਨੀ ਸ਼ਿੱਦਤ ਨਾਲ ਹੀ ਅਜੋਕਾ ਨੌਜਵਾਨ ਗਾ ਰਿਹਾ ਹੈ। ਅਨਪੜ੍ਹ ਵੀ ਬਾਬੂ ਜੀ ਦੀ ਕਵਿਤਾ ਦਾ ਸ਼ੁਦਾਈ ਹੈ ਤੇ ਪੜ੍ਹਿਆ-ਲਿਖਿਆ ਵੀ। ਕਾਰਨ ਇਕੋ ਹੀ ਹੈ ਕਿ ਬਾਬੂ ਰਜਬ ਅਲੀ ਜੀ ਲੋਕਾਂ ਦੀ ਗੱਲ ਲੋਕ ਬੋਲੀ ਵਿਚ ਕਰਨੀ ਜਾਣਦੇ ਸਨ। ਉਹ ਕਵਿਤਾ ਲਿਖਦੇ ਨਹੀਂ ਸਨ, ਉਨ੍ਹਾਂ ਨੂੰ ਕਵਿਤਾ ਲਿਖੀ ਜਾਂਦੀ ਸੀ।

ਉਨ੍ਹਾਂ ਦੀ ਕਵਿਤਾ ਅਜਿਹੇ ਦ੍ਰਿਸ਼ ਸਾਡੀਆਂ ਅੱਖਾਂ ਅੱਗੇ ਪੇਸ਼ ਕਰਨ ਵਿਚ ਕਾਮਯਾਬ ਹੈ ਜੋ ਤਕੜੀ ਤੋਂ ਤਕੜੀ ਵਾਰਤਕ ਨਾਲ ਵੀ ਪੇਸ਼ ਕਰਨੇ ਮੁਸ਼ਕਿਲ ਹੋ ਜਾਂਦੇ ਹਨ। ਕਵਿਤਾ ਦੀ ਰਵਾਨੀ ਇਉਂ ਹੈ ਜਿਵੇਂ ਝਰਨੇ ਵਿਚੋਂ ਬਿਨਾ ਕਿਸੇ ਅਟਕਾ ਦੇ ਨਿਰਮਲ ਜਲ ਵਹਿੰਦਾ ਹੋਵੇ। ਛੰਦਾਂ ਦੇ ਗੂੜ-ਗਿਆਤਾ ਹੋਣ ਦੇ ਨਾਲ-ਨਾਲ ਉਹ ਪੰਜਾਬੀ, ਹਿੰਦੀ, ਉਰਦੂ, ਫਾਰਸੀ, ਅੰਗਰੇਜ਼ੀ ਭਾਸ਼ਾ ਦੇ ਇਲਮੀ ਸਨ। ਉਹ ਮਲਵਈ ਉਪਭਾਸ਼ਾ ਵਿਚ ਇਨ੍ਹਾਂ ਸਾਰੀਆਂ ਭਾਸ਼ਾਵਾਂ ਦਾ ਛਿੱਟਾ ਇਸ ਢੰਗ ਨਾਲ ਦਿੰਦੇ ਸਨ ਕਿ ਅਨਪੜ੍ਹ ਲੋਕਾਂ ਨੂੰ ਵੀ ਔਖੇ ਤੋਂ ਔਖੇ ਸ਼ਬਦਾਂ ਦੇ ਅਰਥ ਸਹਿਜੇ ਹੀ ਪਤਾ ਲੱਗ ਜਾਂਦੇ ਸਨ।


ਮਾਲਵੇ ਦੀ ਰਹਿਤਲ ਉਨ੍ਹਾਂ ਦੇ ਅੰਤਹਕਰਨ ਵਿਚ ਘੁਲੀਮਿਲੀ ਹੋਈ ਸੀ। ਉਨ੍ਹਾਂ ਦੀ ਕਵਿਤਾ ਗਾਉਂਦੇ ਕਵੀਸ਼ਰ ਇਉਂ ਲੱਗਦੇ ਹਨ, ਜਿਵੇਂ ਮਲਵਈ ਕਾਵਿਕ ਗੱਲਾਂ ਕਰ ਰਹੇ ਹੋਣ। ਕਵਿਤਾ ਤੇ ਮਲਵਈ ਬੋਲੀ ਦਾ ਸੁਮੇਲ ਉਨ੍ਹਾਂ ਦੀ ਲੇਖਣੀ ਨੂੰ ਚਾਰ ਚੰਦ ਲਾਉਂਦਾ ਹੈ। ਕਾਹਨ ਸਿੰਘ ਵਾਲਾ ਦੇ ਮਸ਼ਹੂਰ ਕਵੀਸ਼ਰ ਮਾਨ ਸਿੰਘ ਜਿਨ੍ਹਾਂ ਦੀ ਪ੍ਰਸਿੱਧੀ 1898 ਵਿਚ 'ਪੱਤਲ' ਲਿਖਣ ਕਰ ਕੇ ਹੋਈ ਸੀ ਤੇ ਜਿਨ੍ਹਾਂ ਦੀ ਲਿਖੀ ਬੌਧਿਕ ਗਰਾਮਰ ਉਸ ਵੇਲੇ ਬਹੁਤ ਪ੍ਰਸਿੱਧ ਸੀ, ਨੂੰ ਬਾਬੂ ਜੀ ਨੇ ਚੱਕਾਂ ਵਾਲੀ ਨਹਿਰੀ ਕੋਠੀ ਵਿਖੇ ਗੁਰੂ ਧਾਰਨ ਕੀਤਾ ਸੀ। ਉਸ ਤੋਂ ਬਾਅਦ ਪਿੰਗਲ ਦੇ ਛੰਦ ਲਿਖਦਿਆਂ-ਲਿਖਦਿਆਂ ਬਾਬੂ ਜੀ ਦੇ ਅਜਿਹੇ ਦੁਆਰ ਖੁੱਲ੍ਹੇ ਕਿ ਉਨ੍ਹਾਂ ਕਈ ਨਵੇਂ ਛੰਦ ਉਜਾਗਰ ਕਰ ਕੇ ਕਵੀਸ਼ਰੀ ਜਗਤ ਨੂੰ ਦਿੱਤੇ। ਇਨ੍ਹਾਂ ਵਿਚ ਬਹੱਤਰ ਕਲਾ ਛੰਦ, ਸੋਲਾਂ ਅੱਖਰਾ ਛੰਦ, ਸਤਾਰਾਂ ਅੱਖਰਾ ਛੰਦ, ਬਾਬੂ ਚਾਲ ਛੰਦ ਆਦਿ ਬਹੁਤ ਮਕਬੂਲ ਹੋਏ। 1929 ਵਿਚ ਬਾਬੂ ਜੀ ਨੂੰ 'ਬਾਬੂ ਚਾਲ ਛੰਦ' ਲਿਖਣ ਕਰ ਕੇ ਹਾਜੀਰਤਨ ਦੇ ਮੇਲੇ 'ਤੇ ਸ਼੍ਰੋਮਣੀ ਕਵੀਸ਼ਰ ਦੇ ਖਿਤਾਬ ਨਾਲ ਨਿਵਾਜਿਆ ਗਿਆ।

ਬਾਬੂ ਜੀ ਨੂੰ ਜਿੱਥੇ ਵੀ ਕੋਈ ਗੁਣ ਮਿਲਦਾ ਸੀ, ਉਸ ਨੂੰ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦੇ ਸਨ। ਅੰਗਰੇਜ਼ਾਂ ਦੀ ਮਿਹਨਤ ਦੇ ਸੋਹਲੇ ਗਾਉਂਦੇ ਉਹ ਆਪਣੇ ਬਹੱਤਰ ਕਲਾ ਛੰਦ ਵਿਚ ਆਖਦੇ ਨੇ- 'ਗੋਰੇ ਬੜੇ ਮਿਹਨਤੀ ਵੇ, ਢਿੱਬੇ ਜੁ ਢਾਹ ਲੇ, ਨਵੇਂ ਕੱਢੇ ਖਾਲੇ, ਜਾਣ ਕਾਰਖਾਨੀ, ਯਾਦ ਆ ਜੇ ਨਾਨੀ, ਬਾਰਾਂ-ਬਾਰਾਂ ਘੰਟੇ ਡਿਊਟੀਆਂ ਲੱਗੀਆਂ।' ਦੂਜੇ ਪਾਸੇ ਅੰਗਰੇਜ਼ਾਂ ਦੀਆਂ ਕੂਟਨੀਤੀਆਂ ਵਿਰੁਧ ਵੀ ਉਨ੍ਹਾਂ ਬਿਨਾ ਆਪਣੀ ਨੌਕਰੀ ਦੀ ਪ੍ਰਵਾਹ ਕੀਤਿਆਂ ਡਟ ਕੇ ਲਿਖਿਆ। ਸ਼ਹੀਦ ਭਗਤ ਸਿੰਘ ਦਾ ਪ੍ਰਸੰਗ ਇਸ ਗੱਲ ਦੀ ਗਵਾਹੀ ਹੈ। ਇਕ ਥਾਂ ਆਪਣੇ ਢਾਈਆ ਛੰਦ ਵਿਚ ਉਹ ਲਿਖਦੇ ਨੇ- 'ਥੋਡੇ ਘਰ ਲੁੱਟ ਕੇ ਬਣਾਲੇ ਬੰਗਲੇ, ਵਲੈਤ ਵਾਲੇ ਗੋਰਿਆਂ ਨੇ। ਹਿੰਦ ਦੇ ਧਨਾਢ ਸਾਰੇ ਕੀਤੇ ਕੰਗਲੇ, ਸੁਕਾਤੇ ਚੰਮ ਝੋਰਿਆਂ ਨੇ। ਐਹੋ ਜ੍ਹੀ ਖਰੀ ਸਾਮੀ ਦੇ। ਲਾਹ ਦਿਉ ਗਲਾਂ 'ਚੋਂ ਤਬਕ ਗੁਲਾਮੀ ਦੇ।' ਇਹ ਉਨ੍ਹਾਂ ਸਮਿਆਂ ਦੀ ਗੱਲ ਹੈ ਜਦੋਂ ਉਹ ਓਵਰਸੀਅਰ ਤੋਂ ਐਸ. ਡੀ. ਓ. ਬਣਨ ਵਾਲੇ ਸਨ ਪਰ ਕਿਸੇ ਨੇ ਮਹਿਕਮੇ ਦੇ ਮੁੱਖ ਦਫਤਰ ਵਿਚ ਚੁਗਲੀ ਕਰ ਦਿੱਤੀ- 'ਬਾਬੂ ਰਜਬ ਅਲੀ ਅੰਗਰੇਜ਼ ਸਰਕਾਰ ਵਿਰੁਧ ਬਗਾਵਤੀ ਕਵਿਤਾ ਲਿਖ ਲਿਖ ਲੋਕਾਂ ਵਿਚ ਵੰਡ ਰਿਹਾ ਹੈ।' ਸਿੱਟੇ ਵਜੋਂ ਉਨ੍ਹਾਂ ਦੀ ਤਰੱਕੀ ਦੀ ਫਾਈਲ ਸੀਲ ਹੋ ਗਈ, ਜਿਸ ਨੂੰ ਬਾਅਦ ਵਿਚ ਖਾਰਜ ਕਰ ਕੇ ਉਨ੍ਹਾਂ ਦੀ ਤਰੱਕੀ ਕੈਂਸਲ ਕਰ ਦਿੱਤੀ ਗਈ।

ਬਾਬੂ ਜੀ ਕਵਿਤਾ ਦਾ ਭਰ ਵਗਦਾ ਦਰਿਆ ਸੀ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਤਕਰੀਬਨ ਅੱਸੀ ਪ੍ਰਸੰਗ ਲਿਖੇ। ਇਨ੍ਹਾਂ ਵਿਚ ਸਿੱਖ, ਹਿੰਦੂ, ਇਸਲਾਮ ਆਦਿ ਸਭ ਧਰਮਾਂ ਦੇ ਪ੍ਰਸੰਗ ਹਨ। ਉਹ ਸਭ ਦੇ ਸਾਂਝੇ ਸ਼ਾਇਰ ਸਨ। ਆਪਣੇ ਛੰਦ ਵਿਚ ਉਹ ਆਖਦੇ ਨੇ- 'ਸਿਆਣੇ ਮੰਨਦੇ ਓਸ ਨੂੰ ਜੀ, ਸ਼ਾਇਰ ਜਿਹੜਾ ਨਜ਼ਮ ਬਣਾਵੇ ਸਾਂਝੀ, ਸੁਣਨ ਤਿੰਨ ਕੌਮਾਂ।' ਇਸ ਦੇ ਇਲਾਵਾ ਉਨ੍ਹਾਂ ਬਹੁਤ ਸਾਰੇ ਫੁਟਕਲ ਛੰਦ ਵੀ ਰਚੇ। ਉਨ੍ਹਾਂ ਦੀ ਬੋਲ-ਚਾਲ ਵਿਚੋਂ ਵੀ ਕਵਿਤਾ ਡਲ੍ਹਕਾਂ ਮਾਰਦੀ ਸੀ। ਪਾਕਿਸਤਾਨ ਬੈਠੇ ਬਾਬੂ ਜੀ ਆਪਣੇ ਚੇਲਿਆਂ ਨੂੰ ਚਿੱਠੀਆਂ ਵੀ ਕਵਿਤਾ ਵਿਚ ਹੀ ਭੇਜਦੇ ਰਹੇ। ਚੇਲਿਆਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੇ ਅਨੰਤ ਸ਼ਾਗਿਰਦ ਸਨ। ਬਹੁਤੇ ਸ਼ਾਗਿਰਦ ਤਾਂ ਅਜਿਹੇ ਵੀ ਸਨ ਜਾਂ ਹਨ ਜੋ ਬਾਬੂ ਜੀ ਨੂੰ ਆਪਣੀ ਸਾਰੀ ਜ਼ਿੰਦਗੀ ਵਿਚ ਕੇਵਲ ਇਕ ਵਾਰੀ ਹੀ ਮਿਲ ਸਕੇ। ਵੰਡ ਤੋਂ ਅਠਾਰਾਂ ਸਾਲਾਂ ਬਾਅਦ 1965 ਵਿਚ ਜਦੋਂ ਉਹ ਵੀਜ਼ਾ ਲੁਆ ਕੇ ਪਾਕਿਸਤਾਨ ਤੋਂ ਆਪਣੇ ਜੱਦੀ ਪਿੰਡ ਸਾਹੋਕੇ ਪਰਤੇ ਸਨ ਤਾਂ ਉਨ੍ਹਾਂ ਦੇ ਸੁਆਗਤ ਲਈ ਤਿੰਨ ਦਿਨ ਸਮਾਗਮ ਚੱਲਦਾ ਰਿਹਾ ਸੀ। ਜਿਸ ਵਿਚ ਉਨ੍ਹਾਂ ਦੇ ਸ਼ਾਗਿਰਦਾਂ ਤੋਂ ਇਲਾਵਾ ਪੰਜਾਬ ਦੇ ਮਸ਼ਹੂਰ ਕਵੀਸ਼ਰਾਂ ਨੇ ਉਨ੍ਹਾਂ ਦੀ ਸਿਫਤ ਵਿਚ ਛੰਦ ਬੋਲੇ ਸਨ। ਇਹ ਪਹਿਲਾ ਸਮਾਗਮ ਸੀ ਜਿੱਥੇ ਬਾਬੂ ਜੀ ਨੇ ਆਪ ਵੀ ਛੰਦ ਬੋਲਿਆ ਸੀ, ਨਹੀਂ ਤਾਂ ਉਹ ਕੇਵਲ ਲਿਖਦੇ ਹੀ ਸਨ, ਗਾਉਂਦੇ ਨਹੀਂ ਸਨ। ਬਾਬੂ ਜੀ ਦੇ ਚੇਲਿਆਂ ਨੇ ਮਾਇਆ ਤੇ ਪੱਗਾਂ ਭੇਟ ਕੀਤੀਆਂ ਤਾਂ ਪੱਗਾਂ ਦਾ ਢੇਰ ਉਨ੍ਹਾਂ ਦੇ ਸਿਰ ਤੋਂ ਵੀ ਉਚਾ ਹੋ ਗਿਆ। ਤਕਰੀਬਨ ਸੱਠ ਪੱਗਾਂ ਭੇਟ ਹੋਈਆਂ ਸਨ। ਇਕੱਠੀ ਹੋਈ ਮਾਇਆ ਉਨ੍ਹਾਂ ਸਾਹੋਕੇ ਦੀ ਧਰਤੀ ਨੂੰ ਲੰਗਰ ਲਈ ਦਾਨ ਕਰ ਦਿੱਤੀ। ਉਹ ਮੰਨਦੇ ਸਨ ਮੇਰੀਆਂ ਦੋਵੇਂ ਮਾਤਾਵਾਂ ਜਨਮ ਭੂਮੀ ਤੇ ਮਾਤਾ ਜਿਉਣੀ ਇਨ੍ਹਾਂ ਲੋਕਾਂ ਕੋਲ ਨੇ।

ਅੰਤ ਉਹ ਵੇਲਾ ਵੀ ਆ ਗਿਆ ਜੋ ਸਭ 'ਤੇ ਆਉਂਦਾ ਹੈ। ਪਾਕਿਸਤਾਨ ਵਿਚ ਬ੍ਰਿਹਾ ਨਾਲ ਤੜਫਦੇ ਇਸ ਅਲਬੇਲੇ ਸ਼ਾਇਰ ਨੂੰ ਜਿਵੇਂ ਇਲਹਾਮ ਹੋ ਗਿਆ ਹੋਵੇ। ਪਹਿਲੀ ਜੂਨ 1979 ਨੂੰ ਉਨ੍ਹਾਂ ਆਖਰੀ ਬੈਂਤ ਆਪਣੇ ਹੱਥੀਂ ਲਿਖੀ- 'ਰਜਬ ਅਲੀ ਤੋਂ ਰੋਜ਼ ਉਡੀਕ ਰੱਖੀਂ, ਤੈਨੂੰ ਆਪਣੀ ਮੌਤ ਦੀ ਤਾਰ ਬੀਬਾ।' 6 ਜੂਨ 1979 ਨੂੰ ਆਪਣੇ ਚੇਲੇ ਮਾਸਟਰ ਅਲੀ ਨਿਵਾਜ਼ ਨਾਲ ਉਹ ਉਕਾੜੇ ਤੋਂ ਪੈਨਸ਼ਨ ਲੈ ਕੇ ਆਏ। ਜੌਹਰ ਦੀ ਨਮਾਜ਼ ਮਗਰੋਂ ਕੁਝ ਚਿਰ ਆਰਾਮ ਕਰਨ ਲਈ ਲੇਟ ਗਏ। ਜਦੋਂ ਉਠੇ ਤਾਂ ਸਾਰੇ ਪਰਿਵਾਰ ਨੂੰ ਕੋਲ ਬੁਲਾ ਕੇ ਕੁਰਾਨ ਸ਼ਰੀਫ ਦਾ ਪਾਠ ਕੀਤਾ। ਸੂਰਜ ਅਸਤ ਹੋਣ ਤੋਂ ਤਕਰੀਬਨ ਇਕ ਘੰਟਾ ਪਹਿਲਾਂ ਕਵੀਸ਼ਰੀ ਦਾ ਸੂਰਜ ਸਦਾ ਲਈ ਅਸਤ ਹੋ ਗਿਆ। ਉਨ੍ਹਾਂ ਨੂੰ ਮਰਨ ਤੋਂ ਭੈਅ ਨਹੀਂ ਸੀ, ਬਸ ਇਕੋ ਤਾਂਘ ਦਿਲ ਵਿਚ ਸੀ ਜਿਸ ਨੂੰ ਮਾਸਟਰ ਅਲੀ ਨਿਵਾਜ਼ ਨੇ ਇਉਂ ਦਰਜ ਕੀਤਾ ਹੈ:

ਭੌਰ ਉਡਿਆ ਜਾਂਦਾ ਵੀ,
ਕਰਦਾ ਜਾਂਦਾ ਸਾਹੋ-ਸਾਹੋ।
ਕਹੇ ਜਨਮ ਭੂਮਕਾ ਮੇਂ,
ਮੇਰੀ ਅਰਥੀ ਮੋੜ ਲਿਆਓ।




*ਬਾਬੂ ਰਜਬ ਅਲੀ ਦੀਆਂ ਚੋਣਵੀਆਂ ਰਚਨਾਵਾਂ ਦੀ ਕਿਤਾਬ।*



*ਪਿੰਡ ਸਾਹੋਕੇ (ਜ਼ਿਲ੍ਹਾ ਮੋਗਾ) ਵਿਚ ਬਾਬੂ ਰਜਬ ਅਲੀ ਦੀ ਯਾਦਗਾਰ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਅਕਤੂਬਰ 2020 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-451




*ਜਮੀਰ ਵੇਚ'ਤੀ, ਦੇਸ਼ ਵੇਚ'ਤਾ, ਹੁਣ ਖੇਤਾਂ ਦੀ ਵਾਰੀ ਆਈ।*
*'ਸੰਗ ਕਾਫਲੇ ਰਲ ਜੋ ਸਾਰੇ', 'ਮਰ ਜਾਣੀ' ਨੇ ਪਾਈ ਦੁਹਾਈ।*
*ਜੰਮਿਆ ਨਹੀਂ ਹਰਾਵਣ ਵਾਲਾ, ਹੁਣ ਖੇਤੀਂ ਪਹੁੰਚੀ ਖੇਤਾਂ-ਜਾਈ।*

### ਕੈਪਸ਼ਨ ਮੁਕਾਬਲਾ-449



ਆਸਾਂ ਦਾ ਹੈ ਸੂਰਜ ਉਗਿਆ
ਜੱਟ ਤੁਰਿਆ ਕਰ ਹਰਨਾਲੀ।
ਜਾਪੇ ਨਾਰੇ ਦੇ ਸਿੰਗੀ ਫਸਿਆ,
ਬਿਖੇਰਦਾ ਚੁਫੇਰੇ ਹਰਿਆਲੀ।
ਫਸਲ ਦੇਖ ਕੇ ਬਾਘੀਆਂ ਪਾਉਂਦਾ ਜੱਟ,
ਡਰ ਲੱਗੇ ਕਿਤੇ ਸਿਆਸਤ ਨਾ ਜਾਏ ਚੱਟ!
*-ਸੇਵਾ ਸਿੰਘ ਨੂਰਪੁਰੀ*

---

ਸ਼ਾਨਾਂਮੱਤੀ ਬੰਨ ਵੀ ਰੁਲ ਗਈ
ਨਾਰੇ ਸਿੰਗ ਵੀ ਗਏ ਸਰਾਪੇ।
ਬੁੱਢੇ ਹੋ ਗਏ ਹੱਡ ਵਿਚਾਰੇ
ਢਲਦੀ ਉਮਰ ਦੇ ਸੌ ਸਿਆਪੇ।
ਚੜ੍ਹੀ ਟਿੱਕੀ ਵੱਲ ਦੇਖ ਝੂਰਦਾ
ਰੁਲ ਗਏ ਸਭ ਰੰਗ ਤਮਾਸ਼ੇ।
*-ਜਗਮੀਤ ਸਿੰਘ ਪੰਧੇਰ*

---

ਖੇਤਾਂ ਦੇ ਵਿਚ ਮਿਹਨਤ ਕਰਦੇ
ਬੌਲਦ ਅਤੇ ਕਿਸਾਨ।
ਕੀ ਸਰਕਾਰਾਂ, ਕੀ ਕਾਰਪੋਰੇਸ਼ਨਾਂ
ਕਰਦੇ ਇਨ੍ਹਾਂ ਨੂੰ ਪ੍ਰੇਸ਼ਾਨ।
ਆਪਣਾ ਲੋਕ ਸੰਘਰਸ਼ ਚਲਾ ਕੇ
ਕਰਾਂਗੇ ਹੁਣ ਜੀਵਨ ਆਸਾਨ।
*-ਇੰਦਰਜੀਤ ਮੰਗਾ, ਪਿਟਸਬਰਗ*

---

ਬੱਗੇ ਬੱਲਦ ਦਾ ਹਾਂ ਮੈਂ ਦੇਣਦਾਰ,
ਇਸ ਦੇ ਸਿਰ 'ਤੇ ਹੈ ਮੇਰੀ ਕਮਾਈ।
ਟਿੱਕੀ ਚੜ੍ਹਦਿਆਂ ਤੋਂ ਢਲੇ ਪਰਛਾਵਾਂ,
ਵਾਹੇ, ਸਿੰਜੇ, ਗਾਹੇ, ਕਰੇ ਢੁਆਈ
ਖਲਕਤ ਦਾ ਢਿੱਡ ਭਰਨ ਦੀ ਖਾਤਰ,
ਗਲ ਪੰਜਾਲੀ ਇਸ ਦੇ ਪਾਈ।
*-ਦਵਿੰਦਰ ਕੌਰ*

---

ਪਹੁ-ਫੁਟਾਲੇ ਉਠ ਖੇਤਾਂ ਨੂੰ ਜਾਣਾ।
ਡੂੰਘੇ ਹਲ ਚਲਾ ਸੁਹਾਗਾ ਲਾਉਣਾ।
ਸਿਰੜ ਨਾਲ ਬੰਜਰੋਂ ਜਰਖੇਜ ਬਣਾਇਆ।
ਭਰ ਭੰਡਾਰ, ਅੰਨ ਦਾਤਾ ਅਖਵਾਇਆ।
ਵਿਚ ਬੁਢਾਪੇ, ਗੁੱਸੇ ਨਾਲ ਸਾਵਾ ਪੁੱਛ ਰਿਹੈ,
'ਕਿਉਂ ਮਾਲਕ ਤੋਂ ਖੇਤ ਖੁੱਸ ਰਿਹਾ ਹੈ?'
*-ਗੁਰਦੇਵ ਸਿੰਘ ਢਪਾਲੀ, ਬਠਿੰਡਾ*

---

ਬੇਸ਼ੱਕ ਬੇ-ਜੁਬਾਨ ਹਾਂ ਪਰ ਸਮਝ ਹੈ ਸਾਰੀ
ਕਿਸਾਨਾਂ ਦੇ ਜਜ਼ਬਾਤ ਦੀ,
ਫੂਕ ਦੇਵਾਂ ਮੈਂ ਵੀ ਖੇਤਾਂ ਵਿਚ ਜਾਨ।
ਮੈਂ ਤੇ ਅੰਨਦਾਤਾ-ਦੋਵੇਂ
ਇੱਕ ਦੂਜੇ ਦੀ ਜਿੰਦ-ਜਾਨ।
*-ਵਿਨੋਦ ਗਰਗ, ਬਰਨਾਲਾ*

---

ਚੱਲ ਬੱਗਿਆ ਖੇਤਾਂ ਨੂੰ ਜਾਣਾ।
ਲੋਟੂਆਂ ਸਾਡੇ ਖੇਤ ਖਾ ਜਾਣਾ।
ਜੇ ਨਾ ਜਾਗੇ ਦੇਰ ਹੋ ਜਾਊ
ਮਾਰ ਲੈ ਹੰਭਲਾ, ਬਣ ਸਿਆਣਾ।
*-ਕੇਵਲ ਸਿੰਘ ਪੰਧੇਰ*

---

ਜੱਟ ਤੇ ਬਲਦ ਨੇ ਕਰੀ ਖੂਬ ਕਮਾਈ,
ਕਿਸਾਨ ਸਦਕਾ ਹਰੀ ਕ੍ਰਾਂਤੀ ਆਈ।
ਸਰਕਾਰ ਨੇ ਪੁੱਤ ਕੋਲੋਂ ਮਾਂ ਖੋਹਣ ਦੀ
ਆਰਡੀਨੈਂਸਾਂ ਦੀ ਨਵੀਂ ਸਕੀਮ ਬਣਾਈ।
*-ਹਰਜਿੰਦਰ ਸਿੰਘ ਕਲਿਆਣ*

---

ਕਿਸਾਨ ਤੇ ਬਲਦ ਰਲ ਮਿਲ ਕਰਦੇ ਖੇਤੀ
ਸਵੈ-ਨਿਰਭਰਤਾ ਦੀ ਕਰਦੇ ਕਿਰਤ-ਕਾਰ।
ਹਰੇ ਇਨਕਲਾਬ 'ਚ ਹੋਈ ਖੇਤੀ ਮਕੈਨਕੀ
ਕਿਸਾਨ ਹੌਲੀ ਹੌਲੀ ਹੋਇਆ ਕਰਜ਼ਦਾਰ।
ਮਸ਼ੀਨੀਕਰਨ ਨੇ ਦੋਹਾਂ ਦੀ ਤੋੜੀ ਯਾਰੀ
ਬੈਲ ਹੁਣ ਰੁਲਦਾ ਸ਼ੱਰੇ-ਬਾਜ਼ਾਰ।
*-ਅਮਰਜੀਤ ਸਿੰਘ ਤੂਰ*

---

ਹਲ ਵਾਹੁੰਦਿਆਂ, ਹਲਟ ਹੱਕਦਿਆਂ
ਕਿਸਾਨ ਬਲਦ ਨੂੰ ਸਲਾਹੁੰਦਾ
ਚੱਲ ਬੱਗਿਆ, ਚੱਲ ਸਾਵਿਆ!
ਧਾੜਵੀ ਆ ਚੜ੍ਹੇ ਹਨ ਸਾਡੇ 'ਤੇ
ਤੈਨੂੰ-ਮੈਨੂੰ ਖੇਤਾਂ 'ਚੋਂ ਬਾਹਰ ਕਰਨ।
ਮਾਰ ਮਾਰ ਸਿੰਗ ਭਜਾ ਕੇ ਮੁਕਾਬਲਾ ਕਰਨਾ
ਜਾਣ ਨਾ ਦੁਸ਼ਮਣ ਸਾਡੇ ਸੁੱਕੇ।
*-ਦਰਸ਼ਨਪਾਲ ਦੋਸਾਂਝ*

---

ਸਰਕਾਰ ਨੇ ਨਵੇਂ ਬਣਾ ਖੇਤੀ ਦੇ ਕਾਨੂੰਨ
ਹੁਣ ਪੀਣਗੇ ਕਿਸਾਨਾਂ ਦਾ ਖੂਨ।
ਜੋੜ ਲੈ ਚਾਹੇ ਕਾਲੇ ਜਾਂ ਬੱਗੇ
ਜੋ ਸਰਕਾਰਾਂ ਚਾਹੁਣ, ਓਹੀ ਡੰਕਾ ਵੱਜੇ।
ਹੋ ਜਾਓ ਕਿਸਾਨੋ ਫਿਰ ਸੱਭੇ 'ਕੱਠੇ
ਆਪਣੇ ਖਾਣ ਜੋਗਾ ਤੇ ਪਸ਼ੂਆਂ ਲਈ ਪੱਠੇ।
*-ਗੋਰਾ ਪ੍ਰਜਾਪਤ, ਨਿਊ ਯਾਰਕ*

ਗੁਰਬਾਣੀ ਵਿਆਖਿਆ

# ਧਰਮ ਖੰਡ ਕਾ ਏਹੋ ਧਰਮੁ

ਗੁਰੂ ਸਾਹਿਬ ਨੇ ਧਰਤੀ ਬਾਰੇ ਜੋ ਹਾਲਾਤ 34ਵੀਂ ਪਉੜੀ ਵਿਚ ਦੱਸੇ ਸਨ, ਉਨ੍ਹਾਂ ਨੂੰ 35ਵੀਂ ਪਉੜੀ ਵਿਚ ਆ ਕੇ ਉਨ੍ਹਾਂ ਨੇ ਧਰਮ ਖੰਡ ਦਾ ਨਾਮ ਦਿੱਤਾ ਤੇ ਨਾਲ ਗਿਆਨ ਖੰਡ ਦਾ ਜ਼ਿਕਰ ਵੀ ਕੀਤਾ। ਸੁਆਲ ਹੈ ਕਿ ਇਹ ਖੰਡ ਕੀ ਹੋਇਆ? ਕੀ ਇਹ ਕੋਈ ਵਿਲੱਖਣ ਸ਼ਬਦ ਹੈ? ਕੀ ਇਸ ਸ਼ਬਦ ਨੂੰ ਪੜ੍ਹ ਕੇ ਕਿਸੇ ਦੇ ਮਨ ਵਿਚ ਡਰ ਭੈਅ ਪੈਦਾ ਹੁੰਦਾ ਹੈ? ਕੀ ਇਸ ਨੂੰ ਪੜ੍ਹ ਕੇ ਤਾਰੇ ਅੱਖਾਂ ਅੱਗੇ ਘੁੰਮ ਜਾਂਦੇ ਹਨ? ਕੀ ਇਸ ਨਾਲ ਅਜਿਹਾ ਕੁਝ ਜੁੜਿਆ ਹੋਇਆ ਹੈ, ਜੋ ਕੁਝ ਵਿਰਲੇ ਲੋਕਾਂ ਦੀ ਹੀ ਸਮਝ ਵਿਚ ਪੈਂਦਾ ਹੈ? ਕੀ ਇਹ ਵਿਦੇਸ਼ੀ ਭਾਸ਼ਾ ਦਾ ਸ਼ਬਦ ਹੈ, ਜੋ ਆਮ ਲੋਕ ਇਸ ਨੂੰ ਨਹੀਂ ਜਾਣਦੇ? ਕੀ ਗੁਰੂ ਸਾਹਿਬ ਨੇ ਇਸ ਦਾ ਕੋਈ ਗੁੱਝਾ ਦਾਰਸ਼ਨਿਕ ਉਪਯੋਗ ਕੀਤਾ ਹੈ, ਜਿਸ ਨਾਲ ਉਨ੍ਹਾਂ ਦੀ ਕਿਸੇ ਗੈਬੀ ਫਿਲਾਸਫੀ ਦੀ ਭਿਣਕ ਪੈਂਦੀ ਹੋਵੇ? ਜੀ ਨਹੀਂ, ਇਸ ਵਿਚ ਅਜਿਹਾ ਚੌਂਕਾਉਣ ਵਾਲਾ ਕੁਝ ਵੀ ਨਹੀਂ ਹੈ। ਅੱਜ ਦੇ ਸਮੇਂ ਵਿਚ ਇਸ ਨੂੰ ਹਰ ਮਿਡਲ ਪਾਸ-ਫੇਲ੍ਹ ਜਾਣਦਾ ਹੈ,

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਜਿਸ ਨੇ ਭੂਗੋਲ ਵਿਚ ਪ੍ਰਿਥਵੀ ਦੇ ਖੰਡ ਪੜ੍ਹੇ ਹਨ। ਗੁਰੂ ਸਾਹਿਬ ਨੇ ਵੀ ਇਸ ਨੂੰ ਅਜਿਹੇ ਹੀ ਆਮ ਅਰਥਾਂ ਵਿਚ ਵਰਤਿਆ ਹੈ। ਉਨ੍ਹਾਂ ਨੇ ਇਹ ਸ਼ਬਦ ਜਪੁਜੀ ਵਿਚ ਅੱਗੇ ਵੀ ਵਰਤਿਆ ਹੈ ਤੇ ਇਸ ਵਿਚ ਕੋਈ ਅਣਜਾਣੇ ਅਲੌਕਿਕ ਅਰਥ ਨਹੀਂ ਸਨ ਪਾਏ; ਪਰ ਫਿਰ ਵੀ ਅਜੋਕੇ ਸਿੱਖ ਵਿਦਵਾਨਾਂ ਨੇ ਇਸ ਸ਼ਬਦ ਨੂੰ ਅਜਿਹੇ ਰਹੱਸਮਈ ਢੰਗ ਨਾਲ ਵਰਤਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਨੂੰ ਦੇਖ ਕੇ ਗੁਰੂ ਸਾਹਿਬ ਦਾ ਕੋਈ ਵੀ ਸਿੱਖ ਗੁਮਰਾਹ ਹੋ ਸਕਦਾ ਹੈ।

ਖੰਡ ਦਾ ਮੂਲ ਅਰਥ ਹਿੱਸਾ ਜਾਂ ਭਾਗ ਹੈ। ਜਦੋਂ ਕਿਸੇ ਚੀਜ਼ ਨੂੰ ਵਿਲੱਖਣ ਗੁਣਾਂ ਵਾਲੇ ਵੱਖ ਵੱਖ ਭਾਗਾਂ ਜਾਂ ਟੁਕੜਿਆਂ ਵਿਚ ਵੰਡੀਏ ਤਾਂ ਹਰ ਇਕ ਭਾਗ ਨੂੰ ਇਕ ਖੰਡ ਕਿਹਾ ਜਾਂਦਾ ਹੈ। ਸਵਾ ਦੋ ਹਜ਼ਾਰ ਸਾਲ ਪਹਿਲਾਂ ਜਦੋਂ ਗਿਆਨ ਇੰਨਾ ਵਧ ਗਿਆ ਸੀ ਕਿ ਇਕੋ ਆਦਮੀ ਦੀ ਸੰਭਾਲ ਤੋਂ ਬਾਹਰ ਹੋ ਗਿਆ ਸੀ ਤਾਂ ਯੂਨਾਨੀ ਫਿਲਾਸਫਰ ਅਰਸਤੂ ਨੇ ਉਸ ਦੇ ਵੱਖ-ਵੱਖ ਭਾਗ ਬਣਾ ਦਿੱਤੇ ਸਨ, ਜਿਸ ਨਾਲ ਅਜੋਕੀਆਂ ਵਿਗਿਆਨਕ ਬ੍ਰਾਂਚਾਂ ਦਾ ਜਨਮ ਹੋਇਆ ਸੀ। ਇਹ ਵਿਗਿਆਨ ਦੇ ਖੰਡ ਹੀ ਸਨ। ਅੱਜ ਕੱਲ ਵਿਗਿਆਨ ਦੀ ਹਰ ਬ੍ਰਾਂਚ ਨੂੰ ਉਪ-ਬ੍ਰਾਂਚਾਂ ਵਿਚ ਵੰਡਿਆ ਹੋਇਆ ਹੈ ਤੇ ਉਪ-ਬ੍ਰਾਂਚਾਂ ਨੂੰ ਖੇਤਰਾਂ (Fields) ਵਿਚ। ਇਹ ਖੇਤਰ ਵਿਗਿਆਨ ਦੇ ਉਪ-ਖੰਡ ਕਹੇ ਜਾ ਸਕਦੇ ਹਨ। ਅਜੋਕੇ ਧਰਤ-ਵਿਗਿਆਨੀਆਂ ਨੇ ਭੂਗੋਲਿਕ ਗੁਣਾਂ ਤੇ ਪੌਣ-ਪਾਣੀ ਦੀ ਸਾਂਝ ਦੇ ਹਿਸਾਬ ਪ੍ਰਿਥਵੀ ਦੇ ਛੇ ਖੰਡ ਬਣਾਏ ਹਨ, ਜਿੱਥੇ ਇਕੋ ਜਿਹਾ ਧਰਾਤਲ, ਵਾਤਾਵਰਣ, ਬਨਾਸਪਤੀ ਤੇ ਜੀਵ (Flora and Fauna) ਪਾਇਆ ਜਾਂਦਾ ਹੈ। ਗੁਰੂ ਸਾਹਿਬ ਨੇ ਆਪਣੇ ਸਮੇਂ ਦੀ ਮਾਨਤਾ ਅਨੁਸਾਰ ਪ੍ਰਿਥਵੀ ਦੇ ਨੌਂ ਖੰਡਾਂ ਦਾ ਜ਼ਿਕਰ ਕੀਤਾ ਹੈ। ਸੋ ਖੰਡ ਦਾ ਅਰਥ ਬੜੇ ਲੰਮੇ ਸਮੇਂ ਤੋਂ ਹੀ ਭਾਗ ਜਾਂ ਖੇਤਰ ਦੇ ਰੂਪ ਵਿਚ ਕੀਤਾ ਜਾਂਦਾ ਰਿਹਾ ਹੈ।

ਜਪੁਜੀ ਦੀ 35ਵੀਂ ਪਉੜੀ ਵਿਚ ਵੀ ਗੁਰੂ ਸਾਹਿਬ ਨੇ ਖੰਡ ਸ਼ਬਦ ਦੀ ਵਰਤੋਂ ਇਸ ਦੇ ਆਮ ਅਰਥਾਂ ਵਿਚ ਹੀ ਕੀਤੀ ਹੈ। ਜੇ ਉਹ ਇਹ ਸ਼ਬਦ ਨਾ ਵੀ ਵਰਤਦੇ ਤਾਂ ਵੀ ਸਬੰਧਤ ਪਉੜੀਆਂ ਦੇ ਉਹੀ ਵੱਖ-ਵੱਖ ਭਾਗਾਂ ਵਾਲੇ ਅਰਥ ਨਿਕਲਣੇ ਸਨ, ਕਿਉਂਕਿ ਉਨ੍ਹਾਂ ਨੇ ਵਿਧੀ ਹੀ ਐਸੀ ਵਰਤੀ ਹੈ ਕਿ ਅਨੰਤ ਤੋਂ ਸਥੂਲ ਵਲ ਵਧਦਿਆਂ ਵਰਣਨ ਕੀਤੇ ਸਭ ਪਹਿਲੂ ਆਪਣੇ ਆਪ ਸਾਹਮਣੇ ਆ ਜਾਂਦੇ ਹਨ। ਉਨ੍ਹਾਂ ਅਨੁਸਾਰ ਹਰ ਇਕ ਖੰਡ ਇਕ ਮਨੁੱਖੀ ਕਾਰਜ ਖੇਤਰ ਹੈ, ਜਿਸ ਵਿਚ ਮਨੁੱਖ ਸਦੀਆਂ ਤੋਂ ਇਕ ਪ੍ਰਕਾਰ ਦੇ ਕੰਮ ਕਰਦਾ ਆ ਰਿਹਾ ਹੈ। ਗੁਰੂ ਸਾਹਿਬ ਮੁਲੰਕਣ ਕਰਨਾ ਚਾਹੁੰਦੇ ਹਨ ਕਿ ਇਨ੍ਹਾਂ ਵਿਚੋਂ ਹਰ ਇਕ ਖੇਤਰ ਜਾਂ ਖੰਡ ਵਿਚ ਮਨੁੱਖ ਨੇ ਕੀ ਪ੍ਰਗਤੀ ਕੀਤੀ ਹੈ। ਉਹ ਇਕ ਤਰ੍ਹਾਂ ਨਾਲ ਕੁਦਰਤ ਦੇ ਨਿਯਮਾਂ ਵਿਚ ਘਿਰੀ ਮਨੁੱਖਤਾ ਦਾ ਪ੍ਰਗਤੀ ਕਾਰਡ (Progress Card) ਜਾਰਚ ਦੀ ਕੋਸ਼ਿਸ਼ ਕਰਦਿਆਂ ਇਹ ਜਾਣਨਾ ਚਾਹੁੰਦੇ ਹਨ ਕਿ ਇਸ ਨੇ ਕਿਹੜੇ ਵਿਸ਼ੇ ਵਿਚ ਕੀ ਕੀਤਾ ਹੈ, ਭਾਵ ਕਿਸ ਖੇਤਰ ਵਿਚ ਕੀ ਮਨੁੱਖੀ ਪ੍ਰਾਪਤੀ ਹੋਈ ਹੈ। ਇਸ ਲਈ ਇਨ੍ਹਾਂ ਪਉੜੀਆਂ, ਜਿਨ੍ਹਾਂ ਨੂੰ ਅਜੋਕੇ ਸਿੱਖ ਵਿਦਵਾਨ ਖੰਡਾਂ ਦੀ ਬਾਣੀ ਕਹਿੰਦੇ ਹਨ, ਵਿਚ ਗੁਰੂ ਸਾਹਿਬ ਜਗਤ ਲੁਕਾਈ ਦੀ ਪ੍ਰਗਤੀ ਰਿਪੋਰਟ ਪੇਸ਼ ਕਰਦੇ ਹਨ। ਇਸ ਵਿਚ ਉਨ੍ਹਾਂ ਦਾ ਮਨੋਰਥ ਇਹ ਜਾਣਨਾ ਤੇ ਦੱਸਣਾ ਹੈ ਕਿ ਮਨੁੱਖ ਖੜ੍ਹਾ ਕਿੱਥੇ ਹੈ ਤੇ ਉਸ ਜਾਣਾ ਕਿੱਥੇ ਹੈ! ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਉਹ ਪਰਮ-ਸਤਿ ਦੀ ਖੋਜ ਨੂੰ ਮਨੁੱਖ ਦਾ ਮੁੱਖ ਕਾਰਜ ਮੰਨਦੇ ਹਨ ਤੇ ਉਸ ਅੰਤਮ ਸੱਚਾਈ ਬਾਰੇ ਜਾਣਨਾ ਮਨੁੱਖਤਾ ਦੀ ਅਸਲ ਮੰਜ਼ਿਲ ਸਮਝਦੇ ਹਨ। ਬਾਕੀ ਦੇ ਕੰਮ ਵੀ ਉਨ੍ਹਾਂ ਲਈ ਅਹਿਮ ਕਾਰਜ ਹਨ, ਪਰ ਉਹ ਉਨ੍ਹਾਂ ਨੂੰ 'ਅਵਰ ਕਾਜ' ਭਾਵ ਮੁੱਖ ਕਾਰਜ ਦੇ ਸਹਾਇਕ ਕਾਰਜ ਮੰਨਦੇ ਹਨ। ਇਹ ਗੱਲ ਵੱਖਰੀ ਹੈ ਕਿ ਅਧਿਆਤਮਵਾਦੀਆਂ ਦੇ ਹੱਥ ਆ ਕੇ ਖੋਜ-ਧਿਆਨ ਦਾ ਅਰਥ ਅੰਤਰ-ਧਿਆਨ ਹੋ ਕੇ ਜਾਪ ਕਰਨਾ ਬਣ ਗਿਆ ਹੈ ਅਤੇ ਜਾਪ ਤੋਂ ਬਿਨਾ ਸਾਰੇ ਕਾਰਜ ਫੋਕਟ ਦੱਸੇ ਜਾਣ ਲੱਗੇ ਹਨ।

ਇਸ ਲਈ ਅਧਿਆਤਮਵਾਦ ਦਾ ਖੱਟਿਆ ਖਾਂਦੇ ਅਜੋਕੇ ਸਿੱਖ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਨੇ ਖੰਡ ਸ਼ਬਦ ਨੂੰ ਵੀ ਅਧਿਆਤਮਵਾਦੀ ਅਰਥ ਦੇ ਦਿੱਤੇ ਹਨ। ਅਜੋਕੇ ਵਿਦਵਾਨ ਇਨ੍ਹਾਂ ਖੰਡਾਂ ਨੂੰ ਮਨੁੱਖ ਦੇ ਪਰਮਾਤਮਾ ਨੂੰ ਮਿਲਣ ਦੇ ਵੱਖ ਵੱਖ ਪੜਾਅ ਸਮਝਦੇ ਹਨ। ਮਿਸਾਲ ਵਜੋਂ ਗੁਰਮੁਖ ਸਿੰਘ ਸਹਿਗਲ ਲਿਖਦਾ ਹੈ ਕਿ ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਪੰਜ ਅਧਿਆਤਮਕ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ। ਇਹ ਪੰਜ ਅਵਸਥਾਵਾਂ ਜਾਂ ਪੜਾਅ ਪੰਜ ਖੰਡਾਂ ਕਰਕੇ ਪ੍ਰਸਿਧ ਹਨ। ਅਥਵਾ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸਚ ਖੰਡ। ਜੀਵ ਦਾ ਮੁੱਖ ਮਨੋਰਥ "ਸੱਚ ਖੰਡ" ਵਿਚ ਪੁਜਣਾ ਹੈ, ਜਿਥੇ ਨਿਰੰਕਾਰ ਆਪ ਵਸਦਾ ਹੈ। (ਅਲੋਚਨਾ: ਅਕਤੂਬਰ 1964, ਸਫਾ 12)।

ਵਿਦਵਾਨ ਸਮਝਦੇ ਹਨ ਕਿ ਜਿਉਂ ਜਿਉਂ ਮਨੁੱਖ ਅਧਿਆਤਮਕ ਪੱਖ ਤੋਂ ਕਮਾਈ ਕਰਦਾ ਜਾਂਦਾ ਹੈ, ਤਿਉਂ ਤਿਉਂ ਉਸ ਦੀ ਆਤਮਾ ਨਿਰਮਲ ਹੁੰਦੀ ਜਾਂਦੀ ਹੈ ਤੇ ਪਰਮਾਤਮਾ ਦੇ ਨੇੜੇ ਲਗਦੀ ਜਾਂਦੀ ਹੈ। ਇਸ ਤਰ੍ਹਾਂ ਧਰਮ, ਗਿਆਨ, ਕਰਮ ਤੇ ਸਰਮ ਦੀਆਂ ਮੰਜ਼ਿਲਾਂ ਪਾਰ ਕਰਦਿਆਂ ਮਨੁੱਖ ਸੱਚਖੰਡ ਨੇੜੇ ਪਹੁੰਚ ਜਾਂਦਾ ਹੈ। ਜਦੋਂ ਇਨ੍ਹਾਂ ਖੰਡਾਂ ਦੀ ਕਮਾਈ ਨਾਲ ਉਸ ਦੀ ਮੱਤ ਭਰ ਜਾਂਦੀ ਹੈ ਤਾਂ ਉਸ ਦੇ ਸਿਰ ਵਿਚ ਲੱਗੇ "ਦਸਵੇਂ" ਦਵਾਰ ਦਾ ਬੂਹਾ ਖੁਲ੍ਹਦਾ ਹੈ। ਇਹ ਸੱਚ ਖੰਡ ਦਾ ਬੂਹਾ ਹੈ, ਜਿੱਥੇ ਪਰਮਾਤਮਾ ਦਾ ਨਿਵਾਸ ਹੈ। ਇਸ ਉਪਰੰਤ ਮਨੁੱਖੀ ਆਤਮਾ ਉਸ ਵਿਚ ਪ੍ਰਵੇਸ਼ ਕਰਦੀ ਹੈ ਤੇ ਪਰਮਾਤਮਾ ਨਾਲ ਮਿਲਾਪ ਕਰਦੀ ਹੈ। ਇਹ ਵਿਦਵਾਨ ਦੱਸਦੇ ਹਨ ਕਿ ਜਿਨ੍ਹਾਂ ਲੋਕਾਂ ਦੇ ਦਸਵੇਂ ਦਵਾਰ ਖੁਲ੍ਹ ਜਾਣ, ਉਨ੍ਹਾਂ ਨੂੰ ਗਿਆਨ ਦੀ ਹੋਰ ਅਭਿਲਾਸ਼ਾ ਨਹੀਂ ਰਹਿੰਦੀ ਤੇ ਨਾ ਹੀ ਇਸ ਤੋਂ ਅੱਗੇ ਸਾਧਨਾ ਦੀ ਕੋਈ ਹੋਰ ਸਟੇਜ ਆਉਂਦੀ ਹੈ, ਜਿਸ ਵਿਚੋਂ ਦੀ ਉਨ੍ਹਾਂ ਨੇ ਗੁਜ਼ਰਨਾ ਹੋਵੇ। ਉਹ ਆਵਾਗਮਣ ਤੋਂ ਮੁਕਤ ਹੋ ਜਾਂਦੇ ਹਨ।

ਜਦੋਂ ਕਦੇ ਕਿਸੇ ਪਹਿਲੇ ਸਿੱਖ ਵਿਦਵਾਨ ਨੇ ਇਕ ਵਾਰ ਖੰਡਾਂ ਦੀਆਂ ਪਉੜੀਆਂ ਦੀ ਇਸ ਤਰ੍ਹਾਂ ਦੀ ਵਿਆਖਿਆ ਕਰ ਦਿੱਤੀ, ਉਸ ਪਿਛੋਂ ਕੋਈ ਵੀ ਟੀਕਾਕਾਰ ਅਜਿਹੀ ਵਿਆਖਿਆ ਤੋਂ ਨਾ ਖੁੰਝ ਸਕਿਆ। ਸ਼ਾਇਦ ਸਭ ਦੀ ਸੋਚ ਉਵੇਂ ਢਲ੍ਹ ਗਈ ਜਾਂ ਉਨ੍ਹਾਂ ਨੂੰ ਇਹ ਲੱਗਣ ਲੱਗ ਪਿਆ ਹੋਵੇ ਕਿ ਜੇ ਜਪੁਜੀ ਦੇ ਖੰਡਾਂ ਨੂੰ ਅਧਿਆਤਮਕ ਮੰਜ਼ਿਲਾਂ ਨਾ ਦੱਸਿਆ ਗਿਆ ਤਾਂ ਉਨ੍ਹਾਂ ਦੇ ਸਟੀਕ ਧਾਰਮਿਕ ਹਲਕਿਆਂ ਵਿਚ ਨਖਿਧ ਸਮਝੇ ਜਾਣਗੇ। ਇਸ ਲਈ ਉਨ੍ਹਾਂ ਨੇ ਇਕ ਦੂਜੇ ਨਾਲੋਂ ਵੱਧ ਕੇ ਖੰਡਾਂ ਦੀ ਰੁਹਾਨੀ ਮਹੱਤਤਾ ਦੱਸੀ ਤੇ ਸਿੱਖ ਪਾਠਕਾਂ ਨੂੰ ਵੱਧ ਚੜ੍ਹ ਕੇ ਆਪਣਾ ਜੀਵਨ "ਸੁਧਾਰਨ" ਲਈ ਪ੍ਰੇਰਿਆ। ਕਈਆਂ ਨੇ ਤਾਂ ਇਸ ਕੰਮ ਲਈ ਵੇਦਾਂਤਿਕ ਸਿਧਾਂਤਾਂ ਤੇ ਬ੍ਰਾਹਮਣਵਾਦੀ ਕਥਾਵਾਂ ਦਾ ਵੀ ਸਹਾਰਾ ਲਿਆ। ਕਈਆਂ ਨੇ ਖੰਡਾਂ ਦੀ ਮਹਿਮਾ ਦੱਸਣ ਲਈ ਇਨ੍ਹਾਂ ਦੀ ਮਹੱਤਤਾ ਬਾਰੇ ਵਿਸ਼ੇਸ਼ ਪੁਸਤਕਾਂ ਲਿਖੀਆਂ। ਕਈਆਂ ਨੇ ਕਿਹਾ ਕਿ ਜਪੁਜੀ ਦੀਆਂ ਪਉੜੀਆਂ ਨੂੰ ਇਹ ਨਾਂ ਦਿੱਤਾ ਹੀ ਇਸ ਲਈ ਗਿਆ ਹੈ ਕਿ ਇਹ ਸੱਚੀ ਮੁੱਚੀ ਦੀਆਂ ਅਰਸ਼ੀ ਪਉੜੀਆਂ ਹਨ, ਜੋ ਝਟਕੇ ਮਨੁੱਖ ਨੂੰ ੴ ਦੀ ਉਂਗਲੀ ਫੜਾ ਕੇ, ਪੈਰ-ਪੈਰ 'ਤੇ ਸੇਧ ਦਿੰਦਿਆਂ ਸੱਚ ਖੰਡ ਤੀਕ ਪਹੁੰਚਾ ਦਿੰਦੀਆਂ ਹਨ।

ਕਈ ਵਿਦਵਾਨਾਂ ਨੇ ਹਰ ਇਕ ਪਉੜੀ ਪੜ੍ਹਨ ਦੇ ਅਧਿਆਤਮਕ ਤੇ ਸੰਸਾਰਕ ਲਾਭ ਦੱਸੇ ਅਤੇ ਕਿਹਾ ਕਿ ਫਲਾਂ ਪਉੜੀ ਦੇ ਜਾਪ ਨਾਲ ਫਲਾਂ ਫਲ ਪ੍ਰਾਪਤ ਕੀਤਾ ਜਾ ਸਕਦਾ ਹੈ। ਕਈਆਂ ਨੇ ਤਾਂ ਦਵਾਈਆਂ ਦੀ ਮਾਤਰਾ ਵਾਂਗ ਜਾਪਾਂ ਦੀ ਗਿਣਤੀ ਵੀ ਨਿਰਧਾਰਤ ਕਰ ਦਿੱਤੀ। ਕਈਆਂ ਨੇ ਇਨ੍ਹਾਂ ਨੂੰ ਭੂਤ-ਪ੍ਰੇਤ ਭਜਾਉਣ ਦਾ ਸਾਧਨ ਮੰਨ ਲਿਆ ਤੇ ਕਈ ਇਨ੍ਹਾਂ ਨਾਲ ਜਮਦੂਤਾਂ ਦੇ ਡਰ ਨੂੰ ਦੂਰ ਕਰਨ ਲੱਗੇ। ਕਈਆਂ ਨੇ ਇਸ ਦੇ ਜਾਪਾਂ ਨੂੰ ਸਰੀਰਕ ਰੋਗਾਂ ਤੋਂ ਛੁਟਕਾਰਾ ਪਾਉਣ ਲਈ ਵਰਤਣਾ ਸ਼ੁਰੂ ਕਰ ਦਿੱਤਾ। ਕਈ ਪੁਜਾਰੀ ਤਾਂ ਹੁਣ ਵੀ ਪਹਿਲੀਆਂ ਪੰਜ ਪਉੜੀਆਂ ਨੂੰ ਸਭ ਦੁਖਾਂ ਦੀ ਰਾਮ-ਬਾਣ ਔਸ਼ਧੀ ਦੱਸਦੇ ਹਨ ਤੇ ਸਿੱਖ ਸ਼ਰਧਾਲੂਆਂ ਨੂੰ ਇਨ੍ਹਾਂ ਦੇ ਕਈ ਕਈ ਪਾਠ ਕਰਨ ਲਈ ਕਹਿੰਦੇ ਹਨ। ਜਿਨ੍ਹਾਂ ਸ਼ਰਧਾਲੂਆਂ ਨੂੰ ਇਹ ਪਾਠ ਔਖਾ ਲੱਗੇ, ਉਨ੍ਹਾਂ ਨੂੰ ਉਹ ਸਿਰਫ ਮੂਲ ਮੰਤਰ ਜਾਂ ਉਸ ਤੋਂ ਵੀ ਛੋਟਾ "ੴ" ਦਾ ਜਾਪ ਕਰਨ ਦਾ ਹੀ ਸੁਝਾਅ ਦਿੰਦੇ ਹਨ। ਕਈ ਵਿਦਵਾਨਾਂ ਨੇ ਤਾਂ ਲੋਕਾਂ ਨੂੰ ਬਾਣੀ ਪੜ੍ਹ-ਪੜ੍ਹਾ ਕੇ ਤੰਦਰੁਸਤ ਕਰਨ ਦੇ ਹਸਪਤਾਲ ਵੀ ਖੋਲ੍ਹੇ ਹੋਏ ਹਨ, ਜਿਨ੍ਹਾਂ ਦੇ ਕੈਂਪ ਉਹ ਦੁਨੀਆਂ ਦੇ ਹਰ ਉਘੇ ਸ਼ਹਿਰ ਵਿਚ ਲਾਉਂਦੇ ਹਨ। ਉਂਜ ਪੰਜਾਂ ਖੰਡਾਂ ਥਾਣੀਂ ਘੁਮਾ ਕੇ ਸੱਚ ਖੰਡ ਦੇ ਦਸਮ ਦੁਆਰ ਤੀਕ ਪਹੁੰਚਾਉਣ ਵਾਲਾ ਕੋਈ ਸਿਖਲਾਈ ਕੇਂਦਰ ਜਾਂ ਆਸ਼ਰਮ ਅਜੇ ਨਹੀਂ ਖੁਲ੍ਹਿਆ। ਇਕੋ ਮਹਾਂਪੁਰਸ ਦੀ ਭਗਤੀ ਸਦਕਾ ਹਜ਼ਾਰਾਂ ਸ਼ਰਧਾਲੂਆਂ ਨੂੰ ਮੁਕਤ ਕਰਾਉਣ ਵਾਲੇ "ਕੇਤੀ ਛੁਟੀ ਨਾਲਿ" ਵਾਲੇ ਡੇਰੇ ਵੀ ਹਾਲੇ ਖੁਲ੍ਹਣੇ ਬਾਕੀ ਹਨ। ਸ਼ਾਇਦ ਕੋਈ ਉਦਮੀ ਸਿੱਖ ਵਿਦਵਾਨ, ਪੁਜਾਰੀ, ਪ੍ਰਚਾਰਕ ਜਾਂ ਮਾਨਤਾ-ਪ੍ਰਾਪਤ ਸੰਤ ਅਜਿਹੀ ਸਾਧਨਾ ਦੇ ਕੈਂਪ ਲਾਉਣੇ ਵੀ ਸ਼ੁਰੂ ਕਰ ਦੇਵੇ!

ਵਿਦਵਾਨਾਂ ਦੀ ਇਸ ਅਧਿਆਤਮਕ ਸੋਚ ਦੇ ਨਿਘਾਰ ਦਾ ਵਰਣਨ ਕਰਨਾ ਬਹੁਤ ਔਖਾ ਤੇ ਦੁਖਦਾਇਕ ਹੈ। ਅਜਿਹੀ ਸੋਚ ਦਾ ਪ੍ਰਤੀ-ਰੂਪ ਵਿਗਿਆਨਕ ਪਹੁੰਚ ਹੈ, ਜੋ ਗੁਰੂ ਸਾਹਿਬ ਦੇ ਪ੍ਰਗਤੀਵਾਦੀ ਆਸ਼ੇ ਦੇ ਹਮੇਸ਼ਾ ਅੰਗ-ਸੰਗ ਹੈ। ਇਨ੍ਹਾਂ ਦੋਹਾਂ ਪਹੁੰਚਾਂ ਵਿਚ ਪੂਰਬ ਤੇ ਪੱਛਮ ਜਿੰਨਾ ਫਰਕ ਹੈ ਤੇ ਇਸ ਦੀ ਸਮਝ ਦੇਖਿਆਂ ਹੀ ਬਣਦੀ ਹੈ। ਪਾਠਕਾਂ ਦੇ ਨਿਰੀਖਣ ਲਈ ਪੂਰੀ 35ਵੀਂ ਪਉੜੀ ਤੇ ਉਪਰੋਕਤ ਦੋਹਾਂ ਪਹੁੰਚਾਂ ਅਨੁਸਾਰ ਇਸ ਦੀ ਵਿਆਖਿਆ ਹੇਠ ਦਿੱਤੀ ਗਈ ਹੈ।

ਧਰਮ ਖੰਡ ਕਾ ਏਹੋ ਧਰਮੁ॥
ਗਿਆਨ ਖੰਡ ਕਾ ਆਖਹੁ ਕਰਮੁ॥
ਕੇਤੇ ਪਵਣ ਪਾਣੀ ਵੈਸੰਤਰ
ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ
ਰੂਪ ਰੰਗ ਕੇ ਵੇਸ॥
ਕੇਤੀਆ ਕਰਮ ਭੂਮੀ ਮੇਰ ਕੇਤੇ
ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ
ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥
ਕੇਤੇ ਦੇਵ ਦਾਨਵ ਮੁਨਿ ਕੇਤੇ
ਕੇਤੇ ਰਤਨ ਸਮੁੰਦ॥
ਕੇਤੀਆ ਖਾਣੀ ਕੇਤੀਆ ਬਾਣੀ
ਕੇਤੇ ਪਾਤ ਨਰਿੰਦ॥
ਕੇਤੀਆ ਸੁਰਤੀ ਸੇਵਕ ਕੇਤੇ
ਨਾਨਕ ਅੰਤੁ ਨ ਅੰਤੁ॥੩੫॥

ਇਹ ਪਉੜੀ ਇਸ ਤੋਂ ਪਹਿਲੀ ਪਉੜੀ ਦੇ ਸੰਵਾਦ ਨੂੰ ਅੱਗੇ ਲੈ ਕੇ ਚਲਦੀ ਹੈ। ਉਸ ਪਉੜੀ ਵਿਚ ਗੁਰੂ ਸਾਹਿਬ ਨੇ ਦੱਸਿਆ ਸੀ ਕਿ ਇਸ ਸੰਸਾਰ ਵਿਚ ਕੁਦਰਤ ਦੇ ਨਿਯਮਾਂ ਅਨੁਸਾਰ ਕਾਰਜਾਂ ਤੇ ਵਿਪਰੀਤ ਕਾਰਜਾਂ (Actions and Reactions) ਦਾ ਇਕ ਧਰਮ-ਸਬੰਧ ਅਰਥਾਤ ਸਮਾਨਤਾ ਦਾ ਸਮੀਕਰਣ ਬਣਿਆ ਹੋਇਆ ਹੈ। ਸ਼ਾਇਦ ਉਹ ਕਹਿਣਾ ਚਾਹੁੰਦੇ ਸਨ ਕਿ ਵਿਪਰੀਤ ਕਾਰਜਾਂ ਦੀ ਸਿੱਧੀ ਚੋਟ ਤੋਂ ਬਚਣ ਲਈ ਕੁਦਰਤ ਦੇ ਹੀ ਅਜਿਹੇ ਹੋਰ ਨਿਯਮ ਖੋਜਣ ਦੀ ਲੋੜ ਹੈ, ਜੋ ਵਿਪਰੀਤ ਕਾਰਜਾਂ ਦਾ ਘੇਰਾ ਘੱਟ ਸਕਣ ਤੇ ਇਨ੍ਹਾਂ ਦੇ ਪ੍ਰਭਾਵ ਤੋਂ ਬਚਾ ਸਕਣ। ਉਨ੍ਹਾਂ ਦੇ ਕਹਿਣ ਦਾ ਇਹ ਮੰਤਵ ਵੀ ਹੋ ਸਕਦਾ ਹੈ ਕਿ ਲੋੜੀਂਦੇ ਸਿੱਟੇ ਪ੍ਰਾਪਤ ਕਰਨ ਲਈ ਉਨ੍ਹਾਂ ਸਿੱਟਿਆਂ ਨੂੰ ਪ੍ਰਤੀਕਰਮਾਂ ਦੇ ਰੂਪ ਵਿਚ ਸਾਹਮਣੇ ਰੱਖ ਕੇ ਹੀ ਕਾਰਜ ਕਰਨੇ ਬਣਦੇ ਹਨ। ਉਨ੍ਹਾਂ ਦੇ ਕਹਿਣ ਦੇ ਇਹ ਦੋਵੇਂ ਮੰਤਵ ਵੀ ਹੋ ਸਕਦੇ ਹਨ, ਕਿਉਂਕਿ ਦੋਹਾਂ ਦੇ ਹੀ ਵਿਗਿਆਨਕ ਆਧਾਰ ਹਨ।

ਇਸ ਪਉੜੀ ਵਿਚ ਪਿਛਲੀ ਪਉੜੀ ਦਾ ਜ਼ਿਕਰ ਕਰਦਿਆਂ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਧਰਮ ਖੰਡ ਦਾ ਤਾਂ ਇਹੋ ਧਰਮ ਹੈ, ਭਾਵ ਇਸ ਖੇਤਰ ਦੀ ਮੁੱਖ ਪ੍ਰਾਪਤੀ ਤਾਂ ਕੁਦਰਤ ਦਾ ਸੰਸਾਰ ਨੂੰ ਸਮਾਨਤਾ ਦੇ ਸਮੀਕਰਨ ਵਿਚ ਕੱਸ ਕੇ ਰੱਖਣਾ ਹੈ, ਸੋ ਇਹ ਕਸਿਆ ਹੋਇਆ ਹੈ। ਉਹ ਫਿਰ ਤਾੜਨਾ ਭਰੇ ਲਹਿਜੇ ਵਿਚ ਕਹਿੰਦੇ ਹਨ ਕਿ ਹੁਣ, "ਗਿਆਨ ਖੰਡ ਕਾ ਆਖਹੁ ਕਰਮੁ", ਭਾਵ ਹੁਣ ਗਿਆਨ ਖੰਡ ਦੇ ਕਰਮ ਦੀ ਗੱਲ ਸੁਣਨ ਲਈ ਕਹੋ ਜਾਂ ਹੁਣ ਗਿਆਨ ਖੰਡ ਦਾ ਹਾਲ ਪੁੱਛੋ। ਫਿਰ ਉਹ ਬਿਆਨ ਕਰਦੇ ਹਨ ਕਿ ਗਿਆਨ ਪ੍ਰਾਪਤੀ ਦੇ ਨਾਂ 'ਤੇ ਕਿੰਨੇ ਹੀ ਲੋਕ ਹਵਾ, ਪਾਣੀ ਤੇ ਅਗਨੀ ਦੀ ਪੂਜਾ ਕਰ ਰਹੇ ਹਨ ਤੇ ਕਿੰਨੇ ਹੀ ਸ਼ਿਵ ਅਤੇ ਕ੍ਰਿਸ਼ਨ ਦੀ ਭਗਤੀ ਕਰ ਰਹੇ ਹਨ। ਕਿੰਨਿਆਂ ਨੇ ਬ੍ਰਹਮਾ ਆਦਿ ਦੇਵਤਿਆਂ ਦੀਆਂ ਮੂਰਤੀਆਂ ਘੜ੍ਹ ਕੇ ਪੂਜਾ-ਹਿੱਤ ਉਨ੍ਹਾਂ ਨੂੰ ਰੰਗ ਬਰੰਗੇ ਕੱਪੜੇ ਪਾ ਕੇ ਸਜਾਇਆ ਹੋਇਆ ਹੈ। ਕਈਆਂ ਨੇ ਪਰਬਤਾਂ ਨੂੰ ਆਪਣੀ ਪੂਜਣ ਭੂਮੀ ਬਣਾਇਆ ਹੋਇਆ ਹੈ ਤੇ ਕਈ ਸਾਰੇ ਧਰੁਵ ਤਾਰੇ ਦਾ ਉਪਦੇਸ਼ ਦੇ ਰਹੇ ਹਨ। ਕਿੰਨੇ ਹੀ ਇੰਦਰ ਤੇ ਚੰਦਰਮਾ ਦੇ ਉਪਾਸ਼ਕ ਹਨ, ਕਿੰਨੇ ਹੀ ਸੂਰਜ ਨੂੰ ਪੂਜਦੇ ਹਨ ਤੇ ਕਿੰਨੇ ਹੀ ਗ੍ਰਹਿ-ਨਛੱਤਰਾਂ ਦੀ ਅਰਾਧਨਾ ਕਰਦੇ ਹਨ। ਕਈ ਸਿੱਧਾਂ ਦੀ ਬੁੱਧੀ ਮੁਤਾਬਿਕ ਚਲ ਰਹੇ ਹਨ, ਕਈ ਨਾਥ ਜੋਗੀਆਂ ਦੇ ਡੇਰੇ ਜਾਂਦੇ ਹਨ ਅਤੇ ਕਈ ਤਰ੍ਹਾਂ ਤਰ੍ਹਾਂ ਦੀਆਂ ਦੇਵੀਆਂ ਅੱਗੇ ਡੰਡੌਤ ਕਰਦੇ ਫਿਰ ਰਹੇ ਹਨ। ਕਿੰਨੇ ਹੀ ਲੋਕ ਦੇਵਤਿਆਂ ਤੇ ਦੈਂਤਾਂ ਦੀ ਭਗਤੀ ਕਰਦੇ ਹਨ, ਕਿੰਨੇ ਰਿਸ਼ੀ ਮੁਨੀਆਂ ਦੀ ਤੇ ਕਿੰਨੇ ਸਮੁੰਦਰ ਦੇ ਰਤਨਾਂ ਭਾਵ ਕੱਛੂਆਂ, ਮੱਛੀਆਂ ਦੀ। ਕਿੰਨਿਆਂ ਨੇ ਖਾਣੀਆਂ ਨੂੰ, ਕਿੰਨਿਆਂ ਨੇ ਬਾਣੀਆਂ ਨੂੰ ਆਪਣੀ ਟੇਕ ਬਣਾਇਆ ਹੋਇਆ ਹੈ ਅਤੇ ਕਿੰਨੇ ਹੀ ਸ਼ਾਹਾਂ ਸ਼ਹਿਨਸ਼ਾਹਾਂ ਦੀ ਭਗਤੀ ਵਿਚ ਲੀਨ ਹਨ। ਕਿੰਨੇ ਹੀ ਅਜਿਹੇ ਹਨ, ਜਿਨ੍ਹਾਂ ਦੀ ਸੁਰਤੀ ਰਾਮਚੰਦਰ ਦੇ ਸੇਵਕ ਹਨੂਮਾਨ ਨਾਲ ਜੁੜੀ ਹੋਈ ਹੈ। ਨਾਨਕ ਕਹਿੰਦੇ ਹਨ, ਗਿਆਨ ਪ੍ਰਾਪਤੀ ਦੇ ਭੁਲੇਖੇ ਵਿਚ ਕਿੰਨੇ ਹੀ ਭਗਤ ਹੋਰ ਬੇਅੰਤ ਚੀਜ਼ਾਂ ਨੂੰ ਪੂਜ ਰਹੇ ਹਨ।

ਗੁਰੂ ਸਾਹਿਬ ਦੇ ਕਹਿਣ ਦਾ ਭਾਵ ਹੈ ਕਿ ਇਸ ਸੰਸਾਰ ਵਿਚ ਗਿਆਨ ਕਾਰਜ ਉਕਾ ਹੀ ਨਹੀਂ ਕੀਤੇ ਜਾਂਦੇ। ਗਿਆਨ ਖੰਡ ਵਿਚ ਲੋਕ ਗਿਆਨ ਪ੍ਰਾਪਤੀ ਦੀ ਥਾਂ ਕਈ ਤਰ੍ਹਾਂ ਦੇ ਪੂਜਾ ਪਾਠਾਂ ਵਿਚ ਲੱਗੇ ਹੋਏ ਹਨ ਤੇ ਖੋਜ ਦੀ ਥਾਂ ਅਣਗਿਣਤ ਨਿਰਾਰਥਕ ਚੀਜ਼ਾਂ ਨੂੰ ਮੰਨ ਕੇ ਉਨ੍ਹਾਂ ਦਾ ਜਾਪ ਕਰ ਰਹੇ ਹਨ। ਉਹ ਅਜਿਹੇ ਕਰਮ ਕਰ ਰਹੇ ਹਨ, ਜਿਨ੍ਹਾਂ ਦੇ ਪ੍ਰਤੀਕਰਮ ਗਿਆਨ ਪ੍ਰਾਪਤੀ ਦੀ ਥਾਂ ਕਰਮ ਕਾਂਡਾਂ ਵਲ ਲੈ ਜਾ ਰਹੇ ਹਨ। ਇਸੇ ਲਈ ਇਸ ਸੰਸਾਰ ਵਿਚ ਗਿਆਨ ਦਾ ਪੂਰਾ ਅਭਾਵ ਹੈ ਤੇ ਸਚਿਆਰਾ ਬਣਨ ਦੀ ਲੋੜ ਉਵੇਂ ਦੀ ਉਵੇਂ ਬਣੀ ਹੋਈ ਹੈ।

ਗੁਰੂ ਸਾਹਿਬ ਦੀ ਇਸ ਸਿੱਧੀ ਸਾਦੀ ਤੇ ਸਹੀ ਗੱਲ ਨੂੰ ਸਮਝਣ ਵਾਲਾ ਅੱਜ ਇਕ ਸਿੱਖ ਵਿਦਵਾਨ ਵੀ ਨਜ਼ਰ ਨਹੀਂ ਆਉਂਦਾ। ਆਪਣੇ ਆਪਣੇ ਸਵਾਰਥ ਨੂੰ ਪੂਰਦੇ ਸਭ ਵਿਦਵਾਨ ਅਧਿਆਤਮਵਾਦ ਦੇ ਰਾਹ ਪਏ ਹੋਏ ਹਨ ਤੇ ਇਸ ਨੂੰ ਹੀ ਗਿਆਨ ਦਾ ਅਸਲ ਰਾਹ ਦੱਸ ਕੇ ਸ਼ਰਧਾਲੂਆਂ ਦਾ ਮਾਨਸਿਕ ਤੇ ਬੌਧਿਕ ਸ਼ੋਸ਼ਣ ਕਰ ਰਹੇ ਹਨ। ਇਸ ਪਉੜੀ ਦੀ ਵਿਆਖਿਆ ਕਰਦਿਆਂ ਪ੍ਰਸਿੱਧ ਸਿੱਖ ਵਿਦਵਾਨ ਭਾਈ ਵੀਰ ਸਿੰਘ ਲਿਖਦੇ ਹਨ, "ਧਰਮ ਖੰਡ ਦਾ ਤਾਂ ਇਹੋ ਧਰਮ ਹੈ (ਕਿ ਇਥੇ ਧਰਮ ਕਮਾਏ)। ਗਿਆਨ ਖੰਡ ਵਿਚ ਕਿੰਨੇ ਪੌਣ, ਪਾਣੀ, ਅਗਨੀਆਂ, ਕਿੰਨੇ ਕ੍ਰਿਸ਼ਨ ਤੇ ਸ਼ਿਵ (ਹੈਨ ਤੇ) ਕਿੰਨੇ ਘਾੜਤੀ ਬ੍ਰਹਮੇ (ਹਨ ਜਿਨ੍ਹਾਂ ਤੋਂ) ਘੜੇ ਜਾਂਦੇ ਹਨ (ਕਈ ਪ੍ਰਕਾਰ ਦੇ) ਰੂਪ ਰੰਗ ਤੇ ਵੇਸ। ਕਿੰਨੀਆਂ ਕਰਮਾਂ ਦੀਆਂ ਭੂਮੀਆਂ, ਕਿੰਨੇ ਧ੍ਰੂਅ, (ਕਿੰਨੇ) ਉਪਦੇਸ਼ (ਦੇਣ ਵਾਲੇ ਧ੍ਰੂਅ ਵਰਗਿਆਂ ਦੇ, ਭਾਵ ਨਾਰਦ ਆਦਿ ਹਨ।) ਕਿੰਨੇ ਇੰਦ੍ਰ, ਚੰਦ੍ਰ, ਕਿੰਨੇ ਸੂਰਜ, ਕਿੰਨੇ ਮੰਡਲ (ਤੇ ਕਿੰਨੇ) ਦੇਸ਼ (ਹਨ)। ਕਿੰਨੇ ਸਿੱਧ, ਬੁੱਧ, ਕਿੰਨੇ ਨਾਥ, ਕਿੰਨੇ (ਹਨ) ਦੇਵੀ ਦੇ ਸਰੂਪ। ਕਿੰਨੇ ਦੇਵਤੇ, ਦਾਨਵ, ਕਿੰਨੇ ਮੁਨੀ (ਰਿਸ਼ੀ ਆਦਿ) ਕਿੰਨੇ ਰਤਨ ਤੇ ਸਮੁੰਦਰ (ਹਨ)। ਕਿੰਨੀਆਂ (ਜੀਵਾਂ ਦੀਆਂ) ਖਾਣੀਆਂ, ਕਿੰਨੀਆਂ ਬਾਣੀਆਂ (ਹਨ), (ਕਿੰਨੇ) ਪ੍ਰਭੂ ਤੇ ਪਾਤਸ਼ਾਹ ਹਨ।, ਕਿੰਨੀਆਂ ਸੁਰਤੀਆਂ (ਤੇ) ਕਿੰਨੇ ਸੇਵਕ ਹਨ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ ਕਿ ਉਨ੍ਹਾਂ ਦਾ) ਅੰਤ ਹੀ ਕੋਈ ਨਹੀਂ।" (ਪੰਨਾ 164)

ਜੋਗਿੰਦਰ ਸਿੰਘ ਤਲਵਾੜਾ ਇਸ ਪਉੜੀ ਦੇ ਅਰਥ ਇਸ ਤਰ੍ਹਾਂ ਕਰਦਾ ਹੈ, "(ਗਿਆਨ-ਖੰਡ ਵਿਚ) ਕਿੰਨੇ ਹੀ (ਪ੍ਰਕਾਰ ਦੇ) ਪਉਣ, ਪਾਣੀ ਅਤੇ ਅਗਨੀਆਂ ਹਨ, ਕਿੰਨੇ ਹੀ ਕ੍ਰਿਸ਼ਨ-ਕਨ੍ਹਈਆ ਅਤੇ ਸ਼ਿਵ ਹਨ। ਕਿੰਨੇ ਹੀ ਬ੍ਰਹਮੇ ਹਨ (ਜਿਨ੍ਹਾਂ ਦੁਆਰਾ) ਕਈ ਰੂਪਾਂ-ਰੰਗਾਂ ਅਤੇ ਵੇਸਾਂ ਵਾਲੇ (ਜੀਵ-ਜੰਤ) ਘਾੜਤ ਵਿਚ ਘੜੇ ਜਾਂਦੇ ਹਨ। ਕਿੰਨੀਆਂ ਹੀ ਕਰਮ-ਭੂਮੀਆਂ (ਕਰਮ ਕਮਾਉਣ ਵਾਲੀਆਂ ਧਰਤੀਆਂ) ਹਨ, ਕਿੰਨੇ ਹੀ ਸੁਮੇਰ ਪਰਬਤ ਹਨ, ਕਿੰਨੇ ਹੀ ਧ੍ਰੂਅ (ਭਗਤ) ਅਤੇ ਉਨ੍ਹਾਂ ਦੇ ਉਪਦੇਸ਼ (ਕਰਨਹਾਰੇ) ਹਨ। ਕਿੰਨੇ ਹੀ ਇੰਦਰ ਹਨ, ਚੰਦਰਮੇ ਹਨ, ਕਿੰਨੇ ਹੀ ਸੂਰਜ ਹਨ, ਕਿੰਨੇ ਹੀ ਮੰਡਲ ਅਤੇ ਦੇਸ਼ ਹਨ। ਕਿੰਨੇ ਹੀ ਸਿੱਧੀ ਨੂੰ ਪ੍ਰਾਪਤ ਹੋਏ ਸਿਧ ਹਨ, ਬੁਧ (ਬੁਧੀਮਾਨ) ਹਨ; ਕਿੰਨੇ ਹੀ ਪੁੱਗੇ ਹੋਏ ਜੋਗੀ ਨਾਥ ਹਨ; ਕਿੰਨੇ ਹੀ ਦਿਬ (ਪ੍ਰਕਾਸ਼) ਸਰੂਪ ਵਾਲੇ ਹਨ। ਕਿੰਨੇ ਹੀ ਦੇਵਤੇ ਹਨ, ਰਾਖਸ਼ ਹਨ, ਕਿੰਨੇ ਹੀ ਰਿਸ਼ੀ-ਮੁਨੀ ਹਨ; ਕਿੰਨੇ ਹੀ ਰਤਨ-ਸਾਗਰ ਹਨ। ਕਿੰਨੇ ਪ੍ਰਕਾਰ ਦੀਆਂ ਖਾਣੀਆਂ (ਉਤਪਤੀ ਦੇ ਸ੍ਰੋਤ) ਹਨ; ਕਿੰਨੇ ਪ੍ਰਕਾਰ ਦੀਆਂ ਬਾਣੀਆਂ (ਬੋਲੀਆਂ) ਹਨ; ਕਿੰਨੇ ਰਾਜ-ਸਿੰਘਾਸਣ ਤੇ ਪਾਤਸ਼ਾਹ ਹਨ। ਕਿੰਨੀਆਂ ਹੀ ਸੁਰਤਿ-ਅਭਿਆਸੀ (ਰੂਹਾਂ) ਹਨ, ਕਿੰਨੇ ਹੀ ਸੇਵਕ (ਸੁਰਤੀ-ਮਾਰਗ ਦੇ ਪਾਂਧੀ) ਹਨ। 'ਨਾਨਕ' (ਮੁਹਰ-ਛਾਪ)- (ਗਿਆਨ-ਖੰਡ ਦੇ ਵਰਤਾਰੇ ਦਾ) ਕੋਈ ਅੰਤ ਨਹੀਂ, ਹੱਦ ਬੰਨਾ ਕੋਈ ਨਹੀਂ।"

ਇਸ ਪਉੜੀ ਦੇ ਟੀਕੇ ਬਹੁਤ ਸਾਰੇ ਹੋਰ ਵਿਦਵਾਨਾਂ ਨੇ ਵੀ ਕੀਤੇ ਹਨ, ਪਰ ਢੰਗ ਸਭ ਦਾ ਉਪਰੋਕਤ ਦੋਹਾਂ ਜਿਹਾ ਹੀ ਹੈ। ਸਾਰੇ ਸਮਝਦੇ ਹਨ ਕਿ ਗਿਆਨ ਖੰਡ ਵਿਚ ਇਹ ਜਾਣਨਾ ਜ਼ਰੂਰੀ ਹੈ ਕਿ ਸਭ ਚੀਜ਼ਾਂ ਸੰਖਿਆ ਵਿਚ ਅਣਗਿਣਤ ਹਨ ਤੇ ਗਰੁਪਾਂ ਵਿਚ ਵਿਚਰਦੀਆਂ ਹਨ। ਪਉਣ, ਪਾਣੀ, ਅਗਨੀਆਂ, ਧਰਤੀਆਂ, ਚੰਦ, ਸੂਰਜ, ਸਿੱਧ, ਧਰੂ ਭਗਤ, ਰਿਸ਼ੀ ਮੁਨੀ, ਇੰਦਰ, ਬ੍ਰਹਮੇ, ਰਾਖਸ਼, ਦੇਵਤੇ, ਸਮੁੰਦਰ, ਬੋਲੀਆਂ, ਰਾਜੇ, ਰੂਹਾਂ, ਸੇਵਕ ਆਦਿ ਕਿੰਨੇ ਕਿੰਨੇ ਹਨ। ਕਿਸੇ ਵੀ ਵਿਦਵਾਨ ਨੇ ਇਹ ਨਹੀਂ ਸੋਚਿਆ ਕਿ ਇਹ ਕਿਸ ਤਰ੍ਹਾਂ ਦਾ ਗਿਆਨ ਹੈ, ਜੋ ਉਹ ਗੁਰੂ ਸਾਹਿਬ ਦੇ ਗਲ ਮੜ੍ਹ ਰਹੇ ਹਨ? ਗੁਰੂ ਸਾਹਿਬ ਤਾਂ ਬਾਹਰੋਂ ਧਿਆਨ ਸਮੇਟ ਕੇ ਇਕ ਧਰਤੀ 'ਤੇ ਆਏ ਹਨ ਤੇ ਇਸ ਦੇ ਲੋਕਾਂ ਦੇ ਵਿਭਾਗ-ਵਾਰ ਰੁਝਾਨਾਂ ਦੀ ਗੱਲ ਕਰਦੇ ਹਨ। ਉਹ ਤਾਂ ਮਨੁੱਖਤਾ ਰਾਹੀਂ ਉਨ੍ਹਾਂ ਖੰਡਾਂ ਵਿਚ ਹੋਈ ਪ੍ਰਗਤੀ ਦਾ ਅਨੁਮਾਨ ਲਾ ਰਹੇ ਹਨ, ਪਰ ਵਿਦਵਾਨ ਉਨ੍ਹਾਂ ਨੂੰ ਫਿਰ ਇੱਥੋਂ ਕੱਢ ਕੇ ਬਾਹਰ ਦੀਆਂ ਅਸਮਾਨੀ ਗੱਲਾਂ ਕਰਵਾ ਰਹੇ ਹਨ। ਉਹ ਉਨ੍ਹਾਂ ਤੋਂ ਫਿਰ ਸੂਰਜਾਂ, ਚੰਦਰਮਾ, ਧਰੂਆਂ ਬ੍ਰਹਮਿਆਂ, ਦੇਵੀਆਂ, ਦੇਵਤਿਆਂ ਤੇ ਰਾਖਸ਼ਾਂ ਦੀਆਂ ਗੱਲਾਂ ਕਰਵਾਉਣ ਲੱਗੇ ਹਨ। ਇਸ ਦਾ ਭਾਵ ਹੈ ਕਿ ਗੁਰੂ ਸਾਹਿਬ ਦੀ ਸੋਚ ਪ੍ਰਕ੍ਰਿਆ ਉਨ੍ਹਾਂ ਦੀ ਸਮਝ ਵਿਚ ਨਹੀਂ ਆਈ।

ਗੁਰੂ ਸਾਹਿਬ ਦੱਸ ਰਹੇ ਹਨ ਕਿ ਗਿਆਨ ਦੇ ਖੇਤਰ ਵਿਚ ਗਿਆਨ ਦੀ ਥਾਂ ਲੋਕ ਵੱਖ ਵੱਖ ਕਿਸਮ ਦੀਆਂ ਚੀਜ਼ਾਂ ਦੀ ਪੂਜਾ ਭਗਤੀ ਵਿਚ ਲੱਗੇ ਹੋਏ ਹਨ। ਫਿਰ ਇੱਥੇ ਗਿਆਨ ਕੀ ਪੈਦਾ ਹੋਣਾ ਹੋਇਆ? ਉਨ੍ਹਾਂ ਅਨੁਸਾਰ ਦੁਨੀਆਂ ਗਿਆਨ ਪੱਖੋਂ ਬਿਲਕੁਲ ਸੱਖਣੀ ਹੈ। ਵਿਦਵਾਨ ਸਮਝਦੇ ਹਨ ਕਿ ਗੁਰੂ ਸਾਹਿਬ ਨੇ ਵੱਖ ਵੱਖ ਕਿਸਮ ਦੀ ਪੂਜਾ ਭਗਤੀ ਕਰਦੇ ਲੋਕਾਂ ਨੂੰ ਸ਼ਾਬਾਸ਼ ਦਿੱਤੀ ਹੈ, ਜਦੋਂ ਕਿ ਗੁਰੂ ਸਾਹਿਬ ਇਸ ਤੋਂ ਬਿਲਕੁਲ ਉਲਟ ਕਹਿੰਦੇ ਹਨ। ਉਹ ਸਮਝਦੇ ਹਨ ਕਿ ਮੂਰਖ ਮਨੁੱਖ ਆਪਣੇ ਗਿਆਨ ਪ੍ਰਾਪਤੀ ਦੇ ਮਨੋਰਥ ਤੋਂ ਭਟਕ ਗਿਆ ਹੈ ਤੇ ਨਿਗੂਣੀਆਂ ਵਸਤਾਂ ਅੱਗੇ ਨੱਕ ਰਗੜ ਰਿਹਾ ਹੈ। ਇਹ ਵਿਦਵਾਨ ਸਮਝਦੇ ਹਨ ਕਿ ਪਹਿਲਾਂ ਲੋਕਾਂ ਨੂੰ ਇੰਨਾ ਹੀ ਪਤਾ ਸੀ ਕਿ ਇੰਦਰ, ਬ੍ਰਹਮਾ, ਹਵਾ, ਅਗਨੀ, ਰਾਖਸ਼, ਸਮੁੰਦਰ, ਚੰਦ, ਸੂਰਜ ਆਦਿ ਗਿਣਤੀ ਵਿਚ ਇਕ ਇਕ ਹਨ, ਪਰ ਗੁਰੂ ਸਾਹਿਬ ਨੇ ਉਨ੍ਹਾਂ ਦਾ ਗਿਆਨ ਵਧਾਉਂਦਿਆਂ ਦੱਸਿਆ ਹੈ ਕਿ ਇਹ ਇਕ ਇਕ ਨਹੀਂ, ਸਗੋਂ ਅਨੇਕਾਂ ਅਨੇਕਾਂ ਹਨ। ਇਸ ਅਨੁਸਾਰ ਤਾਂ ਇਹ ਅਜੋਕੇ ਸਿੱਖ ਵਿਦਵਾਨ ਉਨ੍ਹਾਂ ਲੋਕਾਂ ਵਿਚੋਂ ਹੀ ਹਨ, ਜਿਨ੍ਹਾਂ ਬਾਰੇ ਗੁਰੂ ਸਾਹਿਬ ਨੇ ਕਈ ਨਿਖੇਧਾਤਮਕ ਟਿੱਪਣੀਆਂ ਕੀਤੀਆਂ ਹਨ।

ਇਹ ਸਭ ਵਿਦਵਾਨ ਗੁਰੂ ਸਾਹਿਬ ਨੂੰ ਸਾਧਾਰਨ ਗਿਆਨ (General Knowledge) ਦਾ ਇਕ ਅਜਿਹਾ ਸਕੂਲ ਅਧਿਆਪਕ ਸਮਝਦੇ ਹਨ, ਜੋ ਵੱਖ ਵੱਖ ਚੀਜ਼ਾਂ ਦੀ ਸੂਚੀ ਦੇ ਕੇ ਵਿਦਿਆਰਥੀਆਂ ਦਾ ਗਿਆਨ ਵਧਾਉਣ ਨਿਕਲਿਆ ਹੋਵੇ। ਪਰ ਕੀ ਅਜਿਹੀ ਕੋਈ ਸੂਚੀ ਵੀ ਗਿਆਨ ਵਧਾਉਂਦੀ ਹੁੰਦੀ ਹੈ? ਕੀ ਇਹ ਉਹੀ ਗਿਆਨ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਗੁਰੂ ਸਾਹਿਬ ਨੇ ੴ ਦਾ ਸੂਤਰ ਘੜਿਆ ਸੀ ਤੇ ਜਿਸ ਦੇ ਉਪਯੋਗ (ਪ੍ਰਸਾਦਿ) ਨਾਲ ਕੁਦਰਤ ਦੇ ਹੁਕਮਾਂ ਦੀ ਖੋਜ ਦੀ ਗੱਲ ਕੀਤੀ ਸੀ? ਕੀ ਬਹੁਤ ਸਾਰੇ ਇੰਦਰਾਂ, ਬ੍ਰਹਮਿਆਂ, ਰਾਖਸ਼ਾਂ ਆਦਿ ਦੇ ਗਿਆਨ ਨਾਲ ਕੋਈ ਮਨੁੱਖ ਸਚਿਆਰਾ ਬਣ ਸਕਦਾ ਹੈ? ਕੀ ਇਸ ਗਿਆਨ ਨਾਲ ਉਸ ਇਕ ਪਰਮ-ਸਤਿ ਦਾ ਕੁਝ ਪਤਾ ਚਲਦਾ ਹੈ, ਜੋ ਇਸ ਬ੍ਰਹਿਮੰਡ ਦੀ ਰਚਨਾ ਦਾ ਆਧਾਰ ਹੈ? ਕੀ ਇਹ ਗਿਆਨ ਤਰਕ-ਸੰਗਤ ਹੈ, ਯਥਾਰਥਕ ਹੈ ਤੇ ਅਗਾਹਾਂ-ਵਧੂ ਹੈ? ਕੀ ਇਸ ਤਰ੍ਹਾਂ ਦੇ ਗਿਆਨ ਦੀ ਪ੍ਰੋੜ੍ਹਤਾ ਕਰਨ ਵਿਚ ਆਧੁਨਿਕ ਵਿਦਵਾਨ ਗੁਰੂ ਸਾਹਿਬ ਦੇ ਨਾਲ ਖੜ੍ਹ ਹੈ? ਜੇ ਹੈ, ਫਿਰ ਤਾਂ ਰੇਲਵੇ ਟਾਈਮ-ਟੇਬਲ, ਵੋਟਰ ਸੂਚੀਆਂ ਤੇ ਡਿਕਸ਼ਨਰੀਆਂ ਵੀ ਸੱਚੇ ਗਿਆਨ ਨਾਲ ਭਰਪੂਰ ਹੋਈਆਂ!

ਨਿਰਪੱਖਤਾ ਨਾਲ ਸੋਚਣ ਤੋਂ ਪਤਾ ਚਲਦਾ

(ਬਾਕੀ ਅਗਲੇ ਸਫੇ 'ਤੇ)

# ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ

ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਹਮਲੇ ਨਾਲ ਹੋਈ ਹਿੰਦੁਸਤਾਨੀ ਜਨਤਾ ਦੀ ਤਬਾਹੀ, ਖਾਸ ਕਰਕੇ ਔਰਤਾਂ 'ਤੇ ਹੋਏ ਜ਼ੁਲਮ ਦਾ ਬਿਆਨ ਕਰਦਿਆਂ ਬਾਬਰ ਦੇ ਹਮਲੇ ਨੂੰ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ' ਕਿਹਾ ਹੈ, ਜਿਸ ਵਿਚ ਸ਼ਰਮ ਅਤੇ ਧਰਮ ਕਿਧਰੇ ਅਲੋਪ ਹੋ ਗਏ ਹਨ ਅਤੇ ਕੂੜ ਦਾ ਬੋਲਬਾਲਾ ਹੈ। ਬਾਬਰ ਨੇ ਕਿਸੇ ਔਰਤ ਦਾ ਮੁਸਲਿਮ ਜਾਂ ਹਿੰਦੂ ਹੋਣ ਦਾ ਲਿਹਾਜ ਨਹੀਂ ਕੀਤਾ ਅਤੇ ਨਾ ਹੀ ਕਿਸੇ ਜਾਤ-ਪਾਤ ਦਾ। ਮੁਸਲਿਮ ਔਰਤਾਂ ਇਸ ਮੁਸੀਬਤ ਦੇ ਸਮੇਂ ਆਪਣੀ ਧਾਰਮਿਕ ਪੁਸਤਕ ਕੁਰਾਨ ਸ਼ਰੀਫ ਪੜ੍ਹ ਰਹੀਆਂ ਹਨ ਅਤੇ ਖੁਦਾ ਅੱਗੇ ਬਚਾਉ ਲਈ ਦੁਆ ਕਰ ਰਹੀਆਂ ਹਨ। ਉੱਚੀਆਂ, ਨੀਵੀਆਂ-ਹਰ ਜਾਤ



ਡਾ. ਗੁਰਨਾਮ ਕੌਰ, ਕੈਨੇਡਾ

ਦੀਆਂ ਔਰਤਾਂ ਇਸ ਜ਼ੁਲਮ ਦੀਆਂ ਸ਼ਿਕਾਰ ਹੋ ਰਹੀਆਂ ਹਨ। ਬਾਬੇ ਨੇ ਇੱਕ ਹੋਰ ਥਾਂ ਵੀ ਬਾਣੀ ਵਿਚ ਇਸੇ ਦਾ ਜ਼ਿਕਰ ਕੀਤਾ ਹੈ ਕਿ ਜੋ ਔਰਤਾਂ ਆਪਣੇ ਸਿਰ ਦੇ ਵਾਲ ਸੁਹਣੀ ਤਰ੍ਹਾਂ ਗੁੰਦ ਕੇ ਚਿਰ ਵਿਚ ਸੰਧੂਰ ਪਾਉਂਦੀਆਂ ਸੀ, ਉਨ੍ਹਾਂ ਦੇ ਮੂੰਹਾਂ ਵਿਚ ਅੱਜ ਮਿੱਟੀ ਪੈ ਰਹੀ ਹੈ; ਜੋ ਮਹਿਲਾਂ ਵਿਚ ਰਹਿੰਦੀਆਂ ਸਨ, ਉਨ੍ਹਾਂ ਨੂੰ ਅੱਜ ਮਹਿਲਾਂ ਦੇ ਨੇੜੇ ਢੁੱਕਣ ਨਹੀਂ ਦਿੱਤਾ ਜਾ ਰਿਹਾ। ਜਿਨ੍ਹਾਂ ਦੇ ਵਿਆਹ ਸਮੇਂ ਅਨੇਕਾਂ ਚਾਅ-ਮਲ੍ਹਾਰ ਤੇ ਹਾਰ-ਸ਼ਿੰਗਾਰ ਕੀਤੇ ਗਏ ਸਨ, ਸ਼ਗਨ ਮਨਾਏ ਗਏ ਸਨ-ਉਨ੍ਹਾਂ ਦੇ ਗਲਾਂ ਵਿਚ ਜ਼ਾਲਮਾਂ ਨੇ ਅੱਜ ਰੱਸੀਆਂ ਪਾਈਆਂ ਹੋਈਆਂ ਹਨ। ਅੱਜ ਦੌਲਤ ਅਤੇ ਜੋਬਨ ਦੋਵੇਂ ਉਨ੍ਹਾਂ ਦੇ ਵੈਰੀ ਬਣ ਗਏ ਹਨ। ਬਾਬਰ ਨੇ ਆਪਣੇ ਸਿਪਾਹੀਆਂ ਨੂੰ ਹੁਕਮ ਦੇ ਰੱਖਿਆ ਹੈ ਕਿ ਉਨ੍ਹਾਂ ਦੀ ਇੱਜਤ ਗਵਾ ਕੇ ਉਨ੍ਹਾਂ ਨੂੰ ਬੰਨ੍ਹ ਕੇ ਲੈ ਚੱਲਣ। ਬਾਬਰ ਦੇ ਪੰਜੇ ਵਿਚ ਆ ਕੇ ਮੁਸਲਿਮ ਔਰਤਾਂ ਦੇ ਨਮਾਜ਼ ਦੇ ਵਕਤ ਖੁੰਝ ਰਹੇ ਹਨ ਅਤੇ ਹਿੰਦੂ ਔਰਤਾਂ ਦਾ ਸਮਾਂ ਜਾ ਰਿਹਾ ਹੈ। ਹੁਣ ਉਹ ਇਸ਼ਨਾਨ ਕਰਕੇ ਟਿੱਕਾ ਨਹੀਂ ਲਾ ਸਕਦੀਆਂ ਅਤੇ ਨਾ ਹੀ ਉਨ੍ਹਾਂ ਦੇ ਸੁੱਚੇ ਚੌਂਕੇ ਰਹਿ ਗਏ ਹਨ।

ਗੁਰੂ ਨਾਨਕ ਇੱਥੇ ਉਸ ਵੇਲੇ ਦੇ ਦਿੱਲੀ ਦੇ ਤਖਤ 'ਤੇ ਬਿਰਾਜਮਾਨ ਲੋਧੀ ਵੰਸ਼ ਦੇ ਤੁਰਕ ਹਾਕਮਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ, ਜੋ ਆਪਣੀ ਪਰਜਾ ਦੀ ਜਾਨ-ਮਾਲ ਅਤੇ ਇੱਜਤ ਦੀ ਰਾਖੀ ਨਹੀਂ ਕਰ ਸਕੇ। ਗੁਰੂ ਨਾਨਕ ਅਨੁਸਾਰ ਜੇ ਕੋਈ ਜ਼ੋਰਾਵਰ ਆਪਣੇ ਬਰਾਬਰ ਦੇ ਤਕੜੇ ਨੂੰ ਮਾਰਦਾ ਹੈ ਤਾਂ ਮਨ ਵਿਚ ਰੋਸ ਨਹੀਂ ਜਾਗਦਾ; ਪਰ ਜਦੋਂ ਕੋਈ ਸ਼ੇਰ ਗਊਆਂ ਦੇ ਵੱਗ 'ਤੇ ਆ ਪਵੇ ਤਾਂ ਵੱਗ ਦੇ ਮਾਲਕ ਤੋਂ ਪੁੱਛਿਆ ਜਾਂਦਾ ਹੈ ਕਿ ਰਾਖੀ ਕਰਨ ਵੇਲੇ ਵੱਗ ਦਾ ਮਾਲਕ ਕਿੱਥੇ ਗਿਆ ਸੀ? ਇੱਥੇ ਹਿੰਦੁਸਤਾਨੀ ਜਨਤਾ ਨੂੰ 'ਗਊਆਂ ਦਾ ਵੱਗ' ਅਤੇ ਲੋਧੀ ਹੁਕਮਰਾਨਾਂ ਨੂੰ ਵੱਗ ਦੇ ਮਾਲਕ ਕਿਹਾ ਹੈ।

ਬਾਬਰ ਤਾਂ ਇੱਕ ਬਾਹਰਲਾ ਹਮਲਾਵਰ ਸੀ, ਜਿਸ ਨੂੰ ਹਿੰਦੁਸਤਾਨੀ ਜਨਤਾ ਦਾ ਕੋਈ ਲਿਹਾਜ ਨਹੀਂ ਸੀ, ਕਿਉਂਕਿ ਉਹ ਤਾਂ ਇੱਕ ਧਾੜਵੀ ਦੇ ਰੂਪ ਵਿਚ ਆਇਆ ਹੀ ਲੁੱਟਣ ਦੇ ਇਰਾਦੇ ਨਾਲ ਸੀ; ਪਰ ਲੋਧੀ ਹਾਕਮਾਂ ਦਾ ਇਹ ਫਰਜ਼ ਬਣਦਾ ਸੀ ਕਿ ਉਹ ਆਪਣੀ ਪਰਜਾ ਦੀ ਜਾਨ, ਮਾਲ ਅਤੇ ਇੱਜਤ ਦੀ ਰੱਖਿਆ ਕਰਦੇ। ਹਰ ਅਧਿਕਾਰ ਦੇ ਨਾਲ ਮਨੁੱਖ ਦੇ ਨੈਤਿਕ ਫਰਜ਼ ਵੀ ਜੁੜੇ ਹੋਏ ਹੁੰਦੇ ਹਨ। ਯੋਗੀ ਅਦਿੱਤਿਆ ਨਾਥ ਉੱਤਰ ਪ੍ਰਦੇਸ਼ ਵਿਚ 2017 ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ ਦਾ ਮੁੱਖ ਮੰਤਰੀ ਹੈ। ਬੜੇ ਜ਼ੋਰ-ਸ਼ੋਰ ਨਾਲ ਭਾਜਪਾ ਵੱਲੋਂ 'ਰਾਮ ਰਾਜ' ਸਥਾਪਤ ਕਰਨ ਦੀਆਂ ਡੀਂਗਾਂ ਮਾਰੀਆਂ ਜਾਂਦੀਆਂ ਹਨ। ਕੋਵਿਡ-19 ਮਹਾਂਮਾਰੀ ਕਾਰਨ ਲੱਗੀਆਂ ਬੰਦਿਸ਼ਾਂ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਯੋਗੀ ਅਦਿੱਤਿਆ ਨਾਥ ਦੇ ਸਹਿਯੋਗ ਨਾਲ ਬਾਬਰੀ ਮਸਜਿਦ ਵਾਲੀ ਥਾਂ ਰਾਮ ਮੰਦਿਰ ਉਸਾਰਨ ਲਈ ਭੂਮੀ ਪੂਜਨ ਕੀਤਾ ਗਿਆ। ਸਰਕਾਰਾਂ ਦੇ ਫਰਜ਼ ਕੀ ਧਾਰਮਿਕ ਸਥਾਨਾਂ ਦੀ ਉਸਾਰੀ ਕਰਨਾ ਹੁੰਦਾ ਹੈ ਜਾਂ ਲੋਕਾਂ ਨੂੰ ਵਧੀਆ ਪ੍ਰਸ਼ਾਸਨ ਦੇਣਾ, ਉਨ੍ਹਾਂ ਦੇ ਜਾਨ-ਮਾਲ, ਇੱਜਤ ਨੂੰ ਮਹਿਫੂਜ਼ ਰੱਖਣ ਦੇ ਪ੍ਰਬੰਧ ਕਰਨਾ, ਉਨ੍ਹਾਂ ਦੀ ਰੋਟੀ, ਰੋਜ਼ੀ ਖਾਤਰ ਰੁਜ਼ਗਾਰ ਦੇ ਸਾਧਨ ਜੁਟਾਉਣੇ, ਸਿੱਖਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣੀਆਂ? ਹਿੰਦੁਸਤਾਨ, ਖਾਸ ਕਰਕੇ ਉੱਤਰ ਪ੍ਰਦੇਸ਼ ਵਿਚ ਔਰਤਾਂ ਦੇ ਖਿਲਾਫ ਜ਼ੁਲਮ ਤਾਂ ਪਹਿਲਾਂ ਵੀ ਘੱਟ ਨਹੀਂ ਸੀ, ਪਰ ਜਦੋਂ ਤੋਂ ਯੋਗੀ ਅਦਿੱਤਿਆ ਨਾਥ ਦੀ ਕਮਾਨ ਹੇਠ ਭਾਜਪਾ ਦੀ ਸਰਕਾਰ ਆਈ ਹੈ, ਔਰਤਾਂ ਦੇ ਖਿਲਾਫ ਹੋਣ ਵਾਲੇ ਜ਼ੁਲਮ ਦਿਨੋ ਦਿਨ ਵਧਦੇ ਹੀ ਜਾਂਦੇ ਹਨ। ਬਲਾਤਕਾਰ ਦੀਆਂ ਖਬਰਾਂ ਹਰ ਦੂਜੇ ਦਿਨ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ ਹੁੰਦੀਆਂ ਹਨ। ਇਹੀ ਨਹੀਂ, ਬਲਾਤਕਾਰ ਜਿਹੀਆਂ ਸ਼ਰਮਨਾਕ ਘਟਨਾਵਾਂ ਵੱਧਦੀਆਂ ਜਾਂਦੀਆਂ ਹਨ, ਸਗੋਂ ਸਿਤਮ ਇਹ ਵੀ ਹੈ ਕਿ ਠਾਕਰਾਂ, ਰਸੂਖਵਾਨਾਂ ਅਤੇ ਸਿਆਸੀ ਪਹੁੰਚ ਵਾਲੇ ਲੋਕਾਂ ਵੱਲੋਂ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ; ਨਿਸ਼ਾਨਾਂ ਆਮ ਤੌਰ 'ਤੇ ਗਰੀਬ, ਦਲਿਤ ਅਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਸਬੰਧਤ ਔਰਤਾਂ ਨੂੰ ਬਣਾਇਆ ਜਾਂਦਾ ਹੈ। ਇਸ ਸਾਰੇ ਵਰਤਾਰੇ ਵਿਚ 'ਡਾਢੇ ਦਾ ਸੱਤੀਂ ਵੀਹੀਂ ਸੌ' ਦੇ ਮੁਹਾਵਰੇ ਅਨੁਸਾਰ ਪੁਲਿਸ ਕੇਸ ਦਰਜ ਕਰਕੇ ਦੋਸ਼ੀਆਂ ਨੂੰ ਫੜ ਕੇ ਸਜ਼ਾ ਦੁਆਉਣ ਦੀ ਥਾਂ ਪੀੜਤ ਔਰਤ, ਉਸ ਦੇ ਪਰਿਵਾਰ ਜਾਂ ਉਨ੍ਹਾਂ ਦੀ ਹਮਾਇਤ ਕਰਨ ਵਾਲਿਆਂ ਨੂੰ ਹੀ ਉਲਟਾ ਤੰਗ ਕਰਦੀ ਹੈ, ਕਿਸੇ ਵੱਖਰੇ ਕੇਸ ਵਿਚ ਫਸਾਉਣ, ਉਲਝਾਉਣ ਦੀ ਕੋਸ਼ਿਸ਼ ਕਰਦੀ ਹੈ।

4 ਜੂਨ 2017 ਨੂੰ ਯੂ. ਪੀ. ਦੇ ਉਨਾਓ ਦੀ 17 ਸਾਲਾ ਲੜਕੀ ਦਾ ਕੇਸ ਅੱਜ ਵੀ ਲੋਕ ਮਨਾਂ ਵਿਚ ਸੱਜਰਾ ਪਿਆ ਹੈ। ਕੁਲਦੀਪ ਸਿੰਘ ਸੇਂਗਰ ਭਾਜਪਾ ਦਾ ਅਸੈਂਬਲੀ ਮੈਂਬਰ ਸੀ। ਇਸ ਕੇਸ ਵਿਚ ਉਲਟਾ ਪਹਿਲਾਂ ਲੜਕੀ ਦੇ ਬਾਪ ਨੂੰ ਕਿਸੇ ਝੂਠੇ ਕੇਸ ਵਿਚ ਫਸਾ ਕੇ ਪੁਲਿਸ ਨੇ ਹਿਰਾਸਤ ਵਿਚ ਲਿਆ ਅਤੇ ਫਿਰ ਪੁਲਿਸ ਹਿਰਾਸਤ ਵਿਚ ਹੀ ਤਸ਼ੱਦਦ ਕਾਰਨ ਉਸ ਦੀ ਮੌਤ ਹੋ ਗਈ। ਜਦੋਂ ਤੱਕ ਲੜਕੀ ਨੇ ਯੋਗੀ ਅਦਿੱਤਿਆ ਨਾਥ ਦੀ ਰਿਹਾਇਸ਼ ਅੱਗੇ ਜਾ ਕੇ ਆਪਣੇ ਉੱਤੇ ਤੇਲ ਛਿੜਕ ਕੇ ਖੁਦ ਨੂੰ ਜਲਾਉਣ ਦੀ ਕੋਸ਼ਿਸ਼ ਨਹੀਂ ਕੀਤੀ, ਨੈਸ਼ਨਲ ਮੀਡੀਏ ਨੇ ਇਸ ਕੇਸ ਨੂੰ ਪੂਰੀ ਤਰ੍ਹਾਂ ਉਭਾਰਿਆ ਨਹੀਂ ਅਤੇ ਲੋਕ-ਰੋਹ ਸੜਕਾਂ 'ਤੇ ਨਹੀਂ ਆਇਆ, ਉਦੋਂ ਤੱਕ ਕੇਸ ਦਰਜ ਨਹੀਂ ਹੋਇਆ। ਇੱਥੇ ਹੀ ਅੰਤ ਨਹੀਂ ਹੁੰਦਾ। ਲੜਕੀ ਦਾ ਚਾਚਾ ਆਪਣੇ ਵੱਡੇ ਭਾਈ ਦੀ ਮੌਤ ਪਿੱਛੋਂ ਕੇਸ ਬਣਾਉਣ ਲਈ ਜਦੋਂ ਜੱਦੋਜਹਿਦ ਕਰਨ ਲੱਗਾ ਤਾਂ ਉਸ ਨੂੰ ਕਈ ਸਾਲਾਂ ਦਾ ਪੁਰਾਣਾ ਕੇਸ ਕੱਢ ਕੇ ਗ੍ਰਿਫਤਾਰ ਕਰ ਲਿਆ ਗਿਆ। ਕੇਸ ਭਾਵੇਂ ਉੱਚ ਅਦਾਲਤ ਦੇ ਦਖਲ ਦੇਣ 'ਤੇ ਦਿੱਲੀ ਤਬਦੀਲ ਕਰ ਦਿੱਤਾ ਗਿਆ, ਪਰ ਪੇਸ਼ੀ ਭੁਗਤਣ ਆਉਂਦਿਆਂ ਜਿਸ ਕਾਰ ਵਿਚ ਪੀੜਤ ਕੁੜੀ ਆਪਣੇ ਵਕੀਲ ਅਤੇ ਦੋ ਰਿਸ਼ਤੇਦਾਰ ਔਰਤਾਂ ਨਾਲ ਆ ਰਹੀ ਸੀ, ਉਸ ਕਾਰ ਦਾ ਟਰੱਕ ਨਾਲ ਐਕਸੀਡੈਂਟ ਕਰਵਾ ਦਿੱਤਾ, ਜਿਸ ਵਿਚ ਦੋਵੇਂ ਰਿਸ਼ਤੇਦਾਰ ਔਰਤਾਂ ਮਾਰੀਆਂ ਗਈਆਂ, ਪੀੜਤ ਕੁੜੀ ਅਤੇ ਵਕੀਲ ਗੰਭੀਰ ਜ਼ਖਮੀ ਹੋ ਗਏ।

ਬੇਸ਼ੱਕ ਭਾਜਪਾ ਨੇ ਕੁਲਦੀਪ ਸਿੰਘ ਸੇਂਗਰ ਨੂੰ ਪਾਰਟੀ ਤੋਂ ਮੁਅੱਤਲ ਕਰ ਦਿੱਤਾ, ਉਸ ਨੂੰ ਉਮਰ ਕੈਦ ਅਤੇ ਜ਼ੁਰਮਾਨਾ ਵੀ ਹੋ ਗਿਆ, ਪਰ ਉਸ ਪੀੜਤ ਕੁੜੀ ਅਤੇ ਉਸ ਦੇ ਪਰਿਵਾਰ ਦਾ ਜੋ ਜਾਨੀ ਨੁਕਸਾਨ, ਸਵੈਮਾਣ ਦੀ ਹਾਨੀ ਹੋਈ; ਸਰੀਰਕ, ਮਾਨਸਿਕ ਪ੍ਰੇਸ਼ਾਨੀਆਂ ਅਤੇ ਨਮੋਸ਼ੀ ਝੱਲਣੀ ਪਈ, ਉਸ ਦੀ ਭਰਪਾਈ ਕਦੀ ਹੋ ਸਕਦੀ ਹੈ? ਇਸੇ ਤਰ੍ਹਾਂ ਜੰਮੂ-ਕਸ਼ਮੀਰ (ਜੋ ਹੁਣ ਇੱਕ ਸਟੇਟ ਨਹੀਂ ਰਿਹਾ) ਦੀ ਗਰੀਬ ਬੱਕਰਵਾਲਾਂ ਦੀ ਛੋਟੀ ਉਮਰ ਦੀ ਕੁੜੀ ਆਸੀਆ ਨਾਲ ਦਰਿੰਦਗੀ ਵਰਤੀ ਗਈ, ਇਸ ਕਾਰੇ ਨੂੰ ਅੰਜਾਮ ਭਾਜਪਾਈ ਪੁਜਾਰੀ ਵੱਲੋਂ ਪੁਲਿਸ ਕਰਮਚਾਰੀ, ਆਪਣੇ ਪੁੱਤਰ ਤੇ ਭਾਣਜੇ ਦੀ ਸ਼ਮੂਲੀਅਤ ਨਾਲ ਦਿੱਤਾ ਗਿਆ ਅਤੇ ਸਾਰੀ ਭਾਜਪਾ ਤੇ ਪੁਲਿਸ ਉਸ ਦੇ ਹੱਕ ਵਿਚ ਖੜ ਗਈ। ਇੱਥੋਂ ਤੱਕ ਕਿ ਭਾਜਪਾਈ ਵਕੀਲਾਂ ਵੱਲੋਂ ਉਸ ਦਾ ਕੇਸ ਲੜਨ ਵਾਲੀ ਵਕੀਲ ਨੂੰ ਹਰ ਰੋਜ਼ ਧਮਕਾਇਆ ਜਾਣ ਲੱਗਾ।

ਹੁਣੇ ਹੁਣੇ ਉੱਤਰ ਪ੍ਰਦੇਸ਼ ਵਿਚ ਬਲਾਤਕਾਰ ਦੀਆਂ ਦੋ ਬਹੁਤ ਹੀ ਘਿਨਾਉਣੀਆਂ, ਮਾਨਵਤਾ ਤੋਂ ਗਿਰੀਆਂ ਘਟਨਾਵਾਂ ਵਾਪਰੀਆਂ ਹਨ। ਪਹਿਲੀ ਘਟਨਾ ਹਾਥਰਸ ਦੀ ਮਨੀਸ਼ਾ ਨਾਂ ਦੀ 20 ਸਾਲਾ ਦਲਿਤ ਲੜਕੀ ਨਾਲ 18 ਸਤੰਬਰ ਨੂੰ ਵਾਪਰੀ ਹੈ। ਉਸ ਨਾਲ ਨਾ ਸਿਰਫ ਉੱਚੀ ਜਾਤ ਦੇ ਚਾਰ ਜਾਣਿਆਂ ਨੇ ਸਮੂਹਕ ਜ਼ਬਰਜਨਾਹ ਕੀਤਾ, ਸਗੋਂ ਦਰਿੰਦਗੀ ਦੀ ਇੰਤਹਾ ਪਾਰ ਕਰਦਿਆਂ ਉਸ ਦੀ ਰੀੜ ਦੀ ਹੱਡੀ ਤਿੰਨ ਥਾਂਵਾਂ ਤੋਂ ਤੋੜ ਦਿੱਤੀ ਅਤੇ ਫਿਰ ਬੇਰਹਿਮੀ ਨਾਲ ਉਸ ਦੀ ਜੀਭ ਵੱਢ ਦਿੱਤੀ ਤਾਂ ਜੋ ਉਹ ਬੋਲ ਕੇ ਦੱਸ ਨਾ ਸਕੇ ਕਿ ਉਸ ਨਾਲ ਕੀ ਵਾਪਰਿਆ ਹੈ! ਇੱਥੇ ਹੀ ਬੱਸ ਨਹੀਂ, ਹਸਪਤਾਲ ਵਿਚ ਮੌਤ ਹੋ ਜਾਣ ਤੋਂ ਬਾਅਦ ਪੁਲਿਸ ਨੇ ਮੰਗਲਵਾਰ 29 ਅਤੇ 30 ਸਤੰਬਰ ਦੀ ਵਿਚਕਾਰਲੀ ਰਾਤ ਨੂੰ ਲਾਸ਼ ਲਿਆ ਕੇ ਹਨੇਰੇ ਹਨੇਰੇ ਤੜਕੇ ਢਾਈ-ਤਿੰਨ ਵਜੇ ਸਖਤ ਘੇਰੇ ਵਿਚ ਉਸ ਦਾ ਸਸਕਾਰ ਕਰ ਦਿੱਤਾ। ਉਸ ਦੇ ਭਰਾ, ਮਾਂ-ਬਾਪ ਜਾਂ ਕਿਸੇ ਵੀ ਪਰਿਵਾਰਕ ਮੈਂਬਰ ਨੂੰ ਲਾਗੇ ਨਹੀਂ ਲੱਗਣ ਦਿੱਤਾ ਗਿਆ। ਸਾਰਾ ਪਰਿਵਾਰ ਵਿਰਲਾਪ ਕਰਦਾ ਰਿਹਾ ਕਿ ਸਾਨੂੰ ਆਪਣੀ ਧੀ ਦਾ ਅੰਤਿਮ ਸਸਕਾਰ ਕਰਨ ਦਿੱਤਾ ਜਾਵੇ, ਪਰ ਕਿਸੇ ਨੂੰ ਨੇੜੇ ਨਹੀਂ ਫਟਕਣ ਦਿੱਤਾ। ਪਿੰਡ ਦੇ ਦੁਆਲੇ ਪੁਲਿਸ ਤਾਇਨਾਤ ਕਰਕੇ, ਦਫਾ ਇੱਕ ਸੌ ਚੁਤਾਲੀ ਲਾ ਦਿੱਤੀ। ਕਿਸੇ ਪੱਤਰਕਾਰ, ਸਮਾਜ ਸੇਵਕ ਜਾਂ ਕਿਸੇ ਵੀ ਰਾਜਨੀਤਕ ਕਾਰਕੁਨ ਨੂੰ ਲੜਕੀ ਦੀ ਲਾਸ਼ ਤਾਂ ਕੀ ਪਿੰਡ ਦੇ ਨੇੜੇ ਵੀ ਨਹੀਂ ਢੁਕਣ ਦਿੱਤਾ ਗਿਆ। ਵੀਡੀਓ ਵਿਚ ਕੋਈ ਔਰਤ ਪੱਤਰਕਾਰ ਪੁਲਿਸ ਅਫਸਰ ਨੂੰ ਜਦੋਂ ਪੁੱਛਦੀ ਹੈ, "ਭਾਈ ਯੇ ਕਿਆ ਹੋ ਰਹਾ ਹੈ?" ਤਾਂ ਉਹ ਬੜੇ ਅਰਾਮ ਨਾਲ ਜੁਆਬ ਦਿੰਦਾ ਹੈ, "ਮੁਝੇ ਨਹੀਂ ਪਤਾ ਕਿਆ ਹੋ ਰਹਾ ਹੈ। ਮੈਂ ਤੋ ਕ੍ਰਾਈਮ ਬ੍ਰਾਂਚ ਸੇ ਹੂੰ, ਮੈਂ ਨਹੀਂ ਜਾਨਤਾ।"

ਸਿਤਮਜ਼ਰੀਫੀ ਦੇਖੋ ਕਿ ਨਾਲ ਹੀ ਡਾਕਟਰਾਂ ਤੋਂ ਰਿਪੋਰਟ ਨਸ਼ਰ ਕਰਵਾ ਦਿੱਤੀ ਹੈ ਕਿ ਕੁੜੀ ਨਾਲ ਜ਼ਬਰਜਨਾਹ ਹੋਇਆ ਹੀ ਨਹੀਂ। ਇਸ ਤੋਂ ਵੱਧ ਗੈਰਮਨੁੱਖੀ ਵਰਤਾਰਾ ਹੋਰ ਕੀ ਹੋ ਸਕਦਾ ਹੈ? ਕੀ ਇਸ ਮੁਲਕ ਵਿਚ ਕਿਸੇ ਨੂੰ ਆਪਣੇ ਨਾਲ ਹੋ ਰਹੇ ਧੱਕੇ ਦੀ ਸ਼ਿਕਾਇਤ ਕਰਨ ਦਾ ਵੀ ਹੱਕ ਨਹੀਂ ਰਿਹਾ? ਪੁਲਿਸ ਨੂੰ ਸੰਵਿਧਾਨ ਦੀ ਕਿਸ ਧਾਰਾ ਵਿਚ ਇਹ ਹੱਕ ਦਿੱਤਾ ਗਿਆ ਹੈ ਕਿ ਉਹ ਕਿਸੇ ਹੋਰ ਦੀ ਪਰਿਵਾਰ ਨਾਲ ਕੀਤੀ ਗੁੰਡਾਗਰਦੀ ਦੀ ਸਜ਼ਾ ਪਰਿਵਾਰ ਨੂੰ ਦਿੰਦਿਆਂ ਉਸ ਦੇ ਜੀਅ ਦਾ ਅੰਤਿਮ ਸਸਕਾਰ ਕਰਨ ਦਾ ਹੱਕ ਖੋਹ ਲਵੇ? (ਪਰ ਭਾਜਪਾ ਸਰਕਾਰ ਤਾਂ ਸੰਵਿਧਾਨ ਨੂੰ ਪੂਰੀ ਤਰ੍ਹਾਂ ਬਦਲਣ 'ਤੇ ਤੁਲੀ ਹੋਈ ਹੈ। ਸਾਰੇ ਸੰਵਿਧਾਨ ਦੀਆਂ ਧੱਜੀਆਂ ਉਡਾ ਕੇ ਕਾਨੂੰਨ ਪਾਸ ਕਰ ਰਹੀ ਹੈ। ਖੇਤੀ ਕਾਨੂੰਨਾਂ ਬਾਰੇ ਇਹੀ ਤਾਂ ਕੀਤਾ ਹੈ)। ਬੇਸ਼ੱਕ ਉੱਤਰ ਪ੍ਰਦੇਸ਼ ਸਰਕਾਰ ਨੇ ਹਾਥਰਸ ਪੁਲਿਸ ਦੇ ਐਸ. ਪੀ., ਸਰਕਲ ਅਫਸਰ, ਇੰਸਪੈਕਟਰ, ਸਬ-ਇੰਸਪੈਕਟਰ ਅਤੇ ਹੈੱਡ ਕਾਂਸਟੇਬਲ ਨੂੰ ਸਸਪੈਂਡ ਕਰ ਦਿੱਤਾ ਹੈ, ਉਹ ਵੀ ਭੀਮ ਸੈਨਾ ਅਤੇ ਦੇਸ਼ ਭਰ ਵਿਚ ਜਾਗੇ ਹੋਏ ਲੋਕ ਰੋਹ ਨੂੰ ਦੇਖਦਿਆਂ; ਪਰ ਜੋ ਅਫਸਰ ਇਸ ਤਰ੍ਹਾਂ ਗੁੰਡਿਆਂ ਨੂੰ ਸ਼ਹਿ ਦੇ ਸਕਦੇ ਹਨ, ਗਲਤ ਡਾਕਟਰੀ ਰਿਪੋਰਟਾਂ ਦੁਆ ਸਕਦੇ ਹਨ, ਸਸਕਾਰ ਕਰਨ ਦੀ ਹਿੰਮਤ ਕਰ ਸਕਦੇ ਹਨ-ਕੀ ਕੱਲ੍ਹ ਨੂੰ ਉਹ ਆਪਣੇ ਆਪ ਨੂੰ ਬਹਾਲ ਨਹੀਂ ਕਰਾ ਸਕਦੇ?

ਦੂਜੀ ਘਟਨਾ ਵੀ ਯੂ. ਪੀ. ਦੇ ਹੀ ਬਲਰਾਮਪੁਰ ਜਿਲੇ ਦੇ ਇੱਕ ਪਿੰਡ ਦੀ 22 ਸਾਲਾ ਦਲਿਤ ਲੜਕੀ ਦੀ ਹੈ। ਉਹ ਕਾਲਜ ਵਿਚ ਦਾਖਲਾ ਲੈਣ ਗਈ ਸੀ। ਉਹ 'ਕਾਮਨ ਲਾਅ ਐਡਮਿਸ਼ਨ ਟੈਸਟ' ਦੀ ਤਿਆਰੀ ਕਰ ਰਹੀ ਸੀ, ਜੋ ਪਾਸ ਕਰਕੇ ਕਿਸੇ ਨੈਸ਼ਨਲ ਲਾਅ ਯੂਨੀਵਰਸਿਟੀ ਵਿਚ ਦਾਖਲਾ ਲੈ ਸਕਦੀ ਸੀ। ਆਪਣੇ ਸਾਰੇ ਪਿੰਡ ਵਿਚ ਉਸ ਇਕੱਲੀ ਕੋਲ ਲੈਪ ਟੌਪ ਸੀ, ਜੋ ਉਸ ਨੂੰ ਸਕੂਲ ਵਿਚ ਆਪਣੀ ਪੜ੍ਹਾਈ ਦੀ ਬਿਹਤਰੀਨ ਕਾਰਗੁਜ਼ਾਰੀ ਕਰਕੇ ਮਿਲਿਆ ਸੀ। ਉਸ ਦੀ ਮਾਂ ਹਰ ਸੰਭਵ ਬੱਚਤ ਕਰਕੇ ਆਪਣੀ ਧੀ ਨੂੰ ਤਾਲੀਮ-ਯਾਫਤਾ ਬਣਾਉਣਾ ਚਾਹੁੰਦੀ ਸੀ। ਲੜਕੀ ਆਪ ਵੀ ਕਿਸੇ ਐਨ. ਜੀ. ਓ. ਨਾਲ ਕੰਮ ਕਰਦੀ ਸੀ, ਜਿੱਥੋਂ ਉਸ ਨੂੰ ਤਿੰਨ ਹਜ਼ਾਰ ਰੁਪਏ ਮਹੀਨਾ ਮਿਲਦਾ ਸੀ। ਐਨ. ਜੀ. ਓ. ਨਾਲ ਉਸ ਦਾ ਕੰਮ ਕਿਸਾਨਾਂ ਨੂੰ ਸਿੱਖਿਆ ਦੇਣਾ ਸੀ ਕਿ ਉਨ੍ਹਾਂ ਨੂੰ ਕਿਹੜੀ ਫਸਲ ਦੇ ਕਿਹੜੇ ਬੀਜ ਬੀਜਣੇ ਚਾਹੀਦੇ ਹਨ, ਵਗੈਰਾ ਵਗੈਰਾ। ਘਰੋਂ ਉਹ ਕਾਲਜ ਦਾਖਲਾ ਲੈਣ ਗਈ ਸੀ, ਉਸ ਨਾਲ ਦੋ ਜਾਣਿਆਂ ਨੇ ਜ਼ਬਰਜਨਾਹ ਕੀਤਾ। ਸਰੀਰਕ ਤਸ਼ੱਦਦ ਵੀ ਕੀਤਾ ਗਿਆ ਅਤੇ ਉਸ ਨੂੰ ਅੱਧ-ਬੇਹੋਸ਼ੀ ਦੀ ਹਾਲਤ ਵਿਚ ਦੋ ਛੋਟੀ ਉਮਰ ਦੇ ਲੋਕਾਂ ਨੇ ਘਰ ਪੁਜਦੀ ਕੀਤਾ। ਸੱਟਾਂ ਦੀ ਤਾਬ ਨਾ ਝੱਲਦਿਆਂ ਰਾਹ ਵਿਚ ਹੀ ਲੜਕੀ ਦਮ ਤੋੜ ਗਈ।

ਤੀਜੀ ਘਟਨਾ ਮੱਧ ਪ੍ਰਦੇਸ਼ ਦੇ ਨਰਸਿੰਘਪੁਰ ਦੀ ਹੈ। ਮੱਧ ਪ੍ਰਦੇਸ਼ ਵਿਚ ਵੀ ਭਾਜਪਾ ਦੀ ਸਰਕਾਰ ਹੈ, ਜੋ 'ਬੇਟੀ ਪੜ੍ਹਾਉ, ਬੇਟੀ ਬਚਾਉ' ਦਾ ਨਾਹਰਾ ਲਾਉਂਦੇ ਨਹੀਂ ਥੱਕਦੇ। ਸੋਚਦੇ ਹਨ ਕਿ ਅਜਿਹੇ ਜੁਮਲਿਆਂ ਨਾਲ ਜਨਤਾ ਪਿੱਛੇ ਲਾਈ ਰੱਖਣਗੇ ਅਤੇ ਵਿਕੇ ਹੋਏ ਨੈਸ਼ਨਲ ਮੀਡੀਆ ਤੇ ਐਂਕਰਾਂ ਵੱਲੋਂ ਚੀਖ ਚੀਖ ਕੇ ਨੌਜੁਆਨਾਂ ਨੂੰ ਸਹੀ ਰਸਤੇ ਤੋਂ ਭਟਕਾਈ ਰੱਖਣ ਵਿਚ ਕਾਮਯਾਬ ਰਹਿਣਗੇ। ਇਸ ਔਰਤ ਦਾ ਵੀ ਤਿੰਨ ਜਾਣਿਆਂ ਨੇ ਸਮੂਹਕ ਜ਼ਬਰਜਨਾਹ ਕੀਤਾ। ਉਹ ਦੋਸ਼ੀਆਂ ਖਿਲਾਫ ਸ਼ਿਕਾਇਤ ਦਰਜ ਕਰਾਉਣ ਲਈ ਸਬੰਧਤ ਠਾਣੇ ਦੇ ਚੱਕਰ ਕੱਟਦੀ ਰਹੀ, ਪਰ ਕਿਸੇ ਨੇ ਉਸ ਦੀ ਸ਼ਿਕਾਇਤ ਦਰਜ ਨਹੀਂ ਕੀਤੀ। ਉਹ ਘਰੋਂ ਬਾਹਰ ਨਿਕਲੀ ਤਾਂ ਔਰਤਾਂ ਉਸ ਬਾਰੇ ਘਟੀਆ ਗੱਲਾਂ ਕਰ ਰਹੀਆਂ ਸਨ। ਉਸ ਨੇ ਸ਼ਿਕਾਇਤ ਦਰਜ ਨਾ ਕੀਤੇ ਜਾਣ ਤੋਂ ਪ੍ਰੇਸ਼ਾਨ ਹੋ ਕੇ ਘਰ 'ਚ ਫਾਹਾ ਲੈ ਲਿਆ। ਕਿਸੇ ਨੈਸ਼ਨਲ ਟੀ. ਵੀ. ਚੈਨਲ ਨੇ ਇਨ੍ਹਾਂ ਘਟਨਾਵਾਂ ਦਾ ਨੋਟਿਸ ਨਹੀਂ ਲਿਆ। ਹਾਂ! ਕੰਗਨਾ ਰਣੌਤ ਦੇ ਬੰਗਲੇ ਦੇ ਢਾਹੇ ਛੱਜੇ ਸਬੰਧੀ, ਜੋ ਸਰਕਾਰੀ ਬਿਆਨਾਂ ਅਨੁਸਾਰ ਨਾਜਾਇਜ਼ ਉਸਾਰੀ ਕੀਤੀ ਹੋਈ ਸੀ, ਖੂਬ ਸੰਘ ਪਾੜ ਪਾੜ ਕੇ ਰੋਜ ਬਹਿਸ ਕੀਤੀ ਜਾਂਦੀ ਹੈ।

ਭਾਜਪਾਈ ਔਰਤ ਸੰਸਦ ਮੈਂਬਰਾਂ ਅਤੇ ਮੰਤਰੀਆਂ ਨੂੰ ਕੀ ਇਹ ਸਭ ਕੁਝ ਨਜ਼ਰ ਨਹੀਂ ਆਉਂਦਾ ਕਿ ਯੂ. ਪੀ. ਵਿਚ ਜਾਂ ਮੱਧ ਪ੍ਰਦੇਸ਼ ਵਰਗੇ ਭਾਜਪਾ ਸ਼ਾਸਤ ਸੂਬਿਆਂ ਵਿਚ ਗਰੀਬ ਔਰਤਾਂ ਨਾਲ ਕੀ ਹੋ ਰਿਹਾ ਹੈ? ਮੇਨਕਾ ਗਾਂਧੀ ਯੂ. ਪੀ. ਦੀਆਂ ਸੜਕਾਂ 'ਤੇ ਅਵਾਰਾ ਫਿਰਦੇ ਖਰਸ ਖਾਧੇ ਕਤੂਰਿਆਂ ਨੂੰ ਚੁੱਕ ਕੇ ਖਬਰਾਂ ਲੁਆਉਂਦੀ ਰਹੀ ਹੈ ਅਤੇ ਕੁੱਤੇ ਮਾਰਨ ਤੇ ਬੰਦਿਸ਼ ਲੁਆ ਦਿੱਤੀ। ਗਊ ਵੈਸੇ ਹੀ ਇਨ੍ਹਾਂ ਦੀ ਮਾਂ ਹੈ! ਪੰਜਾਬ ਵਿਚ ਇਸ ਵੇਲੇ ਸਭ ਤੋਂ ਵੱਧ ਮੌਤਾਂ ਅਵਾਰਾ ਕੁੱਤਿਆਂ ਵੱਲੋਂ ਪਾੜ ਕੇ ਖਾਣ ਅਤੇ ਅਵਾਰਾ ਗਊਆਂ ਵੱਲੋਂ ਸੜਕਾਂ 'ਤੇ ਐਕਸੀਡੈਂਟ ਕਰਾਉਣ ਨਾਲ ਹੋ ਰਹੀਆਂ ਹਨ। ਗਊਆਂ ਵੱਲੋਂ ਫਸਲਾਂ ਦਾ ਉਜਾੜਾ ਅਲੱਗ ਕੀਤਾ ਜਾਂਦਾ ਹੈ। ਇਨ੍ਹਾਂ ਨੂੰ ਇਹ ਸਮਝ ਨਹੀਂ ਲੱਗਦੀ ਕਿ ਜਿਨ੍ਹਾਂ ਮੁਲਕਾਂ ਵਿਚ ਜਾਨਵਰਾਂ ਨੂੰ ਮਾਰਨ ਦੀ ਮਨਾਹੀ ਹੈ, ਉਥੇ ਜਾਨਵਰ ਸਿਰਫ ਤੇ ਸਿਰਫ ਪਾਲਤੂ ਹੁੰਦੇ ਹਨ, ਜੋ ਲੋਕਾਂ ਨੇ ਆਪਣੇ ਘਰਾਂ ਅੰਦਰ ਬੰਦ ਰੱਖੇ ਹੁੰਦੇ ਹਨ ਅਤੇ ਜਾਂ ਫਿਰ ਜੰਗਲਾਂ ਵਿਚ ਹੁੰਦੇ ਹਨ। ਉਥੇ ਜਾਨਵਰ ਗਲੀਆਂ ਜਾਂ ਸੜਕਾਂ 'ਤੇ ਅਵਾਰਾ ਨਹੀਂ ਫਿਰਦੇ।

ਸਿਮ੍ਰਿਤੀ ਇਰਾਨੀ, ਜੋ ਐਕਟਿੰਗ ਕਰਦੀ ਕਰਦੀ ਕੇਂਦਰ ਦੀ ਭਾਜਪਾ ਸਰਕਾਰ ਵਿਚ ਮੰਤਰੀ ਬਣ ਗਈ, ਜਿਸ ਕੋਲ 'ਔਰਤਾਂ ਅਤੇ ਬੱਚਿਆਂ ਦੇ ਵਿਕਾਸ' ਦਾ ਮਹਿਕਮਾ ਹੈ। ਉਹ ਹੁਣੇ ਹੁਣੇ ਯੂ. ਐਨ. ਦੀ ਔਰਤਾਂ 'ਤੇ ਚੌਥੀ ਆਲਮੀ ਕਾਨਫਰੰਸ ਦੀ 25ਵੀਂ ਵਰ੍ਹੇਗੰਢ 'ਤੇ ਯੂਨਾਈਟਡ ਸਟੇਟਸ ਵਿਚ ਬੋਲ ਕੇ ਆਈ ਹੈ। ਕਹਿੰਦੀ, ਭਾਰਤ ਵਿਕਾਸ ਦੇ ਏਜੰਡੇ ਦੇ ਸਾਰੇ ਪੱਖਾਂ ਵਿਚ ਔਰਤਾਂ ਦੀ ਬਰਾਬਰੀ/ਸਮਾਨਤਾ ਅਤੇ ਸ਼ਕਤੀਕਰਨ ਦੀ ਕੇਂਦਰੀਅਤਾ ਨੂੰ ਪਛਾਣਦਾ ਹੈ। ਉਸ ਨੇ ਕਿਹਾ ਕਿ ਅੰਕੜਿਆਂ ਦੇ ਤੌਰ 'ਤੇ ਔਰਤਾਂ ਮਾਨਵੀ ਵੱਸੋਂ ਦਾ ਅੱਧ ਹਨ, ਪਰ ਸਮਾਜ, ਰਾਜਨੀਤੀ ਅਤੇ ਆਰਥਕਤਾ ਦੇ ਸਾਰੇ ਪੱਖਾਂ 'ਤੇ ਉਨ੍ਹਾਂ ਦਾ ਅਸਰ ਪੈਂਦਾ ਹੈ। ਕਹਿੰਦੀ, ਭਾਰਤ ਨੇ ਇਸ ਵੇਲੇ ਸਮਾਵੇਸ਼ੀ ਵਿਕਾਸ ਅਤੇ ਡੂੰਘੇ ਸੁਧਾਰਾਂ 'ਤੇ ਫੋਕਸ ਕੀਤਾ ਹੈ, ਜੋ ਮਿਲ ਕੇ ਕਾਇਆਕਲਪੀ ਤਬਦੀਲੀਆਂ ਲਿਆ ਰਹੇ ਹਨ। ਕੇਂਦਰੀ ਮੰਤਰੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭਵਿੱਖੀ-ਦ੍ਰਿਸ਼ਟੀ ਸੰਪੰਨ ਗਰਦਾਨਦਿਆਂ, ਇਨ੍ਹਾਂ ਤਬਦੀਲੀਆਂ ਦੀ ਘੋਸ਼ਣਾ ਉਸ ਦੀ ਅਗਵਾਈ ਵਿਚ ਹੋਈ ਮੰਨਦੀ ਹੈ ਅਤੇ ਕਹਿੰਦੀ ਹੈ ਕਿ ਅਸੀਂ 'ਔਰਤਾਂ ਦੇ ਵਿਕਾਸ' ਦੀ ਮਿਸਾਲ ਤੋਂ 'ਔਰਤਾਂ ਦੀ ਅਗਵਾਈ ਵਿਚ ਵਿਕਾਸ' ਵੱਲ ਵਧੇ ਹਾਂ। ਔਰਤਾਂ ਦੀ ਸਮਾਨਤਾ ਦੀ ਗੱਲ ਕਰਦਿਆਂ ਉਸ ਦਾ ਕਹਿਣਾ ਹੈ ਕਿ ਭਾਰਤ ਅੱਜ ਜ਼ਿੰਦਗੀ ਦੇ ਹਰ ਖੇਤਰ ਵਿਚ ਔਰਤਾਂ ਦੀ ਬਰਾਬਰੀ ਨੂੰ ਉੱਚੀ ਤਰਜੀਹ ਦੇ ਰਿਹਾ ਹੈ ਅਤੇ ਲਿੰਗ ਆਧਾਰਤ ਹਰ ਤਰ੍ਹਾਂ ਦੇ ਪੱਖਪਾਤ ਨੂੰ ਖਤਮ ਕਰ ਰਿਹਾ ਹੈ। ਇਸ ਵਿਚ ਉਸ ਨੇ ਔਰਤਾਂ ਦੇ ਕੰਮ ਕਰਨ ਦੀਆਂ ਥਾਂਵਾਂ 'ਤੇ ਤੰਗ ਕਰਨ, ਘਰੇਲੂ ਹਿੰਸਾ ਤੋਂ ਸੁਰੱਖਿਆ, ਬੱਚਿਆਂ ਦੀ ਸਰੀਰਕ ਸ਼ੋਸ਼ਣ ਤੋਂ ਰੱਖਿਆ ਸਬੰਧੀ ਸੰਵਿਧਾਨਕ ਤਬਦੀਲੀਆਂ ਦੀ ਗੱਲ ਕੀਤੀ ਹੈ।

ਜਾਪਦਾ ਇਉਂ ਹੈ, ਜਿਵੇਂ ਇਨ੍ਹਾਂ ਕੁਝ ਮਸ਼ਹੂਰ ਔਰਤ ਚਿਹਰਿਆਂ ਦੇ ਸੰਸਦ ਵਿਚ ਆ ਜਾਣ ਨਾਲ ਹੀ ਔਰਤਾਂ ਦਾ ਸਰਵਪੱਖੀ ਵਿਕਾਸ ਅਤੇ ਹਰ ਖੇਤਰ ਵਿਚ ਅਗਵਾਈ ਸ਼ੁਰੂ ਹੋ ਗਈ ਹੈ। ਕੀ ਸਿਰਫ ਇਹੀ ਭਾਰਤੀ ਔਰਤਾਂ ਹਨ? ਕੀ ਦਲਿਤ ਔਰਤਾਂ ਦੀ ਗਿਣਤੀ ਭਾਰਤੀ ਔਰਤਾਂ ਵਿਚ ਨਹੀਂ ਹੁੰਦੀ? ਕੀ ਘੱਟ-ਗਿਣਤੀ ਭਾਈਚਾਰਿਆਂ ਦੀਆਂ ਔਰਤਾਂ-ਧੀਆਂ ਭਾਰਤ ਦੀਆਂ ਧੀਆਂ ਨਹੀਂ ਹਨ? ਹਰਿਆਣੇ ਵਿਚ ਜਾਟ ਅੰਦੋਲਨ ਸਮੇਂ ਭਾਜਪਾ ਦੀ ਸਰਕਾਰ ਸੀ ਅਤੇ ਪੰਜਾਬੀ ਔਰਤਾਂ ਨਾਲ ਮੂਰਥਲ ਵਿਚ ਜੋ ਬਦਸਲੂਕੀ ਹੋਈ, ਸਭ ਨੇ ਪੜ੍ਹੀ/ਸੁਣੀ ਹੈ। ਭਾਜਪਾ ਸ਼ਾਸਤ ਪ੍ਰਾਂਤਾਂ ਵਿਚ ਆਦੀ ਵਾਸੀ ਅਤੇ ਦਲਿਤ ਔਰਤਾਂ ਨਾਲ ਜੋ ਸਲੂਕ ਗਾਹੇ-ਬਗਾਹੇ ਹੁੰਦਾ ਰਹਿੰਦਾ ਹੈ ਅਤੇ ਦੋਸ਼ੀਆਂ ਦਾ ਪੁਲਿਸ, ਨੈਸ਼ਨਲ ਮੀਡੀਆ ਤੇ ਨੇਤਾਵਾਂ ਵੱਲੋਂ ਜੋ ਪੱਖ ਪੂਰਿਆ ਜਾਂਦਾ ਹੈ, ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ।

ਜਾਮੀਆ ਮਿਲੀਆ ਯੂਨੀਵਰਸਿਟੀ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ, ਸ਼ਾਹੀਨ ਬਾਗ ਵਿਚ ਧਰਨਾ ਦੇ ਰਹੀਆਂ ਔਰਤਾਂ ਨਾਲ ਜੋ ਬਦਸਲੂਕੀ ਕੀਤੀ ਗਈ ਅਤੇ ਜਿਸ ਕਿਸਮ ਦੀ ਭੱਦੀ ਭਾਸ਼ਾ ਭਾਜਪਾਈ ਲੀਡਰਾਂ ਵੱਲੋਂ ਵਰਤੀ ਗਈ, ਸਾਰੀ ਦੁਨੀਆਂ ਜਾਣਦੀ ਹੈ। ਜਦੋਂ ਯੂ. ਪੀ. ਅਤੇ ਮੱਧ ਪ੍ਰਦੇਸ਼ ਜਿਹੀਆਂ ਘਿਨਾਉਣੀਆਂ ਵਾਰਦਾਤਾਂ ਵਾਪਰਦੀਆਂ ਹਨ ਤਾਂ ਮੇਨਕਾ ਗਾਂਧੀ ਅਤੇ ਸਿਮ੍ਰਿਤੀ ਇਰਾਨੀ ਕਿੱਥੇ ਹੁੰਦੀਆਂ ਹਨ? ਹੈਰਾਨੀ ਹੈ ਕਿ ਇਨ੍ਹਾਂ ਦੋਵਾਂ ਦਾ ਰਾਜਨੀਤਕ ਖੇਤਰ ਯੂ. ਪੀ. ਹੈ। ਆਲਮੀ ਪੱਧਰ 'ਤੇ ਦਿੱਲੀ ਅਤੇ ਉੱਤਰ ਪ੍ਰਦੇਸ਼ ਜਿਹੀਆਂ ਥਾਂਵਾਂ ਨੂੰ ਔਰਤਾਂ ਲਈ ਸਭ ਤੋਂ ਅਸੁਰਖਿਅਤ ਥਾਂ ਗਰਦਾਨਿਆ ਹੋਇਆ ਹੈ। ਕੀ ਮੇਨਕਾ ਗਾਂਧੀ ਯੂ. ਪੀ. ਦੀਆਂ ਦਲਿਤ ਔਰਤਾਂ ਦੀ ਸੁਰੱਖਿਆ ਲਈ ਮੁਹਿੰਮ ਨਹੀਂ ਵਿੱਢ ਸਕਦੀ ਜਾਂ ਕੀ ਦਲਿਤ ਅਤੇ ਘੱਟਗਿਣਤੀ ਔਰਤਾਂ ਦੇ ਸਵੈਮਾਣ, ਇੱਜਤ-ਆਬਰੂ ਨਾਲੋਂ ਉਸ ਨੂੰ ਕੁੱਤਿਆਂ ਨਾਲ ਜ਼ਿਆਦਾ ਹੇਜ ਹੈ?

ਜਿੱਥੋਂ ਤੱਕ ਪ੍ਰਧਾਨ ਮੰਤਰੀ ਦੀ ਗੱਲ ਹੈ, ਉਸ ਦੇ ਨੋਟਬੰਦੀ, ਜੀ. ਐਸ. ਟੀ., ਕਿਸਾਨ ਵਿਰੋਧੀ ਕਾਨੂੰਨਾਂ ਨਾਲ ਦੇਸ਼ ਦੀ ਆਰਥਕਤਾ ਡੁੱਬ ਗਈ ਹੈ। ਮੁਲਕ ਦੇ ਸਾਰੇ ਸਰਕਾਰੀ ਅਦਾਰੇ ਇੱਕ ਇੱਕ ਕਰਕੇ ਵੇਚੇ ਜਾ ਰਹੇ ਹਨ। ਇਸ ਨੇ ਬਣਾਇਆ ਤਾਂ ਕੁਝ ਨਹੀਂ, ਸਿਵਾਏ ਕਰੋੜਾਂ ਰੁਪਏ ਦੇ ਬੁੱਤਾਂ ਦੇ, ਪਰ ਜੋ ਪਹਿਲੇ ਪ੍ਰਧਾਨ ਮੰਤਰੀਆਂ ਨੇ ਉਸਾਰਿਆ ਸੀ, ਉਸ ਸਭ ਨੂੰ ਜ਼ਰੂਰ ਧਨਾਢਾਂ ਦੀਆਂ ਬਣਾਈਆਂ ਨਿੱਜੀ ਕਾਰਪੋਰੇਸ਼ਨਾਂ ਨੂੰ ਵੇਚ ਦਿੱਤਾ ਹੈ ਜਾਂ ਵੇਚਣ 'ਤੇ ਲਾ ਦਿੱਤਾ ਹੈ। ਦੇਸ਼ ਦਾ ਆਰਥਕ, ਵਿੱਦਿਅਕ ਅਤੇ ਸਿਹਤ-ਸੰਭਾਲ ਢਾਂਚਾ ਤਹਿਸ-ਨਹਿਸ ਹੋ ਗਿਆ ਹੈ। ਕੋਵਿਡ-19 ਵਿਚ ਔਰਤਾਂ ਨੂੰ ਹਰ ਖੇਤਰ ਵਿਚ ਕੋਈ ਸੁਰੱਖਿਆ ਪ੍ਰਦਾਨ ਨਹੀਂ ਕੀਤੀ, ਜਿਸ ਦੇ ਦਮਗਜੇ ਸਿਮ੍ਰਿਤੀ ਇਰਾਨੀ ਯੂ. ਐਨ. ਵਿਚ ਮਾਰ ਕੇ ਆਈ ਹੈ; ਮਜ਼ਦੂਰ ਔਰਤਾਂ ਨੂੰ ਨੰਗੇ ਪੈਰੀਂ, ਭੁੱਖਣਭਾਣੇ, ਬੱਚਿਆਂ ਅਤੇ ਸਮਾਨ ਨੂੰ ਚੁੱਕੀ ਤੁਰਿਆਂ ਜਾਂਦਿਆਂ ਸਾਰੀ ਦੁਨੀਆ ਨੇ ਦੇਖਿਆ ਹੈ। ਹਾਂ! ਖੇਤੀ ਨੂੰ ਸੰਵਿਧਾਨ ਵਿਚ ਮਿਲੇ ਰਾਜ ਸਰਕਾਰਾਂ ਦੇ ਅਧਿਕਾਰ ਵਿਚੋਂ ਕੱਢ ਕੇ, ਕੋਵਿਡ-19 ਦਾ ਫਾਇਦਾ ਲੈਂਦਿਆਂ ਖੇਤੀ ਸਬੰਧੀ ਕਾਲੇ ਕਾਨੂੰਨ ਜ਼ਰੂਰ ਬਣਾ ਦਿੱਤੇ ਹਨ, ਜਿਸ ਨਾਲ ਪੰਜਾਬ, ਹਰਿਆਣੇ ਦੇ ਕਿਸਾਨ ਆਪਣੀਆਂ ਜ਼ਮੀਨਾਂ ਬਚਾਉਣ ਲਈ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜਨ ਲਈ ਸੜਕਾਂ 'ਤੇ ਨਿਕਲ ਆਏ ਹਨ।

*(ਸ਼ੁਰੂ ਕੀਤੇ ਵਿਸ਼ੇ ਤੋਂ ਹਟ ਕੇ ਲਿਖਣ ਲਈ ਪਾਠਕਾਂ ਤੋਂ ਮੁਆਫੀ ਮੰਗਦੀ ਹਾਂ। ਲੜੀ ਵਾਰ ਲੇਖਾਂ ਦੀ ਆਖਰੀ ਕਿਸ਼ਤ ਪੂਰੀ ਕਰਨ ਦੀ ਕੋਸ਼ਿਸ਼ ਜਾਰੀ ਰਹੇਗੀ।)*

## ਧਰਮ ਖੰਡ ਕਾ ਏਹੋ ਧਰਮੁ

*(ਪਿਛਲੇ ਸਫੇ ਦੀ ਬਾਕੀ)*

ਹੈ ਕਿ ਗੁਰੂ ਸਾਹਿਬ ਦੀ ਸੋਚ ਅਧਿਆਤਮਵਾਦੀ ਨਹੀਂ ਹੈ। ਇਸ ਵਿਚ ਅਜੋਕੇ ਵਿਦਵਾਨਾਂ ਦੀਆਂ ਵਿਆਖਿਆਵਾਂ ਵਰਗਾ ਕੁਝ ਵੀ ਨਹੀਂ ਹੈ। ਜੇ ਕੁਝ ਇਨ੍ਹਾਂ ਦੇ ਟੀਕਿਆਂ ਤੋਂ ਮਾਲੂਮ ਹੁੰਦਾ ਹੈ, ਉਹ ਤਾਂ ਇਹ ਕਿ ਅਜੋਕੇ ਸਿੱਖ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਨੇ ਜਪੁਜੀ ਦੀ ਇਸ ਪਉੜੀ ਨੂੰ ਸਮਝਣ ਵਿਚ ਹੀ ਨਹੀਂ, ਸਗੋਂ ਗੁਰੂ ਸਾਹਿਬ ਦੀ ਸਮੁੱਚੀ ਫਿਲਾਸਫੀ ਨੂੰ ਸਮਝਣ ਵਿਚ ਵੱਡੀ ਗਲਤੀ ਖਾਧੀ ਹੈ। ਜਿਸ ਵਿਆਖਿਆ ਨੂੰ ਉਹ ਗੁਰੂ ਸਾਹਿਬ ਦੀ ਸਿੱਖਿਆ ਦੱਸਦੇ ਹਨ, ਉਹੋ ਜਿਹੀ ਸਨਾਤਨੀ ਸਿੱਖਿਆ ਤਾਂ ਕਿਸੇ ਪੁਰਾਤਨ ਗੁਰੂਕੁਲ ਵਿਚ ਵੀ ਨਹੀਂ ਦਿੱਤੀ ਜਾਂਦੀ ਹੋਣੀ। ਫਿਰ ਕਿੱਥੇ ਹਨ ਗੁਰਬਾਣੀ ਵਿਆਕਰਣ ਦੇ ਉਹ ਮੁੱਦਈ, ਜੋ ਔਂਕੜਾਂ ਤੇ ਸਿਹਾਰੀਆਂ ਪਿੱਛੇ ਤਾਂ ਅਸਮਾਨ ਸਿਰ 'ਤੇ ਚੁੱਕ ਲੈਂਦੇ ਹਨ, ਪਰ ਬਾਣੀ ਦੇ ਸਮੁੱਚੇ ਵਿਗਾੜ ਨੂੰ ਪੂਰੀ ਤਰ੍ਹਾਂ ਅਣਡਿੱਠ ਕਰੀ ਬੈਠੇ ਹਨ? ਕਿੱਥੇ ਹਨ ਉਹ ਗੁਰੂ ਘਰਾਂ ਦੇ ਸੰਸਥਾਪਤ ਪਹਿਰੇਦਾਰ ਤੇ ਗੁਰਬਾਣੀ ਦੇ ਪਦਵੀ ਅਲੰਬਰਦਾਰ, ਜੋ ਰਹੁ-ਰੀਤਾਂ ਪਿੱਛੇ ਤਾਂ ਮਰਨ ਮਾਰਨ ਨੂੰ ਹੋ ਜਾਂਦੇ ਹਨ, ਪਰ ਬਾਣੀ ਦੀ ਸ਼ੁਧ ਵਿਆਖਿਆ ਵਲ ਬਿਲਕੁਲ ਧਿਆਨ ਨਹੀਂ ਦਿੰਦੇ?

# ਧਰਮ ਅਤੇ ਮਾਰਕਸਵਾਦ

ਪੁਰਾਣੇ ਸਮਿਆਂ ਵਿਚ ਕਿਉਂਕਿ ਗਿਆਨ ਸੀਮਤ ਮਾਤਰਾ ਵਿਚ ਸੀ। ਉਹ ਸੀਮਤ ਗ੍ਰੰਥਾਂ ਤਕ ਹੀ ਸੀਮਤ ਸੀ ਅਤੇ ਸਾਰੇ ਹੀ ਵਿਸ਼ੇ ਇਕ ਹੀ ਗ੍ਰੰਥ ਵਿਚ ਸੰਕਲਿਤ ਕਰ ਦਿੱਤੇ ਜਾਂਦੇ ਸਨ। ਜਿਵੇਂ ਜਿਵੇਂ ਗਿਆਨ ਵਧਦਾ ਗਿਆ, ਉਸ ਦੀ ਵਿਸ਼ੇ ਵਾਰ ਵੰਡ ਹੁੰਦੀ ਗਈ। ਵੱਖ ਵੱਖ ਵਿਸ਼ਿਆਂ ਲਈ ਵੱਖਰੇ ਵੱਖਰੇ ਗ੍ਰੰਥ ਲਿਖੇ ਜਾਣ ਲੱਗੇ ਅਤੇ ਵੱਖ ਵੱਖ ਵਿਸ਼ਿਆਂ ਦੇ ਮਾਹਿਰ ਵਿਦਵਾਨ ਹੋਣ ਲੱਗ ਪਏ। ਮਿਸਾਲ ਵਜੋਂ ਫਿਲਾਸਫੀ ਜਾਂ ਦਰਸ਼ਨ ਤੱਤ, ਸੱਤ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਪਰਖ ਪੜਚੋਲ ਕਰਦਾ ਹੈ। ਇਹ ਸੰਸਾਰ ਕੀ ਹੈ, ਕਿਵੇਂ ਬਣਿਆ ਅਤੇ ਕਿਨ੍ਹਾਂ ਨਿਯਮਾਂ ਅਨੁਸਾਰ ਚੱਲ ਰਿਹਾ ਹੈ? ਇਸ ਸੰਸਾਰ ਵਿਚ ਸੱਚ ਕੀ ਹੈ? ਇਸ ਦੀ ਖੋਜ ਕਰਨੀ, ਸੰਸਾਰ ਨੂੰ ਚਲਦਾ ਰੱਖਣ ਤੇ ਸਮਾਜ ਨੂੰ ਚੰਗੇ ਢੰਗ ਨਾਲ ਚਲਾਉਣ ਲਈ ਨਿਯਮ ਘੜਨਾ ਅਤੇ ਵਿਅਕਤੀਆਂ ਨੂੰ ਉਨ੍ਹਾਂ ਦਾ ਪਾਲਣ ਕਰਨ ਦੀ ਪ੍ਰੇਰਣਾ ਦੇਣਾ ਤੇ ਪਾਲਣ ਕਰਵਾਉਣਾ, ਇਹ

**ਸੇਵਕ ਸਿੰਘ ਕੋਟਕਪੂਰਾ**
**ਫੋਨ: 661-444-3657**

ਇਸ ਦਾ ਕਾਰਜ ਖੇਤਰ ਹੈ।

ਪੱਛਮੀ ਫਿਲਾਸਫਰਾਂ ਨੇ ਤਾਂ ਦਿਸਦੇ ਸੰਸਾਰ ਅਤੇ ਮਨ ਨੂੰ ਹੀ ਆਪਣੀ ਖੋਜ ਦਾ ਵਿਸ਼ਾ ਬਣਾਇਆ ਤੇ ਦਿਸਦੇ ਸੰਸਾਰ ਦੀ ਹੀ ਪਰਖ ਪੜਤਾਲ ਕਰਕੇ ਕੁਦਰਤ ਅਤੇ ਉਸ ਦੇ ਨਿਯਮਾਂ ਦੀ ਖੋਜ ਕੀਤੀ ਤੇ ਨਿਰਣੇ ਕੀਤੇ; ਪਰ ਪੂਰਬੀ ਦਾਰਸ਼ਨਿਕਾਂ ਨੇ ਆਤਮਾ ਅਤੇ ਪਰਮਾਤਮਾ ਨੂੰ ਅਪਣਾ ਮੁੱਖ ਵਿਸ਼ਾ ਬਣਾਇਆ। ਇਸੇ ਅਧੀਨ ਹੀ ਕੁਦਰਤ ਜਾਂ ਪ੍ਰਕਿਰਤੀ ਦੀ ਖੋਜ ਕੀਤੀ। ਭਾਰਤੀ ਦਰਸ਼ਨ ਕੁਦਰਤ ਨੂੰ ਕਾਦਿਰ ਦੀ ਰਚਨਾ ਅਤੇ ਉਸ ਦੇ ਹੁਕਮ ਵਿਚ ਚੱਲ ਰਹੀ ਮੰਨਦਾ ਹੈ। ਭਾਰਤੀ ਦਰਸ਼ਨ ਆਸਤਿਕ ਅਤੇ ਨਾਸਤਿਕ-ਦੋਹਾਂ ਹੀ ਵਿਚਾਰ ਧਾਰਾਵਾਂ ਨੂੰ ਬਰਾਬਰ ਦਾ ਦਰਜਾ ਤੇ ਸਨਮਾਨ ਦਿੰਦਾ ਹੈ। ਹਰ ਦਾਰਸ਼ਨਿਕ ਆਪਣੀ ਪਹੁੰਚ ਅਨੁਸਾਰ ਆਪਣਾ ਪੱਖ ਰੱਖਦਾ ਹੈ ਅਤੇ ਉਸ ਦਾ ਪ੍ਰਚਾਰ ਕਰਦਾ ਹੈ। ਸਾਰੇ ਹੀ ਦਰਸ਼ਨ ਜਾਂ ਸ਼ਾਸਤਰ ਭਾਰਤੀ ਸਭਿਆਚਾਰ ਵਿਚ ਬਰਾਬਰ ਦਾ ਦਰਜਾ ਅਤੇ ਸਨਮਾਨ ਰੱਖਦੇ ਹਨ।

ਵਿਗਿਆਨ ਦਿਸਦੇ ਸੰਸਾਰ ਅਤੇ ਭੌਤਿਕ ਵਰਤਾਰਿਆਂ ਦਾ ਅਧਿਐਨ ਕਰਦਾ ਹੈ। ਉਨ੍ਹਾਂ ਨੂੰ ਪਰਖ ਨਿਰਖ ਕੇ ਆਪਣੇ ਸਿੱਟੇ ਕੱਢਦਾ ਅਤੇ ਲਾਗੂ ਕਰਦਾ ਹੈ ਤੇ ਉਨ੍ਹਾਂ ਅਨੁਸਾਰ ਹੀ ਸੰਸਾਰ ਦੀ ਵਿਆਖਿਆ ਕਰਦਾ ਹੈ। ਹਰ ਵਰਤਾਰੇ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਦੇਖਿਆ ਅਤੇ ਵਿਚਾਰਿਆ ਜਾਵੇ, ਇਹ ਵਿਗਿਆਨ ਦੀ ਸਮਝ ਹੈ। ਇਸ ਸੰਸਾਰ ਵਿਚ ਮੌਜੂਦ ਹਰ ਨਿਰਜਿੰਦ ਅਤੇ ਜਿੰਦਾ ਵਸਤੂਆਂ ਅਤੇ ਜੀਵ ਕੁਦਰਤ ਵਿਚ ਵਿਆਪਕ ਉਸ ਦੇ ਜਾਣੇ-ਅਣਜਾਣੇ ਨਿਯਮਾਂ ਅਨੁਸਾਰ ਹੀ ਵਿਚਰ ਰਹੇ ਹਨ ਅਤੇ ਉਨ੍ਹਾਂ ਦੀ ਪਾਲਣਾ ਕਰ ਰਹੇ ਹਨ। ਉਨ੍ਹਾਂ ਨਿਯਮਾਂ ਤੇ ਵਰਤਾਰਿਆਂ ਨੂੰ ਸਮਝਣਾ ਅਤੇ ਉਨ੍ਹਾਂ ਦੀ ਵਿਆਖਿਆ ਕਰਨਾ ਵਿਗਿਆਨ ਦਾ ਕਾਰਜ ਖੇਤਰ ਹੈ। ਇਸ ਵਿਚ ਵਿਗਿਆਨ ਨੇ ਬਹੁਤ ਅਹਿਮ ਖੋਜਾਂ ਅਤੇ ਕੰਮ ਕੀਤੇ ਹਨ। ਜੇ ਵਿਗਿਆਨਕ ਤਰੱਕੀ ਨਾ ਹੋਈ ਹੁੰਦੀ ਤਾਂ ਜੋ ਕੁਝ ਅੱਜ ਸੰਭਵ ਹੈ, ਉਹ ਪਹਿਲਾਂ ਨਹੀਂ ਸੀ। ਉਦੋਂ ਤਰੱਕੀ ਦੀ ਰਫਤਾਰ ਅੱਜ ਨਾਲੋਂ ਬਹੁਤ ਘੱਟ ਸੀ। ਆਮ ਲੋਕਾਂ ਦੀ ਜਾਣਕਾਰੀ ਅਤੇ ਉਸ ਦੇ ਸਾਧਨ ਵੀ ਸੀਮਤ ਹੀ ਸਨ। ਅੱਜ ਜੋ ਵੀ ਲਿਖਿਆ-ਪੜ੍ਹਿਆ ਜਾ ਰਿਹਾ ਹੈ ਅਤੇ ਜੋ ਸੰਚਾਰ ਦੇ ਸਾਧਨ ਅੱਜ ਹਨ, ਉਹ ਪਹਿਲਾਂ ਨਹੀਂ ਸਨ। ਅੱਜ ਤੋਂ ਸਿਰਫ ਸੌ ਸਾਲ ਪਹਿਲਾਂ ਇਸ ਦਾ ਅਨੁਮਾਨ ਵੀ ਨਹੀਂ ਲਾਇਆ ਜਾ ਸਕਦਾ ਸੀ ਕਿ ਜੋ ਅੱਜ ਵਾਪਰ ਰਿਹਾ ਹੈ, ਉਹ ਇੰਨੀ ਜਲਦੀ ਤੇ ਤੇਜ਼ੀ ਨਾਲ ਵਾਪਰ ਸਕਦਾ ਹੈ ਅਤੇ ਪੁਰਾਣਾ ਇੰਨੀ ਤੇਜ਼ੀ ਨਾਲ ਬਦਲ ਸਕਦਾ ਹੈ? ਸਿਰਫ ਪਿਛਲੇ ਪੰਜਾਹ ਸਾਲਾਂ ਵਿਚ ਹੀ ਬਹੁਤ ਕੁਝ ਨਵਾਂ ਅਤੇ ਵਧੀਆ ਜਾਣਕਾਰੀ ਦੇ ਸਾਧਨ ਵੀ ਵਿਕਸਿਤ ਹੋ ਗਏ ਹਨ; ਜਾਣਕਾਰੀ ਦਾ ਸੰਚਾਰ ਅਤੇ ਪ੍ਰਸਾਰ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ। ਵਿਗਿਆਨ ਅਤੇ ਉਸ ਦੀ ਦੇਣ ਤੋਂ ਮੂੰਹ ਮੋੜਨਾ ਅਕ੍ਰਿਤਘਣਤਾ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਹੋ ਸਕਦਾ।

ਵਿਗਿਆਨ ਦਾ ਇਕ ਨਿਸ਼ਚਿਤ ਕਾਰਜ ਖੇਤਰ ਹੈ, ਜਿਸ ਵਿਚ ਵਿਗਿਆਨ ਦੀ ਸਰਦਾਰੀ ਹੈ। ਵਿਗਿਆਨ ਨੇ ਹਰ ਖੇਤਰ ਵਿਚ ਤਰੱਕੀ ਕਰਨ ਦੇ ਸਾਧਨ ਉਪਲੱਬਧ ਕੀਤੇ ਹਨ ਅਤੇ ਤਰੱਕੀ ਵਿਚ ਯੋਗਦਾਨ ਦਿੱਤਾ ਹੈ ਤੇ ਤੇਜ਼ੀ ਲਿਆਂਦੀ ਹੈ। ਹਰ ਵਿਅਕਤੀ ਲਈ ਪੜ੍ਹਨਾ-ਲਿਖਣਾ ਵਿਗਿਆਨਕ ਸਾਧਨਾਂ ਕਰਕੇ ਹੀ ਸੰਭਵ ਹੋ ਸਕਿਆ ਹੈ। ਨਹੀਂ ਤਾਂ ਸਿੱਖਿਆ ਅਤੇ ਸਿੱਖਿਆ ਦੇ ਸਾਧਨ ਆਮ ਵਿਅਕਤੀ ਦੀ ਪਹੁੰਚ ਵਿਚ ਨਹੀਂ ਸਨ। ਗਿਆਨ ਅਤੇ ਸਿੱਖਿਆ 'ਤੇ ਕੁਝ ਗਿਣਤੀ ਦੇ ਵਿਅਕਤੀ ਹੀ ਕਾਬਜ਼ ਸਨ। ਉਹ ਸਮਾਜ ਨੂੰ ਆਪਣੀ ਮਰਜ਼ੀ ਅਨੁਸਾਰ ਚਲਾਉਂਦੇ ਅਤੇ ਢਾਲ ਲੈਂਦੇ ਸਨ। ਉਹ ਹੀ ਨਿਸ਼ਚਿਤ ਕਰਦੇ ਸਨ ਕਿ ਕਿਸ ਨੇ ਕੀ ਅਤੇ ਕਿੰਨਾ ਕੁ ਜਾਣਨਾ ਹੈ। ਸਮਾਜ ਨੂੰ ਕਿਨ੍ਹਾਂ ਰਾਹਾਂ 'ਤੇ ਚਲਾਉਣਾ ਹੈ ਅਤੇ ਕਿਸ ਨੂੰ ਕਿੰਨੀ ਅਜ਼ਾਦੀ ਦੇਣੀ ਹੈ। ਇਹ ਸਭ ਕੁਝ ਵਿਅਕਤੀ ਹੀ ਨਿਸ਼ਚਿਤ ਕਰਦੇ ਸਨ, ਪਰ ਅੱਜ ਅਜਿਹਾ ਸੰਭਵ ਨਹੀਂ ਹੈ।


ਮਾਰਕਸਵਾਦ ਪੱਛਮ ਵਿਚ ਵਿਕਸਿਤ ਹੋਇਆ, ਉਸ ਦੇ ਪ੍ਰਵਰਤਕ ਕਾਰਲ ਮਾਰਕਸ ਨੇ ਯੂਰਪੀ ਸਮਾਜ ਵਾਤਾਵਰਣ ਅਤੇ ਫਿਲਾਸਫੀ ਦਾ ਗੂੜ੍ਹਾ ਅਧਿਐਨ ਕਰਕੇ ਜੋ ਸਿਧਾਂਤ ਅਤੇ ਵਿਆਖਿਆ ਦਿੱਤੀ, ਉਸ ਨੂੰ ਮਾਰਕਸਵਾਦ ਕਿਹਾ ਜਾਂਦਾ ਹੈ। ਉਸ ਨੇ ਸੰਸਾਰ ਅਤੇ ਵਰਤਾਰਿਆਂ ਦੀ ਵਿਆਖਿਆ ਭੌਤਿਕ ਅਤੇ ਦਵੰਦਵਾਦੀ ਪਦਾਰਥਵਾਦ ਅਨੁਸਾਰ ਕੀਤੀ ਹੈ। ਸਮਾਜ, ਰਾਜਨੀਤੀ ਅਤੇ ਆਰਥਕਤਾ ਹੀ ਉਸ ਦੇ ਮੁੱਖ ਵਿਸ਼ੇ ਹਨ। ਇਨ੍ਹਾਂ ਦੀ ਸੇਧ ਅਨੁਸਾਰ ਹੀ ਉਸ ਨੇ ਹਰ ਸਮਾਜਕ ਵਰਤਾਰੇ ਦਾ ਅਧਿਐਨ ਕੀਤਾ ਹੈ। ਉਸ ਦੀ ਸ਼ਾਹਕਾਰ ਰਚਨਾ (The Capital) ਹੈ। ਉਸ ਨੂੰ ਮਾਰਕਸਵਾਦ ਦੀ ਬਾਇਬਲ ਦਾ ਦਰਜਾ ਪ੍ਰਾਪਤ ਹੈ। ਉਸ ਵਿਚ ਆਰਥਕ ਨਿਯਮ ਅਤੇ ਉਨ੍ਹਾਂ ਅਨੁਸਾਰ ਹੀ ਹਰ ਸਮਾਜਕ ਵਰਤਾਰੇ ਦੀ ਵਿਆਖਿਆ ਕੀਤੀ ਗਈ ਹੈ। ਇਸੇ ਅਨੁਸਾਰ ਹੀ ਯੂਰਪ ਵਿਚਲੇ ਇਸਾਈ ਧਰਮ ਅਤੇ ਉਸ ਦੇ ਧਾਰਮਿਕ ਕਰਮ ਕਾਂਡਾਂ ਦੀ ਵਿਆਖਿਆ ਕੀਤੀ ਹੈ।

ਵਲਾਦੀਮੀਰ ਲੈਨਿਨ ਨੇ ਆਪਣੀਆਂ ਲਿਖਤਾਂ ਵਿਚ ਇਨ੍ਹਾਂ ਹੀ ਸਿਧਾਂਤਾਂ ਨੂੰ ਆਧਾਰ ਬਣਾਇਆ ਹੈ। ਧਰਮ ਸਬੰਧੀ ਵਿਚਾਰ ਨਾਮੀ ਕਿਤਾਬਚੇ ਵਿਚ ਉਨ੍ਹਾਂ ਦੇ ਵਿਚਾਰ ਇੱਕਠੇ ਕੀਤੇ ਗਏ ਹਨ। ਉਨ੍ਹਾਂ ਵਿਚੋਂ ਕੁਝ ਵਿਚਾਰ ਸਾਂਝੇ ਕਰ ਰਿਹਾ ਹਾਂ:

'ਸਮਾਜਵਾਦ ਅਤੇ ਧਰਮ' ਲੇਖ ਵਿਚ ਉਹ ਲਿਖਦੇ ਹਨ ਕਿ ਧਰਮ ਨੂੰ ਵਿਅਕਤੀਗਤ ਮਾਮਲਾ ਐਲਾਨ ਕਰ ਦੇਣਾ ਚਾਹੀਦਾ ਹੈ। ਸਮਾਜਵਾਦੀ ਅਕਸਰ ਹੀ ਧਰਮ ਬਾਰੇ ਆਪਣਾ ਨਜ਼ਰੀਆ ਇਨ੍ਹਾਂ ਸ਼ਬਦਾਂ ਰਾਹੀਂ ਬਿਆਨ ਕਰਦੇ ਹਨ, ਪਰ ਕਿਸੇ ਕਿਸਮ ਦੀ ਗਲਤਫਹਿਮੀ ਪੈਦਾ ਨਾ ਹੋ ਜਾਵੇ, ਇਸ ਲਈ ਇਨ੍ਹਾਂ ਸ਼ਬਦਾਂ ਦੇ ਅਰਥਾਂ ਦੀ ਸਹੀ ਵਿਆਖਿਆ ਹੋਣੀ ਚਾਹੀਦੀ ਹੈ। ਅਸੀਂ ਮੰਗ ਕਰਦੇ ਹਾਂ ਕਿ ਜਿਥੋਂ ਤੱਕ ਰਾਜ ਦਾ ਸਬੰਧ ਹੈ, ਧਰਮ ਨੂੰ ਵਿਅਕਤੀਗਤ ਮਾਮਲਾ ਮੰਨਣਾ ਚਾਹੀਦਾ ਹੈ; ਪਰ ਜਿਥੋਂ ਤੱਕ ਪਾਰਟੀ ਦਾ ਸਵਾਲ ਹੈ, ਅਸੀਂ ਕਿਸੇ ਵੀ ਤਰ੍ਹਾਂ ਧਰਮ ਨੂੰ ਵਿਅਕਤੀਗਤ ਮਾਮਲਾ ਨਹੀਂ ਮੰਨਦੇ। ਧਰਮ ਨਾਲ ਰਾਜ ਦਾ ਕੋਈ ਸਬੰਧ ਨਹੀਂ ਹੋਣਾ ਚਾਹੀਦਾ ਅਤੇ ਧਾਰਮਿਕ ਜਥੇਬੰਦੀਆਂ ਦਾ ਸਰਕਾਰ ਦੀ ਸੱਤਾ ਨਾਲ ਕਿਸੇ ਕਿਸਮ ਦਾ ਸਬੰਧ ਨਹੀਂ ਰਹਿਣਾ ਚਾਹੀਦਾ। ਹਰ ਵਿਅਕਤੀ ਨੂੰ ਇਹ ਆਜ਼ਾਦੀ ਹੋਣੀ ਚਾਹੀਦੀ ਹੈ ਕਿ ਚਾਹੇ ਜਿਸ ਧਰਮ ਨੂੰ ਮੰਨੇ ਜਾਂ ਜੇ ਚਾਹੇ ਤਾਂ ਕਿਸੇ ਵੀ ਧਰਮ ਨੂੰ ਨਾ ਮੰਨੇ, ਭਾਵ ਨਾਸਤਿਕ ਹੋਵੇ, ਜੋ ਆਮ ਤੌਰ 'ਤੇ ਹਰ ਸਮਾਜਵਾਦੀ ਹੁੰਦਾ ਹੈ। ਨਾਗਰਿਕਾਂ ਨਾਲ ਧਾਰਮਿਕ ਵਿਸ਼ਵਾਸ ਦੇ ਆਧਾਰ 'ਤੇ ਕੋਈ ਵਿਤਕਰਾ ਬਿਲਕੁਲ ਹੀ ਨਾ ਸਹਿਣਯੋਗ ਹੈ। ਅਧਿਕਾਰਕ ਦਸਤਾਵੇਜ਼ਾਂ ਵਿਚ ਕਿਸੇ ਵੀ ਨਾਗਰਿਕ ਦੇ ਧਰਮ ਉਲੇਖ ਮਾਤਰ ਵੀ ਬਿਨਾ ਸ਼ੱਕ ਖਤਮ ਕਰ ਦੇਣਾ ਚਾਹੀਦਾ ਹੈ। ਸਥਾਪਤ ਚਰਚ ਨੂੰ ਨਾ ਤਾਂ ਕੋਈ ਸਹਾਇਤਾ ਮਿਲਣੀ ਚਾਹੀਦੀ ਹੈ ਅਤੇ ਨਾ ਹੀ ਪਾਦਰੀਆਂ ਨੂੰ ਤੇ ਨਾ ਹੀ ਧਾਰਮਿਕ ਸੁਸਾਇਟੀਆਂ ਨੂੰ ਰਾਜ ਵਲੋਂ ਕਿਸੇ ਕਿਸਮ ਦੀ ਰਿਆਇਤ ਦੇਣੀ ਚਾਹੀਦੀ ਹੈ। ਇਹ ਸਮਾਨ ਵਿਚਾਰਾਂ ਵਾਲੇ ਨਾਗਰਿਕਾਂ ਦੀਆਂ ਪੂਰਨ ਤੌਰ 'ਤੇ ਆਜ਼ਾਦ ਸੰਸਥਾਵਾਂ ਬਣ ਜਾਣੀਆਂ ਚਾਹੀਦੀਆਂ ਹਨ, ਤੇ ਇਹ ਸੰਸਥਾਵਾਂ ਰਾਜ ਤੋਂ ਪੂਰੀ ਤਰ੍ਹਾਂ ਆਜ਼ਾਦ ਹੋਣ।

ਇਸੇ ਲੇਖ ਵਿਚ ਹੀ ਉਹ ਅੱਗੇ ਲਿਖਦੇ ਹਨ, ਸਾਡਾ ਸਾਰਾ ਪ੍ਰੋਗਰਾਮ ਮੁਕੰਮਲ ਤੌਰ 'ਤੇ ਵਿਗਿਆਨਕ ਅਤੇ ਇਸ ਤੋਂ ਇਲਾਵਾ ਭੌਤਿਕਵਾਦੀ ਸੰਸਾਰਕ ਨਜ਼ਰੀਏ ਉਤੇ ਆਧਾਰਿਤ ਹੈ। ਇਸ ਲਈ ਸਾਡੇ ਪ੍ਰੋਗਰਾਮ ਦੀ ਵਿਆਖਿਆ ਵਿਚ ਧਾਰਮਿਕ ਕੋਹਰੇ ਦੀ ਸੱਚੀ ਇਤਿਹਾਸਕ ਅਤੇ ਆਰਥਕ ਸਰੋਤਾਂ ਦੀ ਵਿਆਖਿਆ ਵੀ ਲਾਜ਼ਮੀ ਤੌਰ 'ਤੇ ਸ਼ਾਮਲ ਹੈ। ਸਾਡੇ ਪ੍ਰਚਾਰ ਕਾਰਜਾਂ ਵਿਚ ਅਨ-ਈਸ਼ਵਰਵਾਦ ਦਾ ਪ੍ਰਚਾਰ ਵੀ ਸ਼ਾਮਲ ਹੋਣਾ ਚਾਹੀਦਾ ਹੈ; ਲੋੜੀਂਦਾ ਵਿਗਿਆਨਕ ਸਾਹਿਤ ਵੀ ਅਤੇ ਉਸ ਦਾ ਪ੍ਰਕਾਸ਼ਨ ਵੀ।

ਫਿਰ ਉਹ 'ਧਰਮ ਪ੍ਰਤੀ ਮਜਦੂਰਾਂ ਦੀ ਪਾਰਟੀ ਦਾ ਰੁਖ' ਲੇਖ ਵਿਚ ਲਿਖਦੇ ਹਨ ਕਿ ਸਮਾਜਕ ਜਨਵਾਦ ਆਪਣਾ ਸੰਪੂਰਨ ਵਿਸ਼ਵ ਨਜ਼ਰੀਆ, ਵਿਗਿਆਨਕ ਸਮਾਜਵਾਦ ਭਾਵ ਮਾਰਕਸਵਾਦ 'ਤੇ ਆਧਾਰਿਤ ਕਰਦਾ ਹੈ। ਮਾਰਕਸਵਾਦ ਦਾ ਦਾਰਸ਼ਨਿਕ ਆਧਾਰ ਜਿਵੇਂ ਕਿ ਮਾਰਕਸ ਅਤੇ ਏਂਜਲਸ ਨੇ ਵਾਰ ਵਾਰ ਘੋਸ਼ਿਤ ਕੀਤਾ ਹੈ, ਦਵੰਦਵਾਦੀ ਭੌਤਿਕਵਾਦ ਹੈ। ਇਕ ਅਜਿਹਾ ਭੌਤਿਕਵਾਦ, ਜੋ ਪੂਰਨ ਤੌਰ 'ਤੇ ਅਨ-ਈਸ਼ਵਰਵਾਦੀ ਅਤੇ ਨਿਸ਼ਚਿਤ ਰੂਪ ਵਿਚ ਸਾਰੇ ਧਰਮਾਂ ਦੇ ਵਿਰੁਧ ਹੈ। ਇਸੇ ਹੀ ਲੇਖ ਵਿਚ ਉਹ ਅੱਗੇ ਲਿਖਦੇ ਹਨ, "ਮਾਰਕਸਵਾਦ, ਭੌਤਿਕਵਾਦ ਹੈ। ਇਸੇ ਕਾਰਨ ਇਹ ਧਰਮ ਦਾ ਉਨ੍ਹਾਂ ਹੀ ਨਿਰਦਈ ਦੁਸ਼ਮਣ ਹੈ, ਜਿੰਨਾ ਕਿ ਅਠਾਰਵੀਂ ਸਦੀ ਦੇ ਵਿਸ਼ਵ ਗਿਆਨੀ ਪੰਡਿਤਾਂ ਦਾ ਜਾਂ ਫਾਇਰਬਾਖ ਦਾ ਭੌਤਿਕਵਾਦ ਸੀ; ਪ੍ਰੰਤੂ ਮਾਰਕਸ ਅਤੇ ਏਂਜਲਸ ਦਾ ਦਵੰਦਵਾਤਮਿਕ ਭੌਤਿਕਵਾਦ ਵਿਸ਼ਵ ਗਿਆਨੀਆਂ ਅਤੇ ਫਾਇਰਬਾਖ ਤੋਂ ਵੀ ਅੱਗੇ ਨਿਕਲ ਜਾਂਦਾ ਹੈ, ਕਿਉਂਕਿ ਇਹ ਭੌਤਿਕਵਾਦੀ ਫਿਲਾਸਫੀ ਨੂੰ ਇਤਿਹਾਸ ਦੇ ਖੇਤਰ, ਸਮਾਜਕ ਵਿਗਿਆਨਾਂ ਦੇ ਖੇਤਰ ਵਿਚ ਵੀ ਲਾਗੂ ਕਰਦਾ ਹੈ। ਸਾਨੂੰ ਧਰਮ ਦੇ ਵਿਰੁਧ ਲੜਾਈ ਲੜਨੀ ਚਾਹੀਦੀ ਹੈ ਅਤੇ ਅਜਿਹਾ ਕਰਨ ਲਈ ਸਾਨੂੰ ਜਨਤਾ ਵਿਚ ਈਸ਼ਵਰ ਤੇ ਧਰਮ ਦੇ ਮੂਲ ਦੀ ਵਿਆਖਿਆ ਭੌਤਿਕਵਾਦੀ ਢੰਗ ਨਾਲ ਕਰਨੀ ਪਵੇਗੀ।"




ਉਹ ਅੱਗੇ ਮੈਕਿਸਿਮ ਗੋਰਕੀ ਨੂੰ ਲਿਖੇ ਇਕ ਪੱਤਰ ਵਿਚ ਲਿਖਦੇ ਹਨ, "ਈਸ਼ਵਰ-ਕਬੀਲੇ, ਰਾਸ਼ਟਰ, ਮਾਨਵਤਾ ਰਾਹੀਂ ਘੜੇ ਹੋਏ ਐਸੇ ਵਿਚਾਰਾਂ ਦਾ ਜਟਿਲ ਰੂਪ ਹੈ, ਜੋ ਸਮਾਜਕ ਅਨੁਭੂਤੀਆਂ ਨੂੰ ਸੰਗਠਿਤ ਅਤੇ ਜਾਗ੍ਰਿਤ ਕਰਦਾ ਹੈ। ਉਸ ਦਾ ਉਦੇਸ਼ ਹੁੰਦਾ ਹੈ, ਵਿਅਕਤੀ ਨੂੰ ਸਮਾਜ ਨਾਲ ਜੋੜਨਾ ਅਤੇ ਪਾਸ਼ਵਿਕ ਵਿਅਕਤੀਵਾਦ ਨੂੰ ਲਗਾਮ ਪਾਉਣਾ। ਤੁਹਾਡਾ ਇਹ ਸਿਧਾਂਤ ਸਪਸ਼ਟ ਤੌਰ 'ਤੇ ਗਲਤ ਅਤੇ ਪ੍ਰਤੀਕ੍ਰਿਆਵਾਦੀ ਹੈ।"

ਆਪਣੇ ਲੇਖ 'ਨੌਜਵਾਨ ਸੰਗਠਨਾਂ ਦੀ ਜ਼ਿੰਮੇਵਾਰੀ' ਵਿਚ ਲਿਖਦੇ ਹਨ ਕਿ ਮਾਰਕਸ ਨੇ ਆਪਣੀ ਫਲਾਸਫੀ ਨੂੰ ਪੂੰਜੀਵਾਦ ਅਧੀਨ ਇਕੱਠੇ ਕੀਤੇ ਮਨੁੱਖੀ ਗਿਆਨ ਦੀ ਮਜ਼ਬੂਤ ਨੀਂਹ ਉਤੇ ਖੜ੍ਹਾ ਕੀਤਾ ਸੀ। ਮਨੁੱਖੀ ਸਮਾਜ ਨੂੰ ਨਿਯਮਬੱਧ ਕਰਨ ਵਾਲੇ ਸਿਧਾਂਤਾਂ ਦਾ ਅਧਿਐਨ ਕਰਨ ਤੋਂ ਬਾਅਦ ਹੀ ਮਾਰਕਸ ਨੇ ਇਹ ਨਤੀਜਾ ਕਢਿਆ ਸੀ ਕਿ ਪੂੰਜੀਵਾਦ ਤੋਂ ਨਿਸ਼ਚਿਤ ਹੀ ਕਮਿਊਨਿਜ਼ਮ ਦਾ ਵਿਕਾਸ ਹੋਵੇਗਾ। ਸਭ ਤੋਂ ਮਹੱਤਵ ਦੀ ਗੱਲ ਇਹ ਹੈ ਕਿ ਮਾਰਕਸ ਨੇ ਪੂੰਜੀਵਾਦੀ ਸਮਾਜ ਦੇ ਗੰਭੀਰ, ਸੂਖਮ ਅਤੇ ਵਿਸਤਾਰਪੂਰਵਕ ਅਧਿਐਨ ਤੇ ਪਹਿਲੇ ਵਿਗਿਆਨ ਤੋਂ ਪ੍ਰਾਪਤ ਹੋਏ ਗਿਆਨ ਨੂੰ ਪਚਾਉਣ ਤੋਂ ਬਾਅਦ ਹੀ ਇਹ ਨਿਰਣੇ ਕੱਢੇ ਸਨ। ਮਨੁੱਖੀ ਸਮਾਜ ਰਾਹੀਂ ਰਚੇ ਸਾਰੇ ਕੁਝ ਨੂੰ ਲੈ ਕੇ ਮਾਰਕਸ ਨੇ ਉਸ ਦਾ ਅਜਿਹਾ ਆਲੋਚਨਾਤਮਕ ਪੁਨਰਗਠਨ ਕੀਤਾ ਕਿ ਜਿਸ ਵਿਚ ਕੋਈ ਵੀ ਗੱਲ ਨਹੀਂ ਛੱਡੀ। ਮਾਰਕਸ ਨੇ ਮਨੁੱਖੀ ਬੁੱਧੀ ਰਾਹੀਂ ਰਚੇ ਸਮੁੱਚੇ ਗਿਆਨ ਦਾ ਮੁੜ ਮੁਲੰਕਣ ਕੀਤਾ, ਉਸ ਦੀ ਪਰਖ ਕੀਤੀ, ਮਜ਼ਦੂਰਾਂ ਦੀ ਕ੍ਰਾਂਤੀ 'ਤੇ ਲਾਗੂ ਕਰਕੇ ਉਸ ਦੀ ਸੱਚਾਈ ਦਾ ਪਤਾ ਕੀਤਾ ਅਤੇ ਨਤੀਜੇ ਕੱਢੇ।

ਇਸੇ ਲੇਖ ਵਿਚ ਅੱਗੇ ਲਿਖਦੇ ਹਨ ਕਿ ਜੇ ਅਸੀਂ ਇਹ ਸਮਝਦੇ ਹਾਂ ਕਿ ਸਾਡਾ ਗਿਆਨ ਬਹੁਤ ਸੀਮਤ ਹੈ ਤਾਂ ਅਸੀਂ ਹੋਰ ਜਾਣਨ ਦੀ ਕੋਸ਼ਿਸ਼ ਕਰਾਂਗੇ; ਪਰ ਜੇ ਕੋਈ ਵਿਅਕਤੀ ਇਹ ਕਹਿੰਦਾ ਹੈ ਕਿ ਉਹ ਕਮਿਊਨਿਸਟ ਹੈ ਅਤੇ ਉਸ ਨੂੰ ਕਿਸੇ ਚੀਜ਼ ਨੂੰ ਚੰਗੀ ਤਰ੍ਹਾਂ ਜਾਣਨ ਦੀ ਲੋੜ ਨਹੀਂ ਹੈ ਤਾਂ ਉਹ ਕਦੇ ਵੀ ਕਮਿਊਨਿਸਟ ਨਹੀਂ ਬਣ ਸਕਦਾ।

ਇਸ ਲੰਮੀ ਚਰਚਾ ਪਿਛੋਂ ਮਾਰਕਸ ਅਤੇ ਮਾਰਕਸਵਾਦ ਦੇ ਧਰਮ ਪ੍ਰਤੀ ਵਿਚਾਰਾਂ ਬਾਰੇ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਕਾਰਲ ਮਾਰਕਸ ਪਰਮਾਤਮਾ ਦੀ ਹੋਂਦ ਬਾਰੇ ਪੂਰੀ ਦ੍ਰਿੜਤਾ ਨਾਲ ਇਨਕਾਰੀ ਹੈ। ਉਹ ਸਿਰਫ ਇਸਾਈ ਧਰਮ ਅਤੇ ਉਸ ਦੇ ਕਰਮ ਕਾਂਡ ਬਾਰੇ ਹੀ ਜਾਣਦਾ ਸੀ। ਉਸ ਨੂੰ ਦੂਜੇ ਕਿਸੇ ਵੀ ਹੋਰ ਧਰਮ ਬਾਰੇ ਕੋਈ ਜਾਣਕਾਰੀ ਨਹੀਂ ਸੀ ਅਤੇ ਨਾ ਹੀ ਇਸ ਬਾਰੇ ਕੁਝ ਜਾਣਨ ਦੀ ਖੇਚਲ ਹੀ ਕੀਤੀ, ਕਿਉਂਕਿ ਇਹ ਉਸ ਦਾ ਵਿਸ਼ਾ ਹੀ ਨਹੀਂ ਸੀ। ਉਹ ਤਾਂ ਸਮਾਜਕ, ਰਾਜਨੀਤਕ ਅਤੇ ਆਰਥਕ ਮਸਲਿਆਂ 'ਤੇ ਹੀ ਆਪਣਾ ਧਿਆਨ ਕੇਂਦਰਿਤ ਕਰਨਾ ਚਾਹੁੰਦਾ ਸੀ। ਉਨ੍ਹਾਂ ਹੀ ਵਿਚਾਰਾਂ ਅਨੁਸਾਰ ਸਾਰੀ ਦੁਨੀਆਂ ਦੇ ਕਮਿਊਨਿਸਟ ਅਮਲ ਕਰਦੇ ਹਨ। ਇਸ ਤੋਂ ਵੱਖਰਾ ਉਹ ਸੋਚਣਾ ਵੀ ਨਹੀਂ ਚਾਹੁੰਦੇ ਅਤੇ ਨਾ ਹੀ ਵਿਚਾਰ ਕਰਨਾ ਚਾਹੁੰਦੇ ਹਨ, ਕਿਉਂਕਿ ਉਹ ਧਰਮ ਨੂੰ ਲੋਕਾਂ ਲਈ ਅਫੀਮ ਕਹਿੰਦੇ ਹਨ, ਜੇਹਾ ਕਿ ਕਾਰਲ ਮਾਰਕਸ ਨੇ ਉਨ੍ਹਾਂ ਨੂੰ ਦਸਿਆ ਸੀ।

ਰੂਸੀ ਇਨਕਲਾਬ ਦੇ ਸੌ ਸਾਲ ਪੂਰੇ ਹੋ ਜਾਣ ਬਾਅਦ ਅਤੇ ਉਸ ਦੇ ਸਿਟਿਆਂ ਦਾ ਮੁਲੰਕਣ ਕਰਨ ਲਈ ਇੰਨਾ ਸਮਾਂ ਬਹੁਤ ਹੈ। ਰੂਸੀ ਇਨਕਲਾਬ ਪਿਛੋਂ ਇਸ ਦਾ ਪ੍ਰਭਾਵ ਕਾਫੀ ਦੇਸ਼ਾਂ 'ਤੇ ਪਿਆ। ਦੁਨੀਆਂ ਦੋ ਧੜਿਆਂ ਵਿਚ ਵੰਡੀ ਗਈ ਅਤੇ ਉਨ੍ਹਾਂ ਧੜਿਆਂ ਵਿਚ ਕਾਫੀ ਸੰਘਰਸ਼ ਪੈਦਾ ਹੋ ਗਿਆ, ਜੋ ਅੱਜ ਤੱਕ ਵੀ ਠੰਡੀ ਜੰਗ ਦੀ ਸ਼ਕਲ ਵਿਚ ਜਾਰੀ ਹੈ; ਪਰ ਸਮਾਂ ਗੁਜ਼ਰਨ ਨਾਲ ਸਮਾਜਵਾਦੀ ਦੇਸ਼ ਆਪਣੇ ਸਿਧਾਂਤਾਂ ਤੋ ਥਿੜਕਣ ਲੱਗ ਪਏ ਅਤੇ ਆਖਿਰ ਸੋਵੀਅਤ ਯੂਨੀਅਨ ਵੀ ਕਈ ਆਜ਼ਾਦ ਦੇਸ਼ਾਂ ਵਿਚ ਟੁੱਟ ਕੇ ਖਿਲਰ ਗਈ। ਦੋ ਹਿਸਿਆਂ ਵਿਚ ਵੰਡੇ ਜਰਮਨ ਅਤੇ ਵੀਅਤਨਾਮ ਵੀ ਇਕ ਹੋ ਗਏ ਤੇ ਕੋਰੀਆ ਵੀ ਇਕੱਠਾ ਹੋਣ ਦੇ ਰਾਹ 'ਤੇ ਹੈ-ਦੇਰ ਸਵੇਰ ਇਕ ਹੋ ਜਾਵੇਗਾ, ਕਿਉਂਕਿ ਕੌਮ ਦੀ ਭਾਵਨਾ ਮਜ਼ਬੂਤ ਡੋਰ ਹੁੰਦੀ ਹੈ, ਜੋ ਕੌਮ ਨੂੰ ਇਕੱਠਾ ਰੱਖਣ ਵਿਚ ਬਹੁਤ ਸਹਾਇਕ ਹੁੰਦੀ ਹੈ। ਫਿਰ ਸਮਾਜਵਾਦੀ ਦੇਸ਼ਾਂ ਵਿਚ ਵੀ ਪੂੰਜੀ ਅਤੇ ਸਾਧਨਾਂ ਦੀ ਬਰਾਬਰ ਵੰਡ ਨਹੀਂ ਹੋ ਸਕੀ ਅਤੇ ਨਿੱਜੀ ਜਾਇਦਾਦ ਦਾ ਸੰਕਲਪ ਵੀ ਖਤਮ ਨਹੀਂ ਹੋ ਸਕਿਆ, ਸਗੋਂ ਇਕ ਹੋਰ ਕਿਸਮ ਦਾ ਅਮੀਰ ਵਰਗ ਪੈਦਾ ਹੋ ਗਿਆ, ਜਿਸ ਨੇ ਸਾਧਨਾਂ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਮਜ਼ਦੂਰ ਵਰਗ ਦੀ ਹਾਲਤ ਵਿਚ ਵੀ ਬਹੁਤਾ ਸੁਧਾਰ ਨਾ ਹੋ ਸਕਿਆ ਅਤੇ ਪੂੰਜੀਵਾਦੀ ਰੁਚੀਆਂ ਸਿਰ ਚੁੱਕਣ ਲੱਗੀਆਂ। ਇਕ ਨਵੀਂ ਕਿਸਮ ਦਾ ਪੂੰਜੀਵਾਦ ਪੈਦਾ ਹੋ ਗਿਆ।

ਚੀਨ ਅੱਜ ਦੇ ਸਮੇਂ ਵਿਚ ਅਮਰੀਕਾ ਤੋਂ ਬਾਅਦ ਦੂਜੇ ਨੰਬਰ ਦਾ ਪੂੰਜੀਪਤੀ ਦੇਸ਼ ਹੈ, ਜੋ ਅਮਰੀਕਾ ਨੂੰ ਹਰ ਖੇਤਰ ਵਿਚ ਟੱਕਰ ਦੇ ਰਿਹਾ ਹੈ। ਉਥੇ ਵੀ ਨਵਾਂ ਪੂਜੀਪਤੀ ਵਰਗ ਪੈਦਾ ਹੋ ਚੁਕਾ ਹੈ, ਜੋ ਪੂੰਜੀਵਾਦੀ ਢੰਗ ਨਾਲ ਹੀ ਵੱਡੇ-ਵੱਡੇ ਅਦਾਰੇ ਖੜ੍ਹੇ ਕਰ ਰਿਹਾ ਹੈ। ਉਥੇ ਵੀ ਕਿਸਾਨਾਂ ਅਤੇ ਮਜ਼ਦੂਰਾਂ ਦਾ ਸ਼ੋਸ਼ਣ ਖਤਮ ਨਹੀਂ ਹੋ ਸਕਿਆ। ਜਿਸ ਧਰਮ ਦੇ ਵਿਰੋਧ ਵਿਚ ਬੜੀ ਸਖਤ ਲਾਮਬੰਦੀ ਕੀਤੀ ਸੀ, ਉਸ ਤੋਂ ਵੀ ਲੋਕਾਂ ਦਾ ਮੋਹ ਭੰਗ ਨਹੀਂ ਹੋ ਸਕਿਆ। ਪੁਰਾਣੇ ਚਰਚ ਤਾਂ ਖਤਮ ਨਹੀਂ ਹੋਏ, ਸਗੋਂ ਨਵੇਂ ਚਰਚ ਵੀ ਬਣਨੋਂ ਨਹੀਂ ਰੁਕ ਸਕੇ। ਰੂਸ ਵਿਚ ਅੱਜ ਵੀ ਧਰਮ ਆਪਣੀ ਥਾਂ ਕਾਇਮ ਹੈ ਅਤੇ ਚੀਨ ਵਿਚ ਵੀ ਬੁੱਧ ਧਰਮ ਦਾ ਪ੍ਰਭਾਵ ਨਹੀਂ ਘਟਿਆ। ਲੋਕਾਂ ਦੇ ਮਨਾਂ ਵਿਚੋਂ ਧਰਮ ਦੀ ਖਿੱਚ ਅਤੇ ਪ੍ਰਭਾਵ ਘਟਾਇਆ ਨਹੀਂ ਜਾ ਸਕਿਆ। ਸਾਰੇ ਹੀ ਸਮਾਜਵਾਦੀ ਦੇਸ਼ਾਂ ਵਿਚ ਥੋੜ੍ਹੇ ਬਹੁਤ ਫਰਕ ਨਾਲ ਏਹੀ ਸਥਿਤੀ ਹੈ। ਸਾਰੇ ਹੀ ਸਮਾਜਵਾਦੀ ਦੇਸ਼ਾਂ ਵਿਚ ਵੀ ਪੂੰਜੀਵਾਦ ਪੈਰ ਪਸਾਰ ਰਿਹਾ ਹੈ।

ਜੇ ਭਾਰਤ ਦੀ ਗੱਲ ਕਰੀਏ ਤਾਂ ਕਮਿਊਨਿਸਟ ਪਾਰਟੀ ਦੇਸ਼ ਦੀ ਸਭ ਤੋਂ ਵੱਡੀ ਵਿਰੋਧੀ ਧਿਰ ਹੁੰਦੀ ਸੀ। ਦੇਸ਼ ਦੇ ਕਾਫੀ ਹਿੱਸੇ 'ਤੇ ਇਸ ਦੀਆਂ ਸਰਕਾਰਾਂ ਵੀ ਸਨ, ਪਰ ਹੁਣ ਸਥਿਤੀ ਇਹ ਹੈ ਕਿ ਵੱਖ ਵੱਖ ਧੜਿਆਂ ਵਿਚ ਵੰਡੀ ਇਹ ਪਾਰਟੀ ਕਿਤੇ ਭਾਲਿਆਂ ਵੀ ਨਹੀਂ ਲੱਭਦੀ। ਕਾਰਨ ਇਹੀ ਕਿ ਸਿਧਾਂਤ ਤੋਂ ਭਟਕਣ ਕਰਕੇ ਪੂੰਜੀਵਾਦੀ ਰੁਚੀਆਂ 'ਤੇ ਕਾਬੂ ਨਹੀਂ ਰੱਖ ਸਕੀ ਅਤੇ ਪੂੰਜੀਵਾਦੀ ਸਿਸਟਮ ਦਾ ਹਿੱਸਾ ਬਣ ਕੇ ਰਹਿ ਗਈ। ਲੋਕਾਂ ਦਾ ਇਸ ਪਾਰਟੀ ਅਤੇ ਇਸ ਦੇ ਸਿਧਾਂਤਾਂ ਤੋਂ ਮੋਹ ਭੰਗ ਹੋ ਗਿਆ। ਧਰਮ ਦੇ ਅੰਨੇ ਵਿਰੋਧ ਦੀ ਭਾਵਨਾ ਕਾਰਨ ਧਰਮ ਤੋਂ ਮੁਨਕਰ ਹੋ ਕੇ ਨਾਸਤਿਕ ਹੋਣ ਦਾ ਦਾਅਵਾ ਕਰਨ ਲੱਗੀ, ਪਰ ਹਿੰਦੂ ਧਰਮ ਦੀ ਸਭ ਤੋਂ ਭੈੜੀ ਪ੍ਰਥਾ ਜਾਤ-ਪਾਤ ਤੋਂ ਖਹਿੜਾ ਨਾ ਛੁਡਾ ਸਕੀ। ਧਰਮ ਨੂੰ ਛੱਡ ਦਿੱਤਾ, ਪਰ ਜਾਤ ਅਤੇ ਗੋਤ ਨਹੀਂ ਛੱਡੇ, ਬੜੇ ਮਾਣ ਨਾਲ ਆਪਣੀ ਜਾਤੀ ਨੂੰ ਪ੍ਰਚਾਰਦੇ ਰਹੇ ਤੇ ਲੋਕ ਮਸਲਿਆਂ ਤੋਂ ਪਿੱਠ ਫੇਰ ਲਈ। ਧਰਮ ਨਿਰਪੱਖਤਾ ਦੇ ਨਾਂ ਹੇਠ ਕਾਂਗਰਸ ਦੇ ਪਿਛੱਲਗ ਬਣ ਕੇ ਰਹਿ ਗਏ। ਹਰ ਮਸਲੇ ਨੂੰ ਇਸੇ ਸੌੜੀ ਰਾਜਨੀਤੀ ਅਨੁਸਾਰ ਹੀ ਸਮਝਦੇ ਅਤੇ ਪਰਖਦੇ ਰਹੇ; ਕਿਸੇ ਵੀ ਲੋਕ ਪੱਖੀ ਮਸਲੇ 'ਤੇ ਨਿਰਪੱਖ ਰਾਏ ਨਾ ਪ੍ਰਗਟ ਕਰ ਸਕੇ, ਜਿਸ ਕਰਕੇ ਇਨ੍ਹਾਂ ਦੀ ਲੋਕਪ੍ਰਿਅਤਾ ਖਤਮ ਹੋ ਗਈ ਅਤੇ ਇਹ ਪਾਰਟੀ ਹਾਸ਼ੀਏ 'ਤੇ ਪਹੁੰਚ ਗਈ। ਹੁਣ ਸਥਿਤੀ ਇਹ ਹੈ ਕਿ ਲੋਕ ਕਹਿੰਦੇ ਹਨ ਕਿ ਪੁਰਾਣੇ ਕਾਮਰੇਡ ਤਾਂ ਮਰ ਜਾਣਗੇ, ਪਰ ਨਵੇਂ ਹੋਰ ਪੈਦਾ ਨਹੀਂ ਹੋਣਗੇ।

ਇਹੋ ਸਥਿਤੀ ਪੰਜਾਬ ਵਿਚ ਹੈ। ਨਾਂ ਨਾਲੋਂ ਸਿੰਘ ਜਾਂ ਕੁਮਾਰ ਤਾਂ ਲਾਹ ਦਿੱਤਾ, ਪਰ ਜਾਤ ਅਤੇ ਗੋਤ ਕਾਇਮ ਰੱਖੇ। ਇਹ ਕਿਸ ਕਿਸਮ ਦੀ ਨਾਸਤਿਕਤਾ ਹੈ? ਸਮਝ ਤੋਂ ਪਰੇ ਹੈ! ਉਸੇ ਹੀ ਕਿਸਮ ਦੇ ਵਿਅਕਤੀ ਤਰਕਸ਼ੀਲ ਲਹਿਰ ਵਿਚ ਕੰਮ ਕਰਦੇ ਹਨ। ਉਹ ਵੀ ਜਾਤ ਅਤੇ ਗੋਤ ਦੀ ਬੜੇ ਮਾਣ ਨਾਲ ਵਰਤੋਂ ਕਰਦੇ ਹਨ, ਜਦੋਂ ਕਿ ਵਿਸ਼ੇਸ਼ ਤੌਰ 'ਤੇ ਸਿੱਖ ਧਰਮ ਵਿਚ ਜਾਤ-ਪਾਤ ਅਤੇ ਗੋਤ ਪਰਵਾਣ ਨਹੀਂ ਹੈ। ਇਸ ਨੂੰ ਉਨ੍ਹਾਂ ਦੀ ਨਾਸਮਝੀ ਮੰਨਿਆ ਜਾਵੇ ਜਾਂ ਢੀਠਤਾਈ! ਉਹ ਹਰ ਕਿਸਮ ਦੇ ਸਾਹਿਤ ਦੀ ਅਲੋਚਨਾ ਮਾਰਕਸਵਾਦ ਦੇ ਮੀਟਰ ਨਾਲ ਹੀ ਕਰਦੇ ਹਨ। ਜੋ ਇਸ ਮੀਟਰ ਅਨੁਸਾਰ ਹੈ, ਉਹ ਸਹੀ, ਬਾਕੀ ਸਭ ਗਲਤ। ਕੀ ਇਸ ਨੂੰ ਸਹੀ ਅਤੇ ਵਿਗਿਆਨਕ ਕਿਹਾ ਜਾ ਸਕਦਾ ਹੈ? ਕੀ ਮਾਰਕਸਵਾਦ ਹੀ ਅੰਤਿਮ ਸੱਚਾਈ ਹੈ?

ਡਾ. ਗੋਬਿੰਦਰ ਸਿੰਘ ਨੇ, ਜਪੁ ਜੀ ਸਾਹਿਬ ਦਾ ਟੀਕਾ ਤਾਂ ਨਹੀਂ ਕਿਹਾ ਜਾ ਸਕਦਾ, ਪਰ ਆਲੋਚਨਾ ਕੀਤੀ ਹੈ। ਮਾਰਕਸਵਾਦ ਦੀ ਪਹੁੰਚ ਮੁਤਾਬਿਕ ਹੀ ਸਿੱਟੇ ਕੱਢੇ ਹਨ, ਜਦੋਂ ਕਿ ਜਪੁਜੀ ਸਾਹਿਬ ਸਿੱਖ ਧਰਮ ਦਾ ਪਹਿਲਾ ਅਤੇ ਮੂਲ ਸਿਧਾਂਤ ਹੈ। ਇਸੇ ਸਿਧਾਂਤ ਅਨੁਸਾਰ ਹੀ ਸਾਰਾ ਗੁਰੂ ਗ੍ਰੰਥ ਸਾਹਿਬ ਅਤੇ ਉਸ ਵਿਚਲੀਆਂ ਬਾਣੀਆਂ ਹਨ। ਸਾਰੇ ਹੀ ਗੁਰੂ ਸਾਹਿਬਾਨ ਆਪਣੇ ਆਪ ਨੂੰ ਨਾਨਕ ਲਿਖਦੇ ਹਨ। ਉਹ ਆਪਣਾ ਨਿੱਜੀ ਨਾਮ ਨਾ ਵਰਤ ਕੇ ਆਪਣੇ ਆਪ ਨੂੰ ਨਾਨਕ ਹੀ ਕਹਿੰਦੇ ਅਤੇ ਲਿਖਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਜੋ ਵੀ ਭਗਤਾਂ ਅਤੇ ਸਿੱਖਾਂ ਦੀ ਬਾਣੀ ਦਰਜ ਹੈ, ਉਹ ਇਸ ਸਿਧਾਂਤ 'ਤੇ ਹੀ ਪਹਿਰਾ ਦਿੰਦੀ ਹੈ। ਜੋ ਬਾਣੀ ਇਸ ਸਿਧਾਂਤ ਅਨੁਸਾਰ ਨਹੀਂ ਸੀ, ਉਹ ਦਰਜ ਨਹੀਂ ਕੀਤੀ ਗਈ-ਭਾਵ ਸਾਰਾ ਗੁਰੂ ਗ੍ਰੰਥ ਸਾਹਿਬ ਇੱਕ ਹੀ ਸਿਧਾਂਤ ਅਨੁਸਾਰ ਹੈ। ਇਸ ਵਿਚ ਵੱਖ-ਵੱਖ ਸਿਧਾਂਤ ਨਹੀਂ ਹਨ।

ਜੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਹੀ ਇਕ ਇਕਾਈ ਮੰਨਿਆ ਜਾਵੇ ਤਾਂ ਉਨ੍ਹਾਂ ਨੇ ਜਪੁ ਜੀ ਸਾਹਿਬ ਤੋਂ ਬਿਨਾ ਹੋਰ ਵੀ ਕਾਫੀ ਬਾਣੀ ਉਚਾਰਨ ਕੀਤੀ ਹੈ। ਕੀ ਉਨ੍ਹਾਂ ਦੇ ਸਾਰੇ ਹੀ ਸ਼ਬਦਾਂ ਅਤੇ ਲੰਮੀਆਂ ਬਾਣੀਆਂ ਨੂੰ ਵੱਖ-ਵੱਖ ਮੰਨਿਆ

*(ਬਾਕੀ ਅਗਲੇ ਸਫੇ 'ਤੇ)*

# ਸਿੱਖ ਜੀ! ਵਾਸਤਾ ਏ, ਜਾਗੋ ਅਤੇ ਅੱਗੇ ਵਧੋ

## ਪਾਠਕਾਂ ਦਾ ਪੰਨਾ

'ਪੰਜਾਬ ਟਾਈਮਜ਼' ਵਿਚ ਪਿਛਲੇ ਕੁਝ ਮਹੀਨਿਆਂ ਦੌਰਾਨ ਛਪ ਰਹੇ ਵਿਚਾਰਾਂ ਨੂੰ ਪਾਠਕਾਂ ਤੋਂ ਬਹੁਤ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਕੈਲੀਫੋਰਨੀਆ, ਇੰਡੀਆਨਾ, ਸ਼ਿਕਾਗੋਲੈਂਡ, ਮਿਸ਼ੀਗਨ ਅਤੇ ਨਿਊ ਯਾਰਕ ਸਮੇਤ ਹੋਰਨਾਂ ਸਟੇਟਾਂ ਤੋਂ ਪਾਠਕ ਲਗਾਤਾਰ ਲਿਖਤਾਂ ਪੜ੍ਹ ਰਹੇ ਹਨ। ਉਹ ਆਪੋ-ਆਪਣੇ ਵੱਟਸਐਪ ਗਰੁੱਪਾਂ ਵਿਚ ਸ਼ੇਅਰ ਵੀ ਕਰ ਰਹੇ ਹਨ। ਮਿਸ਼ੀਗਨ ਤੋਂ ਇਕ ਪਾਠਕ ਪਰਮਜੀਤ ਸਿੰਘ ਹਰ ਹਫਤੇ ਮੋਬਾਈਲ ਫੋਨ 'ਤੇ ਵੀ ਸਿੱਖਾਂ ਨਾਲ ਬਾਵਸਤਾ ਮਸਲਿਆਂ 'ਤੇ ਗੱਲ ਕਰਦੇ ਹਨ। ਇਹ ਉਨ੍ਹਾਂ ਦੀ ਮੌਜੂਦਾ ਸਿੱਖ ਧਰਮ ਪ੍ਰਬੰਧਨ ਵਿਚ ਆਈ ਗਿਰਾਵਟ ਪ੍ਰਤੀ ਚਿੰਤਾ ਨੂੰ ਦਰਸਾਉਂਦਾ ਹੈ। ਹਰ ਕੋਈ ਚਾਹੁੰਦਾ ਹੈ ਕਿ ਇਸ ਗੰਭੀਰ ਮਸਲੇ 'ਤੇ ਕੋਈ ਪਹਿਲਕਦਮੀ ਵੀ ਕੀਤੀ ਜਾਵੇ। ਉਹ ਨਹੀਂ ਚਾਹੁੰਦੇ ਕਿ ਜਿਵੇਂ ਮੌਜੂਦਾ ਦੌਰ ਵਿਚ ਸਿੱਖ ਮਸਲਿਆਂ 'ਤੇ ਵੱਡੇ-

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਵੱਡੇ ਨਾਮੀ ਲਿਖਾਰੀਆਂ ਵੱਲੋਂ ਵੱਡੀਆਂ-ਵੱਡੀਆਂ ਲਿਖਤੀ ਬਹਿਸਾਂ ਹੁੰਦੀਆਂ ਹਨ, ਪਰ ਅਖੀਰ ਵਿਚ ਚੁੱਪ ਪਸਰ ਜਾਂਦੀ ਹੈ। ਮੇਰਾ ਅੰਦਾਜ਼ਾ ਹੈ ਕਿ ਉਹ ਵੀ ਮੇਰੇ ਵਾਂਗ ਪਹਿਲਾਂ ਹੀ ਬਹੁਤ ਦੇਰ ਹੋ ਗਈ ਹੈ, ਵਾਂਗ ਸੋਚਦੇ ਹਨ। ਉਹ ਬਿਲਕੁਲ ਸਹੀ ਤੇ ਸਟੀਕ ਵਿਚਾਰਾਂ ਦੇ ਧਾਰਨੀ ਹਨ।

ਮਾਹੌਲ ਇੰਨਾ ਗੰਧਲਾ ਤੇ ਗੁੰਝਲਦਾਰ ਹੋ ਗਿਆ ਹੈ ਕਿ ਸਮੱਸਿਆ ਦਾ ਨਾ ਤਾਂ ਸਿਰਾ ਨਜ਼ਰ ਆ ਰਿਹਾ, ਨਾ ਹੀ ਅੰਤਲਾ ਸ਼ੋਰ। ਹਿੰਦੂ ਧਰਮ ਨੇ ਕਰਮ ਕਾਂਡਾਂ ਦੇ ਜ਼ਰੀਏ ਸਿੱਖ ਧਰਮ ਨੂੰ ਆਪਣੀ ਗ੍ਰਿਫਤ ਵਿਚ ਇੰਜ ਲੈ ਲਿਆ ਹੈ ਕਿ ਪਹਿਲਾਂ ਤਾਂ ਸਹੀ ਸਿੱਖ ਦੀ ਖੋਜ ਕਰਨਾ ਹੀ ਔਖਾ ਹੋ ਗਿਆ ਹੈ। ਵਿਖਾਵੇ ਵਿਚ ਜੋ ਸਿੱਖ ਨਜ਼ਰ ਆਉਂਦੇ ਹਨ, ਪਰ ਉਹ ਵੀ ਤੁਹਾਡੀ ਗੱਲ ਸੁਣਨ ਨੂੰ ਤਿਆਰ ਨਹੀਂ ਹੋਣਗੇ, ਉਨ੍ਹਾਂ 'ਚ ਹਿੰਦੂ ਧਰਮ ਤੇ ਉਸ ਦੀਆਂ ਧਾਰਨਾਵਾਂ ਇੰਨੀ ਗਹਿਰਾਈ ਵਿਚ ਰਮ ਗਈਆਂ ਹਨ ਕਿ ਉਹ ਜਦੋਂ ਕਿਤੇ ਕੋਈ ਵਿਸ਼ੇਸ਼ ਮੌਕਾ ਆ ਜਾਏ ਤਾਂ ਕਹਿੰਦੇ ਹਨ, 'ਹਮ ਹਿੰਦੂ ਨਹੀਂ।' ਪਰ ਅਕੀਦੇ ਵਿਚ ਉਹ ਹਿੰਦੂਆਂ ਨਾਲੋਂ ਵੀ ਵੱਧ ਕਰਮ ਕਾਂਡੀ ਬਣ ਗਏ ਹਨ। ਹੁਣ ਹਿੰਦੁਸਤਾਨ ਵਿਚ ਸਿੱਖ ਤੇ ਹਿੰਦੂ ਧਰਮ ਦੀ ਇਕ ਅਜਿਹੀ ਖਿਚੜੀ ਪੱਕ ਗਈ ਹੈ, ਜਦੋਂ ਹਿੰਦੂ ਆਪਣੀ ਥਾਲੀ ਵਿਚ ਪਰੋਸਦਾ ਹੈ ਤਾਂ ਹਿੰਦੂ ਧਰਮ ਲੱਗਦਾ ਹੈ ਅਤੇ ਜਦੋਂ ਸਿੱਖ ਆਪਣੀ ਥਾਲੀ ਵਿਚ ਪਰੋਸਦਾ ਹੈ ਤਾਂ ਉਹ ਸਿੱਖ ਧਰਮ ਹੀ ਲੱਗਦਾ ਹੈ।

ਪੰਦਰਵੀਂ ਸਦੀ ਦੌਰਾਨ, ਜਦੋਂ ਸਿੱਖ ਧਰਮ ਜਨਮਦਾ ਹੈ ਅਤੇ ਜੜ੍ਹਾਂ ਪਕੜਨ ਲੱਗਦਾ ਹੈ ਤਾਂ ਉਸ ਵਕਤ ਦੇ ਹਿੰਦੂ ਧਰਮ ਦੇ ਪ੍ਰਬੰਧਕਾਂ ਨੂੰ ਇਹ ਸਭ ਇੰਨਾ ਨਾਗਵਾਰ ਗੁਜ਼ਰਦਾ ਹੈ ਕਿ ਉਹ ਬਿਨਾ ਕੋਈ ਵਕਤ ਗੁਆਏ ਨਵਜੰਮੇ 'ਸਿੱਖ' ਅਤੇ 'ਸਿੱਖ ਧਰਮ' ਨੂੰ ਸਮੂਲ ਨਾਸ਼ ਕਰਨ ਦੀਆਂ ਵਿਉਂਤਾਂ ਬਣਾਉਣ ਲੱਗ ਪੈਂਦੇ ਹਨ। ਉਹ ਫੌਰੀ ਤੌਰ 'ਤੇ ਕੁਝ ਨਹੀਂ ਕਰ ਪਾਉਂਦੇ, ਕਿਉਂਕਿ ਤਾਜ਼ਾ ਚੋਟਾਂ ਖਾਈ ਬੈਠੇ ਹਿੰਦੂ ਧਰਮ ਗੁਰੂਆਂ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਨਾਨਕ ਦੇ ਹੁੰਦਿਆਂ ਇਹ ਖੇਡ ਖੇਡਣੀ ਸੌਖਾ ਕੰਮ ਨਹੀਂ। ਇਸ ਲਈ ਉਹ ਅੰਦਰਖਾਤੇ ਗੁੱਝੀਆਂ ਰਮਜ਼ਾਂ ਦੀ ਗੋਂਦ ਰਚਣੀ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਜੇ ਉਨ੍ਹਾਂ ਨੇ ਫੌਰਨ ਸਿੱਖ ਧਰਮ ਦੀ ਕਾਟ ਨਾ ਲੱਭੀ ਤਾਂ ਹਿੰਦੂ ਧਰਮ ਨੂੰ ਵੱਡਾ ਖੋਰਾ ਲੱਗਣਾ ਨਿਸ਼ਚਿਤ ਹੈ। ਉਹ ਔਖੇ-ਸੌਖੇ ਹੋ ਕੇ ਜਿਵੇਂ ਤਿਵੇਂ ਸਹੀ ਮੌਕੇ ਦਾ ਇੰਤਜ਼ਾਰ ਕਰਨ ਲੱਗ ਪਏ। ਉਨ੍ਹਾਂ ਨੇ ਪਹਿਲ ਕੀਤੀ, ਗੁਰੂ ਨਾਨਕ ਦੇ ਸਪੁੱਤਰ ਸ੍ਰੀ ਚੰਦ ਨੂੰ ਤਪੀ ਬਣਾਉਂਦੇ ਹੋਏ ਸ਼ਿਵਜੀ ਦਾ ਅਵਤਾਰ ਕਹਿ ਕੇ, ਜਦੋਂ ਕਿ ਗੁਰੂ ਨਾਨਕ ਸਾਹਿਬ ਨੇ ਹਿੰਦੂ ਧਰਮ ਅਤੇ ਇਸ ਦੇ ਤੇਤੀ ਕਰੋੜ ਦੇਵੀਆਂ-ਦੇਵਤਿਆਂ ਦੀ ਹੋਂਦ ਨੂੰ ਨਕਾਰਦਿਆਂ 'ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ...ਨਾਨਕ ਹੋਸੀ ਭੀ ਸੱਚ॥' ਆਪਣੇ ਮੁਖਾਰਬਿੰਦ ਤੋਂ ਉਚਾਰਿਆ।

ਗੁਰੂ ਨਾਨਕ ਵੀ ਆਪਣੀਆਂ ਉਦਾਸੀਆਂ ਸੰਪਨ ਕਰਕੇ ਕਰਤਾਰਪੁਰ ਹੀ ਰਹਿਣ ਲੱਗ ਪਏ ਸਨ। ਉਨ੍ਹਾਂ ਨੇ ਸਿੱਖਾਂ ਨੂੰ ਜੋ 'ਕਿਰਤ' ਕਰਨ ਦਾ ਸੁਨੇਹਾ ਦਿੱਤਾ ਸੀ ਤੇ ਖੁਦ ਅਮਲ ਕਰਦਿਆਂ ਖੇਤੀਬਾੜੀ ਕਰਨ ਦਾ ਫੈਸਲਾ ਲਿਆ, ਤਾਂ ਕਿ ਨਾਨਕ ਦੀ ਕਹਿਣੀ ਤੇ ਕਰਨੀ ਵਿਚ ਕੋਈ ਫਰਕ ਨਜ਼ਰ ਨਾ ਆਏ। ਇੱਥੇ ਹੀ ਗੁਰੂ ਨਾਨਕ ਨੇ ਆਪਣੀ 'ਵੰਡ ਛਕੋ' ਵਾਲੀ ਸਿਖਿਆ ਵੀ ਹਕੀਕਤ ਵਿਚ ਸੱਚ ਕਰ ਵਿਖਾਈ। ਉਹ ਜੋ ਵੀ ਖੇਤੀਬਾੜੀ ਦੀ ਕਿਰਤ ਤੋਂ ਕਮਾਉਂਦੇ, ਉਸ ਨਾਲ ਉਨ੍ਹਾਂ ਨੇ ਆਪਣੇ ਗ੍ਰਹਿ ਵਿਖੇ ਲੰਗਰ ਦੀ ਸ਼ੁਰੂਆਤ ਕੀਤੀ ਤੇ 'ਵੰਡ ਛਕੋ' ਦਾ ਉਪਦੇਸ਼ ਵੀ ਸੱਚ ਕਰ ਵਿਖਾਇਆ। ਉਹ ਸਿੱਖ ਧਰਮ ਦੇ ਪ੍ਰਸਾਰ ਤੇ ਪ੍ਰਚਾਰ ਲਈ ਸਵੇਰੇ-ਸ਼ਾਮ ਸੰਗਤ ਵੀ ਕਰਦੇ ਹੁੰਦੇ ਸਨ, ਪਰ ਉਨ੍ਹਾਂ ਨੇ ਕਦੇ ਵੀ ਇਸ ਕਾਰਜ ਨੂੰ ਆਪਣਾ ਕਸਬ ਨਹੀਂ ਬਣਾਇਆ। ਉਨ੍ਹਾਂ ਨੇ ਸਰਬੱਤ, ਜੋ ਵੀ ਉਨ੍ਹਾਂ ਦੇ ਸੰਪਰਕ ਵਿਚ ਆਇਆ, ਨਾਲ ਆਪਣਾ ਗਿਆਨ ਸਾਂਝਾ ਕੀਤਾ, ਪਰ ਕਿਸੇ ਨੂੰ ਜ਼ੋਰ ਨਾਲ ਪ੍ਰਭਾਵਿਤ ਕਰਨ ਦਾ ਯਤਨ ਨਹੀਂ ਕੀਤਾ। ਉਨ੍ਹਾਂ ਦੇ ਪੈਰੋਕਾਰਾਂ ਵਿਚ ਹਿੰਦੂ ਅਤੇ ਮੁਸਲਮਾਨ-ਦੋਵੇਂ ਸ਼ਾਮਲ ਸਨ। ਜਦੋਂ ਗੁਰੂ ਨਾਨਕ ਸਾਹਿਬ ਵਾਹਿਗੁਰੂ ਨੂੰ ਪਿਆਰੇ ਹੋਏ ਤਾਂ ਹਿੰਦੂ ਧਰਮ-ਅਧਿਕਾਰੀਆਂ ਨੇ ਆਪਣਾ ਦਾਅ ਖੇਡਿਆ ਤੇ ਗੁਰੂ ਨਾਨਕ ਦੇ ਹਿੰਦੂ ਤੇ ਮੁਸਲਮਾਨ ਸਿੱਖਾਂ ਨੂੰ ਅੰਤਿਮ ਕਾਰਜ ਵਿਧੀ ਦੇ ਢੰਗ ਨੂੰ ਲੈ ਕੇ ਆਪਸ ਵਿਚ ਲੜਾ ਦਿੱਤਾ। ਬੱਸ ਇੱਥੋਂ ਹੀ ਹਿੰਦੂਆਂ ਨੇ ਸਿੱਖਾਂ ਦੇ ਭੇਖ ਵਿਚ ਸਿੱਖ ਧਰਮ ਵਿਚ ਦਖਲਅੰਦਾਜ਼ੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਹੌਲੀ-ਹੌਲੀ ਸਿੱਖ ਗੁਰੂ ਸਾਹਿਬਾਨਾਂ ਦੇ ਆਲੇ-ਦੁਆਲੇ ਆਪਣੇ ਭੇਖੀ ਸਿੱਖਾਂ ਦਾ ਜਾਲ ਵਿਛਾਉਣਾ ਸ਼ੁਰੂ ਕਰ ਦਿੱਤਾ।

ਗੁਰੂ ਨਾਨਕ ਵੇਲੇ ਸਿੱਖ ਧਰਮ ਦੇ ਰੋਜ਼ਾਨਾ ਦੇ ਕੰਮ ਕਾਜ ਗੁਰੂ ਸਾਹਿਬ ਦੀ ਦੇਖ-ਰੇਖ ਵਿਚ ਸਿੱਖ ਹੀ ਕਰਿਆ ਕਰਦੇ ਸਨ। ਮਾਤਾ ਸੁਲੱਖਣੀ ਜੀ ਦਾ ਯਥਾ ਸੰਭਵ ਸਨਮਾਨ ਸੀ, ਪਰ ਗੁਰੂ ਕੇ ਮਹਿਲਾਂ ਜਿਹਾ ਕੁਝ ਨਹੀਂ ਸੀ। ਗੁਰੂ ਨਾਨਕ ਦੇ ਸਪੁੱਤਰਾਂ ਦਾ ਵੀ ਗੁਰੂ ਪੁੱਤਰਾਂ ਦੇ ਤੌਰ 'ਤੇ ਹੀ ਸਨਮਾਨ ਸੀ, ਨਾ ਕਿ ਉਨ੍ਹਾਂ ਨੂੰ ਸਾਹਿਬਜ਼ਾਦਿਆਂ ਦਾ ਦਰਜਾ ਪ੍ਰਾਪਤ ਸੀ। ਨਾ ਹੀ ਉਨ੍ਹਾਂ ਦਾ ਸਿੱਖ ਧਰਮ ਵਿਚ ਕੋਈ ਦਖਲ ਸੀ। ਗੁਰੂ ਨਾਨਕ ਸਾਹਿਬ ਨੇ ਸਿੱਖ ਧਰਮ ਨੂੰ ਬਿਨਾ ਕਿਸੇ ਵਿਤਕਰੇ ਦੇ ਦੱਬੀ ਕੁਚਲੀ ਮਨੁੱਖਤਾ ਦਾ ਪੜਾਓ ਬਣਾ ਦਿੱਤਾ ਸੀ। ਇਸ ਦੀ ਧਾਰਮਿਕ ਪਾਰਦਰਸ਼ਿਤਾ ਹਰ ਇਕ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਸੀ। ਇੱਥੋਂ ਤੱਕ ਕਿ ਗੁਰੂ ਨਾਨਕ ਸਾਹਿਬ ਨੇ ਖੁਦ ਆਪਣੇ ਆਪ ਨੂੰ ਸਿੱਖ ਧਰਮ ਦੇ ਗੁਰੂ ਵਜੋਂ ਸਥਾਪਿਤ ਕਰਨ ਦਾ ਯਤਨ ਨਹੀਂ ਕੀਤਾ। ਗੁਰੂ ਸਾਹਿਬ ਨੇ ਜੋ ਭਾਈ ਲਾਲੋ ਨੂੰ ਅਪਨਾਇਆ, ਇਹ ਹਕੀਕਤ ਸੀ। ਉਨ੍ਹਾਂ ਨੇ ਮਲਿਕ ਭਾਗੋ ਨੂੰ ਇਕ ਵਾਰ ਖਾਰਜ ਕੀਤਾ, ਉਹ ਪੱਕੇ ਤੌਰ 'ਤੇ ਸੀ। ਇਹ ਸਭ ਅਸੂਲ ਅਤੇ ਚੰਗਿਆਈਆਂ ਹੀ ਸਿੱਖ ਧਰਮ ਦੀਆਂ ਵਿਸ਼ੇਸ਼ਤਾਵਾਂ ਸਨ ਅਤੇ ਸਿੱਖ ਧਰਮ ਦੇ ਪ੍ਰਸਾਰ ਦੇ ਮੁੱਖ ਕਾਰਨਾਂ ਵਿਚ ਅਹਿਮ ਸਨ।

ਗੁਰੂ ਨਾਨਕ ਸਾਹਿਬ ਦਾ ਕਹਿਣਾ ਸੀ, 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥' ਗੁਰੂ ਨਾਨਕ ਤੋਂ ਬਾਅਦ ਸਿੱਖ ਧਰਮ ਦੀ ਇਹ ਵਿਸ਼ੇਸ਼ਤਾ ਸਮਾਂ ਪੈਣ ਨਾਲ ਮੱਧਮ ਪੈਂਦੀ ਗਈ। ਹਿੰਦੂ ਧਰਮ ਦੇ ਸਿੱਖੀ ਸਰੂਪ ਵਾਲੇ ਘੁਸਪੈਠੀਆਂ ਨੇ ਸਿੱਖ ਗੁਰੂ ਸਾਹਿਬਾਨ ਦੇ ਆਲੇ-ਦੁਆਲੇ ਅਜਿਹੀ ਅਣਦਿੱਸ ਘੇਰਾਬੰਦੀ ਕਰ ਦਿੱਤੀ ਕਿ 'ਗੁਰੂ ਨਾਨਕ ਦਾ ਗਰੀਬਾਂ ਦੇ ਸੰਗ ਸਾਥ' ਵਾਲੇ ਪ੍ਰਬੰਧਨ ਦੀ ਥਾਂ 'ਗੁਰੂ ਕੇ ਮਹਿਲ' ਬਣ ਗਏ; ਗੁਰੂ ਪੁੱਤਰ 'ਸਾਹਿਬਜ਼ਾਦੇ' ਬਣ ਗਏ ਤੇ ਉਨ੍ਹਾਂ ਦੀਆਂ ਪਰਵਰਿਸ਼ਾਂ ਵੀ ਆਮ ਨਾ ਹੋ ਕੇ ਸ਼ਾਹੀ ਢੰਗ ਨਾਲ ਹੋਣ ਲੱਗੀਆਂ। ਗੁਰੂ ਰਿਸ਼ਤੇਦਾਰਾਂ ਦਾ ਪ੍ਰਬੰਧਾਂ ਵਿਚ ਦਖਲ ਹੋਣ ਲੱਗਾ। ਭੇਖੀ ਸਿੱਖਾਂ ਨੇ ਗੁਰੂ ਸਾਹਿਬਾਨ ਦੀ ਦਿਨ ਚਰਿਆ ਵੀ ਬਦਲ ਦਿੱਤੀ। ਉਨ੍ਹਾਂ ਨੇ ਗੁਰੂ ਨਾਨਕ ਦੇ ਵਿਸ਼ਵਵਿਆਪੀ ਸਿੱਖ ਧਰਮ ਦੇ ਸੰਕਲਪ ਨੂੰ ਢਾਅ ਲਾਉਣ ਲਈ ਸਿੱਖ ਗੁਰੂ ਸਾਹਿਬਾਨ ਨੂੰ ਸਥਾਨਕ ਮਸਲਿਆਂ ਵਿਚ ਅਜਿਹਾ ਉਲਝਾਇਆ ਕਿ ਗੁਰੂ ਨਾਨਕ ਵੱਲੋਂ ਆਪਣੀਆਂ ਉਦਾਸੀਆਂ ਦੌਰਾਨ ਲਾਏ ਸਿੱਖੀ ਦੇ ਬੂਟੇ ਤਵੱਜੋਂ ਅਤੇ ਦੇਖ-ਭਾਲ ਦੀ ਘਾਟ ਕਾਰਨ ਉਨ੍ਹਾਂ ਦੀ ਆਸ ਅਨੁਸਾਰ ਪ੍ਰਫੁਲਿਤ ਨਹੀਂ ਹੋ ਸਕੇ।

ਭੇਖੀ ਸਿੱਖ ਹਿੰਦੂਆਂ ਨੇ ਸਿੱਖ ਧਰਮ ਦਾ ਸਰੂਪ ਹੀ ਬਦਲ ਦਿੱਤਾ। ਉਨ੍ਹਾਂ ਨੇ ਸਿੱਖ ਗੁਰੂਆਂ ਦੀਆਂ ਤਸਵੀਰਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਗੁਰੂ ਨਾਨਕ ਤੋਂ ਅਗਲੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਰਾਹੀਂ ਇਕ ਅਜਿਹਾ ਪ੍ਰਭਾਵ ਦਿੱਤਾ ਕਿ ਸਿੱਖ ਗੁਰੂ ਸਾਹਿਬ ਆਮ ਪਰਿਵਾਰਾਂ ਵਿਚੋਂ ਨਾ ਹੋ ਕੇ ਪ੍ਰਭਾਵਸ਼ਾਲੀ ਤੇ ਧਨੀ ਪਰਿਵਾਰਾਂ ਤੋਂ ਹਨ। ਗੁਰੂ ਸਾਹਿਬਾਨ ਦੇ ਲਿਬਾਸ ਤੇ ਪਿਠਵਰਤੀ ਆਸਣਾਂ ਨੂੰ ਵੀ ਰਾਜਸੀ ਪਰਿਵਾਰਾਂ ਦੇ ਆਸਣ ਦਾ ਪ੍ਰਭਾਵ ਦਿੱਤਾ। ਉਨ੍ਹਾਂ ਨੇ 'ਗਰੀਬਾਂ ਦੇ ਯਾਰ ਤੇ ਗਰੀਬ ਮਨੁੱਖਤਾ ਦਾ ਦਮ ਭਰਨ ਵਾਲੇ ਗੁਰੂ ਨਾਨਕ' ਦੇ ਉਤਰਾਧਿਕਾਰੀਆਂ ਨੂੰ ਤਖਤਾਂ 'ਤੇ ਬੈਠਾ ਦਿੱਤਾ। ਗੁਰੂਆਂ ਦੇ ਸੀਸ 'ਤੇ ਕਲਗੀਆਂ ਵੀ ਸਜਾ ਦਿੱਤੀਆਂ। ਗੁਰੂਆਂ ਦੇ ਦਰਬਾਰ ਸਜਾਉਣੇ ਸ਼ੁਰੂ ਕਰ ਦਿੱਤੇ ਤਾਂ ਕਿ ਗੁਰੂ ਨਾਨਕ ਦੀ ਤਰਜ਼ 'ਤੇ ਸਿੱਖ ਗੁਰੂ ਆਮ ਸਿੱਖਾਂ ਵਿਚ ਬੇਤਕੱਲਫ ਹੋ ਕੇ ਨਾ ਵਿਚਰ ਸਕਣ। ਇਸ ਸਭ ਕਾਰੇ ਪਿੱਛੇ ਉਨ੍ਹਾਂ ਦਾ ਮੁੱਖ ਉਦੇਸ਼ ਸਿੱਖ ਧਰਮ ਦੇ ਨਿਆਰੇਪਣ ਨੂੰ ਨਸ਼ਟ ਕਰਨਾ ਸੀ। ਉਹ ਇਸ ਕਾਰੇ ਵਿਚ ਸਫਲ ਹੋ ਗਏ ਤੇ ਉਨ੍ਹਾਂ ਨੇ ਸਿੱਖ ਗੁਰੂਆਂ ਦਾ ਤਵਾਰੀਖੀ ਤਸਵੀਰਾਂ ਵਿਚ ਜੋ ਸਰੂਪ ਬਣਾ ਕੇ ਪੇਸ਼ ਕੀਤਾ, ਉਹ ਹੂਬਹੂ ਉਸ ਵਕਤ ਪ੍ਰਚਲਿਤ ਹਿੰਦੂ ਦੇਵਤਿਆਂ ਨਾਲ ਸੌ ਫੀਸਦੀ ਮੇਲ ਖਾਂਦਾ ਸੀ। ਇਹ ਆਮ ਸਿੱਖਾਂ ਨੂੰ ਭਰਮਾਉਣ ਤੇ ਵਰਗਲਾਉਣ ਲਈ ਕਾਫੀ ਸੀ। ਇਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦੀਆਂ ਅਜਿਹੀਆਂ ਤਸਵੀਰਾਂ ਲੋਕਾਂ ਸਾਹਮਣੇ ਪੇਸ਼ ਕੀਤੀਆਂ ਜਿਵੇਂ ਕਿ ਉਹ ਰੂਹਾਨੀਅਤ ਦੇ ਧਨੀ ਨਾ ਹੋ ਕੇ ਕੋਈ ਰਾਜੇ ਮਹਾਰਾਜੇ ਹੋਣ। ਠੀਕ ਇਵੇਂ, ਜਿਵੇਂ ਹਿੰਦੂ ਕਲਪਿਤ ਦੇਵਤਾ 'ਰਾਜਾ ਰਾਮ' ਹੈ।

ਗੁਰੂ ਨਾਨਕ ਦੇ ਸਿੱਖ ਧਰਮ ਨੂੰ ਬੁਨਿਆਦੀ ਤੌਰ 'ਤੇ ਹਿਲਾਉਣ ਲਈ ਉਨ੍ਹਾਂ ਨੇ ਕਾਂਸ਼ੀ ਤੇ ਬਨਾਰਸ ਦੇ ਵਿਦਿਅਕ ਢਾਂਚੇ ਨੂੰ ਸਿੱਖਾਂ ਵਿਚ ਵਿਕਸਿਤ ਕੀਤਾ। ਹਿੰਦੂ ਧਰਮ ਦੀਆਂ ਮਿੱਥ ਨਾਲ ਲਬਰੇਜ਼ ਕਹਾਣੀਆਂ ਤੇ ਪ੍ਰਚਲਿਤ ਦੇਵੀਆਂ-ਦੇਵਤਿਆਂ ਦੇ ਨਾਮ ਦਾ ਗੁਰਬਾਣੀ ਦੇ ਸਿਰਲੇਖ ਹੇਠ ਭਰਵੇਂ ਪ੍ਰਚਾਰ ਦਾ ਦੌਰ ਚਲਾਇਆ ਗਿਆ ਤਾਂ ਕਿ ਸਿੱਖਾਂ ਦੇ ਮਾਨਸਿਕ ਪੱਧਰ ਤੋਂ 'ੴ ਅਤੇ ਨਿਰਾਕਾਰ ਨਿਰੰਕਾਰ' ਦਾ ਨਿਰਾਲਾ ਤੇ ਹਿੰਦੂ ਧਰਮ ਦੀਆਂ ਜੜ੍ਹਾਂ ਨੂੰ ਹਿਲਾਉਣ ਵਾਲੇ ਗੁਰੂ ਨਾਨਕ ਦੇ ਇਲਾਹੀ ਸੰਦੇਸ਼ ਨੂੰ ਕਾਟ ਕਰਕੇ ਸਿੱਖਾਂ ਦੇ ਧਾਰਮਿਕ ਅਕੀਦੇ ਵਿਚ ਹਿੰਦੂ ਧਰਮ ਦੇ ਦੇਵਤਿਆਂ ਤੇ ਦੇਵੀਆਂ ਦਾ ਜ਼ਿਕਰ ਆਮ ਹੋਵੇ। ਸਿੱਖੀ ਦੇ ਭੇਖ ਵਿਚ ਹਿੰਦੂ ਮਾਨਤਾਵਾਂ 'ਤੇ ਖਰੇ ਉਤਰਦੇ ਸਿੱਖ ਨਾਮ ਵਾਲੇ ਵਿਅਕਤੀਆਂ ਤੋਂ ਸਿੱਖ ਗੁਰੂਆਂ ਦੀਆਂ ਜਨਮ ਸਾਖੀਆਂ ਤੇ ਗ੍ਰੰਥ ਲਿਖਵਾਏ ਗਏ, ਜੋ ਅੱਜ ਦੇ ਸਿੱਖ ਸਮਾਜ ਵਿਚ ਵੱਡੀਆਂ ਵੰਡੀਆਂ ਦੇ ਕਾਰਨ ਬਣੇ ਹੋਏ ਹਨ। ਉਹ ਸਿੱਖਾਂ ਦੇ ਧਰਮ ਅਤੇ ਸਮਾਜ ਵਿਚ ਇਸ ਪੱਧਰ ਤੱਕ ਦਖਲਅੰਦਾਜ਼ੀ ਕਰਨ ਵਿਚ ਸਫਲ ਰਹੇ ਹਨ। ਇਨ੍ਹਾਂ ਕਾਰਸਤਾਨੀਆਂ ਨੇ ਸਿੱਖ ਧਰਮ ਦੇ ਪ੍ਰਚਾਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਦੂਰ ਦੀ ਗੱਲ ਨਹੀਂ, ਪਿਛਲੀ ਇਕ ਸਦੀ ਦਾ ਇਤਿਹਾਸ ਹੀ ਫਰੋਲਣ 'ਤੇ ਪਤਾ ਲੱਗ ਜਾਵੇਗਾ ਕਿ ਸਿੱਖ ਧਰਮ ਦਾ ਪ੍ਰਚਾਰ ਹੋਇਆ ਹੀ ਨਹੀਂ, ਸਗੋਂ ਵੱਖ-ਵੱਖ ਨਾਂਵਾਂ (ਰਾਧਾ ਸੁਆਮੀ, ਨਿਰੰਕਾਰੀਆਂ ਤੇ ਆਸ਼ੂਤੋਸ਼ੀਏ) ਅਤੇ ਸਿੱਖ, ਸਿੱਖਾਂ ਵਿਚੋਂ ਮਨਫੀ ਹੀ ਹੋਏ ਹਨ, ਵਾਧਾ ਨਹੀਂ ਹੋਇਆ। ਅਫਸੋਸ ਦੀ ਗੱਲ ਹੈ ਕਿ ਸਿੱਖ ਧਰਮ ਦੇ ਕਸਟੋਡੀਅਨਾਂ ਨੇ ਕਦੇ ਵੀ ਇਨ੍ਹਾਂ ਵਿਸ਼ਿਆਂ 'ਤੇ ਗੰਭੀਰਤਾ ਨਹੀਂ ਵਿਖਾਈ। ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਥਾਂ ਇਨ੍ਹਾਂ ਨੇ ਵਿਰੋਧੀਆਂ ਦੇ ਗਲ ਪੈਣ ਦੀ ਸਿਆਣਪ ਵਿਖਾ ਕੇ ਸਮੱਸਿਆਵਾਂ ਵਿਚ ਵਾਧਾ ਕੀਤਾ ਹੈ ਤੇ ਸਿੱਖਾਂ ਤੇ ਸਿੱਖ ਧਰਮ ਦੀ ਹੇਠੀ ਕੀਤੀ ਹੈ।

ਸਿੱਖ ਧਰਮ ਦੇ ਦੋਖੀ ਹੌਲੀ-ਹੌਲੀ ਆਪਣੇ ਮਨਸੂਬਿਆਂ ਵਿਚ ਸਫਲ ਹੋਣ ਲੱਗ ਪਏ। ਉਨ੍ਹਾਂ ਦੇ ਵੱਡ ਵਡੇਰਿਆਂ ਵੱਲੋਂ ਚਲਾਈ ਇਸ ਮੁਹਿੰਮ ਦੀ ਵਾਗਡੋਰ ਹੁਣ ਆਰ. ਐਸ. ਐਸ. ਹੱਥ ਹੈ, ਜੋ ਉਨ੍ਹਾਂ ਵੱਲੋਂ ਬੜੀ ਸਫਲਤਾ ਨਾਲ, ਅੱਜ ਵੀ ਬਾਕਾਇਦਾ ਜਾਰੀ ਹੈ। ਹਿੰਦੂਆਂ ਦੇ ਫੈਲਾਏ ਮਾਇਆ ਜਾਲ ਵਿਚ ਸਿੱਖ ਅਜਿਹੇ ਉਲਝ ਗਏ ਹਨ ਕਿ ਉਹ ਇਸ ਵਿਚੋਂ ਸੌਖਿਆ ਨਹੀਂ ਨਿਕਲ ਸਕਦੇ। ਉਨ੍ਹਾਂ ਦੀ ਰਗ-ਰਗ ਵਿਚ ਮਾਇਆ ਜਾਲ ਦਾ ਜਾਦੂ ਇਸ ਕਦਰ ਘਰ ਕਰ ਗਿਆ ਹੈ ਕਿ ਉਨ੍ਹਾਂ ਤੋਂ ਕੁਝ ਨਾ ਹੀ ਆਸ ਕਰੋ ਤਾਂ ਚੰਗਾ ਹੈ। ਹੁਣ ਗੁਰੂ ਨਾਨਕ ਦੇ ਬੰਦਿਆਂ ਨੂੰ ਸਿੱਖ ਧਰਮ ਦੀ ਪੁਨਰ ਸਥਾਪਤੀ ਲਈ, ਗੁਰੂ ਨਾਨਕ ਵਾਂਗ ਇਕੱਲਿਆਂ ਹੀ ਸ਼ੁਰੂਆਤ ਕਰਨੀ ਪਵੇਗੀ।

ਗੁਰੂ ਨਾਨਕ ਅਤੇ ਉਨ੍ਹਾਂ ਦੇ ਫਲਸਫੇ ਵਿਚ ਅੱਜ ਵੀ ਇੰਨਾ ਨਵਾਂਪਣ ਅਤੇ ਤਾਜ਼ਗੀ ਹੈ ਕਿ ਤੁਸੀਂ ਜਦੋਂ ਵੀ ਤੁਰੋਗੇ ਤਾਂ ਵੱਡਾ ਕਾਫਲਾ ਬਣਨਾ ਨਿਸ਼ਚਿਤ ਹੈ। ਜਦੋਂ ਤੁਸੀ ਸੰਸਾਰ ਨੂੰ ਉਨ੍ਹਾਂ ਦੀਆਂ ਜ਼ੁਬਾਨਾਂ ਵਿਚ ਸਿਰਫ 'ਜਪੁਜੀ' ਦੇ ਹੀ ਅਰਥ ਦੱਸੋਗੇ ਤਾਂ ਮੇਰਾ ਦਾਅਵਾ ਹੈ ਕਿ ਦੁਨੀਆਂ ਤੁਹਾਡੇ ਹੱਥਾਂ ਨੂੰ ਚੁੰਮੇਗੀ। ਸੰਸਾਰ ਵਾਸੀ ਇਸ ਵੇਲੇ ਮੌਜੂਦਾ ਧਰਮਾਂ ਦੀਆਂ ਮਨੁੱਖ ਪ੍ਰਤੀ ਆਮ ਪਹੁੰਚ ਤੋਂ ਕੋਈ ਖਾਸ ਪ੍ਰਭਾਵਿਤ ਨਹੀਂ ਹਨ। ਅੱਜ ਸੰਸਾਰ ਵਿਚ ਮਨੁੱਖ ਮਨ ਦੀ ਸ਼ਾਂਤੀ ਲਈ ਅਨੇਕਾਂ ਕਿਸਮਾਂ ਦੇ ਪਾਪੜ ਵੇਲ ਰਿਹਾ ਹੈ, ਪਰ ਪ੍ਰਾਪਤੀ ਦੇ ਨਾਮ 'ਤੇ ਕੁਝ ਵੀ ਨਹੀਂ ਹੈ। ਇਹ ਇੰਨਾ ਢੁਕਵਾਂ ਮੌਕਾ ਹੈ ਕਿ ਗੁਰੂ ਨਾਨਕ ਦੇ ਸਿੱਖਾਂ ਨੂੰ ਵਧੇਰੇ ਦੇਰ ਨਹੀਂ ਕਰਨੀ ਚਾਹੀਦੀ। ਗੁਰੂ ਨਾਨਕ ਦੀ ਗਿਆਨ ਅਤੇ ਵਿਗਿਆਨ ਨਾਲ ਭਰਪੂਰ ਅਲੌਕਾਰੀ ਗੜ੍ਹਤੀ 'ਜਪੁਜੀ' ਤੁਹਾਡੇ ਪਾਸ ਹੈ। ਹੋਰ ਕੀ ਚਾਹੀਦਾ ਹੈ? ਬਾਕੀ ਧਰਮਾਂ ਪਾਸ ਤੁਹਾਡੇ ਮੁਕਾਬਲੇ ਆਮ ਗੱਲਾਂ ਜਿਹੇ ਗਿਆਨ ਤੋਂ ਵੱਧ ਕੁਝ ਵੀ ਨਹੀਂ। ਉਹ ਮਨੁੱਖ ਨੂੰ ਮਰਨ ਤੋਂ ਬਾਅਦ ਸਵਰਗ ਦਾ ਝਾਂਸਾ ਦਿੰਦੇ ਹਨ। ਗੁਰੂ ਨਾਨਕ ਦਾ ਸਿੱਖ ਮਨੁੱਖ ਨੂੰ ਜਿਉਂਦਿਆਂ ਹੀ ਸਵਰਗ ਵਿਖਾ ਹੀ ਨਹੀਂ, ਸਗੋਂ ਜ਼ਿੰਦਗੀ ਸਵਰਗ 'ਚ ਗੁਜ਼ਾਰਨ ਦਾ ਅਹਿਦ ਕਰ ਸਕਦਾ ਹੈ।

ਸਿੱਖੋ ਜਾਗੋ, ਗੁਰੂ ਨਾਨਕ ਸਾਹਿਬ ਅੱਜ ਵੀ ਦੁਨੀਆਂ ਵਿਚ ਉਨੇ ਹੀ ਪ੍ਰਸੰਗਿਕ ਹਨ, ਜਿੰਨੇ ਉਹ 550 ਸਾਲ ਪਹਿਲਾਂ ਸਨ। ਇਸ ਕਾਰਜ ਲਈ ਤੁਹਾਨੂੰ ਕਿਸੇ ਨਾਲ ਕੋਈ ਲੜਾਈ ਨਹੀਂ ਲੜਨੀ ਹੈ। ਸਿਰਫ ਤੁਹਾਨੂੰ ਆਪਣੇ ਆਪ ਨੂੰ ਗੁਰੂ ਨਾਨਕ, ਉਸ ਦੀ ਵਿਚਾਰਧਾਰਾ ਅਤੇ ਉਸ ਦੇ 'ਕਿਰਤ ਕਰੋ, 'ਵੰਡ ਛਕੋ' ਪ੍ਰਤੀ ਸਮਰਪਿਤ ਹੋਣਾ ਪਵੇਗਾ। ਤੁਸੀਂ ਇਕ ਕਦਮ ਅੱਗੇ ਵੱਲ ਨੂੰ ਵਧਾਉਗੇ, ਗੁਰੂ ਨਾਨਕ ਦਾ 'ਜਿਨ ਸੱਚ ਪੱਲੇ ਹੋਏ' ਦਾ ਗੁਰ ਮੰਤਰ ਬੇਅੰਤ ਕਦਮ ਤੁਹਾਡੇ ਸੰਗ ਚੱਲੇਗਾ। ਉਹ ਭਾਈ ਲਾਲੋ ਨਾਲ ਖੜੋਂਦਾ ਹੈ, ਮਲਿਕ ਭਾਗੋਆਂ ਜਿਹਿਆਂ ਸਿੱਖਾਂ ਨਾਲ ਨਹੀਂ। ਜਰਾ ਗਹੁ ਨਾਲ ਆਪਣੇ ਆਲੇ-ਦੁਆਲੇ ਨਜ਼ਰ ਮਾਰੋ, ਅਣਗਿਣਤ 'ਭਾਈ ਲਾਲੋ' ਤੁਹਾਡੀ ਉਡੀਕ ਵਿਚ ਹਨ।

# ਧਰਮ ਅਤੇ ਮਾਰਕਸਵਾਦ

*(ਪਿਛਲੇ ਸਫੇ ਦੀ ਬਾਕੀ)*

ਜਾ ਸਕਦਾ ਹੈ? ਇਸ ਲਈ ਜਪੁ ਜੀ ਸਾਹਿਬ ਨੂੰ ਉਨ੍ਹਾਂ ਦੀਆਂ ਬਾਕੀ ਬਾਣੀਆਂ ਅਤੇ ਸ਼ਬਦਾਂ ਤੋਂ ਨਿਖੇੜ ਕੇ ਵਿਚਾਰਿਆ ਨਹੀਂ ਜਾ ਸਕਦਾ। ਕੀ ਜਪੁ ਜੀ ਸਾਹਿਬ ਨੂੰ ਆਸਾ ਦੀ ਵਾਰ ਅਤੇ ਸਿਧ-ਗੋਸਟਿ ਤੋਂ ਨਿਖੇੜ ਕੇ ਵਿਚਾਰਿਆ ਜਾ ਸਕਦਾ ਹੈ? ਕੀ ਡਾ. ਸਮਰਾਓ ਕੀਰਤਨ ਸੋਹਿਲਾ ਬਾਣੀ ਵਿਚ ਦਰਜ ਸ਼ਬਦ ਦੀ ਆਲੋਚਨਾ ਮਾਰਕਸਵਾਦ ਅਨੁਸਾਰ ਕਰਨ ਦੀ ਖੇਚਲ ਕਰਨਗੇ?

ਰਾਗੁ ਧਨਾਸਰੀ ਮਹਲਾ 1
ਗਗਨ ਮੈ ਥਾਲੁ ਰਵਿ ਚੰਦੁ ਦੀਪਕ
ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ॥1॥
ਕੈਸੀ ਆਰਤੀ ਹੋਇ॥
ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥1॥ ਰਹਾਉ॥
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ
ਕਉ ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ
ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥2॥
ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥
ਜੋ ਤਿਸੁ ਭਾਵੈ ਸੁ ਆਰਤੀ ਹੋਇ॥3॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ
ਅਨਦਿਨੋ ਮੋਹਿ ਆਹੀ ਪਿਆਸਾ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਇ ਵਾਸਾ॥4॥3॥

ਹਰ ਵਿਅਕਤੀ ਨੂੰ ਆਪਣੇ ਪਸੰਦ ਦੀ ਜਾਣਕਾਰੀ, ਆਪਣੀ ਸਮਝ, ਆਪਣਾ ਸਿਧਾਂਤ, ਆਪਣਾ ਦ੍ਰਿਸ਼ਟੀਕੋਣ ਰੱਖਣ ਲਈ ਆਜ਼ਾਦੀ ਹੈ ਅਤੇ ਉਸ ਨੂੰ ਬਦਲਣ ਲਈ ਵੀ। ਇਸ ਲਈ ਕੋਈ ਉਸ ਨੂੰ ਮਜਬੂਰ ਨਹੀਂ ਕਰ ਸਕਦਾ, ਪਰ ਕਿਸੇ ਨੂੰ ਵੀ ਇਹ ਹੱਕ ਨਹੀਂ ਹੈ ਕਿ ਉਹ ਦੂਜਿਆਂ ਨੂੰ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਹੀ ਸੋਚਣ ਅਤੇ ਉਸ ਤੋਂ ਬਾਹਰ ਨਾ ਸੋਚਣ ਲਈ ਮਜਬੂਰ ਕਰੇ। ਗੁਰਬਾਣੀ ਅਤੇ ਧਰਮ ਦੇ ਨਿਸ਼ਚਿਤ ਸਿਧਾਂਤ ਹਨ, ਜਿਨ੍ਹਾਂ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਜੇ ਉਸ ਤੋਂ ਬਾਹਰ ਜਾ ਕੇ ਕਿਸੇ ਸ਼ਬਦ ਜਾਂ ਬਾਣੀ ਦੀ ਵਿਆਖਿਆ ਕੀਤੀ ਜਾਵੇ ਤਾਂ ਉਹ ਅਰਥ ਦੇ ਅਨਰਥ ਹੀ ਹੋਣਗੇ। ਸੋ, ਇਸ ਤੋਂ ਬਚਣਾ ਚਾਹੀਦਾ ਹੈ। ਬਾਕੀ ਹਰ ਵਿਅਕਤੀ ਆਪਣੀ ਮਰਜ਼ੀ ਦਾ ਮਾਲਕ ਹੈ, ਪਰ ਆਜ਼ਾਦ ਨਹੀਂ। ਇਹ ਹਮੇਸ਼ਾ ਯਾਦ ਰਖਣਾ ਚਾਹੀਦਾ ਹੈ ਕਿ ਉਹ ਸਮਾਜ ਪ੍ਰਤੀ ਜ਼ਿੰਮੇਵਾਰ ਅਤੇ ਜਵਾਬਦੇਹ ਵੀ ਹੈ। ਜਿਸ ਤੋਂ ਬਚਿਆ ਨਹੀਂ ਜਾ ਸਕਦਾ।

# 'ਪੰਜਾਬ ਟਾਈਮਜ਼' ਦੀ ਹਰ ਹਫਤੇ ਨਿਵੇਕਲੀ ਦਸਤਕ

**ਸੰਪਾਦਕ ਸਾਹਿਬ,**

'ਪੰਜਾਬ ਟਾਈਮਜ਼' ਦਾ ਹਰੇਕ ਅੰਕ ਵੱਖ ਵੱਖ ਖੇਤਰਾਂ ਨਾਲ ਜੁੜਦੀ ਵੰਨ-ਸੁਵੰਨੀ, ਦਿਲਚਸਪ, ਗਿਆਨ ਭਰਪੂਰ ਤੇ ਨਿਵੇਕਲੀ ਸਮੱਗਰੀ ਲੈ ਕੇ ਪਾਠਕਾਂ ਦੇ ਮਨਾਂ 'ਤੇ ਦਸਤਕ ਦਿੰਦਾ ਹੈ। ਨਿਯਮਿਤ ਤੌਰ 'ਤੇ ਲਿਖ ਰਹੇ ਲਿਖਾਰੀ ਪਰਚੇ ਦੇ ਦਿਲਕਸ਼ ਮੁਹਾਂਦਰੇ ਨੂੰ ਨਿਆਰੀ ਤੇ ਮਿਆਰੀ ਦਿੱਖ ਪ੍ਰਦਾਨ ਕਰਨ ਵਿਚ ਅਹਿਮ ਭੂਮਿਕਾ ਅਦਾ ਕਰਦੇ ਹਨ। ਸਾਹਿਤਕ, ਸਭਿਆਚਾਰਕ, ਕਲਾ, ਸਮਾਜਕ-ਆਰਥਕ, ਇਤਿਹਾਸਕ, ਰਾਜਨੀਤਕ ਮਸਲਿਆਂ, ਖੇਡਾਂ, ਨੈਤਿਕਤਾ ਤੇ ਕਈ ਹੋਰ ਸਰੋਕਾਰਾਂ ਨਾਲ ਸਬੰਧਿਤ ਸਮੱਗਰੀ ਪਰਚੇ ਦੇ ਸਾਹਿਤਕ ਮੁੱਲ ਨੂੰ ਵਧਾਉਣ ਤੇ ਪੰਜਾਬੀ ਪੱਤਰਕਾਰੀ ਦੀਆਂ ਹੱਦਾਂ ਨੂੰ ਵਿਸਥਾਰ ਦੇਣ ਵਿਚ ਸਹਾਈ ਹੁੰਦਾ ਹੈ।

26 ਸਤੰਬਰ 2020 ਦੇ ਅੰਕ ਵਿਚ ਡਾ. ਗੁਰਬਖਸ਼ ਸਿੰਘ ਭੰਡਾਲ ਦਾ ਲੇਖ 'ਪਿਆਰ ਦਾ ਪੈਗਾਮ' ਪਿਆਰ ਨੂੰ ਕਈ ਕੋਣਾਂ ਤੋਂ ਵਿਚਾਰਦਾ ਹੈ। ਜਦੋਂ ਗੁਰਬਖਸ਼ ਸਿੰਘ ਪ੍ਰੀਤਲੜੀ ਲਿਖਦਾ ਰਿਹਾ ਹੈ ਤਾਂ ਅਜੋਕੀ ਪੰਜਾਬੀ ਵਾਰਤਕ ਵਿਚ ਉਹ ਆਦਰਸ਼ਵਾਦੀ ਪਿਆਰ ਅਤੇ 'ਪਿਆਰ ਕਬਜ਼ਾ ਨਹੀਂ, ਪਛਾਣ ਹੈ' ਦੇ ਸੰਕਲਪ 'ਤੇ ਖੁੱਲ੍ਹ ਕੇ ਵਿਚਾਰ ਪ੍ਰਗਟਾਉਂਦਾ ਹੈ। ਪਿਆਰ ਜਿਹੇ ਸ਼੍ਰੋਮਣੀ ਤੇ ਪਵਿੱਤਰ ਜਜ਼ਬੇ ਨੂੰ ਇਕ ਚੌਖਟੇ ਵਿਚ ਫਿੱਟ ਕਰਕੇ ਹੀ ਲਿਖਿਆ ਜਾਂਦਾ ਰਿਹਾ ਹੈ। ਹੌਲੀ ਹੌਲੀ ਪਿਆਰ ਬਾਰੇ ਖੁੱਲ੍ਹ ਕੇ ਲਿਖਿਆ ਜਾਣ ਲੱਗਿਆ। ਡਾ. ਭੰਡਾਲ ਪਿਆਰ ਦੇ ਉਚੇ-ਸੁੱਚੇ ਜਜ਼ਬੇ ਬਾਰੇ, ਇਸ ਦੇ ਮਹੱਤਵ ਬਾਰੇ, ਇਸ ਦੀਆਂ ਹੱਦਾਂ ਤੇ ਸੰਭਾਵਨਾਵਾਂ ਬਾਰੇ, ਇਸ ਦੇ ਕਈ ਸਬੰਧਾਂ/ਰਿਸ਼ਤਿਆਂ ਨਾਲ ਜੁੜੇ ਹੋਣ ਬਾਰੇ, ਇਸ ਵਿਚਲੇ ਆਪਣੇਪਨ ਬਾਰੇ, ਇਸ ਦੀ ਗਹਿਰਾਈ ਬਾਰੇ, ਇਸ ਅੰਦਰਲੇ ਅਹਿਸਾਸ ਤੇ ਉਸ ਅਹਿਸਾਸ ਦੀ ਸ਼ਿੱਦਤ/ਸਮਰੱਥਾ, ਅਸਰ ਆਦਿ ਬਾਰੇ ਤੇ ਪਿਆਰ ਨਾਲ ਜੁੜਦੇ ਅਨੇਕ ਹੋਰ ਕਈ ਪਹਿਲੂਆਂ ਬਾਰੇ ਲੇਖਕ ਆਪਣੇ ਨਿਵੇਕਲੇ ਅੰਦਾਜ਼ ਵਿਚ ਵਿਸਤ੍ਰਿਤ ਜਾਣਕਾਰੀ ਦਿੰਦਾ ਜਾਂਦਾ ਹੈ। ਲੇਖਕ ਵਧਾਈ ਦਾ ਹੱਕਦਾਰ ਹੈ।

ਸਮਕਾਲ ਦੇ ਮਸਲਿਆਂ 'ਤੇ ਲਿਖੇ ਜਾਂਦੇ ਉਤੇਜਿਤ ਕਰਨ ਵਾਲੇ, ਪ੍ਰੇਰਿਤ ਕਰਨ ਵਾਲੇ ਤੇ ਦਿਸ਼ਾ ਸੁਝਾਉਣ ਵਾਲੇ ਸੰਪਾਦਕੀ ਪ੍ਰਭਾਵਿਤ ਕਰਦੇ ਹਨ। ਗੁਲਜ਼ਾਰ ਸਿੰਘ ਸੰਧੂ, ਪ੍ਰਿੰ. ਸਰਵਣ ਸਿੰਘ, ਜਤਿੰਦਰ ਪਨੂੰ, ਡਾ. ਹਰਪਾਲ ਸਿੰਘ ਪੰਨੂ ਵਿਸ਼ੇਸ਼ੱਗਤਾ ਪ੍ਰਾਪਤ ਲੇਖਕ ਹਨ। ਸਭ ਪਰਚੇ ਦੀ ਸ਼ਾਨ ਬਣਦੇ ਹਨ। ਡਾ. ਗੁਰਨਾਮ ਕੌਰ ਕੈਨੇਡਾ ਅਤੇ ਡਾ. ਗੋਬਿੰਦਰ ਸਿੰਘ ਸਮਰਾਓ ਧਰਮ ਨਾਲ ਸਬੰਧਿਤ ਬੜੇ ਅਹਿਮ ਤੇ ਸਿੱਖਿਆਦਾਇਕ ਵਿਸ਼ਿਆਂ 'ਤੇ ਆਪਣੇ ਵਿਚਾਰ ਪ੍ਰਗਟਾਉਂਦੇ ਹਨ।

ਡਾ. ਸੁਰਿੰਦਰ ਗਿੱਲ ਨੇ ਬਦਲਦੇ ਪਿੰਡ ਸਭਿਆਚਾਰ ਬਾਰੇ ਵਿਹਾਰਕ ਗੱਲਾਂ ਕੀਤੀਆਂ ਹਨ। ਵਿਜੇਦਾਨ ਦੇਥਾ ਦੀਆਂ ਲੋਕ ਰੰਗ ਵਿਚ ਰੰਗੀਆਂ ਰਾਜਸਥਾਨੀ ਲੋਕ ਕਹਾਣੀਆਂ (ਅਨੁਵਾਦ: ਡਾ. ਹਰਪਾਲ ਸਿੰਘ ਪੰਨੂ) ਬਹੁਤ ਦਿਲਚਸਪ ਹਨ। 'ਪੰਜਾਬ ਟਾਈਮਜ਼' ਪਾਠਕਾਂ ਦੀ ਹਰਮਨਪਿਆਰਤਾ ਦੇ ਨਵੇਂ ਦਿਸਹੱਦੇ ਛੂੰਹਦਾ ਰਹੇ! ਸ਼ੁਭ ਇੱਛਾਵਾਂ!

*-ਡਾ. ਪ੍ਰਿਤਪਾਲ ਸਿੰਘ ਮਹਿਰੋਕ*
*ਹੁਸ਼ਿਆਰਪੁਰ।*
*ਫੋਨ: 91-98885-10185*

ਕਹਾਣੀ

# ਗੁਰਦੁਆਰੇ ਉੱਤੇ ਖੜ੍ਹਾ ਆਦਮੀ

ਪਿੰਡ ਵਿਚ ਡੂੰਘੀ ਜਿਹੀ ਸ਼ਾਮ ਪੈ ਰਹੀ ਸੀ। ਅਸੀਂ ਸ਼ਾਮ ਦੀ ਸੈਰ ਕਰਕੇ ਵਾਪਿਸ ਆ ਰਹੇ ਸਾਂ। ਅਮਰੀਕ ਨੇ ਹੇਕ ਲਾ ਕੇ ਇਕ ਰੁਬਾਈ ਛੇੜ ਦਿਤੀ,


ਹੱਥ ਵਿਚ ਲੈ ਕੇ ਦਿਲ ਦਾ ਕਾਸਾ
ਖੈਰ ਮਿਲਣ ਦੀ ਮੰਗੀ ਵੇ,
ਲੱਪ ਕੁ ਖੈਰ ਵਿਛੋੜੇ ਵਾਲੀ
ਉਹਨੇ ਜੱਗ ਤੋਂ ਡਰ ਕੇ ਪਾਈ ਵੇ,
ਖਾਲੀ ਨਾਲੋਂ ਕੁਝ ਤਾਂ ਮਿਲਿਆ
ਫਿਰ ਵੀ ਕਿਸਮਤ ਚੰਗੀ ਵੇ।

ਅਚਾਨਕ ਅਵਤਾਰ ਬੋਲ ਉਠਿਆ, "ਉਏ ਸੁਣੋ, ਕੋਈ ਔਰਤ ਬੋਲ ਰਹੀ ਆ।"

"ਤੈਨੂੰ ਔਰਤਾਂ ਈ ਸੁਣਦੀਆਂ ਰਹਿੰਦੀਆਂ। ਕਿਹੜੀ ਕੋਈ ਨਵੀਂ ਗੱਲ ਆ।"

"ਨਹੀਂ ਨਹੀਂ! ਸੁਣੋ ਜ਼ਰਾ।"

ਅਚਾਨਕ ਤਾਈ ਅਮਰੋ ਦੀ ਅਵਾਜ਼ ਸੁਣਨ ਲੱਗੀ, "ਵੇਅ ਕੌਣ ਆ ਗੁਰਦੁਆਰੇ ਦੇ ਉਤੇ? ਦੇਖੋ ਉਏ ਲੋਕੋ, ਆਹ ਕੋਈ ਗੁਰਦੁਆਰੇ ਉਤੇ ਚੜ੍ਹਿਆ ਹੋਇਆ।"



ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ। ਰੌਲਾ ਜਿਹਾ ਪੈਣਾ ਸ਼ੁਰੂ ਹੋ ਰਿਹਾ ਸੀ। ਅਸੀਂ ਇਹ ਸੁਣ ਕੇ ਦੌੜੇ ਤੇ ਗੁਰਦੁਆਰੇ ਦੇ ਕੋਲ ਚਲੇ ਗਏ।

ਬਲਦੇਵ ਦੂਹੜੇ

"ਤਾਈ ਕੀ ਹੋਇਆ?" ਅਮਰ ਨੇ ਪੁਛਿਆ।

"ਵੇ ਮੁੰਡਿਓ ਜਾਓ ਦੇਖੋ ਇਹ ਗੁਰਦੁਆਰੇ ਉਤੇ ਕੌਣ ਲੁਕਿਆ ਇਆ। ਇਹ ਕਦੀ ਖੜਾ ਹੋ ਜਾਂਦਾ ਕਦੀ ਬਹਿ ਜਾਂਦਾ।"

ਅਸੀਂ ਦੌੜ ਕੇ ਗੁਰਦੁਆਰੇ ਦੀਆਂ ਪੌੜੀਆਂ ਚੜ੍ਹੇ। ਉਤੇ ਜਾ ਕੇ ਦੇਖਿਆ ਕਿ ਇਕ ਬੰਦਾ ਚਾਦਰ ਉਤੇ ਲੈ ਕੇ ਲੰਮਾ ਪਿਆ ਹੋਇਆ ਸੀ।

"ਉਠ ਉਏ ਕਿਹੜਾ ਐ ਤੂੰ?" ਕਬੱਡੀ ਵਾਲੇ ਕੇਬੀ ਨੇ ਦਬਕਾ ਮਾਰਿਆ। ਸੌਂ ਰਿਹਾ ਬੰਦਾ ਸਿਰ ਤੇ ਪੱਗ ਲਪੇਟਦਾ ਹੋਇਆ ਹੌਲੀ ਹੌਲੀ ਉਠ ਬੈਠਿਆ।

"ਉਏ ਤੂੰ ਇਥੇ ਕੀ ਕਰਦਾਂ?"

"ਜਨਾਬ ਰਾਤ ਕੱਟਣ ਲਈ ਇਥੇ ਰੁੱਕ ਗਿਆ ਸੀ।" ਉਹ ਡਰੀ ਜਿਹੀ ਅਵਾਜ਼ ਵਿਚ ਬੋਲਿਆ।

"ਕੌਣ ਐ ਤੂੰ ਤੇ ਕਿਥੋਂ ਆਇਆਂ?" ਅਮਰ ਨੇ ਪੁਛਿਆ।

"ਜਨਾਬ ਮੈਂ ਕਸ਼ਮੀਰੀ ਸ਼ਾਲ ਵੇਚਣ ਲਈ ਇਥੇ ਆਇਆ ਸੀ, ਬਸ ਇਥੇ ਰੱਬ ਦੇ ਘਰ ਰਾਤ ਕੱਟਣ ਲਈ ਅਟਕ ਗਿਆ।"

"ਉਠ ਉਏ ਇਥੋਂ, ਗੁਰਦੁਆਰੇ 'ਤੇ ਚੜ੍ਹੀਂ ਬੈਠਾ।"

ਇਹ ਅੱਧਖੜ ਜਿਹਾ ਬੰਦਾ ਹੌਲੀ ਹੌਲੀ ਜ਼ਮੀਨ ਤੋਂ ਉਠ ਕੇ ਖੜਾ ਹੋ ਗਿਆ। ਉਸ ਨੇ ਢਿਲਾ ਤੇ ਖੁੱਲ੍ਹਾ ਜਿਹਾ ਕੁੜਤਾ ਅਤੇ ਉਚਾ ਜਿਹਾ ਪਜਾਮਾ ਪਾਇਆ ਹੋਇਆ ਸੀ, ਜਿਸ ਦਾ ਇਕ ਪਹੁੰਚਾ ਉਚਾ ਸੀ ਤੇ ਦੂਜਾ ਨੀਵਾਂ।

"ਆਹ ਬੁੜ੍ਹੀਆਂ ਕਹਿੰਦੀਆਂ ਕਿ ਤੂੰ ਕਦੀ ਖੜਾ ਹੋ ਜਾਨਾ ਤੇ ਕਦੀ ਬਹਿ ਜਾਨਾ। ਇਹ ਕੀ ਕਰ ਰਿਹਾ ਸੀ ਤੂੰ?"

"ਜਨਾਬ ਨਮਾਜ਼ ਪੜ੍ਹ ਰਿਹਾ ਸੀ? ਸੌਣ ਤੋਂ ਪਹਿਲਾਂ ਉਸ ਪਰਵਰਦੀਗਾਰ ਨੂੰ ਯਾਦ ਕਰ ਲੈਨਾ।"

ਅਕਾਲੀ ਜਰਨੈਲ ਸਿੰਘ ਬੋਲਿਆ, "ਉਏ ਤੂੰ ਗੁਰੂ ਦੇ ਘਰ ਆ ਕੇ ਨਮਾਜ਼ ਪੜ੍ਹ ਰਿਹਾ ਸੀ?"

"ਹਾਂ ਜੀ, ਉਹ ਰੱਬ ਤਾਂ ਸਭ ਦਾ ਸਾਂਝਾ ਏ ਨਾ ਜੀ।" ਉਹ ਬੋਲਿਆ।

ਅਕਾਲੀ ਜਰਨੈਲ ਸਿੰਘ ਆਪਣੀ ਨੀਲੀ ਪੱਗ ਨੂੰ ਸਾਂਭਦਾ ਬੋਲਿਆ, "ਲੈ ਐਵੇਂ ਈ, ਤੁਸੀਂ ਆਪਣੀ ਮਸਜਿਦ ਵਿਚ ਸਾਨੂੰ ਜਪੁਜੀ ਸਾਹਿਬ ਪੜ੍ਹਨ ਦਿਓਗੇ?"

"ਜੀ ਮੈਨੂੰ ਇਹ ਤਾਂ ਪਤਾ ਨਹੀਂ।"

"ਪਹਿਲਾਂ ਤਾਂ ਚਲ ਥੱਲੇ ਉਤਰ।"

ਉਹਨੂੰ ਗੁਰਦੁਆਰੇ ਦੀ ਛੱਤ ਤੋਂ ਜ਼ਮੀਨ 'ਤੇ ਲੈ ਆਂਦਾ। ਲੋਕ ਆਲੇ-ਦੁਆਲੇ ਇਕੱਠੇ ਹੋ ਗਏ। ਅਕਾਲੀ ਜਰਨੈਲ ਸਿੰਘ ਫਿਰ ਉਚੀ ਅਵਾਜ਼ ਵਿਚ ਬੋਲਿਆ, "ਏਸ ਬੰਦੇ ਨੇ ਗੁਰਦੁਆਰੇ ਦੀ ਛੱਤ 'ਤੇ ਚੜ੍ਹ ਕੇ ਨਮਾਜ਼ ਪੜ੍ਹੀ ਆ।"

ਪਿੰਡ ਦੀਆਂ ਔਰਤਾਂ ਘੁਸਰ-ਮੁਸਰ ਕਰਨ ਲਗੀਆਂ, "ਹੈਹਾ ਨੀ ਏਹ ਕੀ ਕੀਤਾ। ਸਾਡੇ ਗੁਰਦੁਆਰੇ ਉਤੇ ਚੜ੍ਹ ਕੇ ਮੁਸਲਮਾਨਾਂ ਆਲੀ ਨਮਾਜ਼ ਪੜ੍ਹੀ? ਵਾਹਿਗੁਰੂ ਵਾਹਿਗੁਰੂ!!"

"ਇਹਦੇ ਛਿਤਰ ਮਾਰੋ। ਏਨ੍ਹੇ ਸਾਡਾ ਗੁਰਦੁਆਰਾ ਭਿੱਟ ਦਿੱਤਾ।" ਕਬੱਡੀ ਵਾਲਾ ਕੇਬੀ ਬੋਲਿਆ।

ਅਮਰ ਕਹਿੰਦਾ, "ਨਾ ਯਾਰ ਇਹਨੂੰ ਸਿਆਣੇ ਬਿਆਣੇ ਬੰਦੇ ਦੇ ਛਿਤਰ ਮਾਰਨੇ ਤਾਂ ਚੰਗੀ ਗੱਲ ਨਹੀਂ। ਕੋਈ ਸਭਿਅਕ ਤਰੀਕਾ ਸੋਚੋ।"

ਅਕਾਲੀ ਬੋਲਿਆ, "ਚਲ ਐਦਾਂ ਕਰ ਕਿ ਪੰਜਾਹ ਵਾਰੀ ਵਾਹਿਗੁਰੂ ਕਹਿ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਅੱਗੇ ਮੱਥਾ ਟੇਕ ਕੇ ਮਾਫੀ ਮੰਗ।

"ਮੈਂ ਮਾਫੀ ਜ਼ਰੂਰ ਮੰਗ ਲੈਨਾਂ, ਪਰ ਮੈਨੂੰ ਮੱਥਾ ਟੇਕਣ ਲਈ ਨਾ ਕਹੋ।"

"ਕਿਉਂ?" ਅਕਾਲੀ ਬੋਲਿਆ।

"ਇਹ ਜੀ ਸਾਡੇ ਦੀਨ ਵਿਚ ਮਨ੍ਹਾਂ ਹੈ। ਅਸੀਂ ਕਿਸੇ ਹੋਰ ਰੱਬ ਦੇ ਅੱਗੇ ਸਿਰ ਨਹੀਂ ਝੁਕਾ ਸਕਦੇ, ਸਿਵਾਏ ਅੱਲਾਹ ਤੋਂ।"

"ਸ਼ਾਬਾਸ਼ੇ, ਸਾਡੇ ਗੁਰਦੁਆਰੇ 'ਤੇ ਨਮਾਜ਼ ਤਾਂ ਤੂੰ ਪੜ੍ਹ ਸਕਦਾਂ, ਪਰ ਉਸੇ ਹੀ ਗੁਰਦੁਆਰੇ ਵਿਚ ਪਏ ਗ੍ਰੰਥ ਸਾਹਿਬ ਅਗੇ ਮੱਥਾ ਨਹੀਂ ਟੇਕ ਸਕਦਾ?"

"ਹਾਂ ਜੀ, ਮੈਨੂੰ ਅਫਸੋਸ ਹੈ ਕਿ ਮੈਂ ਅਜਿਹਾ ਨਹੀਂ ਕਰ ਸਕਦਾ। ਇਸ ਨੂੰ ਸ਼ਿਰਕ ਕਹਿੰਦੇ ਆ, ਜੋ ਇਸਲਾਮ ਵਿਚ ਇਕ ਗੁਨਾਹ ਮੰਨਿਆ ਜਾਂਦਾ ਹੈ।"

"ਇਹ ਝੂਠ ਬੋਲਦਾ। ਠੋਕੋ ਇਹਦੇ ਚਾਰ ਕੁ।" ਅਕਾਲੀ ਗੱਜਿਆ। ਪਿੰਡ ਦੀ ਮੰਢੀਰ ਇਸ ਬੰਦੇ ਨੂੰ ਕੁੱਟਣ ਲਈ ਤਿਆਰ ਖੜੀ ਸੀ।

ਮੈਂ ਸੁਝਾਅ ਦਿੱਤਾ, "ਸਾਡੇ ਪਿੰਡ ਵਿਚ ਬਹੁਤ ਮੁਸਲਮਾਨ ਹਨ, ਕਿਸੇ ਤੋਂ ਪੁੱਛ ਲਓ ਕਿ ਇਹ ਸ਼ਿਰਕ ਨਾਂ ਦੀ ਕੋਈ ਚੀਜ਼ ਹੈ ਵੀ ਕਿ ਨਹੀਂ! ਜੇ ਇਹ ਗੱਲ ਝੂਠ ਨਿਕਲੀ ਤਾਂ ਇਸ ਨੂੰ ਜੋ ਵੀ ਸਜ਼ਾ ਠੀਕ ਸਮਝੋ ਦੇ ਦਿਓ।"

"ਚਾਚੇ ਖੈਰੇ ਦਾ ਘਰ ਨੇੜੇ ਆ। ਮੈਂ ਜਾ ਕੇ ਉਹਤੋਂ ਪਤਾ ਕਰਕੇ ਆਉਨਾਂ।" ਅਮਨ ਨੇ ਸੁਝਾਅ ਦਿੱਤਾ।

ਮੁੰਡਿਆਂ ਵਿਚ ਘੁਸਰ ਮੁਸਰ ਜਿਹੀ ਹੋਈ, "ਨਾਲੇ ਬੀਬੀ ਐਮਨਾ ਦੇ ਦਰਸ਼ਨ ਕਰ ਲਵੇਂਗਾ।" ਸਾਰੇ ਮੁੰਡਿਆਂ ਨੂੰ ਪਤਾ ਸੀ ਕਿ ਅਮਨ ਅਤੇ ਐਮਨਾ ਵਿਚ ਪਰਸਪਰ ਖਿੱਚ ਹੈ, ਜੋ ਆਮ ਦੋਸਤੀ ਤੋਂ ਅੱਗੇ ਕਦੇ ਨਹੀਂ ਸੀ ਗਈ। ਸਾਂਝ ਦਾ ਅਸਲ ਕਾਰਨ ਸੀ, ਐਮਨਾ ਦਾ ਸਾਹਿਤ ਪੜ੍ਹਨ ਦਾ ਸ਼ੌਕ। ਉਹ ਸਕੂਲ ਵਿਚ ਇਕੱਠੇ ਪੜ੍ਹੇ ਸਨ। ਐਮਨਾ ਅਤੇ ਅਮਨ ਸਕੂਲ ਵਿਚ ਸੱਭ ਤੋਂ ਵੱਧ ਨੰਬਰ ਲੈਣ ਵਾਲੇ ਵਿਦਿਆਰਥੀ ਸਨ। ਦਸਵੀਂ ਪਾਸ ਕਰਕੇ ਅਮਨ ਅਤੇ ਹੋਰ ਬਹੁਤ ਸਾਰੇ ਵਿਦਿਆਰਥੀ ਕਾਲਜ ਚਲੇ ਗਏ ਜਾਂ ਵਿਦੇਸ਼ ਨੂੰ ਨਿਕਲ ਗਏ। ਐਮਨਾ ਨੂੰ ਉਸ ਦੇ ਪਰਿਵਾਰ ਨੇ, ਕਾਲਜ ਨਹੀਂ ਸੀ ਜਾਣ ਦਿੱਤਾ। ਉਨ੍ਹਾਂ ਵਿਚਾਲੇ ਪੜ੍ਹਾਈ ਵਿਚ ਮੁਕਾਬਲਾ ਵੀ ਰਿਹਾ ਸੀ, ਪਰ ਇਕ ਬੜੀ ਬੇਤੱਕਲੁਫੀ ਵਾਲਾ ਦੋਸਤੀ ਦਾ ਰਿਸ਼ਤਾ ਵੀ ਸੀ।

ਅਮਨ, ਚਾਚੇ ਖੈਰ ਦੀਨ ਦੇ ਘਰ ਵਲ ਤੁਰ ਪਿਆ। ਉਸ ਦੇ ਮਨ ਵਿਚ ਚਾਅ ਜਿਹਾ ਸੀ ਕਿ ਐਮਨਾ ਨਾਲ ਸਾਹਬ ਸਲਾਮ ਹੋ ਜਾਵੇਗੀ ਅਤੇ ਨਾਲ ਹੀ ਇਹ ਸ਼ਿਰਕ ਦੀ ਗੱਲ ਵੀ ਸਪਸ਼ਟ ਹੋ ਜਾਵੇਗੀ। ਉਸ ਨੇ ਬਿੱਟੂ ਨੂੰ ਨਾਲ ਲੈ ਲਿਆ। ਬਿੱਟੂ ਨੇ ਦੇਖਿਆ ਕਿ ਅਮਨ ਬੜੇ ਖੁਸ਼ ਜਿਹੇ ਮੂਡ ਵਿਚ ਸੀ।

"ਬੜਾ ਖੁਸ਼ ਐਂ, ਕਿਹੜੀ ਗੱਲ ਦਾ ਚਾਅ ਚੜ੍ਹ ਗਿਆ?" ਬਿੱਟੂ ਨੇ ਤਨਜ਼ ਨਾਲ ਪੁਛਿਆ। ਅਮਨ ਨੇ ਜਾਣ-ਬੁੱਝ ਕੇ ਅਣਜਾਣ ਬਣਨ ਦੀ ਕੋਸ਼ਿਸ਼ ਕੀਤੀ।

ਦਿਲ ਹੀ ਦਿਲ ਵਿਚ ਉਹ ਕਹਿ ਰਿਹਾ ਸੀ, "ਯਾ ਅੱਲ੍ਹਾ! ਦਰਵਾਜਾ ਐਮਨਾ ਈ ਖੋਲ੍ਹੇ ਤਾਂ ਵਧੀਆ।"

ਅਮਨ ਨੇ ਬਿੱਟੂ ਨੂੰ ਦਰਵਾਜੇ ਤੋਂ ਥੋੜ੍ਹਾ ਦੂਰ ਅਟਕਣ ਲਈ ਕਿਹਾ ਅਤੇ ਉਸ ਨੇ ਆਪ ਜਾ ਕੇ ਦਰਵਾਜਾ ਖੜਕਾਇਆ। ਐਮਨਾ ਨੇ ਦਰਵਾਜਾ ਖੋਲ੍ਹਿਆ।

"ਵਾਹ! ਕਿਆ ਬਾਤ ਐ! ਅਮਨ ਗਿੱਲ ਸਾਹਿਬ ਆਏ ਆ, ਕਮਾਲ ਹੋ ਗਈ।"

"ਹਾਂ ਜੀ, ਕੀ ਹਾਲ ਆ?"

"ਵਧੀਆ! ਤੁਸੀਂ ਸੁਣਾਓ।"

"ਵਧੀਆ, ਕੀ ਕਰ ਰਹੇ ਹੋ ਅਜ ਕੱਲ੍ਹ?"

"ਕੰਵਲ ਦਾ ਨਾਵਲ 'ਰਾਤ ਬਾਕੀ ਹੈ' ਪੜ੍ਹ ਰਹੀ ਹਾਂ। ਕੱਲ੍ਹ ਸ਼ਾਮੀਂ ਤੁਸੀਂ ਜਦੋਂ ਅਵਤਾਰ ਦੀ ਛੱਤ 'ਤੇ ਵੀਅਤਨਾਮ ਦੀ ਜੰਗ ਬਾਰੇ ਬਹਿਸ ਕਰ ਰਹੇ ਸੀ ਤਾਂ ਮੇਰਾ ਵੀ ਜੀਅ ਕਰਦਾ ਸੀ ਕਿ ਮੈਂ ਦੌੜ ਕੇ ਜਾਵਾਂ ਤੇ ਉਸ ਬਹਿਸ ਵਿਚ ਹਿੱਸਾ ਲਵਾਂ। ਕਾਸ਼! ਰਾਹ ਵਿਚ ਬਹੁਤ ਗਲੀਆਂ, ਦੀਵਾਰਾਂ ਅਤੇ ਛੱਤਾਂ ਨਾ ਹੁੰਦੀਆਂ।"

"ਲੈ! ਤਾਂ ਕੀ ਸੀ, ਜੇ ਛੱਤੋ ਛੱਤ ਆਉਂਦੀ ਤਾਂ ਦੋ ਕੁ ਹੀ ਗਲੀਆਂ ਟੱਪਣੀਆਂ ਪੈਣੀਆਂ ਸੀ।"

"ਜਿੱਦਣ ਤੁਸੀਂ ਰੱਬ ਬਾਰੇ ਬਹਿਸ ਕਰ ਰਹੇ ਸੀ, ਉਸ ਦਿਨ ਤਾਂ ਮੈਂ ਸੱਚੀ ਛੱਤ ਟੱਪਣ ਨੂੰ ਤਿਆਰ ਹੋ ਗਈ ਸਾਂ। ਮੇਰਾ ਬਹੁਤ ਜੀਅ ਕਰਦਾ ਕਿ ਮੈਂ ਵੀ ਤੁਹਾਡੇ ਵਾਂਗ ਅਜ਼ਾਦ ਹੋ ਕੇ ਆਪਣੇ ਦੋਸਤਾਂ ਨਾਲ ਘੁੰਮਾਂ ਫਿਰਾਂ ਅਤੇ ਤੁਹਾਡੇ ਵਾਂਗ ਬਹਿਸਾਂ ਵਿਚ ਹਿੱਸਾ ਲਵਾਂ। ਕੁੜੀਆਂ ਲਈ ਨਿਯਮ ਵੱਖਰੇ ਕਿਉਂ ਹਨ?"

"ਬਈ ਗੱਲ ਤਾਂ ਤੇਰੀ ਠੀਕ ਆ। ਕੁੜੀਆਂ ਨੂੰ ਇੰਨਾ ਰੋਕ-ਰੋਕ ਕੇ ਕਿਉਂ ਰਖਿਆ ਜਾਂਦਾ?"

"ਹਾਂ ਸੱਚ! ਮੈਂ ਤਾਂ ਭੁੱਲ ਹੀ ਗਈ। ਤੂੰ ਕਿਸੇ ਕੰਮ ਆਇਆ ਸੀ?" ਐਮਨਾ ਨੇ ਪੁਛਿਆ।

"ਹਾਂ, ਚਾਚੇ ਖੈਰ ਦੀਨ ਨੂੰ ਮਿਲਣਾ ਸੀ। ਘਰੇ ਈ ਆ ਉਹ?"

"ਹਾਂ ਘਰੇ ਈ ਆ। ਅਹੁ ਬਰਾਂਡੇ ਵਿਚ ਪਏ ਆ ਅੱਬਾ ਜਾਨ। ਪਰ ਕੀ ਕੰਮ ਪੈ ਗਿਆ?"

"ਚਾਚੇ ਤੋਂ ਤੇਰਾ ਹੱਥ ਮੰਗਣ ਆਇਆਂ।"

"ਸ਼ਾਬਾਸ਼ੇ, ਮੈਂ ਪਿੰਡ ਦੀ ਕੁੜੀ ਆਂ ਤੇ ਉਹ ਵੀ ਮੁਸਲਮਾਨ, ਜੇ ਆਪਾਂ ਇਕੱਠੇ ਹੋ ਗਏ ਤਾਂ ਪਿੰਡ ਦੇ ਲੋਕਾਂ ਨੇ ਆਪਣੇ ਗਲ ਕੱਟ ਕੇ ਚੌਰਾਹੇ 'ਚ ਟੰਗ ਦੇਣੇ ਆ।"

"ਉਹ ਤਾਂ ਫੇਰ ਦੇਖੀ ਜਾਊ, ਹਾਲੇ ਤਾਂ ਮੈਨੂੰ ਲਗਦਾ ਆ ਕਿ ਚਾਚੇ ਨੇ ਈ ਜੁੱਤੀ ਲਾਹ ਲੈਣੀ ਆ।"

"ਜੁੱਤੀ ਵੀ ਨਵੀਂ ਬਣਵਾਈ ਆ।" ਅਮਨਾ ਹੱਸ ਕੇ ਬੋਲੀ।

ਅਮਨ ਗੱਲਾਂ ਵਿਚ ਇੰਨਾ ਮਗਨ ਹੋ ਗਿਆ ਸੀ ਕਿ ਉਸ ਨੂੰ ਸ਼ਿਰਕ ਲਫਜ਼ ਭੁੱਲ ਗਿਆ। ਉਹ ਚਾਚੇ ਖੈਰ ਦੀਨ ਕੋਲ ਗਿਆ ਤੇ ਕਹਿੰਦਾ, "ਸਲਾਮ ਚਾਚਾ ਜੀ।"

"ਸਲਾਮ ਵਈ ਪੁੱਤਰਾ, ਕੀ ਹਾਲ ਆ?"

"ਚਾਚਾ ਜੀ ਵਧੀਆ। ਇਕ ਗੱਲ ਦਸੋ ਕਿ ਇਹ ਸ਼ਾਰਕ ਕਿਸ ਨੂੰ ਕਹਿੰਦੇ ਆ?"

"ਸ਼ਾਰਕ, ਇਹ ਇਕ ਪੰਛੀ ਹੁੰਦਾ ਆ, ਤੂੰ ਬਥੇਰੇ ਦੇਖੇ ਹੋਣੇ ਉਡਦੇ ਫਿਰਦੇ, ਤੂੰ ਮੈਨੂੰ ਸ਼ਾਰਕਾਂ ਬਾਰੇ ਪੁੱਛਣ ਆਇਆਂ?"

"ਨਹੀਂ ਇਹ ਪੰਛੀ ਨਹੀਂ, ਇਸਲਾਮ ਵਿਚ ਜੋ ਸ਼ਾਰਕ ਹੁੰਦੀ ਆ।"

"ਓ ਅੱਛਾ, ਉਹ ਸ਼ਾਰਕ ਨਹੀਂ ਹੁੰਦੀ, ਸ਼ਿਰਕ ਹੁੰਦੀ ਆ।"

ਐਮਨਾ ਹੱਸ ਕੇ ਬੋਲੀ, "ਬੁੱਧੂ।"

"ਅੱਛਾ ਉਹ ਸ਼ਿਰਕ ਕੀ ਹੁੰਦੀ ਆ?"

"ਓ ਪੁੱਤਰਾ ਇਹ ਨਿਯਮ ਹੈ ਕਿ ਤੁਸੀਂ ਕਿਸੇ ਹੋਰ ਰੱਬ ਨੂੰ ਅੱਲ੍ਹਾ ਦਾ ਸ਼ਰੀਕ ਨਹੀਂ ਬਣਾ ਸਕਦੇ। ਮਤਲਬ ਕਿ ਤੁਸੀਂ ਕਿਸੇ ਹੋਰ ਰੱਬ ਦੀ ਇਬਾਦਤ ਨਹੀਂ ਕਰ ਸਕਦੇ।"

"ਲੈ, ਇਹ ਤਾਂ ਤੈਨੂੰ ਮੈਂ ਈ ਦਸ ਦੇਣਾ ਸੀ।" ਐਮਨਾ ਬੋਲੀ।

"ਪੁੱਤਰਾ ਇਸਲਾਮ ਵਿਚ ਦੋ ਗੁਨਾਹ ਬਹੁਤ ਵੱਡੇ ਹਨ-ਸ਼ਿਰਕ ਅਤੇ ਕੁਫਰ। ਬੇਟਾ ਐਮਨਾ! ਜਾਹ ਮੁੰਡੇ ਲਈ ਚਾਹ ਬਣਾ ਕੇ ਲਿਆ।"

"ਨਹੀਂ ਚਾਚਾ ਜੀ, ਚਾਹ ਨਹੀਂ ਪੀਣੀ, ਜ਼ਰਾ ਜਲਦੀ ਆ।"

"ਪਰ ਤੈਨੂੰ ਕੀ ਲੋੜ ਪੈ ਗਈ ਸ਼ਿਰਕ ਬਾਰੇ ਜਾਣਨ ਦੀ?"

ਅਮਨਾ ਵਿਚੇ ਹੀ ਬੋਲ ਪਈ, "ਅੱਬਾ ਇਹ ਬਹਿਸ ਕਰਦੇ ਹੋਣੇ ਤੇ ਸ਼ਿਰਕ 'ਤੇ ਆ ਕੇ ਨੁਕਤਾ ਅੜ ਗਿਆ ਹੋਣਾ।"

"ਹੁਣ ਮੈਂ ਚਲਦਾਂ, ਤੁਹਾਨੂੰ ਪੂਰੀ ਕਹਾਣੀ ਫਿਰ ਕਿਸੇ ਵੇਲੇ ਦਸੂੰਗਾ।"

"ਚੰਗਾ ਪੁੱਤਰ ਰੱਬ ਰਾਖਾ।"

ਦਰਵਾਜੇ ਕੋਲ ਜਾ ਕੇ ਐਮਨਾ ਬੋਲੀ, "ਤੂੰ ਮੇਰੇ ਲਈ ਕਾਮੂ ਦਾ ਨਾਵਲ 'ਦਾ ਫਾਲ' ਲਿਆਉਣਾ ਸੀ।"

"ਉਹ ਮੈਂ ਕੱਲ੍ਹ ਪਹੁੰਚਾ ਦਊਂਗਾ।"

"ਠੀਕ ਆ, ਨਾਲੇ ਮੈਂ ਤੈਨੂੰ ਕੁਫਰ ਬਾਰੇ ਦੱਸ ਦੇਵਾਂਗੀ।"

"ਚੰਗਾ ਫਿਰ ਸੀ ਯੂ।"

ਅਮਨ ਉਥੋਂ ਤੁਰ ਪਿਆ, ਪਰ ਉਸ ਦਾ ਮਨ ਉਡਾਰੀਆਂ ਮਾਰ ਰਿਹਾ ਸੀ।

"ਕੀ ਕਹਿੰਦਾ ਚਾਚਾ ਖੈਰਾ?" ਬਿੱਟੂ ਉਤਸੁਕ ਹੋ ਰਿਹਾ ਸੀ।

"ਓ ਯਾਰ ਇਹ ਗੱਲ ਠੀਕ ਆ ਕਿ ਕਿਸੇ ਮੁਸਲਮਾਨ ਨੂੰ ਇਜਾਜ਼ਤ ਨਹੀਂ ਅੱਲ੍ਹਾ ਤੋਂ ਬਿਨਾ ਕਿਸੇ ਹੋਰ ਰੱਬ ਅੱਗੇ ਮੱਥਾ ਟੇਕਣ ਦੀ।"

ਵਾਪਿਸ ਆ ਕੇ ਅਮਨ ਨੇ ਇਹ ਗੱਲ ਸਾਰਿਆਂ ਨੂੰ ਦੱਸੀ ਕਿ ਵਾਕਈ ਇਹ ਗੱਲ ਠੀਕ ਹੈ। "ਤੁਸੀਂ ਇਸ ਨੂੰ ਮੱਥਾ ਟੇਕਣ ਲਈ ਮਜਬੂਰ ਨਹੀਂ ਕਰ ਸਕਦੇ। ਇਹ ਇਸ ਦੇ ਧਰਮ ਦੀ ਉਲੰਘਣਾ ਹੈ।"

"ਬੜੀ ਮੁਸ਼ਕਿਲ ਬਣੀ ਆ। ਅਸੀਂ ਤਾਂ ਸ਼ਾਂਤਮਈ ਢੰਗ ਲਭਿਆ ਸੀ।" ਅਮਰੀਕ ਬੋਲਿਆ।

ਅਕਾਲੀ ਤੇਜ਼ ਹੋ ਰਿਹਾ ਸੀ, "ਚਲੋ ਗੋਲੀ ਮਾਰੋ ਸ਼ਾਂਤੀ ਦੇ। ਚਾਰ ਛਿੱਤਰ ਮਾਰੋ ਇਹਦੇ ਤੇ ਇਹਨੂੰ ਤੋਰੋ ਇਥੋਂ।"

ਕਾਫੀ ਰੌਲਾ ਰੱਪਾ ਜਿਹਾ ਪੈਣ ਲੱਗ ਪਿਆ। ਸਭ ਲੋਕ ਆਪੋ-ਆਪਣੀ ਰਾਏ ਦੇ ਰਹੇ ਸਨ। ਘੁੱਡੇ ਸ਼ਰਾਬੀ ਨੇ ਜੁੱਤੀ ਲਾਹ ਕੇ ਹੱਥ ਵਿਚ ਫੜੀ ਹੋਈ ਸੀ। ਉਹ ਬੋਲਿਆ, "ਇਸ ਸੇਵਾ ਦਾ ਮੌਕਾ ਮੈਨੂੰ ਦਿਓ।"

ਇੰਨੇ ਚਿਰ ਵਿਚ ਗੁਰਦੁਆਰੇ ਦਾ ਭਾਈ ਆ ਗਿਆ। ਉਸ ਦੇ ਨਾਲ ਤਾਇਆ ਜਗਤ ਸਿੰਘ ਵੀ ਸੀ, ਜੋ ਰਿਟਾਇਰਡ ਥਾਣੇਦਾਰ ਸੀ। ਗੁਰਦੁਆਰੇ ਦੇ ਗ੍ਰੰਥੀ ਨੂੰ ਸਾਰਾ ਪਿੰਡ ਭਾਈ ਕਹਿੰਦਾ ਸੀ। ਕਿਹਾ ਜਾਂਦਾ ਸੀ ਕਿ ਉਹ ਜੈਤੋ ਦੇ ਮੋਰਚੇ ਵੇਲੇ ਹੀ ਘਰੋਂ ਨਿਕਲ ਗਿਆ ਸੀ ਅਤੇ ਘੁੰਮਦਾ ਘੁਮਾਉਂਦਾ ਸਾਡੇ ਪਿੰਡ ਗੁਰਦੁਆਰੇ ਆ ਕੇ ਟਿਕ ਗਿਆ। ਪਿੰਡ ਦੇ ਲੋਕ ਉਸ ਨੂੰ ਸਿੱਖ ਧਰਮ ਦਾ ਬਹੁਤ ਵੱਡਾ ਵਿਦਵਾਨ ਸਮਝਦੇ ਸਨ।

"ਕਿਉਂ ਵਈ ਕੀ ਹੋ ਰਿਹਾ?" ਭਾਈ ਨੇ ਪੁਛਿਆ।

"ਚੰਗਾ ਹੋਇਆ ਤੁਸੀਂ ਵੇਲੇ ਸਿਰ ਆ ਗਏ ਭਾਈ ਜੀ। ਐਸ ਬੰਦੇ ਨੇ ਗੁਰਦੁਆਰੇ ਦੇ ਉਤੇ ਚੜ੍ਹ ਕੇ ਨਮਾਜ਼ ਪੜ੍ਹੀ ਆ ਤੇ ਅਸੀਂ ਇਸ ਨੂੰ ਕਿਹਾ ਪਈ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਮੱਥਾ ਟੇਕ ਕੇ ਮਾਫੀ ਮੰਗ, ਪਰ ਇਹ ਮੰਨਦਾ ਨਹੀਂ। ਕਹਿੰਦਾ ਇਸਲਾਮ ਵਿਚ ਇਹ ਮਨ੍ਹਾਂ ਹੈ।" ਅਕਾਲੀ ਨੇ ਭਾਈ ਨੂੰ ਕਹਾਣੀ ਦੱਸੀ।

ਭਾਈ ਨੇ ਸਾਰੀ ਗੱਲ ਸੁਣੀ ਅਤੇ ਸ਼ਾਂਤੀ ਨਾਲ ਬੋਲਿਆ, "ਦੇਖੋ ਮੁੰਡਿਓ, ਇਨ੍ਹਾਂ ਦੇ ਆਪਣੇ ਅਸੂਲ ਹਨ ਤੇ ਸਾਡੇ ਆਪਣੇ। ਇਥੇ ਬਦਲੇਬਾਜ਼ੀ ਨਹੀਂ ਚੱਲਦੀ। ਇਹ ਬਾਬੇ ਨਾਨਕ ਦਾ ਦਰਬਾਰ ਹੈ। ਇਥੇ ਹਰ ਬੰਦਾ ਆ ਸਕਦਾ। ਹਰ ਧਰਮ ਦਾ ਅਤੇ ਹਰ ਜਾਤ ਦਾ। ਇਥੇ ਆ ਕੇ ਕੋਈ ਅੱਲ੍ਹਾ ਅੱਲ੍ਹਾ ਬੋਲ ਸਕਦਾ, ਰਾਮ ਰਾਮ ਬੋਲ ਸਕਦਾ ਜਾਂ ਫਿਰ ਵਾਹਿਗੁਰੂ ਨੂੰ ਯਾਦ ਕਰ ਸਕਦਾ ਹੈ। ਕੋਈ ਫਰਕ ਨਹੀਂ ਪੈਂਦਾ। ਸਾਡਾ ਰੱਬ ਬੇਪਰਵਾਹ, ਨਿਰਭਉ ਅਤੇ ਨਿਰਵੈਰ ਹੈ। ਉਸ ਦਾ ਕੋਈ ਸ਼ਰੀਕ ਨਹੀਂ ਹੋ ਸਕਦਾ, ਕਿਉਂਕਿ ਉਹ ਸਰਵਸ਼ਕਤੀਮਾਨ ਹੈ। ਇਥੇ ਕੋਈ ਆਪਣਾ-ਬੇਗਾਨਾ ਨਹੀਂ ਅਤੇ ਕੋਈ ਉਚਾ-ਨੀਵਾਂ ਨਹੀਂ।"



*ਭਾਈ ਨੇ ਸਾਰੀ ਗੱਲ ਸੁਣੀ ਅਤੇ ਸ਼ਾਂਤੀ ਨਾਲ ਬੋਲਿਆ, "ਦੇਖੋ ਮੁੰਡਿਓ, ਇਨ੍ਹਾਂ ਦੇ ਆਪਣੇ ਅਸੂਲ ਹਨ ਤੇ ਸਾਡੇ ਆਪਣੇ। ਇਥੇ ਬਦਲੇਬਾਜ਼ੀ ਨਹੀਂ ਚੱਲਦੀ। ਇਹ ਬਾਬੇ ਨਾਨਕ ਦਾ ਦਰਬਾਰ ਹੈ। ਇਥੇ ਹਰ ਬੰਦਾ ਆ ਸਕਦਾ। ਹਰ ਧਰਮ ਦਾ ਅਤੇ ਹਰ ਜਾਤ ਦਾ। ਇਥੇ ਆ ਕੇ ਕੋਈ ਅੱਲ੍ਹਾ ਅੱਲ੍ਹਾ ਬੋਲ ਸਕਦਾ, ਰਾਮ ਰਾਮ ਬੋਲ ਸਕਦਾ ਜਾਂ ਫਿਰ ਵਾਹਿਗੁਰੂ ਨੂੰ ਯਾਦ ਕਰ ਸਕਦਾ ਹੈ। ਕੋਈ ਫਰਕ ਨਹੀਂ ਪੈਂਦਾ। ਸਾਡਾ ਰੱਬ ਬੇਪਰਵਾਹ, ਨਿਰਭਉ ਅਤੇ ਨਿਰਵੈਰ ਹੈ। ਉਸ ਦਾ ਕੋਈ ਸ਼ਰੀਕ ਨਹੀਂ ਹੋ ਸਕਦਾ, ਕਿਉਂਕਿ ਉਹ ਸਰਵਸ਼ਕਤੀਮਾਨ ਹੈ। ਇਥੇ ਕੋਈ ਆਪਣਾ-ਬੇਗਾਨਾ ਨਹੀਂ ਅਤੇ ਕੋਈ ਉਚਾ-ਨੀਵਾਂ ਨਹੀਂ।"*

"ਹੈਂ?" ਅਕਾਲੀ ਹੈਰਾਨ ਸੀ ਜਿਵੇਂ ਗੁਰੂ ਨਾਨਕ ਦਾ ਫਲਸਫਾ ਪਹਿਲੀ ਵਾਰ ਸੁਣ ਰਿਹਾ ਹੋਵੇ।

ਭਾਈ ਨੇ ਕਿਹਾ, "ਇਹਨੂੰ ਰੋਟੀ ਪਾਣੀ ਦਿਓ ਅਤੇ ਸੌਣ ਲਈ ਮੰਜਾ ਦਿਓ।"

ਲੋਕਾਂ ਵਿਚ ਚੁੱਪ ਛਾ ਗਈ। ਫਿਰ ਘੁਸਰ-ਮੁਸਰ ਜਿਹੀ ਸ਼ੁਰੂ ਹੋਈ।

ਕਬੱਡੀ ਵਾਲਾ ਕੇਬੀ ਬੋਲਿਆ, "ਯਾਰ ਬਾਬੇ ਨਾਨਕ ਦਾ ਰੱਬ ਤਾਂ ਬੜਾ ਘੈਂਟ ਆ।"

"ਜੇ ਸਾਡਾ ਰੱਬ ਇੰਨਾ ਈ ਘੈਂਟ ਆ ਤਾਂ ਉਹ ਸ਼ਾਮ ਨੂੰ ਘੁੱਟ ਕੁ ਲਾਉਂਦਾ ਵੀ ਹੋਣਾ ਆ।" ਘੁੱਡਾ ਸ਼ਰਾਬੀ ਬੋਲਿਆ।

ਤਾਏ ਜਗਤ ਸਿੰਘ ਨੇ ਘੁੱਡੇ ਨੂੰ ਦਬਕਾ ਮਾਰਿਆ, "ਚੁੱਪ ਉਏ ਸਾਲਿਆ, ਗੁਰਦੁਆਰੇ ਆ ਕੇ ਸ਼ਰਾਬ ਖੇੜਦਾਂ, ਜੁੱਤੀਆਂ ਤਾਂ ਤੇਰੇ ਪੈਣੀਆਂ ਚਾਹੀਦੀਆਂ।"

ਭਾਈ ਨੇ ਉਸ ਬੰਦੇ ਨੂੰ ਜ਼ਮੀਨ ਤੋਂ ਉਠਾਇਆ ਅਤੇ ਮੰਜੇ ਉਤੇ ਬਹਿਣ ਲਈ ਕਿਹਾ, "ਐਥੇ ਮੰਜੇ 'ਤੇ ਬੈਠ, ਮੈਂ ਬਿਸਤਰਾ ਲੈ ਕੇ ਆਉਂਨਾਂ। ਰੋਟੀ ਪਾਣੀ ਛਕੇਂਗਾ?"

"ਨਹੀਂ ਜੀ, ਮੈਂ ਰੋਟੀ ਖਾ ਚੁਕਾਂ।"

"ਚਲ ਠੀਕ ਆ, ਮੈਂ ਗਰਮ ਦੁੱਧ ਅਤੇ ਪਿੰਨੀ ਲਿਆਉਂਨਾਂ।"

ਭਾਈ ਨੇ ਬਿਸਤਰਾ ਲਿਆ ਕੇ ਮੰਜੇ ਉਤੇ ਵਿਛਾ ਦਿੱਤਾ। ਇੰਨੇ ਚਿਰ ਨੂੰ ਕੋਈ ਬੰਦਾ ਗਰਮ ਦੁੱਧ ਅਤੇ ਪਿੰਨੀ ਲੈ ਕੇ ਆ ਗਿਆ।

ਉਹ ਅਜਨਬੀ ਬੰਦਾ ਦੁੱਧ ਪੀ ਰਿਹਾ ਸੀ ਅਤੇ ਪਿੰਨੀਆਂ ਖਾ ਰਿਹਾ ਸੀ, ਪਰ ਉਸ ਦੀਆਂ ਅੱਖਾਂ ਡਰੇ ਹੋਏ ਜਾਨਵਰ ਵਾਂਗ ਅਜੇ ਵੀ ਡੌਰ-ਭੌਰ ਸਨ।

# ਅਕਤੂਬਰ ਮਹੀਨੇ ਦੇ ਸੰਗਰਾਮੀ ਅਤੇ ਸ਼ਹੀਦ ਯੋਧੇ

## ਜੰਗ-ਏ-ਆਜ਼ਾਦੀ ਹਿੰਦੋਸਤਾਨ

***ਇੱਕ ਵਿਸ਼ਾਲ ਦੇਸ਼ ਹਿੰਦੋਸਤਾਨ ਦੇ ਇਤਿਹਾਸ 'ਤੇ ਝਾਤ ਮਾਰਦਿਆਂ ਮਨ 'ਚ ਕਈ ਉਤਰਾਅ ਚੜ੍ਹਾਅ ਆਉਣੇ ਸ਼ੁਰੂ ਹੋ ਜਾਂਦੇ ਹਨ। ਸੋਚਾਂ ਦੀ ਸੋਚ ਜਦੋਂ ਦੇਸ਼ ਦੀ ਆਜ਼ਾਦੀ ਵੱਲ ਜਾਂਦੀ ਹੈ ਤਾਂ ਸ਼ਹੀਦਾਂ ਜਾਂ ਸੰਗਰਾਮੀਆਂ ਪ੍ਰਤੀ ਸੋਚਣਾ ਸ਼ੁਰੂ ਹੁੰਦਾ ਹੈ ਕਿ ਕਿੰਨੇ ਸਮਰਪਿਤ ਹੋਣਗੇ, ਜਿਨ੍ਹਾਂ ਨੇ ਆਪਾ ਵਾਰਨ ਤੋਂ ਬਾਅਦ ਵਾਲੀ ਸਥਿਤੀ ਨੂੰ ਦੇਖਿਆ ਜਾਂ ਵਿਚਾਰਿਆ ਹੀ ਨਹੀਂ ਹੋਵੇਗਾ। ਪ੍ਰਤੀਤ ਭਾਵੇਂ ਇਹ ਹੁੰਦਾ ਹੈ ਕਿ ਸ਼ਾਇਦ ਉਨ੍ਹਾਂ ਆਜ਼ਾਦੀ ਦੇ ਜਨੂਨ 'ਚ ਅਣਗੌਲਿਆਂ ਕੀਤਾ ਹੋਵੇਗਾ, ਪਰ ਨਹੀਂ! ਉਹ ਆਪਣੀ ਸੁੱਧ-ਬੁੱਧ ਨੂੰ ਕਾਇਮ ਰੱਖਕੇ ਹੀ ਆਜ਼ਾਦੀ ਦੇ ਮੈਦਾਨ-ਏ-ਜੰਗ 'ਚ ਕੁੱਦੇ ਸਨ। ਦੇਸ਼ ਨੂੰ ਆਪਣੇ ਪਰਿਵਾਰਾਂ ਨਾਲੋਂ ਕਦੇ ਵੀ ਵੱਖ ਕਰਕੇ ਨਾ ਦੇਖਣਾ, ਉਨ੍ਹਾਂ ਦੀ ਦ੍ਰਿਸ਼ਟੀ, ਜਿੰਦਾ ਦਿਲੀ ਅਤੇ ਨਿਸ਼ਾਨੇ ਵੱਲ ਸੇਧ ਦਾ ਸਬੂਤ ਹੈ। ਬਹੁਤੇ ਸ਼ਹੀਦ ਜਾਂ ਸੰਗਰਾਮੀ ਤਾਂ ਘਰ ਦੀ ਹਾਲਤ ਨੂੰ ਸੁਧਾਰਨ ਲਈ ਹੀ ਪਰਦੇਸੀ ਹੋਏ ਸਨ, ਪਰ ਪਰਦੇਸ ਵਿਚਲੇ ਭੈੜੇ ਸਲੂਕ ਸਾਹਮਣੇ ਆਰਥਕ ਤੰਗੀਆਂ ਤੁਰਸ਼ੀਆਂ ਛੋਟੀਆਂ ਲੱਗੀਆਂ, ਤਦ ਹੀ ਤਾਂ ਦੇਸ਼ ਦੀ ਆਜ਼ਾਦੀ ਨੂੰ ਪਹਿਲ ਦਿੱਤੀ। ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜਦੋਂ ਘਰ ਦਾ ਕਮਾਊ ਕਿਸੇ ਕਾਰਨ ਕਰਕੇ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਜਾਂਦਾ ਹੈ ਤਾਂ ਪਰਿਵਾਰ ਦੀ ਹਾਲਤ ਕਿਹੋ ਜਿਹੀ ਹੋ ਜਾਂਦੀ ਹੈ! ਸੁਭਾਵਕ ਹੀ ਸ਼ਹੀਦਾਂ ਦੇ ਪਰਿਵਾਰ ਵੀ ਬੜੀ ਨਾਜ਼ੁਕ ਸਥਿਤੀ ਵਿਚ ਹੋਣਗੇ। ਆਜ਼ਾਦੀ ਦਾ ਅਨੰਦ ਮਾਣ ਰਹੀ ਦੁਨੀਆਂ ਦਾ ਫਰਜ਼ ਹੈ ਕਿ ਸ਼ਹੀਦਾਂ ਨੂੰ ਸਤਿਕਾਰ ਦਿੰਦੇ ਰਹੀਏ ਤੇ ਨਾਲ ਹੀ ਉਨ੍ਹਾਂ ਦੇ ਪਰਿਵਾਰਾਂ ਨਾਲ ਵੀ ਜੁੜੀਏ। ਫਰੰਗੀ ਰਾਜ ਦੇ ਖਾਤਮੇ ਲਈ ਕਿੰਨੀਆਂ ਸੰਸਥਾਵਾਂ, ਮੋਰਚੇ, ਜਥੇਬੰਦੀਆਂ, ਲਹਿਰਾਂ ਜਾਂ ਇੰਜ ਕਹੀਏ ਵੱਖ ਵੱਖ ਕੜੀਆਂ, ਜਿਨ੍ਹਾਂ ਨੇ ਆਜ਼ਾਦੀ ਲਈ ਇੱਕ ਐਸਾ ਸੰਗਲ ਬਣਾਇਆ ਕਿ ਅੰਗਰੇਜ਼ ਰਾਜ ਨੂੰ ਨੂੜ ਕੇ ਰੱਖ ਦਿੱਤਾ, ਹਿੰਦੋਸਤਾਨ 'ਚੋਂ ਨਿਕਲਣ ਲਈ ਮਜਬੂਰ ਕਰ ਦਿੱਤਾ।***

ਗਦਰ ਲਹਿਰ ਦੀ ਕਵਿਤਾ ਦੇਸ਼ ਭਗਤੀ ਦੀ ਭਾਵਨਾ ਨਾਲ ਲਬਰੇਜ਼ ਸੀ। ਇਸ ਦਾ ਉਸਾਰੂ ਪ੍ਰਭਾਵ ਤਾਂ ਬਹੁਤ ਸੀ, ਪਰ ਇਸ ਦਾ ਬਿਆਨ ਬੜਾ ਸਰਲ ਸੀ,

ਵਿਦੇਸ਼ੀਆਂ ਨੇ ਸਾਡੇ ਦੇਸ਼ ਨੂੰ ਲੁੱਟਿਆ ਹੈ,
ਪਰ ਅਸੀਂ ਡੂੰਘੀ ਨੀਂਦ 'ਚੋਂ ਜਾਗ ਪਏ ਹਾਂ।
ਸਾਡੇ ਬਾਗ ਪਾਣੀ ਤੋਂ ਬਿਨਾ ਸੁੱਕੇ,
ਪਰ ਅਸੀਂ ਇਨ੍ਹਾਂ ਨੂੰ ਲਹੂ ਨਾਲ ਸਿੰਜਿਆ ਹੈ।
ਐ ਮਾਂ ਤੂੰ ਸਾਨੂੰ ਮਿੱਠੇ ਦੁੱਧ ਨਾਲ ਪਾਲਿਆ ਹੈ,
ਹੁਣ ਅਸੀਂ ਤੈਨੂੰ ਆਪਣਾ ਲਹੂ ਦੇਵਾਂਗੇ।

ਦੇਸ਼ ਆਜ਼ਾਦੀ ਦੇ ਅਣਖੀ ਵਿਰਸੇ ਨੂੰ ਯਾਦਾਂ ਦਾ ਹਿੱਸਾ ਬਣਾ ਕੇ ਰੱਖਣ ਲਈ ਸ਼ਰਧਾਂਜਲੀ ਵਜੋਂ ਜਾਣਕਾਰੀ ਪੇਸ਼ ਹੈ:

ਪਹਿਲੀ ਅਕਤੂਬਰ 1918 ਨੂੰ ਸਤਿਆ ਨੰਦ ਪੁਲਿਸ ਤਸ਼ੱਦਦ 'ਚ ਦਮ ਤੋੜ ਗਏ। ਉਹ ਬੰਗਾਲ ਦੇ ਕ੍ਰਾਂਤੀਕਾਰੀ ਸਨ। ਦੋਸ਼ ਅੰਗਰੇਜ਼ ਰਾਜ ਦੇ ਖਾਤਮੇ ਲਈ ਲੋਕਾਂ ਦੀ ਲਾਮਬੰਦੀ।

ਪਹਿਲੀ ਅਕਤੂਬਰ 1925 ਨੂੰ ਰਤਨ ਸਿੰਘ ਪੁੱਤਰ ਹੀਰਾ ਸਿੰਘ, ਪਿੰਡ ਅਚੱਲਵਾਲੀ, ਤਹਿਸੀਲ ਸ਼ਕਰਗੜ੍ਹ, ਜਿਲਾ ਗੁਰਦਾਸਪੁਰ ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਜੈਤੋਂ ਮੋਰਚਾ-10 'ਚ ਸ਼ਮੂਲੀਅਤ ਕੀਤੀ।

2 ਅਕਤੂਬਰ 1952 ਨੂੰ ਭਗਵਾਨ ਸਿੰਘ ਪੁੱਤਰ ਮਹਿਤਾਬ ਸਿੰਘ ਪਿੰਡ ਬੱਦੋਵਾਲ, ਜਿਲਾ ਲੁਧਿਆਣਾ ਸਦੀਵੀ ਵਿਛੋੜਾ ਦੇ ਗਏ। ਉਹ 1909 'ਚ ਅਮਰੀਕਾ ਪਹੁੰਚੇ, ਗਦਰ ਪਾਰਟੀ ਦੇ ਮੈਂਬਰ ਬਣੇ, ਦੇਸ਼ ਆਜ਼ਾਦ ਕਰਾਉਣ ਲਈ ਤੋਸ਼ਾਮਾਰ ਜਹਾਜ 'ਚ ਵਾਪਸੀ, ਭਾਰਤ ਛੱਡੋ ਅੰਦੋਲਨ 'ਚ ਹਿੱਸਾ, ਪ੍ਰਭਾਵਿਤ ਬੁਲਾਰੇ ਅਤੇ ਡੀ. ਆਈ. ਆਰ. ਕਾਨੂੰਨ ਹੇਠ 18 ਮਹੀਨੇ ਲੁਧਿਆਣਾ, ਮਿੰਟਗੁਮਰੀ ਤੇ ਮੁਲਤਾਨ ਦੀ ਜੇਲ੍ਹ ਯਾਤਰਾ ਕੀਤੀ

3 ਅਕਤੂਬਰ 1939 ਨੂੰ ਜਥੇਦਾਰ ਤੇਜਾ ਸਿੰਘ ਭੁੱਚਰ ਪੁੱਤਰ ਮਈਆ ਸਿੰਘ ਤੇ ਮਾਤਾ ਮਤਾਬ ਕੌਰ, ਪਿੰਡ ਫੇਰੂ ਸਦੀਵੀ ਵਿਛੋੜਾ ਦੇ ਗਏ। ਉਹ ਗੁਰਦੁਆਰਾ ਸੁਧਾਰ ਲਹਿਰ 'ਚ ਬਤੌਰ ਜਥੇਦਾਰ ਬੜੇ ਹੀ ਪ੍ਰਭਾਵਿਤ ਆਗੂ ਰਹੇ, ਕਈ ਗੁਰੂਘਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਲਿਆਂਦੇ; ਅਰੂੜ ਸਿੰਘ ਨੂੰ ਆਹੁਦਾ ਰਹਿਤ ਕਰਨ ਲਈ ਪ੍ਰਧਾਨਗੀ ਕੀਤੀ, ਕਿਉਂਕਿ ਉਸ ਨੇ ਕਾਤਿਲ ਡਾਇਰ ਨੂੰ ਸਿਰੋਪਾ ਦਿੱਤਾ ਸੀ ਅਤੇ ਅੰਗਰੇਜ਼ ਰਾਜ ਵਿਰੁਧ ਡਟ ਕੇ ਲੜਾਈ ਹਿੱਸਾ ਪਾਇਆ।

3 ਅਕਤੂਬਰ 1969 ਨੂੰ ਬਾਬਾ ਕਰਮ ਸਿੰਘ ਚੀਮਾ ਪੁੱਤਰ ਗੁੱਜਰ ਸਿੰਘ, ਪਿੰਡ ਚੀਮਾ ਖੁਰਦ (ਜਲੰਧਰ) ਸਦੀਵੀ ਵਿਛੋੜਾ ਦੇ ਗਏ। ਉਹ ਹਿੰਦੋਸਤਾਨ ਦੀ ਆਜ਼ਾਦੀ ਨੂੰ ਸਮਰਪਿਤ ਇਨਕਲਾਬੀ ਸਨ। ਲੋਕਾਂ ਨੂੰ ਆਜ਼ਾਦੀ ਲਈ ਜਾਗ੍ਰਿਤ ਕਰਨ ਲਈ ਘਰੋਂ ਪ੍ਰਸ਼ਾਦਾ ਛੱਕ ਕੇ ਸਾਈਕਲ ਉਪਰ ਮੀਲਾਂਬੱਧੀ ਸਫਰ ਹੀ ਨਹੀਂ ਕੀਤਾ, ਸਗੋਂ ਸਾਰਾ ਜੀਵਨ ਲਾਇਆ।

4 ਅਕਤੂਬਰ 1924 ਨੂੰ ਬਿਸ਼ਨ ਸਿੰਘ ਪਿੰਡ ਘਾਸੀਟਪੁਰ, ਜਿਲਾ ਲਾਇਲਪੁਰ ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਮੋਰਚਾ-5 'ਚ ਸ਼ਾਮਲ ਸਨ।

4 ਅਕਤੂਬਰ 1947 ਨੂੰ ਮੋਹਰ ਸਿੰਘ ਪੁੱਤਰ ਦੇਵੀ ਸਹਾਏ, ਪਿੰਡ ਜਮਾਲਪੁਰ, ਤਹਿਸੀਲ ਨਰੌਲ, ਜਿਲਾ ਮਹਿੰਦਰਗੜ੍ਹ ਸਦੀਵੀ ਵਿਛੋੜਾ ਦੇ ਗਏ। ਉਹ ਇੰਡੀਅਨ ਆਰਮੀ ਅਤੇ ਇੰਡੀਅਨ ਨੈਸ਼ਨਲ ਆਰਮੀ (ਆਜ਼ਾਦ ਹਿੰਦ ਫੌਜ) ਦੇ ਤੀਜੇ ਗੁਰੀਲਾ ਰੈਜੀਮੈਂਟ 'ਚ ਸਨ, ਲੜਾਈ ਦੇ ਕੈਦੀ (ਪ੍ਰਿਜਨਰ ਉਹ ਵਾਰ ਦੇ ਕੈਦੀ), ਥਾਈਲੈਂਡ, ਜਿੱਗਰ ਕੱਚਾ ਕੈਂਪ 'ਤੇ ਕਲਕੱਤਾ ਦੀ ਜੇਲ੍ਹ ਯਾਤਰਾ ਕੀਤੀ।

5 ਅਕਤੂਬਰ 1924 ਨੂੰ ਸੁੰਦਰ ਸਿੰਘ, ਪਿੰਡ ਕਹਾਨਾ, ਜਿਲਾ ਗੁਰਦਾਸਪੁਰ ਪੁਲਿਸ ਦੇ ਤਸ਼ੱਦਦ ਕਰਕੇ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਦੇ ਸ਼ਹੀਦੀ ਮੋਰਚਾ-2 'ਚ ਸ਼ਾਮਲ ਹੋਏ।

5 ਅਕਤੂਬਰ 1948 ਨੂੰ ਹਰਨਾਮ ਸਿੰਘ ਪੁੱਤਰ ਮੁਨਸ਼ੀ ਰਾਮ ਤੇ ਮਾਤਾ ਗੰਗੋ ਦੇਵੀ ਪਿੰਡ ਕਾਰਗਲ, ਜਿਲਾ ਗੁਰਦਾਸਪੁਰ ਸਦੀਵੀ ਵਿਛੋੜਾ ਦੇ ਗਏ। ਉਹ ਇੰਡੀਅਨ ਆਰਮੀ ਤੇ ਆਜ਼ਾਦ ਹਿੰਦ ਫੌਜ 'ਚ ਦੂਸਰੀ ਡੋਗਰਾ ਰੈਜੀਮੈਂਟ 'ਚ ਸਨ। ਪੀ. ਓ. ਡਬਲਯੂ. ਹੋਏ ਰੰਗੂਨ, ਜਿੱਗਰ ਕੱਚਾ ਕੈਂਪ ਅਤੇ ਜਲੰਧਰ ਜੇਲ੍ਹ ਯਾਤਰਾ ਕੀਤੀ।


ਜਥੇਦਾਰ ਤੇਜਾ ਸਿੰਘ ਭੁੱਚਰ


ਮੇਵਾ ਸਿੰਘ ਲੋਪੋਕੇ


ਬੱਬਰ ਧੰਨਾ ਸਿੰਘ

5 ਅਕਤੂਬਰ 1955 ਨੂੰ ਸੂਰਤ ਸਿੰਘ ਪੁੱਤਰ ਇੰਦਰ ਸਿੰਘ, ਪਿੰਡ ਲੁਹਾਰਕਾ ਕਲਾਂ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਉਹ ਇੰਡੀਅਨ ਆਰਮੀ ਦੇ ਬੰਗਾਲੀ ਗਰੁੱਪ ਰੁੜਕੀ ਵਿਚ ਹੌਲਦਾਰ ਅਤੇ ਆਜ਼ਾਦ ਹਿੰਦ ਫੌਜ 'ਚ ਬਤੌਰ ਲੈਫਟੀਨੈਂਟ ਰਹੇ। ਜਪਾਨੀਆਂ ਦੇ ਘੇਰੇ 'ਚ ਰਹੇ।

6 ਅਕਤੂਬਰ 1963 ਨੂੰ ਬਾਬਾ ਖੜਕ ਸਿੰਘ ਪੁੱਤਰ ਰਾਏ ਬਹਾਦਰ ਹਰੀ ਸਿੰਘ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। 'ਮੇਰੀ ਪਿੱਠ ਵਿਚ ਜੇ ਗੋਲੀ ਨਿੱਕਲੇ ਤਾਂ ਮੈਨੂੰ ਗੁਰੂ ਦਾ ਸਿੱਖ ਨਾ ਮੰਨਣਾ' ਕਹਿਣ ਵਾਲੇ ਉਹ ਸਿੱਖ ਰਾਜਨੀਤਿਕ ਆਗੂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਹਿਲੇ ਪ੍ਰਧਾਨ ਸਨ। ਉਨ੍ਹਾਂ ਦੀ ਸਮਾਧ ਗੁਰੂਘਰ ਪਿੰਡ ਸਿੱਖ ਵਾਲਾ ਮਲੋਟ (ਮੁਕਤਸਰ) 'ਚ ਹੈ। ਉਨ੍ਹਾਂ ਦੀ ਯਾਦ 'ਚ ਦਿੱਲੀ ਬਾਬਾ ਖੜਕ ਸਿੰਘ ਮਾਰਗ ਹੈ ਤੇ 1988 'ਚ ਡਾਕ ਟਿਕਟ ਬਣੀ। ਹੱਕ ਸੱਚ ਲਈ ਬਿਰਧ ਅਵੱਸਥਾ 'ਚ ਵੀ ਸੰਘਰਸ਼ਸ਼ੀਲ ਰਹੇ।

7 ਅਕਤੂਬਰ 1918 ਨੂੰ ਸ਼ੁਸ਼ੀਲ ਚੰਦਰ ਲਹਿਰੀ ਨੂੰ ਮਿਦਨਾਪੁਰ (ਬੰਗਾਲ) ਬਨਾਰਸ ਸਾਜ਼ਿਸ਼ ਕੇਸ ਵਿਚ ਫਾਂਸੀ ਲਾਈ ਗਈ।

7 ਅਕਤੂਬਰ 1924 ਨੂੰ ਭਾਈ ਰਾਮ ਸਿੰਘ ਪਿੰਡ ਗਦਲੀ (ਅੰਮ੍ਰਿਤਸਰ) ਨਾਭਾ ਜੇਲ੍ਹ ਵਿਚ ਸ਼ਹਾਦਤ ਦਾ ਜਾਮ ਪੀ ਗਏ। ਉਨ੍ਹਾਂ ਨੇ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ।

7 ਅਕਤੂਬਰ 1924 ਨੂੰ ਅਰਜਨ ਸਿੰਘ, ਪਿੰਡ ਦੇਹਰਕਾ ਤਹਿਸੀਲ ਜਗਰਾਉਂ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਮੋਰਚੇ 'ਚ ਨਾਭਾ ਬੀੜ ਦੀ ਜੇਲ੍ਹ ਯਾਤਰਾ ਕੀਤੀ।

7 ਅਕਤੂਬਰ 1958 ਨੂੰ ਸ਼ੇਰ ਸਿੰਘ ਉਰਫ ਈਸ਼ਰ ਸਿੰਘ ਪੁੱਤਰ ਹਰਨਾਮ ਸਿੰਘ, ਪਿੰਡ ਦੂਨੀਕੇ, ਮੋਗਾ (ਫਿਰੋਜ਼ਪੁਰ) ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਮੋਰਚਾ-3 ਵਿਚ ਸ਼ਾਮਲ ਹੋਏ ਤੇ 21 ਮਹੀਨੇ 8 ਦਿਨ ਨਾਭਾ ਬੀੜ ਜੇਲ੍ਹ ਯਾਤਰਾ ਕੀਤੀ।

9 ਅਕਤੂਬਰ 1924 ਨੂੰ ਮੱਲੂ ਸਿੰਘ, ਪਿੰਡ ਢਾਲਾ ਚੰਦਾ ਸਿੰਘ, ਤਹਿਸੀਲ ਸਿੰਗਲਾ ਜਿਲਾ ਲਾਇਲਪੁਰ ਪੁਲਿਸ ਦੇ ਤਸ਼ੱਦਦ ਨਾਲ ਦਮ ਤੋੜ ਗਏ। ਉਹ ਜੈਤੋਂ ਮੋਰਚੇ-8 'ਚ ਸਨ।

10 ਅਕਤੂਬਰ 1924 ਨੂੰ ਲਛਮਣ ਸਿੰਘ ਪਿੰਡ ਝਿੰਗੜ ਬੇਲਾ ਸਿੰਘ (ਹੁਸ਼ਿਆਰਪੁਰ) ਨਾਭਾ ਬੀੜ ਜੇਲ੍ਹ 'ਚ ਸ਼ਹੀਦੀ ਪਾ ਗਏ। ਉਹ ਜੈਤੋਂ ਮੋਰਚੇ-4 ਵਿਚ ਸ਼ਾਮਲ ਸਨ।

10 ਅਕਤੂਬਰ 1924 ਨੂੰ ਈਸ਼ਰ ਸਿੰਘ ਪਿੰਡ ਸਮਾਲਸਰ, ਮੋਗਾ (ਫਿਰੋਜ਼ਪੁਰ) ਨਾਭਾ ਬੀੜ ਜੇਲ੍ਹ 'ਚ ਦਮ ਤੋੜ ਗਏ। ਉਨ੍ਹਾਂ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ।

10 ਅਕਤੂਬਰ 1952 ਨੂੰ ਸੰਤਾ ਸਿੰਘ ਪੁੱਤਰ ਰੂੜ ਸਿੰਘ ਪਿੰਡ ਖੁਰਦਪੁਰ ਜਿਲਾ ਜਲੰਧਰ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਮੋਰਚਾ-4 'ਚ ਅਤੇ ਗੁਰੂ ਕੇ ਮੋਰਚੇ 'ਚ ਸ਼ਾਮਲ ਹੋਏ। ਪੁਲਿਸ ਤਸ਼ੱਦਦ ਝੱਲਿਆ ਤੇ ਨਾਭਾ ਬੀੜ ਜੇਲ੍ਹ ਕੱਟੀ।

10 ਅਕਤੂਬਰ 1977 ਨੂੰ ਬਾਬੂ ਗੁਰਬਖਸ਼ ਸਿੰਘ ਬੈਂਸ, ਪਿੰਡ ਮਾਹਿਲਪੁਰ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। ਉਹ ਖੱਬੀ ਸੋਚ ਦੇ ਧਾਰਨੀ ਆਜ਼ਾਦੀ ਘੁਲਾਟੀਏ ਸਨ ਅਤੇ ਜ਼ਿੰਦਗੀ ਨੂੰ ਕਿਸਾਨਾਂ ਮਜ਼ਦੂਰਾਂ ਦੀ ਬਿਹਤਰੀ ਲਈ ਲੇਖੇ ਲਾਇਆ।

11 ਅਕਤੂਬਰ 1944 ਨੂੰ ਨੂਰ ਮੁਹੰਮਦ, ਪਿੰਡ ਕਨਵਾਲ ਡਾਕਖਾਨਾ ਲਿੱਲੀ ਜਿਲਾ ਜ਼ੇਹਲਮ ਸਦੀਵੀ ਵਿਛੋੜਾ ਦੇ ਗਏ। ਉਹ ਇੰਡੀਅਨ ਫੌਜ ਅਤੇ ਆਜ਼ਾਦ ਹਿੰਦ ਫੌਜ ਦੇ ਸਿਪਾਹੀ ਸਨ।


ਬਾਬਾ ਖੜਕ ਸਿੰਘ

11 ਅਕਤੂਬਰ 1959 ਨੂੰ ਫਕੀਰ ਸਿੰਘ ਪੁੱਤਰ ਮੱਲ ਸਿੰਘ ਪਿੰਡ ਨੱਥੂ ਚਾਹਲ (ਕਪੂਰਥਲਾ) ਸਦੀਵੀ ਵਿਛੋੜਾ ਦੇ ਗਏ। ਉਹ ਆਜ਼ਾਦ ਹਿੰਦ ਫੌਜ 'ਚ ਅੰਗਰੇਜ਼ ਰਾਜ ਵਿਰੁੱਧ ਲੜਦਿਆਂ ਜਖਮੀ ਹੋ ਗਏ ਸਨ।

12 ਅਕਤੂਬਰ 1958 ਨੂੰ ਸਰਦਾਰਾ ਸਿੰਘ ਪੁੱਤਰ ਮਿਲਖਾ ਸਿੰਘ, ਪਿੰਡ ਤੇ ਡਾਕਖਾਨਾ ਭੈਰੋਵਾਲ ਕਲਾਂ ਤਹਿਸੀਲ ਜਗਰਾਉਂ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਉਹ ਆਈ. ਐਨ. ਏ. ਦੇ ਸਿਪਾਹੀ ਸਨ। ਸਾਢੇ ਤਿੰਨ ਸਾਲ ਕੁਆਲਾਲੰਪਰ 'ਚ ਜੇਲ੍ਹ ਯਾਤਰਾ ਕੀਤੀ। ਫੌਜ ਨੂੰ 30,000 ਡਾਲਰ ਦਾਨ ਕੀਤੇ।

13 ਅਕਤੂਬਰ 1914 (ਸ਼ਾਇਦ 1924) ਨੂੰ ਖੜਕ ਸਿੰਘ ਪੁੱਤਰ ਜੀਤ ਸਿੰਘ ਮਾਤਾ ਬੀਬੀ ਜਿੰਦ ਕੌਰ, ਪਿੰਡ ਗੋਰਾ ਡਾਕਖਾਨਾ ਹਾਜ਼ੀਪੁਰ (ਹੁਸ਼ਿਆਰਪੁਰ) ਜੇਲ੍ਹ ਵਿਚ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਮੋਰਚ-7 ਅਤੇ ਗੁਰੂ ਕੇ ਬਾਗ ਮੋਰਚੇ 'ਚ ਸ਼ਾਮਲ ਸਨ।

13 ਅਕਤੂਬਰ 1924 ਨੂੰ ਇੰਦਰ ਸਿੰਘ ਪੁੱਤਰ ਬੂਟਾ ਸਿੰਘ, ਪਿੰਡ ਨੂਰ ਪੁਰ ਚੱਠਿਆਂ ਵਾਲਾ, ਨਕੋਦਰ (ਜਲੰਧਰ) ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਗੁਰੂ ਦੇ ਬਾਗ ਅਤੇ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ।

13 ਅਕਤੂਬਰ 1924 ਨੂੰ ਜਵਾਲਾ ਸਿੰਘ ਉਰਫ ਮਿਹਰ ਸਿੰਘ ਪਿੰਡ ਬੁਲੰਦੀ, ਜਿਲਾ ਲਾਹੌਰ ਨਾਭਾ ਬੀੜ ਜੇਲ੍ਹ ਵਿਚ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਮੋਰਚਾ-8 'ਚ ਸ਼ਾਮਲ ਸਨ।

13 ਅਕਤੂਬਰ 1924 ਨੂੰ ਸੁਦਾਗਰ ਸਿੰਘ, ਪਿੰਡ ਘਾਲੀਆ ਖੁਰਦ, ਤਹਿਸੀਲ ਮੋਗਾ (ਫਿਰੋਜ਼ਪੁਰ) ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਦੇ ਮੋਰਚੇ 'ਚ ਸ਼ਾਮਲ ਸਨ।

13 ਅਕਤੂਬਰ 1962 ਨੂੰ ਭਾਈ ਚੈਂਚਲ ਸਿੰਘ ਜੰਡਿਆਲਾ ਮੰਜ਼ਕੀ ਪੁੱਤਰ ਅਤਰ ਸਿੰਘ ਜੌਹਲ ਬੀਮਾਰ ਰਹਿਣ ਕਰਕੇ ਪਿੰਡ ਹੀ ਸਦੀਵੀ ਵਿਛੋੜਾ ਦੇ ਗਏ। 1914 'ਚ ਦੇਸ਼ ਆਜ਼ਾਦ ਕਰਾਉਣ ਲਈ ਕੈਨੇਡਾ ਤੋਂ ਵਾਪਿਸ ਆਏ, ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ, ਸਿਵਲ ਨਾ-ਫੁਰਮਾਨੀ ਲਹਿਰ ਦੇ ਆਗੂ, ਭਾਰਤ ਛੱਡੋ ਅੰਦੋਲਨ ਅਤੇ ਦੇਸ਼ਾਂ ਦੀ ਵੰਡ ਸਮੇਂ ਮੁਸਲਮਾਨ ਪਰਿਵਾਰਾਂ ਨੂੰ ਥਾਂ ਸਿਰ ਪਹੁੰਚਾਉਣ ਲਈ ਅਹਿਮ ਹਿੱਸਾ ਪਾਇਆ।

16 ਅਕਤੂਬਰ 1959 ਨੂੰ ਭੋਲਾ ਸਿੰਘ ਪੁੱਤਰ ਕਾਲਾ ਸਿੰਘ, ਪਿੰਡ ਸੰਗਤਪੁਰ ਤਹਿਸੀਲ ਤਰਨ ਤਾਰਨ, ਜਿਲਾ ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਸ਼ੰਘਾਈ 'ਚ ਵਾਚਮੈਨ ਦੀ ਨੌਕਰੀ ਛੱਡ ਕੇ ਦੇਸ਼ ਹਿੱਤ ਸੇਵਾ ਕਰਨ ਲਈ ਆਜ਼ਾਦ ਹਿੰਦ ਫੌਜ ਵਿਚ ਨੌਕਰੀ ਕੀਤੀ ਤੇ 10,000 ਡਾਲਰ ਦਾਨ ਕੀਤੇ।

17 ਅਕਤੂਬਰ 1926 ਨੂੰ ਪਿਆਰਾ ਸਿੰਘ, ਪਿੰਡ ਚੱਕ ਮਰਹਾ 42 ਤਹਿਸੀਲ ਸੰਗਲਾ, ਜਿਲਾ ਸ਼ੇਖੂਪੁਰਾ ਸਦੀਵੀ ਵਿਛੋੜਾ ਦੇ ਗਏ। ਉਹ ਅਕਾਲੀ ਮੂਵਮੈਂਟ 'ਚ ਸ਼ਾਮਲ ਸਨ ਤੇ ਦੋ ਵਾਰ ਜੇਲ੍ਹ ਗਏ।

19 ਅਕਤੂਬਰ 1960 ਨੂੰ ਅਮਰ ਸਿੰਘ ਪੁੱਤਰ ਮੰਗਲ ਸਿੰਘ, ਪਿੰਡ ਘਾਅਵਿੰਡ, ਜਿਲਾ ਲਾਹੌਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਸਿਵਲ ਨਾ ਫੁਰਮਾਨੀ ਲਹਿਰ 'ਚ ਹਿੱਸਾ ਪਾਇਆ। ਇੱਕ ਸਾਲ ਲਾਹੌਰ ਅਤੇ ਕਸੂਰ ਜੇਲ੍ਹ ਯਾਤਰਾ ਕੀਤੀ।

20 ਅਕਤੂਬਰ 1924 ਨੂੰ ਰਾਮ ਸਿੰਘ, ਪਿੰਡ ਕਾਹੀਨ ਜਿਲਾ ਲਾਹੌਰ ਪੁਲਿਸ ਦੇ ਅਸਹਿ ਤਸ਼ੱਦਦ ਕਰਕੇ ਨਾਭਾ ਬੀੜ ਜੇਲ੍ਹ 'ਚ ਦਮ ਤੋੜ ਗਏ। ਉਹ ਜੈਤੋਂ ਮੋਰਚਾ-8 'ਚ ਸ਼ਾਮਲ ਹੋਏ।

20 ਅਕਤੂਬਰ 1944 ਨੂੰ ਬਲਵੰਤ ਸਿੰਘ ਪੁੱਤਰ ਹਰਬੇਲ ਸਿੰਘ, ਪਿੰਡ ਗੁਜ਼ਰਾ ਮੰਡੀ, ਜਿਲਾ ਲਾਇਲਪੁਰ ਪੁਲਿਸ ਨੇ ਭਗੌੜਾ ਕਹਿ ਕੇ ਗੋਲੀ ਮਾਰ ਸ਼ਹੀਦ ਕਰ ਦਿੱਤਾ। ਉਹ ਅੰਗਰੇਜ਼ ਰਾਜ ਵਿਰੋਧੀ ਸਨ ਅਤੇ ਇੱਕ ਐਸ. ਡੀ. ਓ. ਨੂੰ ਵੱਢੀ ਮੰਗਣ ਕਾਰਨ ਮਾਰ ਮੁਕਾਇਆ ਸੀ।

20 ਅਕਤੂਬਰ 1961 ਨੂੰ ਨਛੱਤਰ ਸਿੰਘ ਪੁੱਤਰ ਕੇਹਰ ਸਿੰਘ, ਪਿੰਡ ਘਾਲਿਬ ਕਲਾਂ, ਤਹਿਸੀਲ ਜਗਰਾਉਂ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਉਹ ਆਜ਼ਾਦ ਹਿੰਦ ਫੌਜ ਦੇ ਗੰਨਰ ਸਨ।

21 ਅਕਤੂਬਰ 1914 ਨੂੰ ਮੇਵਾ ਸਿੰਘ ਲੋਪੋਕੇ ਆਜ਼ਾਦੀ ਦੇ ਸੰਗਰਾਮੀ ਯੋਧੇ ਨੇ ਅੰਗਰੇਜ਼ ਅਫਸਰ ਹਾਪਕਿਨ ਨੂੰ ਮਾਰ ਮੁਕਾਇਆ। ਹਾਪਕਿਨ ਗਦਰੀਆਂ ਵਿਰੁੱਧ ਸਾਜਿਸ਼ਾਂ ਤੇ ਤੰਗ ਕਰਦਾ ਸੀ।

21 ਅਕਤੂਬਰ 1924 ਨੂੰ ਜੀਵਾ ਸਿੰਘ ਪੁੱਤਰ ਦੇਵਾ ਸਿੰਘ, ਪਿੰਡ ਪੰਚਾਂਟਾ, ਕਪੂਰਥਲਾ ਰਿਆਸਤ ਪੁਲਿਸ ਤਸ਼ੱਦਦ ਨਾਲ ਦਮ ਤੋੜ ਗਏ। ਉਹ ਜੈਤੋਂ ਮੋਰਚਾ-7 'ਚ ਸ਼ਾਮਲ ਸ਼ਾਮਲ ਸਨ।

21 ਅਕਤੂਬਰ 1924 ਨੂੰ ਊਧਮ ਸਿੰਘ ਪੁੱਤਰ ਖੜਕ ਸਿੰਘ ਤੇ ਬੀਬੀ ਚੰਦੋ, ਪਿੰਡ ਬਹਾਲਾ, ਤਹਿਸੀਲ ਊਨਾ (ਹੁਸ਼ਿਆਰਪੁਰ), ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਮੋਰਚਾ-8 'ਚ ਸ਼ਾਮਲ ਹੋਏ।

21 ਅਕਤੂਬਰ 1959 ਨੂੰ ਜਵਾਲਾ ਸਿੰਘ ਪੁੱਤਰ ਹੀਰਾ ਸਿੰਘ, ਪਿੰਡ ਖੁਰਦਪੁਰ, ਜਿਲਾ ਜਲੰਧਰ ਸਦੀਵੀ ਵਿਛੋੜਾ ਦੇ ਗਏ। ਉਹ 1910-1920 ਤੱਕ ਮਨੀਲਾ ਵਿਚ ਕ੍ਰਾਂਤੀਕਾਰੀ ਮੂਵਮੈਂਟ 'ਚ ਸਰਗਰਮ ਸਨ ਤੇ 1922 'ਚ ਦੇਸ਼ ਸੇਵਕ, ਜਲੰਧਰ ਦੇ ਸੰਪਾਦਕ ਰਹੇ। ਦੋ ਸਾਲ ਮੁਲਤਾਨ ਜੇਲ੍ਹ ਯਾਤਰਾ ਕੀਤੀ।

22 ਅਕਤੂਬਰ 1957 ਨੂੰ ਘੁਮੰਡਾ ਸਿੰਘ ਪੁੱਤਰ ਦੇਵਾ ਸਿੰਘ, ਪਿੰਡ ਵੀਰਾਮ, ਤਹਿਸੀਲ ਪੱਟੀ, ਜਿਲਾ ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਗੁਰੂ ਕੇ ਬਾਗ ਮੋਰਚੇ 'ਚ ਸ਼ਮੂਲੀਅਤ ਕੀਤੀ ਪੁਲਿਸ ਵਲੋਂ ਬੇਦਰਦੀ ਨਾਲ ਲਾਠੀਚਾਰਜ 'ਚ ਜਖਮੀ ਹੋ ਗਏ।

24 ਅਕਤੂਬਰ 1967 ਨੂੰ ਹਰਦਿੱਤ ਸਿੰਘ ਕੋਟ ਫਤੂਹੀ ਥੋੜ੍ਹਾ ਬੀਮਾਰ ਰਹਿਣ ਨਾਲ ਸਦੀਵੀ ਵਿਛੜ ਗਏ। ਦੇਸ਼ ਆਜ਼ਾਦ ਕਰਾਉਣ ਲਈ ਕੈਨੇਡਾ ਤੋਂ ਵਾਪਿਸ ਅਉਂਦਿਆਂ ਸਾਰ ਹੀ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ। ਇੱਕ ਸਾਲ, ਨੌਂ ਮਹੀਨੇ ਬਾਅਦ ਰਿਹਾਈ ਹੋਈ ਤੇ ਜੂਹ ਬੰਦ ਕਰ ਦਿੱਤਾ। ਉਨ੍ਹਾਂ ਗੁਰਦੁਆਰਾ ਸੁਧਾਰ ਲਹਿਰ 'ਚ, ਅਕਾਲੀ ਲੀਡਰਸ਼ਿਪ ਅਤੇ ਬੱਬਰਾਂ ਨਾਲ ਦੇਸ਼ ਆਜ਼ਾਦੀ ਲਈ ਕੰਮ ਕੀਤਾ।

24 ਅਕਤੂਬਰ 1924 ਨੂੰ ਚੇਤ ਸਿੰਘ ਪੁੱਤਰ ਦੇਵਾ ਸਿੰਘ ਪਿੰਡ ਬੁਡਾਲਾ, ਚੱਕ 71 ਬਚਨ ਸਿੰਘ ਵਾਲਾ, ਜਿਲਾ ਲਾਇਲਪੁਰ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਮੋਰਚਾ-5 ਵਿਚ ਸ਼ਾਮਲ ਸਨ।

25 ਅਕਤੂਬਰ 1923 ਬੱਬਰ ਧੰਨਾ ਸਿੰਘ ਪੁੱਤਰ ਇੰਦਰ ਸਿੰਘ ਬਹਿਬਲਪੁਰ, ਗੜ੍ਹਸ਼ੰਕਰ

***(ਬਾਕੀ ਅਗਲੇ ਸਫੇ 'ਤੇ)***


# ਸ਼ਹੀਦ-ਏ-ਆਜ਼ਮ ਦੀ ਕਹਾਣੀ ਰਣਬੀਰ ਸਿੰਘ ਦੀ ਜ਼ੁਬਾਨੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਰਣਬੀਰ ਸਿੰਘ (1925-1988) ਸ਼ਹੀਦ ਭਗਤ ਸਿੰਘ ਦਾ ਛੋਟਾ ਭਰਾ ਸੀ। ਉਹ ਭਗਤ ਸਿੰਘ ਦੀ ਸ਼ਹਾਦਤ ਸਮੇਂ ਕੇਵਲ ਪੰਜ ਸਾਲ ਦਾ ਸੀ। ਆਪਣੇ ਭਰਾ ਤੋਂ ਏਨਾ ਪ੍ਰਭਾਵਤ ਸੀ ਕਿ ਉਸ ਨੇ ਭਗਤ ਸਿੰਘ ਦੇ ਜੀਵਨ ਤੇ ਚਰਿੱਤਰ ਬਾਰੇ ਇੱਕਠ-ਦੁੱਕਠ ਕਾਗਜ਼ਾਂ ਉੱਤੇ ਟਿੱਪਣੀਆਂ ਲਿਖਦਾ ਰਹਿੰਦਾ ਸੀ। ਲੋਕਗੀਤ ਪ੍ਰਕਾਸ਼ਨ ਵਾਲੇ ਹਰੀਸ਼ ਜੈਨ ਨੂੰ ਕਿਸੇ ਬਿੱਧ ਰਣਬੀਰ ਸਿੰਘ ਦੇ ਗ੍ਰੇਟਰ ਨੋਇਡਾ ਨਿਵਾਸੀ ਪੁੱਤਰ ਸੇਵਾ ਮੁਕਤ ਮੇਜਰ ਜਨਰਲ ਸ਼ਿਓਨਾਨ ਸਿੰਘ ਕੋਲੋਂ ਉਰਦੂ ਭਾਸ਼ਾ ਵਿਚ ਲਿਖਿਆ ਪੁਲੰਦਾ ਮਿਲ ਗਿਆ, ਜਿਸ ਨੂੰ ਜੈਨ ਨੇ ਪੰਜਾਬੀ ਵਿਚ ਉਲਥਾ ਕਰਾਉਣ ਪਿੱਛੋਂ ਲੜੀਬੱਧ ਜੋੜ ਕੇ ਪੁਸਤਕ ਰੂਪ ਦਿੱਤਾ ਹੈ, ਰਣਬੀਰ ਸਿੰਘ ਵਲੋਂ ਹੀ ਦਿੱਤੇ 'ਸਰਦਾਰ ਭਗਤ ਸਿੰਘ ਦੀ ਜੀਵਨੀ' ਸਿਰਲੇਖ ਥੱਲੇ। ਉਹ ਆਪਣੇ ਵਡੇਰਿਆਂ ਉੱਤੇ ਆਰੀਆ ਸਮਾਜ ਲਹਿਰ ਦਾ ਪੂਰਾ ਪ੍ਰਭਾਵ ਦਸਦਾ ਹੈ, ਪਰ ਜਿੱਥੇ ਕਿਧਰੇ ਵੀ ਪਰਿਵਾਰ ਦੇ ਕਿਸੇ ਮੈਂਬਰ ਬਾਰੇ ਲਿਖਦਾ ਹੈ ਤਾਂ ਉਸ ਦੇ ਨਾਂ ਨਾਲ ਸਰਦਾਰ ਜੋੜਨਾ ਨਹੀਂ ਭੁੱਲਦਾ। ਉਂਜ ਉਸ ਦੇ ਮੇਜਰ ਜਨਰਲ ਬੇਟੇ ਦੇ ਲਿਖਣ ਅਨੁਸਾਰ ਉਸ ਨੇ ਆਪਣੇ ਪਰਿਵਾਰ ਦੇ ਵਿਰੋਧ ਦੇ ਬਾਵਜੂਦ ਵਿਧਵਾ ਪੁਨਰ ਵਿਆਹ ਦਾ ਸਮਰਥਨ ਕਰਨ ਲਈ ਜਿਸ ਮਹਿਲਾ ਨਾਲ ਵਿਆਹ ਕਰਵਾਇਆ, ਉਹ ਸਿਰਫ ਵਿਧਵਾ ਹੀ ਨਹੀਂ, ਸਗੋਂ ਦੂਜੀ ਜਾਤ ਦੀ ਸੀ। ਬੇਟੇ ਦੇ ਲਿਖਣ ਅਨੁਸਾਰ 1988 ਵਿਚ ਵੀ ਉਸ ਨੇ ਸ੍ਰੀ ਲੰਕਾ ਵਿਚ ਭਾਰਤ ਦੇ ਦਖਲ ਸਮੇਂ ਆਪਣੇ ਮੇਜਰ ਜਨਰਲ ਬੇਟੇ ਦੀ ਇਨਵੈਸਟੀਚਰ ਰਸਮ ਵਿਚ ਸ਼ਿਰਕਤ ਨਹੀਂ ਸੀ ਕੀਤੀ, ਕਿਉਂਕਿ ਉਹ ਅਸੂਲੀ ਤੌਰ 'ਤੇ ਭਾਰਤ ਦੇ ਦਖਲ ਨੂੰ ਬੇਲੋੜਾ ਤੇ ਬੇਮਾਇਨਾ ਸਮਝਦਾ ਸੀ। ਉਹ ਸ੍ਰੀ ਲੰਕਾ ਵਿਚ ਬਹੁਗਿਣਤੀ ਸਿੰਹਾਲੀਆਂ ਵਲੋਂ ਤਾਮਿਲਾਂ ਉੱਤੇ ਢਾਹੇ ਜਾ ਰਹੇ ਜ਼ੁਲਮਾਂ ਦੇ ਵਿਰੁੱਧ ਸੀ ਤੇ ਜਿੱਤ ਦੇ ਜਸ਼ਨ ਨੂੰ ਅਨੈਤਿਕ ਸਮਝਦਾ ਸੀ।




ਪੰਜ ਸਾਲ ਦੀ ਉਮਰੇ ਰਣਬੀਰ ਸਿੰਘ ਦੇ ਕੰਨੀ ਦੋਸ਼ੀਆਂ ਉੱਤੇ ਪੁਲਿਸ ਦਾ ਲਾਠੀਚਾਰਜ, ਇਨਕਲਾਬ ਜ਼ਿੰਦਾਬਾਦ ਦੇ ਨਾਅਰੇ, ਹੱਥਕੜੀਆਂ ਦੇ ਖੜਕਣ ਦੀਆਂ ਅਵਾਜ਼ਾਂ, ਅਦਾਲਤਾਂ ਦਾ ਉੱਠ ਜਾਣਾ ਤੇ ਹੋਰ ਰੌਲਾ-ਰੱਪਾ ਆਮ ਹੀ ਪੈਂਦਾ ਰਿਹਾ ਸੀ। ਉਸ ਦੇ ਅਠਵੀਂ ਜਮਾਤ ਵਿਚ ਪੜ੍ਹਦਿਆਂ 1939 ਵਿਚ ਦੂਜੀ ਵਿਸ਼ਵ ਜੰਗ ਸ਼ੁਰੂ ਹੋਣ ਸਮੇਂ ਉਸ ਦੇ ਵੱਡੇ ਭਰਾ ਕੁਲਬੀਰ ਸਿੰਘ ਮੁਲਤਾਨ (ਪਾਕਿਸਤਾਨ) ਵਿਖੇ ਕਿਸਾਨ ਕਾਨਫਰੰਸ ਦੀ ਪ੍ਰਧਾਨਗੀ 'ਤੇ ਭਾਸ਼ਣ ਦੇਣ ਦੇ ਦੋਸ਼ ਥੱਲੇ ਢਾਈ ਸਾਲ ਦੀ ਕੈਦ ਕੱਟ ਰਿਹਾ ਸੀ। ਉਸ ਤੋਂ ਛੋਟਾ ਕੁਲਤਾਰ ਸਿੰਘ ਵੀ 1940 ਵਿਚ ਨਜ਼ਰ ਬੰਦ ਕਰ ਦਿੱਤਾ ਗਿਆ ਸੀ। ਉਸ ਦੇ ਐਮ. ਐਲ. ਏ. ਪਿਤਾ ਕਿਸ਼ਨ ਸਿੰਘ ਨੂੰ ਅਧਰੰਗ ਹੋ ਚੁਕਾ ਸੀ, ਨਹੀਂ ਤਾਂ ਉਹਦੇ ਨਾਲ ਵੀ ਘਟ ਨਹੀਂ ਸੀ ਗੁਜ਼ਰਨੀ। ਘਰ ਸਾਂਭਣ ਦੀ ਸਾਰੀ ਜ਼ਿੰਮੇਵਾਰੀ ਰਣਬੀਰ ਉੱਤੇ ਸੀ, ਪਰ ਉਹਦੇ ਪੰਜਵੀਂ ਜਮਾਤ ਵਿਚ ਪੜ੍ਹਨ ਸਮੇਂ ਤੋਂ ਹੀ ਉਸ ਦਾ ਨਾਂ ਵੀ ਸੀ. ਆਈ. ਡੀ. ਰਜਿਸਟਰ ਵਿਚ ਡਬਲ ਸਟਾਰ ਵਾਲਾ ਸ਼ੱਕੀ ਹੋਣ ਵਜੋਂ ਦਰਜ ਸੀ। ਇਥੋਂ ਤੱਕ ਕਿ 1943 ਵਿਚ ਬ੍ਰੈਡਲਾ ਹਾਲ ਵਾਲੇ ਕਾਂਗਰਸ ਦੇ ਦਫਤਰ ਤੋਂ ਉਹਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਹਰੀਸ਼ ਜੈਨ ਨੂੰ ਮਿਲੇ ਪੁਲੰਦੇ ਵਿਚ ਕੁਝ ਕਾਗਜ਼ਾਂ ਦੀਆਂ ਕਈ ਚਿੱਪਰਾਂ ਅਜਿਹੀਆਂ ਵੀ ਮਿਲੀਆਂ, ਜਿਨ੍ਹਾਂ ਉੱਤੇ ਇੱਕ ਜਾਂ ਦੋ ਲਾਈਨਾਂ ਦੀ ਲਿਖਿਆਂ ਹੋਈਆਂ ਸਨ। ਜਿਵੇਂ-ਕਾਲੂ ਸ਼ਾਹ ਦੀ ਦੁਕਾਨ ਉੱਤੇ ਦੁੱਧ ਵਿਚ ਪਿਸਤੌਲ ਸੁੱਟ ਦਿੱਤਾ; ਮੁਜ਼ੱਫਰ ਅਹਿਮਦ ਨੇ ਬੰਗਾਲੀ ਵਿਚ ਲਿਖੇ ਲੇਖ ਵਿਚ ਉਸ ਨੇ ਭਗਤ ਸਿੰਘ ਨਾਲ ਆਪਣੇ ਮੁਖਤਸਰ ਸਬੰਧ ਲਿਖੇ ਹਨ; ਭਾਨੂੰ ਦੱਤ ਰਾਤ ਨੂੰ ਹੀਰਾ ਮੰਡੀ ਜਾ ਕੇ ਬੰਸਰੀ ਵਜਾਉਂਦਾ ਹੈ ਤੇ ਪੈਸਾ ਲਿਆ ਕੇ ਪਾਰਟੀ ਨੂੰ ਦੇ ਦਿੰਦਾ; ਦਾਸ ਨੇ ਕਿਹਾ ਮੇਰੀ ਅਰਥੀ 'ਰਾਮ ਨਾਮ ਸੱਤ' ਕਹਿ ਕੇ ਨਹੀਂ ਇਨਕਲਾਬ ਜ਼ਿੰਦਾਬਾਦ ਕਹਿ ਕੇ ਲਿਜਾਈ ਜਾਵੇ ਆਦਿ ਏਸ ਪੁਲੰਦੇ ਵਿਚ ਕਈ ਅਧੂਰੇ ਵਰਕੇ ਗਦਰ ਲਹਿਰ ਬਾਰੇ ਵੀ ਹਨ, ਜਿਨ੍ਹਾਂ ਵਿਚ ਵੁੱਡ ਸਟਰੀਟ, ਸੈਨ ਫਰਾਂਸਿਸਕੋ ਦੇ ਛਾਪਾ ਖਾਨੇ, ਲਾਲਾ ਹਰਦਿਆਲ, ਸ੍ਰੀ ਰਾਮ ਚੰਦਰ ਪਿਸ਼ੌਰੀ, ਰੂਸੀ ਤੇ ਅਮਰੀਕੀ ਅਨਾਰਕਿਸਟਾਂ ਤੇ ਕਮਿਊਨਿਸਟਾਂ ਦੇ ਆਪਸੀ ਸਬੰਧਾਂ, ਭਾਈ ਭਗਵਾਨ ਸਿੰਘ ਤੇ ਮੌਲਵੀ ਬਰਕਤੁੱਲਾ ਦੇ ਜਪਾਨ ਤੇ ਅਮਰੀਕਾ ਚਲੇ ਜਾਣ ਤੇ ਹਿੰਦੀ ਐਸੋਸੀਏਸ਼ਨ ਵਲੋਂ 1913 ਵਿਚ ਸੈਕਰਾਮੈਂਟੋ ਵਿਖੇ ਕੀਤੇ ਜਲਸੇ ਤੋਂ ਬਿਨਾ ਸ੍ਰੀ ਚੰਦਰ ਸ਼ੇਖਰ ਆਜ਼ਾਦ ਦੀਆਂ ਗਤੀਵਿਧੀਆਂ ਦਾ ਵਿਸਥਾਰਤ ਜ਼ਿਕਰ ਹੈ। ਹੇਠ ਲਿਖੇ ਸ਼ਿਅਰ ਸਮੇਤ,

ਕਲੇਜੇ ਮੇ ਲਗੀ ਗੋਲੀ ਤੋ ਹੋਠੋਂ ਪਰ ਹੰਸੀ ਆਈ
ਬਹਾਰੋਂ ਨੇ ਚਮਨ ਮੇਂ ਬੈਠ ਕਰ ਜੋ ਲੀ ਹੋ ਅੰਗੜਾਈ
ਯਹ ਕਿਸ ਅੰਦਾਜ਼ ਸੇ ਚੂਮਾ ਹੈ ਤੁਮ ਨੇ ਮੌਤ ਕਾ ਦਾਮਨ
ਕਿ ਜਿਸ ਕੋ ਦੇਖ ਕਰ ਜ਼ਿੰਦਗੀ ਕੋ ਸ਼ਰਮ ਆਈ।

ਸੰਨ ਸੰਤਾਲੀ ਤੱਕ ਭਗਤ ਸਿੰਘ ਦਾ ਇਹ ਛੋਟਾ ਭਰਾ ਜੇਲ੍ਹਾਂ ਕਟਦਾ ਤੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦਾ 22 ਵਰ੍ਹੇ ਦੀ ਉਮਰ ਤੱਕ ਵੱਡੇ ਭਰਾ ਦੇ ਆਦਰਸ਼ਾਂ ਨੂੰ ਪੱਲੇ ਬੰਨ੍ਹ ਕੇ ਰਮਦਾ ਰਿਹਾ ਭਾਵੇਂ ਉਸ ਨੂੰ ਅੰਗਰੇਜ਼ੀ ਹਾਕਮਾਂ ਨੇ ਭਗੌੜਾ ਕਰਾਰ ਦੇ ਕੇ, ਇੱਕ ਪੜਾਅ ਉੱਤੇ, ਉਸ ਦੇ ਸਿਰ ਉੱਤੇ ਵੀਹ ਹਜ਼ਾਰ ਦਾ ਇਨਾਮ ਵੀ ਰੱਖਿਆ। ਚੇਤੇ ਰਹੇ, ਉਸ ਸਮੇਂ ਦੇ ਵੀਹ ਹਜ਼ਾਰ ਰੁਪਏ ਅਜੋਕੇ ਲੱਖਾਂ-ਕਰੋੜਾਂ ਵਰਗੇ ਸਨ।

ਲੋਕਗੀਤ ਪ੍ਰਕਾਸ਼ਨ ਤੋਂ ਛਪੀ ਇਸ ਪੁਸਤਕ ਵਿਚ ਹੋਰ ਵੀ ਬਹੁਤ ਕੁਝ ਹੈ। ਪੜ੍ਹੋ ਤੇ ਜਾਣੋ!

**ਭਾਈ ਮੰਨਾ ਸਿੰਘ ਬਨਾਮ ਗੁਰਸ਼ਰਨ ਭਾਅ ਜੀ:** ਪ੍ਰਸਿੱਧ ਨਾਟਕਕਾਰ ਸਵਰਗੀ ਗੁਰਸ਼ਰਨ ਸਿੰਘ ਨੂੰ ਉਪਰੋਕਤ ਦੋ ਨਾਂਵਾਂ ਨਾਲ ਵਧੇਰੇ ਜਾਣਿਆ ਜਾਂਦਾ ਹੈ। ਉਸ ਦੇ ਪਿੱਛੇ ਪਤਨੀ ਕੈਲਾਸ਼ ਕੌਰ ਤੇ ਦੋ ਧੀਆਂ ਨਵਸ਼ਰਨ ਤੇ ਅਰੀਤ ਹਨ। ਧੀਆਂ ਆਪੋ ਆਪਣੇ ਘਰ ਕ੍ਰਮਵਾਰ ਨਵੀਂ ਦਿੱਲੀ ਤੇ ਮਹਿਰੌਲੀ ਰਹਿੰਦੀਆਂ ਹਨ ਅਤੇ ਪਤਨੀ ਕਦੀ ਪਹਿਲੀ ਕੋਲ ਹੁੰਦੀ ਹੈ ਤੇ ਕਦੀ ਦੂਜੀ ਕੋਲ। ਪਰਿਵਾਰ ਨੇ ਗੁਰਸ਼ਰਨ ਸਿੰਘ ਦੀਆਂ ਮੁਹਿੰਮਾਂ ਤੇ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ ਉਹਦੇ ਚੰਡੀਗੜ੍ਹ, ਸੈਕਟਰ-43 ਵਾਲੇ ਘਰ ਨੂੰ ਆਰਟ ਗੈਲਰੀ ਦਾ ਰੂਪ ਦੇ ਰੱਖਿਆ ਹੈ। ਉਨ੍ਹਾਂ ਇਸ ਦੀ ਸਾਂਭ ਸੰਭਾਲ ਤੇ ਦੇਖ-ਰੇਖ ਦੀ ਜ਼ਿੰਮੇਵਾਰੀ ਪੰਜਾਬੀ ਰੰਗ-ਮੰਚ ਦੇ ਜਾਣੇ ਪਛਾਣੇ ਹਸਤਾਖਰਾਂ ਸ਼ਬਦੀਸ਼ ਤੇ ਅਨੀਤਾ ਸ਼ਬਦੀਸ਼ ਨੂੰ ਦੇ ਰੱਖੀ ਹੈ, ਜਿੱਥੇ ਗਾਹੇ ਬਗਾਹੇ ਗੁਰਸ਼ਰਨ ਸਿੰਘ ਦੇ ਮੱਦਾਹ, ਮਿੱਤਰ ਤੇ ਮੇਲੀ ਚੱਕਰ ਲਾਉਂਦੇ ਰਹਿੰਦੇ ਹਨ। ਸ਼ਬਦੀਸ਼ ਜੋੜੀ ਆਉਣ-ਜਾਣ ਵਾਲਿਆਂ ਦਾ ਸਵਾਗਤ ਵੀ ਤੇ ਆਓ ਭਗਤ ਵੀ ਕਰਦੀ ਹੈ। ਪਿਆਰ ਤੇ ਪ੍ਰਸੰਨਤਾ ਨਾਲ ਮੈਨੂੰ ਪਿਛਲੇ ਦਿਨੀਂ ਵਿਚ ਉਸ ਦੇ ਅਕਾਲ ਚਲਾਣੇ ਵਾਲੇ ਦਿਨ ਉਹਦੇ ਬਾਰੇ ਪ੍ਰਿੰਟ ਮੀਡੀਆ ਵਿਚ ਉਸ ਦੇ ਅਨਿੰਨ ਭਗਤ ਕੇਵਲ ਧਾਲੀਵਾਲ ਦਾ ਅਰਥ ਭਰਪੂਰ ਲੇਖ ਵੀ ਪੜ੍ਹਨ ਨੂੰ ਮਿਲਿਆ ਤੇ ਮੈਂ ਚੰਡੀਗੜ੍ਹ ਵਾਲੀ ਆਰਟ ਗੈਲਰੀ ਵੀ ਵੇਖੀ। ਬਹੁਤ ਚੰਗਾ ਲੱਗਿਆ-ਇਹ ਸੋਚ ਕੇ ਹੋਰ ਵੀ ਕਿ ਹੁਣ ਪੰਜਾਬ ਦੇ ਵਸਨੀਕ ਵੀ ਆਪਣੇ ਨਾਇਕਾਂ ਨੂੰ ਬਾਹਰਲੇ ਦੇਸ਼ਾਂ ਦੇ ਲੋਕਾਂ ਵਾਂਗ ਆਪਣੇ ਚੇਤਿਆਂ ਵਿਚ ਵਸਾਉਣ ਲੱਗ ਪਏ ਹਨ। ਬਹੁਤ ਖੂਬ!

**ਅੰਤਿਕਾ: ਡਾ. ਰਵਿੰਦਰ ਦੀ 'ਚਿਹਰਾ ਚਿਹਰਾ ਮੈਂ' ਵਿਚੋਂ**

ਕਿਰਤ ਕੀਤੀ ਜਦੋਂ ਕਰਤਾਰ ਨੇ
ਕਰਤਾਰਪੁਰ ਆ ਕੇ,
ਹਨੇਰਾ ਚੀਰਿਆ ਸੂਰਜ ਨੇ
ਫਿਰ ਅਸਮਾਨ 'ਤੇ ਛਾ ਕੇ।
ਕੋਈ ਤਲਵਾਰ ਨਾ ਖੰਜਰ
ਨਾ ਕੋਈ ਦੂਸਰਾ ਹਥਿਆਰ,
ਉਹਨੇ ਸੋਧੀ ਲੋਕਾਈ
ਸ਼ਬਦ ਦਾ ਨਸ਼ਤਰ ਚਲਾ ਕੇ।
ਉਹਦੇ ਮੱਥੇ 'ਚ ਸਗਲੀ ਸ੍ਰਿਸ਼ਟ ਸੀ
ਪੈਰਾਂ 'ਚ ਉਚਾ ਸੀ,
ਉਸ ਆਲਮ ਫਤਿਹ ਕੀਤਾ
ਗੋਸ਼ਟੀ ਸੰਵਾਦ ਰਚਾ ਕੇ।

# ਜੰਗ-ਏ-ਆਜ਼ਾਦੀ ਹਿੰਦੋਸਤਾਨ...

*(ਪਿਛਲੇ ਸਫੇ ਦੀ ਬਾਕੀ)*

(ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। ਮਾਹਿਲਪੁਰ ਵਿਖੇ ਪੁਲਿਸ ਵਲੋਂ ਗ੍ਰਿਫਤਾਰੀ ਸਮੇਂ ਬੰਬ ਬਲਾਸਟ ਕਰਕੇ ਪੁਲਿਸ ਕਪਤਾਨ ਸਮੇਤ 9 ਪੁਲਿਸੀਏ ਮਾਰੇ ਗਏ।

25 ਅਕਤੂਬਰ 1944 ਨੂੰ ਹਜ਼ਾਰਾ ਸਿੰਘ ਪੁੱਤਰ ਬੂਟਾ ਸਿੰਘ, ਪਿੰਡ ਝਾਂਗਲੀਆਣਾ, ਜਿਲਾ ਹੁਸ਼ਿਆਰਪੁਰ, ਲਾਲ ਕਿਲੇ 'ਚ ਫਾਂਸੀ ਚੜ੍ਹ ਕੇ ਸ਼ਹੀਦੀ ਪਾ ਗਏ। ਉਹ ਆਈ. ਐਨ. ਏ. ਦੇ ਹਵਾਲਦਾਰ ਸਨ। ਦੋਸ਼, ਅੰਗਰੇਜ਼ ਹਕੂਮਤ ਵਿਰੁੱਧ ਲੜੇ।

26 ਅਕਤੂਬਰ 1953 ਨੂੰ ਪ੍ਰਤਾਪ ਸਿੰਘ ਪੁੱਤਰ ਰੂਪ ਚੰਦ ਮਾਤਾ ਮਨਭਰੀ, ਪਿੰਡ ਤੇ ਡਾਕਖਾਨਾ ਨਾਹਰੀ, ਤਹਿਸੀਲ ਸੋਨੀਪਤ ਜਿਲਾ ਰੋਹਤਕ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੂੰ ਇੰਡੀਅਨ ਆਰਮੀ 'ਚੋਂ ਬਦਲ ਕੇ ਸਿੰਘਾਪੁਰ ਰਾਇਲ ਅਟਿਲਰੀ ਵਿਚ ਭੇਜ ਦਿੱਤਾ। ਜਪਾਨੀਆਂ ਨੇ ਫੜ ਲਿਆ, ਬਾਅਦ 'ਚ ਆਈ. ਐਨ. ਏ. ਭਰਤੀ ਹੋ ਗਏ। ਲੜਾਈ ਦੇ ਕੈਦੀ ਤੇ ਇੱਕ ਸਾਲ ਮੁਲਤਾਨ ਜੇਲ੍ਹ ਦੀ ਯਾਤਰਾ ਕੀਤੀ।

27 ਅਕਤੂਬਰ 1924 ਨੂੰ ਕਰਮ ਸਿੰਘ ਪੁੱਤਰ ਇੰਦਰ ਸਿੰਘ, ਪਿੰਡ ਕੋਟ ਫਤੂਹੀ, ਜਿਲਾ ਹੁਸ਼ਿਆਰਪੁਰ ਨਾਭਾ ਬੀੜ ਜੇਲ੍ਹ 'ਚ ਨਿਮੋਨੀਆ ਹੋ ਜਾਣ ਕਰਕੇ ਦਮ ਤੋੜ ਗਏ। ਉਹ ਜੈਤੋਂ ਦੇ ਮੋਰਚੇ 'ਚ ਸ਼ਾਮਲ ਸਨ।

27 ਅਕਤੂਬਰ 1969 ਨੂੰ ਦਰਸ਼ਨ ਸਿੰਘ ਫੇਰੂਮਾਨ ਪੁੱਤਰ ਚੰਦਾ ਸਿੰਘ ਤੇ ਮਾਤਾ ਬੀਬੀ ਰਾਜ ਕੌਰ, ਪਿੰਡ ਫੇਰੂਮਾਨ, ਜਿਲਾ ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਮੋਰਚਾ-14 ਦੀ ਜਥੇਦਾਰੀ ਕੀਤੀ, ਕਾਂਗਰਸ ਦੀ ਫਰੰਗੀ ਸਰਕਾਰ ਨਾਲ ਨਾ ਮਿਲਵਰਤਨ ਲਹਿਰ, ਸਿਵਲ ਨਾ-ਫੁਰਮਾਨੀ ਲਹਿਰ 1938 'ਚ ਕਿਸਾਨ ਮੋਰਚੇ, 1942 ਦੇ ਭਾਰਤ ਛੱਡੋ ਅੰਦੋਲਨ ਆਦਿ ਹੋਰ ਕਈ ਮੋਰਚਿਆਂ 'ਚ ਹਿੱਸਾ ਲਿਆ। 1952 ਤੋਂ 1964 ਤੱਕ ਰਾਜ ਸਭਾ ਮੈਂਬਰ ਰਹੇ ਅਤੇ ਸੁਤੰਤਰ ਪਾਰਟੀ 'ਚ ਸ਼ਾਮਲ ਕਈ ਵਰ੍ਹੇ ਜੇਲ੍ਹ ਯਾਤਰਾ ਕੀਤੀ। ਦੇਸ਼ ਸਮਾਜ ਅਤੇ ਕੌਮ ਦੀ ਬਿਹਤਰੀ ਲਈ 1969 'ਚ ਜੇਲ੍ਹ 'ਚ ਮਰਨ ਵਰਤ ਰੱਖਿਆ 74 ਦਿਨ ਬਾਅਦ ਸ਼ਹੀਦ ਹੋ ਗਏ।

30 ਅਕਤੂਬਰ 1924 ਨੂੰ ਕਰਤਾਰ ਸਿੰਘ ਪੁੱਤਰ ਦੱਲ ਸਿੰਘ, ਪਿੰਡ ਕੋਟਲਾ ਸੂਰਜ ਮੱਲ, ਨਕੋਦਰ, ਜਿਲਾ ਜਲੰਧਰ ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਮੋਰਚਾ-7 'ਚ ਹਿੱਸਾ ਲਿਆ।

30 ਅਕਤੂਬਰ 1948 ਨੂੰ ਨੰਦ ਸਿੰਘ ਪੁੱਤਰ ਰੁੜ ਸਿੰਘ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ, ਨੌਂ ਮਹੀਨੇ ਜੇਲ੍ਹ ਯਾਤਰਾ, ਇੱਕ ਹਜ਼ਾਰ ਰੁਪਈਆ ਜੁਰਮਾਨਾ ਅਤੇ ਭਾਰਤ ਛੱਡੋ ਅੰਦੋਲਨ 'ਚ ਡੀ. ਆਈ. ਆਰ. ਕਾਨੂੰਨ ਹੇਠ ਦੋ ਸਾਲ ਕੈਦ ਹੋਈ।


31 ਅਕਤੂਬਰ 1924 ਨੂੰ ਆਤਮਾ ਸਿੰਘ ਪਿੰਡ ਡੇਰਾ ਬਾਬਾ ਨਾਨਕ (ਅੰਮ੍ਰਿਤਸਰ) ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ।

31 ਅਕਤੂਬਰ 1924 ਨੂੰ ਬਿਸ਼ਨ ਸਿੰਘ ਪੁੱਤਰ ਭਾਨ ਸਿੰਘ ਤੇ ਮਾਤਾ ਸਾਹਿਬ ਕੌਰ ਪਿੰਡ ਰੂਮੀ ਜਿਲਾ ਲੁਧਿਆਣਾ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਮੋਰਚਾ-14 'ਚ ਸ਼ਮੂਲੀਅਤ ਕੀਤੀ।

**ਅਕਤੂਬਰ ਮਹੀਨੇ ਦੇ ਹੋਰ ਸੰਗਰਾਮੀਏ ਅਤੇ ਸ਼ਹੀਦ:** ਕਾਮਾਗਾਟਾ ਮਾਰੂ ਜਹਾਜ਼ ਹੁਗਲੀ ਦਰਿਆ 'ਚ ਬੱਜ ਬੱਜ ਘਾਟ (ਕਲਕੱਤਾ) ਦੇ ਨੇੜੇ 27 ਸਤੰਬਰ 1914 ਨੂੰ ਕੈਨੇਡਾ ਤੋਂ ਵਾਪਿਸ ਪਹੁੰਚ ਗਿਆ ਸੀ। ਫਰੰਗੀ ਸਰਕਾਰ ਦੀ ਪੁਲਿਸ ਨੇ ਉਤਰ ਰਹੇ ਯਾਤਰੀਆਂ ਉਪਰ ਗੋਲੀਆਂ ਦੀਆਂ ਬੁਛਾੜਾਂ ਕਰ ਦਿੱਤੀਆਂ, ਜਿਸ ਦੇ ਨਤੀਜੇ ਵਜੋਂ 20 ਯਾਤਰੀ ਮੌਕੇ 'ਤੇ ਸ਼ਹੀਦ ਹੋ ਗਏ ਤੇ ਸੈਂਕੜੇ ਜਖਮੀ ਹੋਏ। ਗੋਲੀਕਾਂਡ ਪਿਛੋਂ ਜਖਮੀਆਂ ਨੂੰ ਅਕਤੂਬਰ ਮਹੀਨੇ ਦੀ ਪਹਿਲੀ ਤੋਂ 14 ਤਰੀਖ ਤੱਕ ਜੇਲ੍ਹ 'ਚ ਭੇਜ ਦਿੱਤਾ ਗਿਆ, ਜੋ ਬਾਅਦ 'ਚ ਗਦਰ ਲਹਿਰ ਦਾ ਹਿੱਸਾ ਬਣ ਕੇ ਅੰਗਰੇਜ਼ ਰਾਜ ਦਾ ਤਖਤਾ ਪਲਟਣ ਵਿਚ ਸਹਾਈ ਹੋਏ।

ਅਕਤੂਬਰ 1893 ਨੂੰ ਸੰਤ ਧੌਂਕਲ ਸਿੰਘ ਨਾਮਧਾਰੀ (ਕੂਕਾ ਸਿੰਘ) ਪੁੱਤਰ ਚੌਧਰੀ ਗਰੇਵਾਲ ਦੇਵਾ ਸਿੰਘ ਅਤੇ ਮਾਤਾ ਇੰਦ ਕੌਰ, ਪਿੰਡ ਕਿਲ੍ਹਾ ਰਾਏਪੁਰ ਕਾਲੇ ਪਾਣੀ (ਅੰਡੇਮਾਨ) ਜੇਲ੍ਹ 'ਚ ਸਜ਼ਾ ਕੱਟਦੇ ਸ਼ਹੀਦੀ ਜਾਮ ਪੀ ਗਏ। ਉਹ ਮੋਰਿੰਡਾ ਕਤਲ ਕੇਸ 'ਚ ਸ਼ਾਮਲ ਸਨ, ਜੋ ਬੁੱਚੜਖਾਨਿਆਂ ਦੇ ਵਿਰੋਧ ਵਾਪਰਿਆ ਸੀ। ਉਹ ਅਤੇ ਸੰਤ ਚਤਰ ਸਿੰਘ ਮਹਿਮਾ ਸਿੰਘ ਵਾਲਾ ਨੇ ਸਾਰਵੇ ਚੌਧਰੀ ਨੂੰ ਵੀ ਕੂਕਾ ਲਹਿਰ ਦੀ ਪਵਿੱਤਰਤਾ 'ਚ ਖਲਲ ਪਾਉਣ ਕਰਕੇ ਛਿੱਤਰਾਂ ਨਾਲ ਕੁੱਟਿਆ ਸੀ। ਸੈਂਦੇ ਗੱਦਾਰ ਦੀ ਗੱਦਾਰੀ ਕਰਕੇ ਪੁਲਿਸ ਨੇ ਪਿੰਜਰੇ 'ਚ ਪਾ ਕੇ ਕਾਲੇ ਪਾਣੀ ਭੇਜਿਆ ਸੀ।

ਅਕਤੂਬਰ 1918 ਨੂੰ ਬੀਬੀ ਜੋਗਿੰਦਰ ਕੌਰ ਪਤਨੀ ਸੁਰਜਣ ਸਿੰਘ ਨਾਮਧਾਰੀ ਪਰਿਵਾਰ ਨਾਲ ਸਬੰਧਤ ਪਿੰਡ ਮੁਠੱਡੇ, ਜਿਲਾ ਜਲੰਧਰ ਜਨਮੇ, ਬੀਮਾਰੀ ਕਾਰਨ ਆਪਣੇ ਭੁਝੰਗੀ ਸਮੇਤ ਇੱਕ ਦਿਨ ਦੇ ਵਕਫੇ ਨਾਲ ਸਦੀਵੀ ਵਿਛੋੜਾ ਦੇ ਗਏ।



ਦਰਸ਼ਨ ਸਿੰਘ ਫੇਰੂਮਾਨ

ਉਨ੍ਹਾਂ ਦੇ ਰੋਹਬ ਅਤੇ ਦਬਕੇ ਤੋਂ ਪੁਲਿਸ ਵੀ ਕੰਬਦੀ ਸੀ। ਸੁਰਜਣ ਸਿੰਘ ਅਤੇ ਪਿਤਾ ਮਹਾਂ ਸਿੰਘ ਪੁੱਤਰ ਚੈਨ ਸਿੰਘ ਅੰਗਰੇਜ਼ ਸਰਕਾਰ ਦੇ ਬਾਗੀ ਸਨ, ਜੋ ਕੂਕਾ ਲਹਿਰ ਦੇ ਸੰਗਰਾਮੀ ਸਨ। ਉਨ੍ਹਾਂ ਦੇ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਅੰਗਰੇਜ਼ ਰਾਜ ਵਿਰੁੱਧ ਡਟ ਕੇ ਲੜੇ ਸਨ।

ਅਕਤੂਬਰ 1924 ਨੂੰ ਊਧਮ ਸਿੰਘ, ਪਿੰਡ ਭਲੋਹ, ਤਹਿਸੀਲ ਊਨਾ, ਜਿਲਾ ਹੁਸ਼ਿਆਰਪੁਰ ਉਨ੍ਹਾਂ ਜੈਤੋਂ ਦੇ ਮੋਰਚਾ-4 'ਚ ਸ਼ਮੂਲੀਅਤ ਤੇ ਨਾਭਾ ਬੀੜ 'ਚ ਦਮ ਤੋੜ ਗਏ।

ਅਕਤੂਬਰ 1929 ਨੂੰ ਮੱਘ ਪੁੱਤਰ ਚੋਗੇਟਾ, ਪਿੰਡ ਗੁੰਮਨਪੁਰ, ਜਿਲਾ ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੂੰ 1919 ਦੇ ਮਾਰਸ਼ਲ ਕਾਨੂੰਨ ਹੇਠ ਤਿੰਨ ਸਾਲ ਕੈਦ ਹੋਈ, ਪਰ ਨੌਂ ਮਹੀਨੇ ਹੀ ਕੱਟਣੀ ਪਈ।

ਅਕਤੂਬਰ 1944 ਮੇਹਰਬਾਨ ਖਾਨ, ਪਿੰਡ ਰੰਬਸ, ਜਿਲਾ ਕਰਨਾਲ ਕਲੇਵਾ ਕਾਂਡ ਦੇ ਬੰਬ ਅਟੈਕ 'ਚ ਸ਼ਹੀਦ ਹੋਏ। ਉਹ ਇੰਡੀਅਨ ਫੌਜ ਅਤੇ ਅਜ਼ਾਦ ਹਿੰਦ ਫੌਜ ਦੇ ਤੀਸਰੇ ਗੁਰੀਲਾ ਗਰੁੱਪ 'ਚ ਲੈਂਸ ਨਾਇਕ ਸਨ।

ਅਕਤੂਬਰ 1944 ਨੂੰ ਹੁਸੈਨ ਅਲੀ, ਪਿੰਡ ਚੋਨਾ ਸੈਦਾਂ ਸ਼ਾਹ, ਜਿਲਾ ਜੇਹਲਮ ਸਦੀਵੀ ਵਿਛੋੜਾ ਦੇ ਗਏ। ਉਹ ਭਾਰਤੀ ਫੌਜ ਤੇ ਅਜ਼ਾਦ ਹਿੰਦ ਫੌਜ ਦੇ ਲੈਂਸ ਨਾਇਕ ਸਨ।

ਅਕਤੂਬਰ 1944 ਨੂੰ ਖਾਲਸ ਖਾਨ, ਪਿੰਡ ਬਸੀਨ, ਜਿਲਾ ਜੇਹਲਮ ਹਸਪਤਾਲ ਵਿਚ ਦਮ ਤੋੜ ਗਏ। ਉਹ ਅਜ਼ਾਦ ਹਿੰਦ ਫੌਜ ਦੇ ਸਿਪਾਹੀ ਸਨ।

ਅਕਤੂਬਰ 1948 ਨੂੰ ਗੁਰਮੁੱਖ ਸਿੰਘ ਪੁੱਤਰ ਛੁੰਮਣ ਸਿੰਘ ਮਾਤਾ ਰਤਨ ਕੌਰ ਪਿੰਡ ਬਿਲਾਸਪੁਰ ਤਹਿਸੀਲ ਮੋਗਾ ਜਿਲਾ ਫਿਰੋਜ਼ਪੁਰ ਸਦੀਵੀ ਵਿਛੋੜਾ ਦੇ ਗਏ। ਉਹ ਨੇ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ ਤੇ ਨਾਭਾ ਬੀੜ ਜੇਲ੍ਹ 'ਚ 19 ਮਹੀਨੇ ਯਾਤਰਾ ਕੀਤੀ।

ਅਕਤੂਬਰ 1950 ਰਾਮ ਸਿੰਘ ਪੁੱਤਰ ਖੁਸ਼ਹਾਲ ਸਿੰਘ, ਪਿੰਡ ਮੁਧਲ, ਜਿਲਾ ਅੰਮ੍ਰਿਤਸਰ ਸਦੀਵੀ ਵਿਛੜ ਗਏ। ਉਹ ਗੁਰੂ ਕੇ ਬਾਗ ਅਤੇ ਭਾਈ ਫੇਰੂ ਮੋਰਚੇ ਸ਼ਾਮਲ ਹੋਏ। ਦੋ ਸਾਲ ਜੇਲ੍ਹ 200 ਰੁਪਏ ਜੁਰਮਾਨਾ ਹੋਇਆ ਤੇ ਕੈਂਪਵੈਲ ਤੇ ਮੁਲਤਾਨ ਜੇਲ੍ਹ ਦੀ ਯਾਤਰਾ ਕੀਤੀ।

ਅਕਤੂਬਰ 1952 ਨੂੰ ਰਿਖੀ ਰਾਮ ਪੁੱਤਰ ਰੰਜੂ ਰਾਮ ਅਤੇ ਮਾਤਾ ਦੇਵਕੀ ਦੇਵੀ ਪਿੰਡ ਟਿੱਕਰੀ ਜੈ ਸਿੰਘ ਪੁਰ, ਤਹਿਸੀਲ ਪਾਲਿਮਪੁਰ, ਜਿਲਾ ਕਾਂਗੜਾ ਸਦੀਵੀ ਵਿਛੜ ਗਏ। ਉਹ ਇੰਡੀਅਨ ਆਰਮੀ ਤੇ ਅਜ਼ਾਦ ਹਿੰਦ ਫੌਜ 'ਚ ਸਨ। ਸਿੰਘਾਪੁਰ ਮਲਾਇਆ ਦੀ ਡੋਗਰਾ ਰੈਜੀਮੈਂਟ 'ਚ ਹਾਜ਼ਰੀ ਸੀ।

ਅਕਤੂਬਰ 1955 ਨੂੰ ਅਨੂਪ ਸਿੰਘ ਪੁੱਤਰ ਪਾਲ ਸਿੰਘ ਤੇ ਮਾਤਾ ਬੀਬੀ ਸੰਤ ਕੌਰ, ਪਿੰਡ ਨਾਗੋਕੇ ਤਹਿਸੀਲ ਤਰਨ ਤਾਰਨ, ਜਿਲਾ ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਗਏ, ਉਹ ਨੇ ਫੇਰੂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ ਅਤੇ ਮੁਲਤਾਨ ਜੇਲ੍ਹ 'ਚ ਛੇ ਮਹੀਨੇ ਕੱਟੇ।

ਅਕਤੂਬਰ 1959 ਨੂੰ ਬੱਲ ਸਿੰਘ ਪੁੱਤਰ ਸ਼ੇਰ ਸਿੰਘ, ਪਿੰਡ ਭਿੱਟੇਵਾਲ ਵਡਾਲਾ ਖੁਰਦ, ਜਿਲਾ ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਗਏ। 1922 ਅਕਾਲੀ ਮੂਵਮੈਂਟ 'ਚ ਸ਼ਮੂਲੀਅਤ ਕੀਤੀ ਛੇ ਮਹੀਨੇ ਅੰਮ੍ਰਿਤਸਰ ਜੇਲ੍ਹ ਦੀ ਯਾਤਰਾ ਕੀਤੀ ਤੇ 200 ਰੁਪਏ ਜੁਰਮਾਨਾ ਦਿੱਤਾ।

ਅਕਤੂਬਰ 1963 ਨੂੰ ਕਰਮ ਸਿੰਘ ਪੁੱਤਰ ਗੰਡਾ ਸਿੰਘ ਤੇ ਬੀਬੀ ਬੁੱਧਾਂ, ਪਿੰਡ ਮੀਹਾਲਾ ਜੈ ਸਿੰਘ, ਜਿਲਾ ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਗੁਰੂ ਕੇ ਬਾਗ ਦੇ ਮੋਰਚੇ 'ਚ ਹਿੱਸਾ ਲਿਆ ਤੇ ਕੈਂਪਵੈੱਲ ਦੀ ਜੇਲ੍ਹ 'ਚ ਦਸ ਮਹੀਨੇ ਰਹੇ।

ਲੰਬੀਆਂ ਜੇਲ੍ਹਾਂ, ਬੇਰਹਿਮ ਤਸ਼ੱਦਦ, ਅਣਮਨੁੱਖੀ ਵਿਹਾਰ ਅਤੇ ਫਾਂਸੀਆਂ ਦੇ ਤਖਤਿਆਂ 'ਤੇ ਹੱਸ ਹੱਸ ਚੜ੍ਹ ਜਾਣ ਦੀਆਂ ਕਹਾਣੀਆਂ ਵੱਲ ਜਦੋਂ ਧਿਆਨ ਜਾਂਦਾ ਹੈ ਤਾਂ ਲੱਗਦਾ ਹੈ ਕਿ ਆਜ਼ਾਦੀ ਦੇ ਪ੍ਰਵਾਨੇ ਸਾਡੇ ਕੰਨਾਂ 'ਚ ਕਹਿ ਰਹੇ ਹਨ, "ਜਦੋਂ ਤੁਸੀਂ ਘਰ ਜਾਵੋਗੇ ਤਾਂ ਸਾਰਿਆਂ ਨੂੰ ਦੱਸਣਾ ਕਿ ਅਸੀਂ ਆਪਣਾ ਅੱਜ ਤੁਹਾਡੇ ਭਵਿੱਖ ਦੇ ਲੇਖੇ ਲਾ ਦਿੱਤਾ ਹੈ।" (ਅੰਡੇਮਾਨ ਤੋਂ ਗਦਰੀ ਬਾਬੇ)

---

ਤਰਲਿਆਂ ਨਾਲ ਨਾ ਰਾਜ ਮਿਲਦੇ
ਜਿਚਰ ਜੰਗ ਮੈਦਾਨ ਤਪਾਈਏ ਨਾ।
ਬਾਜ਼ੀ ਸਿਰਾਂ ਤੇ ਧੜਾਂ ਦੀ ਲਾਈਏ ਨਾ
ਜੇਲ੍ਹਾਂ ਫਾਂਸੀਆਂ ਪਰ ਲਟਕ ਜਾਈਏ ਨਾ।
-ਭਾਈ ਭਗਵਾਨ ਸਿੰਘ 'ਪ੍ਰੀਤਮ'

---

"ਸਰਫਰੋਸ਼ੀ ਦੀ ਤਮੰਨਾ ਦਿਲ 'ਚ
ਨਾ ਰਹਿ ਜਾਏ ਕਿਤੇ,
ਇਹ ਸੋਚ ਕੇ ਅਹਿਲੇ ਵਤਨ
ਰਾਹੇ ਸ਼ਹਾਦਤ ਪੈ ਗਏ।"

-ਡਾ. ਗੁਰਮੇਲ ਸਿੱਧੂ
ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ,

ਨਿਊ ਯਾਰਕ ਵਲੋਂ ਉਨ੍ਹਾਂ ਸਾਰੇ ਭੈਣਾਂ, ਭਰਾਵਾਂ ਅਤੇ ਦੋਸਤਾਂ ਨੇ ਜੰਗ-ਏ-ਆਜ਼ਾਦੀ ਦੇ ਸੂਰਬੀਰ ਯੋਧਿਆਂ, ਸ਼ਹੀਦਾਂ ਤੇ ਸੰਗਰਾਮੀਆਂ ਬਾਰੇ ਦੱਸਣ ਲਈ ਯੋਗਦਾਨ ਪਾਇਆ ਅਤੇ ਅਕਤੂਬਰ ਮਹੀਨੇ ਦੀ ਲੜੀ ਨੂੰ ਪੂਰਾ ਕਰਨ ਲਈ ਹੌਂਸਲਾ ਦਿੱਤਾ, ਧੰਨਵਾਦ ਕਰਦੇ ਹਾਂ। ਅੱਗੇ ਤੋਂ ਵੀ ਸਾਥ ਲਈ ਆਸਵੰਦ ਹਾਂ।

ਦੇਸ਼ ਭਗਤਾਂ, ਸੰਗਰਾਮੀਆਂ ਅਤੇ ਸ਼ਹੀਦਾਂ ਦੇ ਜੀਵਨ ਦਰਸ਼ਨ ਕਰਾਉਣ ਦੇ ਯਤਨ ਜਾਰੀ ਹਨ।

ਬੇਨਤੀ ਹੈ ਕਿ ਆਜ਼ਾਦੀ ਦੇ ਇਤਿਹਾਸ ਦਾ ਵੇਰਵਾ ਕਦੀ ਵੀ ਪੂਰਾ ਨਹੀਂ ਕੀਤਾ ਜਾ ਸਕਦਾ, ਜੇ ਕਿਸੇ ਕੋਲ ਭੁੱਲੇ ਵਿਸਰੇ ਸੰਗਰਾਮੀਆਂ ਯੋਧਿਆਂ ਜਾਂ ਸ਼ਹੀਦਾਂ ਦੀ ਜਾਣਕਾਰੀ ਹੋਵੇ ਤਾਂ ਸਾਡੇ ਨਾਲ ਫੋਨ: 1-347-753-5940 ਰਾਹੀਂ ਸਾਂਝੀ ਕੀਤੀ ਜਾ ਸਕਦੀ ਹੈ ਤਾਂ ਜੋ ਉਨ੍ਹਾਂ ਨੂੰ ਇਤਿਹਾਸ ਨਾਲ ਜੋੜ ਕੇ ਕੁਰਬਾਨੀਆਂ ਦਾ ਰਿਣ ਉਤਾਰਿਆ ਜਾ ਸਕੇ। (ਨੋਟ: ਫੋਨ ਨਾ ਚੁੱਕ ਹੋਣ 'ਤੇ ਮੈਸੇਜ ਛੱਡ ਦੇਵੋ)

# ਪੰਜਾਬ ਦਾ ਆਖਰੀ ਰਾਜਾ ਦਲੀਪ ਸਿੰਘ

ਇਤਿਹਾਸ

***ਅੰਗਰੇਜ਼ਾਂ ਨੇ ਪੰਜਾਬ 'ਤੇ ਕਿਸ ਤਰ੍ਹਾਂ ਕਬਜ਼ਾ ਕੀਤਾ, ਇਸ ਬਾਰੇ ਬੜਾ ਕੁਝ ਫਰੋਲਿਆ ਗਿਆ ਹੈ। ਇਸ ਦੇ ਨਾਲ ਹੀ ਪੰਜਾਬ ਦੇ ਆਖਰੀ ਰਾਜੇ ਦਲੀਪ ਸਿੰਘ ਨਾਲ ਵੀ ਕਈ ਕਹਾਣੀਆਂ ਜੁੜੀਆਂ ਹੋਈਆਂ ਹਨ। ਇੰਗਲੈਂਡ ਵੱਸਦੇ ਲਿਖਾਰੀ ਸੁਖਦੇਵ ਸਿੱਧੂ ਨੇ ਰਾਜਾ ਦਲੀਪ ਸਿੰਘ ਬਾਰੇ ਇਹ ਲੰਮਾ ਲੇਖ ਭੇਜਿਆ ਹੈ, ਜਿਸ ਵਿਚ ਸਿੱਖ ਰਾਜ ਦੇ ਆਖਰੀ ਦੌਰ ਅਤੇ ਰਾਜਾ ਦਲੀਪ ਸਿੰਘ ਬਾਰੇ ਚਰਚਾ ਕੀਤੀ ਗਈ ਹੈ। ਪੇਸ਼ ਹੈ, ਲੇਖ ਦੀ ਪਹਿਲੀ ਕਿਸ਼ਤ। -ਸੰਪਾਦਕ***

ਪੰਜਾਬ ਦੇ ਰਾਜੇ ਰਣਜੀਤ ਸਿੰਘ ਦੀ ਸਭ ਤੋਂ ਛੋਟੀ ਰਾਣੀ ਜਿੰਦਾਂ ਦਾ ਇਕਲੌਤਾ ਪੁੱਤਰ ਦਲੀਪ ਸਿੰਘ ਸੀ। ਇਹ ਰਾਜੇ ਦੀ ਅਖੀਰਲੀ ਔਲਾਦ ਵੀ ਸੀ। ਇਹਦਾ ਜਨਮ ਸਤੰਬਰ 1838 ਨੂੰ ਹੋਇਆ। ਦਲੀਪ ਸਿੰਘ ਦੇ ਜਨਮ ਤੋਂ ਨੌਂ ਕੁ ਮਹੀਨੇ ਮਗਰੋਂ ਇਸ ਦੇ ਬਾਪ ਦੀ ਮੌਤ ਹੋ ਗਈ ਸੀ, ਸਿੱਟੇ ਵਜੋਂ ਗੱਦੀ ਲਈ ਖੂਨ ਖਰਾਬੇ ਨਾਲ ਭਰਪੂਰ ਜੰਗ ਸ਼ੁਰੂ ਹੋ ਗਈ। ਦਲੀਪ ਸਿੰਘ ਦੇ ਗੱਦੀ ਤੇ ਬਹਿਣ ਤੋਂ

ਸੁਖਦੇਵ ਸਿੱਧੂ

ਪਹਿਲਾਂ ਲਾਹੌਰ ਦਰਬਾਰ ਨਾਲ ਜੁੜੀਆਂ ਬਹੁਤ ਜਾਨਾਂ ਦਾ ਬਹੁਤ ਜੀਆ ਘਾਤ ਹੋਇਆ ਸੀ। ਅਜਿਹੇ ਪਿਛੋਕੜ ਵਿਚ ਮਸੂਮ ਦਲੀਪ ਸਿੰਘ ਨੂੰ ਪੰਜਾਬ ਦਾ ਵਾਰਿਸ ਥਾਪ ਦਿੱਤਾ ਗਿਆ ਸੀ। ਪਹਿਲਾਂ ਤਾਂ ਇਹਦੇ ਰਣਜੀਤ ਸਿੰਘ ਦਾ ਪੁੱਤ ਹੋਣ 'ਤੇ ਵੀ ਸ਼ੱਕ ਪ੍ਰਗਟਾਈ ਗਈ ਸੀ। ਰਣਜੀਤ ਸਿੰਘ ਉਦੋਂ ਪਿਛਲੀ ਉਮਰੇ ਸੀ, ਜਦ ਜਿੰਦਾਂ ਨਾਲ ਵਿਆਹ ਨੂੰ ਮੰਨਿਆ ਸੀ।

ਜਿੰਦਾਂ ਦਾ ਬਾਪ ਮੰਨਾ ਸਿੰਘ, ਰਾਜੇ ਦੇ ਕੁੱਤੇ ਸਾਂਭਣ ਦੀ ਨੌਕਰੀ ਕਰਦਾ ਸੀ। ਰਣਜੀਤ ਸਿੰਘ ਦੇ ਔਰਤਾਂ ਦੇ ਸ਼ੌਕੀ ਹੋਣ ਦਾ ਤਾਂ ਸਭ ਜਾਣਦੇ ਸੀ। ਇਹ ਮਹਾਰਾਜੇ ਕੋਲ ਆਪਣੀ ਧੀ ਦੀ ਜੁਆਨੀ ਅਤੇ ਸੁੰਦਰਤਾ ਦੀਆਂ ਸਿਫਤਾਂ ਦੇ ਪੁਲ ਬੰਨ੍ਹ-ਬੰਨ੍ਹ ਕੇ ਇਸ ਦਾ ਮਨ ਲੁਭਾਉਂਦਾ ਰਹਿੰਦਾ ਸੀ। ਦੋਹਾਂ ਦਾ ਰੁਤਬਾ ਬਰਾਬਰ ਦਾ ਨਾ ਹੋਣ ਦੇ ਬਾਵਜੂਦ ਉਹ ਚਾਹੁੰਦਾ ਸੀ ਕਿ ਮਹਾਰਾਜਾ ਕਿਸੇ ਨਾ ਕਿਸੇ ਤਰ੍ਹਾਂ ਜਿੰਦਾਂ ਨਾਲ ਵਿਆਹ ਕਰਵਾ ਲਵੇ। ਕੁਦਰਤੀ ਤੌਰ 'ਤੇ ਇਸ ਮਨਸ਼ਾ ਪਿੱਛੇ ਮੰਨਾ ਸਿੰਘ ਦਾ ਆਪਣੀ ਕੁਲ ਸੁਧਰਨ ਦਾ ਲਾਲਚ ਵੀ ਸੀ। ਮੰਨਾ ਸਿੰਘ ਨੂੰ ਵੀ ਪਤਾ ਸੀ ਕਿ ਜਿੰਦਾਂ ਤਾਂ ਚੜ੍ਹਦੀ ਉਮਰ ਦੀ ਬਾਲੜੀ ਸੀ ਅਤੇ ਮਹਾਰਾਜਾ ਆਪਣੀ ਉਮਰ ਦੇ ਮਗਰਲੇ ਸਾਲਾਂ ਵਿਚ ਸੀ। ਇਸ ਗੱਲ ਤੋਂ ਰਣਜੀਤ ਸਿੰਘ ਵੀ ਅਨਜਾਣ ਨਹੀਂ ਸੀ। ਮੰਨਾ ਸਿੰਘ ਦੀਆਂ ਅਰਜੋਈਆਂ ਅਤੇ ਹੱਥ ਧੋ ਕੇ ਮਗਰ ਪਏ ਰਹਿਣ 'ਤੇ ਅਖੀਰ ਵਿਚ ਮਹਾਰਾਜਾ, ਜਿੰਦਾਂ ਨਾਲ ਵਿਆਹ ਨੂੰ ਮੰਨ ਗਿਆ। ਜਿੰਦਾਂ ਉਦੋਂ ਅਠਾਰਾਂ ਸਾਲਾਂ ਦੀ ਸੀ ਅਤੇ ਰਣਜੀਤ ਸਿੰਘ ਪਚਵੰਜਾ ਸਾਲਾਂ ਦਾ। ਉਦੋਂ ਮਹਾਰਾਜਾ ਸਿਹਤ ਪੱਖੋਂ ਵੀ ਕਮਜ਼ੋਰ ਸੀ; ਇਹਦੇ 'ਤੇ ਅਧਰੰਗ ਦੇ ਦੌਰਿਆਂ ਨੇ ਆਪਣਾ ਅਸਰ ਕੀਤਾ ਹੋਇਆ ਸੀ। ਅਧਰੰਗ ਨੇ ਰਣਜੀਤ ਸਿੰਘ ਨੂੰ ਬਹੁਤ ਅਸਮਰਥ ਕਰ ਦਿੱਤਾ ਸੀ; ਏਸੇ ਵੱਸ ਇਹਨੇ ਫੌਜ ਦੀ ਸਾਰੀ ਜ਼ਿੰਮੇਵਾਰੀ ਜਰਨੈਲ ਵੈਂਤੂਰਾ ਨੂੰ ਸੌਂਪੀ ਹੋਈ ਸੀ।



ਰਾਜਾ ਦਲੀਪ ਸਿੰਘ ਦੀ ਪੇਂਟਿੰਗ।

ਦਲੀਪ ਸਿੰਘ ਦਾ ਜਨਮ ਵੀ ਜਿੰਦਾਂ ਨਾਲ ਇਹਦੇ ਵਿਆਹ ਤੋਂ ਤਿੰਨ ਕੁ ਸਾਲ ਬਾਅਦ ਦਾ ਹੈ; ਦਲੀਪ ਸਿੰਘ ਦੇ ਜਨਮ (1838) ਤੋਂ ਛੇਤੀ ਬਾਅਦ ਰਾਜੇ ਦੀ ਮੌਤ ਹੋ ਜਾਂਦੀ ਹੈ। ਬਿਮਾਰੀ ਦੀ ਵਜ੍ਹਾ ਸਦਕਾ ਅਤੇ ਰਾਜੇ ਦੀ ਸਰੀਰਕ ਅਸਮਰਥਾ ਕਾਰਨ ਦੂਸਰੀਆਂ ਰਾਣੀਆਂ ਵੀ ਦਲੀਪ ਸਿੰਘ ਨੂੰ ਰਣਜੀਤ ਸਿੰਘ ਦੀ ਔਲਾਦ ਨਹੀਂ ਸੀ ਮੰਨਦੀਆਂ, ਕਿਸੇ ਹੋਰ ਦਾ ਬੱਚਾ ਕਹਿੰਦੀਆਂ ਰਹੀਆਂ ਸੀ। ਖੜਕ ਸਿੰਘ ਵੀ ਆਪਣੇ ਤੋਂ ਬਿਨਾ ਬਾਕੀ ਸਾਰਿਆਂ ਨੂੰ ਰਣਜੀਤ ਸਿੰਘ ਦੇ ਸ਼ੱਕੀ ਪੁੱਤਰ ਮੰਨਦਾ ਸੀ। ਗੱਦੀ ਦੇ ਵਾਰਿਸਾਂ ਦੀ ਮਾਰ-ਮਰਾਈ ਤੋਂ ਬਾਅਦ ਹੋਰ ਕੋਈ ਨਹੀਂ ਸੀ ਬਚਿਆ ਤਾਂ ਏਸੇ ਬਾਲਕ ਦਲੀਪ ਸਿੰਘ 'ਤੇ ਵਾਰਿਸ ਹੋਣ ਦੀ ਜ਼ਿੰਮੇਵਾਰੀ ਪਾ ਦਿੱਤੀ ਗਈ ਸੀ।

ਰਣਜੀਤ ਸਿੰਘ ਦੀ ਇੱਛਿਆ ਅਨੁਸਾਰ ਇਹਦੀ ਮੌਤ ਤੋਂ ਬਾਅਦ ਖੜਕ ਸਿੰਘ ਗੱਦੀ 'ਤੇ ਬੈਠ ਤਾਂ ਗਿਆ ਸੀ ਪਰ ਉਸ ਨੂੰ ਪੂਰਾ ਪਤਾ ਸੀ ਕਿ ਅਸਲੀ ਰਾਜਾ ਉਹ ਨਹੀਂ ਹੋ ਸਕੇਗਾ। ਹੋਰ ਤਾਂ ਹੋਰ, ਉਹਦਾ ਆਪਣਾ ਪੁੱਤ ਆਪਣੇ ਬਾਪ ਦੇ ਤਖਤ 'ਤੇ ਬਹਿਣ ਦੇ ਖਿਲਾਫ ਸੀ। ਆਮ ਮੰਨਿਆ ਜਾਂਦਾ ਸੀ ਕਿ ਕੰਵਰ ਨੌਨਿਹਾਲ ਕਾਬਲ ਸੀ। ਇਹ ਸਾਰਾ ਰਾਜ ਭਾਗ ਆਪਣੀ ਮਰਜ਼ੀ ਨਾਲ ਚਲਾਉਣਾ ਚਾਹੁੰਦਾ ਸੀ ਤੇ ਉਸ ਨੇ ਖੜਕ ਸਿੰਘ ਨੂੰ ਨਾਂ ਦਾ ਰਾਜਾ ਰੱਖਣਾ ਸੀ। ਜਦੋਂ ਹੀ ਨੌਨਿਹਾਲ ਨੇ ਇਹ ਗੱਲ ਮੂੰਹੋਂ ਕੱਢੀ, ਤਾਂ ਪਾਟਕ ਪੈ ਗਿਆ ਸੀ। ਨੌਨਿਹਾਲ, ਚੇਤ ਸਿੰਘ ਬਾਜਵੇ ਨੂੰ ਵੀ ਪਸੰਦ ਨਹੀਂ ਸੀ ਕਰਦਾ ਅਤੇ ਖੜਕ ਸਿੰਘ ਚੇਤ ਸਿੰਘ ਤੋਂ ਬਿਨਾ ਜਿਊਂਦਾ ਨਹੀਂ ਸੀ।

ਲਾਹੌਰ ਦਰਬਾਰ ਦੇ ਰੁਤਬਿਆਂ ਦੀ ਖਿਚੋਤਾਣ ਕਾਰਨ ਚੇਤ ਸਿੰਘ ਨੇ ਗੁਲਾਬ ਸਿੰਘ ਨੂੰ ਧਮਕੀ ਦੇ ਦਿੱਤੀ ਸੀ ਕਿ ਉਹ ਦੇਖੇ ਜ਼ਰਾ, ਉਸ ਨਾਲ ਕੀ ਕਰਦਾ ਹੈ। ਏਦੂੰ ਪਹਿਲਾਂ ਕਿ ਚੇਤ ਸਿੰਘ ਕੁਝ ਕਰਦਾ, ਗੁਲਾਬ ਸਿੰਘ ਨੇ ਪਹਿਲ ਕਰ ਲਈ ਤੇ ਉਸ ਨੂੰ ਖੜਕ ਸਿੰਘ ਦੀਆਂ ਅੱਖਾਂ ਸਾਹਮਣੇ, ਤਾਹਨੇ ਦੇ-ਦੇ ਕੇ, ਆਪਣੇ ਹੱਥੀਂ ਮਾਰ ਮੁਕਾਇਆ। ਖੜਕ ਸਿੰਘ ਦੇ ਚੇਤ ਸਿੰਘ ਨੂੰ ਬਖਸ਼ ਦੇਣ ਦੇ ਤਰਲੇ ਕਿਸੇ ਵੀ ਨਾ ਸੁਣੇ ਤੇ ਵਿਚਾਰਾ ਬਣ ਕੇ ਹੀ ਵਾਕਿਆ ਦੇਖਦਾ ਰਿਹਾ ਸੀ। ਉਧਰੋਂ ਪਹਿਲੀ ਰਾਣੀ 'ਚੋਂ ਸ਼ੇਰ ਸਿੰਘ ਵੀ ਗੱਦੀ ਦਾ ਦਾਅਵੇਦਾਰ ਸੀ, ਭਾਵੇਂ ਸੀ ਇਹ ਵੀ ਨਿਕੰਮਾ ਪਰ ਰਣਜੀਤ ਸਿੰਘ ਵੇਲੇ ਲੜਾਈਆਂ 'ਚ ਹਿੱਸਾ ਲੈਂਦਾ ਰਿਹਾ ਸੀ। ਖੂੰਜੇ ਲੱਗਾ ਖੜਕ ਸਿੰਘ ਨਮੋਸ਼ੀ 'ਚ ਹੋਰ ਸ਼ਰਾਬ ਪੀ-ਪੀ ਅਤੇ ਅਫੀਮ ਖਾ-ਖਾ ਗਲਤਾਨ ਹੋ ਗਿਆ ਤੇ ਮਰਿਆ ਵੀ ਨਸ਼ੇ ਕਾਰਨ ਹੀ ਜਾਂ ਜ਼ਹਿਰ ਨਾਲ। ਇਹਦਾ ਪੁੱਤ ਕੰਵਰ ਨੌਨਿਹਾਲ ਵੀ ਆਪਣੇ ਬਾਪ ਦੇ ਕਿਰਿਆ ਕਰਮ ਨਿਭਾਉਂਦਾ ਹੀ ਮਾਰਿਆ ਗਿਆ। ਜਿਨ੍ਹਾਂ ਹਾਲਾਤ ਵਿਚ ਨੌਨਿਹਾਲ ਮਰਿਆ, ਉਹ ਕੁਦਰਤੀ ਤਾਂ ਬਿਲਕੁਲ ਨਹੀਂ ਸੀ। ਤਵਾਰੀਖ 'ਚ ਸਿੱਧਾ ਨਾ ਤਾਂ ਕਿਸੇ ਦਾ ਨਹੀਂ ਲਿਆ ਗਿਆ ਪਰ ਇਸ਼ਾਰੇ ਬਹੁਤਾ ਪਰਦਾ ਵੀ ਨਹੀਂ ਰਹਿਣ ਦਿੰਦੇ। ਖੜਕ ਸਿੰਘ ਤੇ ਉਸ ਦੇ ਪੁੱਤ ਦੇ ਤਖਤ ਤੋਂ ਪਰ੍ਹੇ ਹੋਣ ਅਤੇ ਸ਼ੇਰ ਸਿੰਘ ਨੂੰ ਤਖਤ 'ਤੇ ਬਿਠਾਉਣ ਦੀ ਤਜਵੀਜ਼ ਹੋਈ ਤਾਂ ਖੜਕ ਸਿੰਘ ਦੀ ਵਿਧਵਾ ਚਾਂਦ ਕੌਰ ਅੜ ਗਈ; ਇਹ ਆਪ ਗੱਦੀ 'ਤੇ ਬਹਿਣਾ ਚਾਹੁੰਦੀ ਸੀ ਤੇ ਮਗਰੋਂ ਨੌਨਿਹਾਲ ਦੀ ਵਿਧਵਾ ਤੋਂ ਹੋਣ ਵਾਲੀ ਔਲਾਦ ਨੂੰ ਬਿਠਾਉਣਾ ਚਾਹੁੰਦੀ ਸੀ। ਤਖਤ 'ਤੇ ਕਬਜ਼ੇ ਦੀ ਜੰਗ ਤੇਜ਼ ਹੋ ਗਈ। ਕਿਸੇ ਤਰ੍ਹਾਂ ਦੇ ਰਾਜ਼ੀਨਾਵੇਂ ਦੇ ਸਾਰੇ ਹੀਲੇ ਅਸਫਲ ਹੋ ਰਹੇ ਸੀ। ਚਾਂਦ ਕੌਰ ਤਾਂ ਸ਼ੇਰ ਸਿੰਘ ਨੂੰ ਰਣਜੀਤ ਸਿੰਘ ਦੀ ਥਾਂ, ਕਿਸੇ ਛੀਂਬੇ ਦਾ ਪੁੱਤ ਦੱਸਦੀ ਹੁੰਦੀ ਸੀ। ਦੂਜੀ ਧਿਰ ਨੇ ਨੌਨਿਹਾਲ ਦੀ ਵਿਧਵਾ ਦੇ ਪੇਟ 'ਚੋਂ ਬੱਚਾ ਵੀ ਗਿਰਵਾ ਦਿੱਤਾ ਸੀ। ਮਸਲਾ ਨਜਿੱਠਣ ਹਿੱਤ ਸ਼ੇਰ ਸਿੰਘ ਨੇ ਫੌਜ ਨਾਲ ਲਾਹੌਰ 'ਤੇ ਚੜ੍ਹਾਈ ਕਰ ਦਿੱਤੀ।

ਹਾਰ ਖਾ ਕੇ ਚਾਂਦ ਕੌਰ, ਇਸੇ ਨਾਲ ਵਿਆਹ ਕਰਨਾ ਵੀ ਮੰਨ ਗਈ। ਇਹ ਵਿਆਹ ਨਾ ਹੋਣਾ ਸੀ, ਨਾ ਹੋਇਆ। ਪਿਛੋਂ ਚਾਂਦ ਕੌਰ ਦੀ ਮੌਤ ਵੀ ਸ਼ੱਕੀ ਹਾਲਤ 'ਚ ਹੋ ਗਈ: ਇਹਦੀ ਨੌਕਰਾਣੀ ਨੇ ਹੀ ਚਾਂਦ ਕੌਰ ਦੇ ਸਿਰ 'ਚ ਚੱਕੀ ਦਾ ਪੁੜ ਮਾਰ ਕੇ ਇਹਨੂੰ ਮਾਰ ਮੁਕਾਇਆ ਸੀ। ਇਸ਼ਨਾਨ ਕਰਦੀ ਦੇ ਗਲਾ ਘੁੱਟ ਕੇ ਮਾਰਨ ਦਾ ਜ਼ਿਕਰ ਵੀ ਹੈ। ਇਹ ਸਭ ਕੁਝ ਗੱਦੀ ਹਥਿਆਉਣ ਲਈ ਹੋਇਆ ਸੀ। ਸ਼ੇਰ ਸਿੰਘ ਨੇ ਵੀ ਖੂਨ ਵਹਾਉਣ 'ਚ ਕੋਈ ਕਸਰ ਨਹੀਂ ਸੀ ਛੱਡੀ। ਫਿਰ ਸੰਧਾਵਾਲੀਏ ਸਰਦਾਰਾਂ ਨੇ ਬਦਲੇ 'ਚ ਸ਼ੇਰ ਸਿੰਘ ਨੂੰ ਧੋਖੇ ਫਰੇਬ ਨਾਲ ਮਾਰ ਮੁਕਾਇਆ ਸੀ- ਅਜੀਤ ਸਿੰਘ ਨੇ ਬੰਦੂਕ ਭੇਟਾ ਕਰਨ ਦੇ ਬਹਾਨੇ ਸ਼ੇਰ ਸਿੰਘ ਦੇ ਕੋਲ ਜਾ ਕੇ ਹਿੱਕ 'ਚ ਗੋਲੀ ਦਾਗ ਕੇ ਉਸ ਦੀ ਜਾਨ ਲਈ ਸੀ ਤੇ ਬਾਅਦ 'ਚ ਉਸ ਦਾ ਸਿਰ ਧੜ ਨਾਲੋਂ ਵੱਢਿਆ ਸੀ। ਦੂਜੇ ਸੰਧਾਵਾਲੀਏ ਸਰਦਾਰ, ਲਹਿਣਾ ਸਿੰਘ, ਨੇ ਸ਼ੇਰ ਸਿੰਘ ਦੇ ਰੋਂਦੇ ਕੁਰਲਾਉਂਦੇ ਨਾਬਾਲਗ ਪੁੱਤ (ਪਰਤਾਪ ਸਿੰਘ) ਦਾ ਸਿਰ ਲਾਹਿਆ ਸੀ ਅਤੇ ਸਰੀਰ ਦੇ ਟੋਟੇ ਕੀਤੇ ਸੀ। ਰਿਸ਼ਤੇ 'ਚ ਪਰਤਾਪ, ਲਹਿਣਾ ਸਿੰਘ ਦਾ ਪੋਤਾ ਲੱਗਦਾ ਸੀ। ਫਿਰ ਇਨ੍ਹਾਂ ਦੋਹਾਂ ਪਿਓ-ਪੁੱਤਾਂ ਦੇ ਸਿਰ ਨੇਜ਼ਿਆਂ 'ਤੇ ਟੰਗ ਕੇ ਸ਼ਹਿਰ 'ਚ ਗੇੜੇ ਕੱਢੇ ਸੀ।

ਪਤਾ ਲੱਗਣ 'ਤੇ ਜਦੋਂ ਧਿਆਨ ਸਿੰਘ ਨੇ ਇਸ ਦੀ ਪੁੱਛ-ਗਿੱਛ ਕੀਤੀ ਤਾਂ ਸੰਧਾਵਾਲੀਆਂ ਨੇ ਉਸ ਨੂੰ ਵੀ ਮਾਰ ਮੁਕਾਇਆ ਤੇ ਉਸ ਦੇ ਬਾਡੀਗਾਰਡਾਂ ਦੇ ਵੀ ਟੋਟੇ-ਟੋਟੇ ਕਰ ਦਿੱਤੇ। ਦੇਖੋ, ਇੱਕੋ ਦਿਨ ਕਿੰਨੇ ਬੰਦੇ ਕਤਲ ਹੁੰਦੇ ਹਨ। ਜਦ ਹੀਰਾ ਸਿੰਘ ਨੂੰ ਆਪਣੇ ਬਾਪ ਦੇ ਕਤਲ ਦਾ ਪਤਾ ਲੱਗਾ ਤਾਂ ਉਸ ਨੇ ਸਹੁੰ ਖਾ ਲਈ ਕਿ ਉਹ ਓਨਾ ਚਿਰ ਅੰਨਪਾਣ ਨਹੀਂ ਕਰੇਗਾ ਜਦ ਤੱਕ ਉਸ ਦੇ ਬਾਪ ਦੇ ਕਾਤਲ ਫੜੇ ਨਹੀਂ ਜਾਂਦੇ। ਫੌਜ ਨੇ ਇਹ ਗੱਲ ਸੁਣ ਕੇ ਸੰਧਾਵਾਲੀਆਂ 'ਤੇ ਹਮਲਾ ਬੋਲ ਦਿੱਤਾ ਸੀ। ਹੀਰਾ ਸਿੰਘ ਦੀ ਮਾਂ ਨੇ ਵੀ ਐਲਾਨ ਕਰ ਦਿੱਤਾ ਕਿ ਉਹ ਓਨਾ ਚਿਰ ਧਿਆਨ ਸਿੰਘ ਦਾ ਸੰਸਕਾਰ ਨਹੀਂ ਹੋਣ ਦਏਗੀ ਜਦ ਤਕ ਉਸ ਦੇ ਪਤੀ ਦੇ ਕਾਤਲ ਦਾ ਸਿਰ ਉਸ ਦੇ ਪੈਰਾਂ 'ਚ ਲਿਆ ਕੇ ਨਾ ਰੱਖਿਆ ਗਿਆ ਤੇ ਅਜਿਹਾ ਹੀ ਹੋਇਆ ਸੀ। ਇਹੋ ਜਿਹੇ ਖੂਨ ਖਰਾਬੇ, ਵੱਢ ਟੁੱਕ ਤੇ ਬੇਵਿਸਾਹੀ ਦੇ ਮਾਹੌਲ 'ਚ ਮਸੂਮ ਬਾਲਕ ਦਲੀਪ ਸਿੰਘ ਨੂੰ ਰਣਜੀਤ ਸਿੰਘ ਦਾ ਵਾਰਿਸ ਥਾਪ ਦਿੱਤਾ ਗਿਆ ਸੀ।



ਰਾਜਾ ਦਲੀਪ ਸਿੰਘ ਦੀ ਮਾਂ ਮਹਾਰਾਣੀ ਜਿੰਦਾਂ ਦੀ ਪੇਂਟਿੰਗ।

ਉਂਜ, ਅਜੇ ਵੀ ਕਤਲੋ-ਗਾਰਤ ਦਾ ਕੰਮ ਪੂਰੀ ਤਰ੍ਹਾਂ ਨੇਪਰੇ ਨਹੀਂ ਸੀ ਚੜ੍ਹਿਆ। ਹੋਰ ਧਿਰਾਂ ਵੀ ਆਪੋ-ਆਪਣੀ ਤਾਕ 'ਚ ਬੈਠੀਆਂ ਸੀ। ਬਾਅਦ 'ਚ ਜਿੰਦਾਂ ਦੇ ਭਰਾ ਜਵਾਹਰ ਸਿੰਘ ਦੇ ਕਹਿਣ 'ਤੇ ਹੀਰਾ ਸਿੰਘ ਅਤੇ ਪੰਡਿਤ ਜੱਲ੍ਹਾ ਦੇ ਸਿਰ ਲਾਹ ਕੇ ਨੇਜ਼ਿਆਂ 'ਤੇ ਟੰਗ ਕੇ ਲਾਹੌਰ 'ਚ ਗੇੜੇ ਦਿੱਤੇ ਸੀ। ਜਵਾਹਰ ਸਿੰਘ (ਦਲੀਪ ਸਿੰਘ ਦਾ ਮਾਮਾ) ਪ੍ਰਧਾਨ ਮੰਤਰੀ ਬਣਨ ਲਈ ਆਪਣਾ ਰਾਹ ਪੱਧਰਾ ਕਰਨਾ ਚਾਹੁੰਦਾ ਸੀ। ਜਦੋਂ ਸ਼ਹਿਜ਼ਾਦਾ ਪਿਸ਼ੌਰਾ ਸਿੰਘ ਵੀ ਵਾਰਿਸ ਵਜੋਂ ਆਪਣਾ ਹੱਕ ਜਿਤਾਉਣ ਲਈ ਸਿਰ ਚੁੱਕਣ ਲੱਗਾ ਤਾਂ ਜਵਾਹਰ ਸਿੰਘ ਨੇ ਉਸ ਨੂੰ ਰਸਤੇ 'ਚੋਂ ਪਰ੍ਹੇ ਕਰਵਾ ਦਿੱਤਾ ਸੀ। ਇਸ ਖੁਸ਼ੀ 'ਚ ਇਹਨੇ ਦੀਪਮਾਲਾ ਵੀ ਕੀਤੀ ਅਤੇ ਇਨਾਮ ਵੰਡੇ ਸੀ। ਫੌਜ ਦੀ ਦਰਬਾਰ ਪ੍ਰਤੀ ਵਫਾਦਾਰੀ ਦੀ ਸਿਫਤ ਇਹ ਸੀ ਕਿ ਇਹ ਹੋਰ ਸਭ ਕੁਝ ਜ਼ਰ ਲੈਂਦੀ ਸੀ ਪਰ ਰਣਜੀਤ ਸਿੰਘ ਦੇ ਪਰਿਵਾਰ ਨਾਲ ਜ਼ੁਲਮ ਨਹੀਂ ਸੀ ਸਹਿੰਦੀ। ਪਿਸ਼ੌਰਾ ਸਿੰਘ ਵੀ ਰਣਜੀਤ ਸਿੰਘ ਦਾ ਪੁੱਤ ਸੀ। ਇਹਦੇ ਕਤਲ ਦਾ ਬਦਲਾ ਲੈਣ ਲਈ ਸਿੱਖ ਪੰਚਾਇਤ ਨੇ ਜਵਾਹਰ ਸਿੰਘ ਤੋਂ ਜੁਆਬ ਤਲਬੀ ਕੀਤੀ ਤਾਂ ਪਹਿਲਾਂ ਇਸ ਨੇ ਕੋਈ ਧਿਆਨ ਨਹੀਂ ਸੀ ਦਿੱਤਾ। ਜਿੰਦਾਂ ਦਾ ਭਰਾ ਹੋਣ ਕਰ ਕੇ ਇਹ ਖੁਦ ਨੂੰ ਫੰਨੇ ਖਾਂ ਸਮਝਣ ਲੱਗ ਪਿਆ ਸੀ। ਜਦ ਉਸ ਨੂੰ ਕੋਈ ਹੋਰ ਚਾਰਾ ਨਾ ਦਿਸਿਆ ਤਾਂ ਆਪਣੇ ਭਾਣੇ ਤਾਂ ਬਚਾਅ ਲਈ ਉਹ ਦਲੀਪ ਸਿੰਘ ਨੂੰ ਆਪਣੀ ਗੋਦੀ 'ਚ ਬਿਠਾ ਹਾਥੀ 'ਤੇ ਬਹਿ ਕੇ ਪੇਸ਼ ਹੋਇਆ; ਪਰ ਪਿੱਛੇ-ਪਿੱਛੇ, ਦੂਜੇ ਹਾਥੀ 'ਤੇ ਜਿੰਦਾਂ ਆਪਣੀ ਗੋਲੀ ਨਾਲ ਬੈਠ ਕੇ ਆਈ ਸੀ। ਦਲੀਪ ਸਿੰਘ ਨੂੰ ਜਵਾਹਰ ਕੋਲੋਂ ਖੋਹ ਕੇ ਜਿੰਦਾਂ ਦੇ ਸਪੁਰਦ ਕੀਤਾ ਗਿਆ ਅਤੇ ਜਵਾਹਰ ਸਿੰਘ ਨੂੰ ਸਭ ਦੇ ਸਾਹਮਣੇ ਹੀ ਮਾਰ ਦਿੱਤਾ ਗਿਆ। ਜਿੰਦਾਂ ਦੇ ਰੋਣ ਕੁਰਲਾਉਣ ਅਤੇ ਭਰਾ ਨੂੰ ਬਖਸ਼ ਦੇਣ ਦੇ ਤਰਲਿਆਂ ਦਾ ਕੋਈ ਅਸਰ ਨਹੀਂ ਸੀ ਹੋਇਆ। ਬਾਲ ਵਰੇਸੇ ਹੀ ਦਲੀਪ ਸਿੰਘ ਨੇ ਆਪਣੇ ਮਾਮੇ ਦਾ ਕਤਲ ਆਪਣੀ ਅੱਖੀਂ ਦੇਖਿਆ ਸੀ ਅਤੇ ਜਵਾਹਰ ਸਿੰਘ ਦੇ ਲਹੂ ਦੇ ਛਿੱਟੇ ਵੀ ਇਹਦੇ 'ਤੇ ਪਏ ਸੀ। ਸ਼ਾਹ ਮੁਹੰਮਦ ਅਨੁਸਾਰ ਇਹਦਾ ਸਿਰ ਵੀ ਝਟਕਾ ਦਿੱਤਾ ਸੀ। ਦੁਖੀ ਪ੍ਰੇਸ਼ਾਨ ਜਿੰਦਾਂ ਨੇ ਭਰਾ ਦੇ ਕਤਲ ਦਾ ਬਦਲਾ ਲੈਣ ਦੀ ਗੱਲ ਕਹਿ ਦਿੱਤੀ ਸੀ। ਇਸ ਤੋਂ ਬਾਅਦ ਸਿੱਖਾਂ ਨੇ ਦਲੀਪ ਸਿੰਘ ਅਤੇ ਰਾਣੀ ਜਿੰਦਾਂ ਪ੍ਰਤੀ ਵਫਾਦਾਰੀ ਦੀਆਂ ਕਸਮਾਂ ਖਾਧੀਆਂ ਸੀ। ਐਸੀ ਮਾਰ ਧਾੜ ਦੇ ਸਬਬ ਵੱਸ ਬੇਵਸਾਹੀ ਤੇ ਸਹਿਮ ਦਾ ਆਲਮ ਪੈਦਾ ਹੋ ਗਿਆ ਸੀ। ਦਰਬਾਰ ਵਿਚਲੇ ਸਿੱਖਾਂ ਨੇ ਜਿੰਨੀ ਬੇਰਹਿਮੀ ਨਾਲ ਆਪਣੇ ਹੀ ਸਿੱਖ ਭਰਾ ਮਾਰੇ ਅਤੇ ਉਨ੍ਹਾਂ ਦੇ ਸਿਰ ਝਟਕਾਏ, ਉਸ ਦੀ ਮਿਸਾਲ ਘੱਟ ਹੀ ਮਿਲਦੀ ਹੈ।



ਕਰਨਾਟਕ ਦੀ ਸ਼ਹਿਜ਼ਾਦੀ ਗੋਰੰਮਾ ਦੀ ਪੇਂਟਿੰਗ ਜਿਸ ਨਾਲ ਦਲੀਪ ਸਿੰਘ ਦੇ ਵਿਆਹ ਦੀ ਗੱਲ ਮਹਾਰਾਣੀ ਵਿਕਟੋਰੀਆ ਨੇ ਚਲਾਈ ਸੀ।

ਅੰਗਰੇਜ਼ਾਂ ਨਾਲ ਲੜਾਈ ਕਿਸ ਨੇ ਸ਼ੁਰੂ ਕੀਤੀ ਜਾਂ ਕਰਵਾਈ, ਇਸ ਬਾਰੇ ਰਾਵਾਂ-ਵਿਚਾਰ ਵੱਖਰੇ-ਵੱਖਰੇ ਹੋ ਸਕਦੇ ਹਨ ਪਰ ਪੰਜਾਬੀ ਦਾ ਮੰਨਿਆ ਕਿੱਸਾਕਾਰ ਸ਼ਾਹ ਮੁਹੰਮਦ ਇਸ ਬਾਰੇ ਬਹੁਤ ਸਾਫ ਹੈ ਅਤੇ ਖੁਸ਼ਵੰਤ ਸਿੰਘ ਵੀ ਇਹਦੇ 'ਚ ਜਿੰਦਾਂ ਦਾ ਹੱਥ ਦੱਸਦਾ ਹੈ। ਉਂਜ, ਇਕ ਗੱਲ ਪੱਕੀ ਹੈ ਕਿ ਉਦੋਂ ਭਾਰਤ ਦਾ ਕੋਈ ਰਾਜਾ ਵੀ ਫਿਰੰਗੀ ਦੇ ਪਾਂ-ਪਾਸਕ ਨਹੀਂ ਸੀ ਉਤਰਦਾ। ਅੰਗਰੇਜ਼ ਕਿਸੇ ਵੀ ਭਾਰਤੀ ਰਾਜੇ ਨਾਲੋਂ ਕਿਤੇ ਵਧ ਕੇ ਕੂਟਨੀਤਕ ਸੀ। ਉਨ੍ਹਾਂ ਨੇ ਦੇਰ ਤੋਂ ਪੰਜਾਬ 'ਤੇ ਅੱਖ ਟਿਕਾਈ ਹੋਈ ਸੀ। ਘਾਤ ਲਾ ਕੇ ਬੈਠਾ ਫਿਰੰਗੀ ਸਹੀ ਮੌਕੇ ਦੀ ਤਾੜ 'ਚ ਸੀ। ਉਦੋਂ ਇਹ ਅੰਗਰੇਜ਼ ਸਲਤਨਤ ਦੀ ਚੜ੍ਹਤ ਦਾ ਵੇਲਾ ਵੀ ਸੀ ਅਤੇ ਉਨ੍ਹਾਂ ਨੂੰ ਉਸ ਵੇਲੇ ਪੰਜਾਬ ਹੜੱਪਣ ਤੋਂ ਕਿਸੇ ਨੇ ਨਹੀਂ ਸੀ ਰੋਕ ਸਕਣਾ। ਰਣਜੀਤ ਸਿੰਘ ਨੇ ਤਾਂ ਭਾਰਤ ਦਾ ਨਕਸ਼ਾ ਦੇਖ ਕੇ ਪਹਿਲਾਂ ਹੀ ਕਹਿ ਦਿੱਤਾ ਸੀ: ਸਭ ਲਾਲ {ਅੰਗਰੇਜ਼ ਦਾ} ਹੋ ਜਾਏਗਾ। ਏਸ ਵੇਲੇ ਜਦੋਂ ਸਿੱਖ ਆਪਸ 'ਚ ਲੜ ਕੇ ਇਕ ਦੂਜੇ ਨੂੰ ਮਾਰ ਰਹੇ ਸੀ ਤਾਂ ਅੰਗਰੇਜ਼ ਮੌਕਾ ਕਿਉਂ ਗਵਾਉਂਦਾ? ਮੁੱਕਦੀ ਗੱਲ ਇਹ ਹੈ ਕਿ ਫਿਰੰਗੀਆਂ ਨੇ ਪੰਜਾਬ 'ਤੇ ਕਬਜ਼ੇ ਦੀ ਸਕੀਮ ਬਣਾਈ ਹੋਈ ਸੀ ਤੇ ਆਪਣੇ ਵੱਸ 'ਚ ਕਰ ਲਿਆ। ਬਾਲ ਦਲੀਪ ਸਿੰਘ ਨੂੰ ਗੱਦੀ ਤੋਂ ਲਾਂਭੇ ਕਰ ਦਿੱਤਾ। ਸਭਰਾਵਾਂ ਦੀ ਸੰਧੀ ਮੁਤਾਬਿਕ ਅੰਗਰੇਜ਼ਾਂ ਨੇ ਦਲੀਪ ਸਿੰਘ ਦੀ ਸਤਾਰਾਂ ਸਾਲ ਦੀ ਉਮਰ ਤੱਕ ਰਖਵਾਲੀ ਕਰਨੀ ਸੀ ਅਤੇ ਉਦੋਂ ਤੀਕ ਉਹਨੇ ਬਾਲਗ ਹੋ ਜਾਣਾ ਸੀ ਪਰ ਫਿਰੰਗੀਆਂ ਦੇ ਅੰਦਰੋਂ ਇਰਾਦੇ ਹੋਰ ਸੀ।

ਦਲੀਪ ਸਿੰਘ ਦੀ ਹਿਫਾਜ਼ਤ ਲਈ ਅੰਗਰੇਜ਼ ਫੌਜਾਂ ਲਾਹੌਰ 'ਚ ਤਾਇਨਾਤ ਹੋ ਗਈਆਂ ਸੀ। ਕਿਸੇ ਵੀ ਸਿੱਖ ਜਾਂ ਹੋਰ ਅਹਿਲਕਾਰ ਨੂੰ ਇਸ 'ਤੇ ਇਤਰਾਜ਼ ਨਹੀਂ ਸੀ ਹੋਇਆ। ਜਿੰਦਾਂ ਦੇ ਤਾਹਨੇ ਮਿਹਣੇ ਵੀ ਜਰਨੈਲਾਂ ਨੂੰ ਅੰਗਰੇਜ਼ਾਂ ਵਿਰੁਧ ਨਾ ਕਰ ਸਕੇ ਸੀ ਸਗੋਂ ਬਾਅਦ 'ਚ ਕਈ ਸਿੱਖਾਂ ਨੇ ਗੋਰਿਆਂ ਤੋਂ ਇਨਾਮ-ਸਨਮਾਨ ਲੈ ਗਏ ਸੀ। ਅਖੀਰ ਫਿਰੰਗੀਆਂ ਨੇ ਰੋਂਦੀ ਕੁਰਲਾਉਂਦੀ ਜਿੰਦਾਂ ਕੋਲੋਂ ਉਸ ਦਾ ਨੌਂ ਸਾਲਾਂ ਦਾ ਮਸੂਮ ਇਕਲੌਤਾ ਬਾਲ ਖੋਹ ਲਿਆ ਸੀ। ਅੰਗਰੇਜ਼ਾਂ ਨੇ ਜਿੰਦਾਂ ਨੂੰ ਕਬਜ਼ੇ 'ਚ ਕਰ ਕੇ ਪਹਿਲਾਂ ਲਾਹੌਰ, ਫਿਰ ਸੇਖੂਪੁਰੇ, ਤੇ ਬਾਅਦ 'ਚ ਚਿਨਾਰ ਦੇ ਕਿਲ੍ਹਿਆਂ 'ਚ ਕੈਦੀ ਬਣਾ ਕੇ ਰੱਖਿਆ ਸੀ। ਇੱਥੋਂ ਉਹ ਫਕੀਰਾਂ ਵਾਲਾ ਭੇਸ ਵਟਾ ਕੇ ਭੱਜ ਗਈ ਸੀ ਤੇ ਨਿਪਾਲ ਦੇ ਰਾਜੇ ਤੋਂ ਸ਼ਰਨ ਲੈ ਲਈ ਸੀ। ਅੰਗਰੇਜ਼

***(ਬਾਕੀ ਸਫਾ 30 ਉਤੇ)***

ਰਾਜਸਥਾਨੀ ਲੋਕ ਕਹਾਣੀਆਂ-15





ਵਿਜੇਦਾਨ ਦੇਥਾ
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642 51454

# ਗਿੱਦੜਾਂ ਦੀ ਅਸੀਸ

***ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਬੜਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਗਿੱਦੜਾਂ ਦੀ ਅਸੀਸ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ। -ਸੰਪਾਦਕ***

ਭਾਂਤ ਭਾਂਤ ਕੇ ਲੋਗ, ਬਦਨ ਬਦਨ ਕੇ ਰੋਗ। ਬਾਤ ਬਾਤ ਕਾ ਭੋਗ। ਹਾਥ ਹਾਥ ਕਾ ਜੋਗ। ਜਿਤਨੇ ਲੋਗ, ਉਤਨੇ ਬਿਉਹਾਰ। ਜਿਤਨੇ ਰੋਗ, ਉਤਨੇ ਉਪਚਾਰ। ਜਿਤਨੇ ਭੋਗ, ਉਤਨੀ ਚਾਹੇਂ। ਜਿਤਨੇ ਰੋਗ, ਉਤਨੀ ਰਾਹੇਂ। ਜੈਸੀ ਸਮਝ, ਤੈਸੀ ਚਾਲ। ਜੈਸੀ ਨੀਯਤ, ਵੈਸਾ ਹਾਲ। ਜੈਸਾ ਅੰਤਸ, ਵੈਸਾ ਭਾਉ। ਜੈਸਾ ਦਾਉ, ਵੈਸਾ ਉਪਾਉ। ਸੋ ਭਾਈਓ, ਸ੍ਰਿਸ਼ਟੀ ਦਾ ਸਿਰਜਣਹਾਰ ਸਾਈਂ, ਅਕਲ ਦੇ ਉਜਲੇ ਚਾਨਣ ਉਤੇ ਕਾਲਖ ਨਾ ਚੋਪੜੇ। ਇੱਕ ਸੀ ਰਾਜਾ, ਜਿਸ ਦਾ ਉਹੀ ਵਾਜਾ, ਉਹੀ ਗਾਜਾ। ਬਿਮਾਰੀ ਅਤੇ ਮੌਤ ਤੋਂ ਬਿਨਾ ਉਸ ਉਪਰ ਹੋਰ ਕਿਸੇ ਦਾ ਬਸ ਨਹੀਂ ਚਲਦਾ ਸੀ। ਉਸ ਦੇ ਦਿਲ ਵਿਚ ਇਸ ਗੱਲ ਦੀ ਸਦਾ ਖਿਝ ਰਹਿੰਦੀ ਕਿ ਨਾਸ਼ੁਕਰੇ ਅਤੇ ਮੂਰਖ ਵਿਧਾਤਾ ਨੇ ਬਾਕੀ ਬੰਦਿਆਂ ਦਾ ਸਰੀਰ ਅਤੇ ਨੈਣ ਨਕਸ਼ ਮੇਰੇ ਵਰਗੇ ਕਿਉਂ ਬਣਾ ਦਿੱਤੇ। ਰਾਜਕੁਮਾਰਾਂ, ਰਾਣੀਆਂ ਅਤੇ ਰਾਜਿਆਂ ਤੋਂ ਬਿਨਾ ਬਾਕੀ ਹੋਰਨਾਂ ਦੇ ਚਿਹਰੇ ਮੁਹਰੇ ਸੁਹਣੇ ਬਣਾਉਣ ਦੀ ਲੋੜ ਹੀ ਨਹੀਂ ਸੀ। ਜੇ ਬਿਧਮਾਤਾ ਸ਼ੁਰੂ ਤੋਂ ਹੀ ਚੌਕਸ ਰਹਿੰਦੀ, ਧਰਤੀ ਦੇ ਸੁਆਮੀ ਰਾਜਾ ਦੀ ਸ਼ਕਲ ਸੂਰਤ ਬਾਕੀਆਂ ਤੋਂ ਇਕ ਦਮ ਵੱਖਰੀ ਹੁੰਦੀ, ਫਿਰ ਰਾਜੇ ਨੂੰ ਆਪ ਇਸ ਪਾਸੇ ਮਿਹਨਤ ਨਾ ਕਰਨੀ ਪੈਂਦੀ। ਆਮ ਬੰਦਿਆਂ ਦਾ ਕੰਮ ਤਾਂ ਇੱਕ ਅੱਖ ਅਤੇ ਇੱਕ ਕੰਨ ਨਾਲ ਚੱਲੀ ਜਾਣਾ ਸੀ, ਨੱਕ ਦੀ ਥਾਂ ਇੱਕ ਗਲੀ ਹੁੰਦੀ ਬਸ, ਫਿਰ ਕੀ ਘਾਟਾ ਸੀ?

ਚਲੋ ਬਿਧਮਾਤਾ ਤੋਂ ਭੁੱਲ ਹੋ ਗਈ, ਫੇਰ ਕੀ ਹੋਇਆ? ਰਾਜਾ ਸਮਝਦਾਰ ਹੈ, ਉਹ ਆਪ ਭੁੱਲਾਂ ਦੀ ਸੋਧ ਕਰਨਯੋਗ ਹੈ। ਰਾਜਾ ਅਤੇ ਪਰਜਾ ਵਿਚ ਸਾਫ ਫਰਕ ਹੋਵੇ, ਇਸ ਲਈ ਆਪਣੇ ਵਾਲ ਪੂਰੇ ਲੰਮੇ, ਦਾੜ੍ਹੀ ਤੇ ਵੱਡੀਆਂ ਮੁੱਛਾਂ ਰੱਖਦਾ, ਬਾਕੀ ਸਾਰੀ ਪਰਜਾ ਰੁੰਡ ਮੁੰਡ। ਸ਼ਾਹੀ ਪਰਿਵਾਰ ਨੂੰ ਛੱਡ ਕੇ ਹੋਰ ਕਿਸੇ ਦੇ ਸਿਰ 'ਤੇ ਵਾਲ ਨਹੀਂ। ਆਮ ਮਰਦਾਂ ਲਈ ਦਾੜ੍ਹੀ ਮੁੱਛਾਂ ਦੀ ਗੱਲ ਦੂਰ ਦੀ, ਪਲਕਾਂ ਅਤੇ ਸਿਹਲੀਆਂ ਦੇ ਵਾਲ ਵੀ ਐਨ ਸਫਾਚੱਟ!

ਦੋ ਲੱਤਾਂ 'ਤੇ ਸਿੱਧੇ ਤੁਰਨ ਦੀ ਵੀ ਮਨਾਹੀ। ਸ਼ਾਹੀ ਸ਼ਹਿਰ ਦੀ ਵੱਡੀ ਦੀਵਾਰ ਦਾ ਦਰਵਾਜ਼ਾ ਲੰਘ ਕੇ ਅੰਦਰ ਆਉਣ ਸਾਰ ਪਸ਼ੂਆਂ ਵਾਂਗ ਹੱਥਾਂ ਪੈਰਾਂ ਉਪਰ ਚੱਲਣਾ ਪੈਂਦਾ। ਰਾਜੇ ਨਾਲ ਗੱਲ ਕਰਨੀ ਹੁੰਦੀ ਤਾਂ ਪਹਿਲਾਂ ਹਰ ਬੰਦਾ ਕਿਸੇ ਪੰਛੀ ਜਾਂ ਪਸ਼ੂ ਦੀ ਆਵਾਜ਼ ਹੂਬਹੂ ਨਕਲ ਕਰਦਾ। ਕੋਈ ਮਿਆਊਂ ਮਿਆਊਂ, ਕੋਈ ਕਾਂ ਕਾਂ, ਕੋਈ ਗੁਟਰਗੂੰ, ਕੋਈ ਹੁੱਕੂ ਹੁੱਕੂ ਬੋਲਣ ਪਿੱਛੋਂ ਗੱਲ ਕਰਦਾ। ਇਸ ਨਾਲ ਰਾਜੇ ਨੂੰ ਪਤਾ ਲੱਗ ਜਾਂਦਾ, ਕੌਣ ਕਿਸ ਜੂਨ ਵਿਚ ਪਿਆ ਹੋਇਆ ਹੈ, ਰੁਤਬਿਆਂ ਦੀ ਪਛਾਣ ਇਸੇ ਨਾਲ ਹੁੰਦੀ। ਜਿਹੜੇ ਵੱਡੇ ਬੰਦਿਆਂ ਉਪਰ ਰਾਜੇ ਦੀ ਖਾਸ ਮਿਹਰਬਾਨੀ ਹੁੰਦੀ; ਉਨ੍ਹਾਂ ਨੂੰ ਹਾਥੀ, ਸ਼ੇਰ, ਸਾਨ੍ਹ, ਊਠ, ਘੋੜੇ ਦੀਆਂ ਬੋਲੀਆਂ ਬੋਲਣ ਦੀ ਆਗਿਆ ਮਿਲਦੀ। ਛੋਟੇ ਮੋਟੇ ਲੋਕਾਂ, ਮੁਲਾਜ਼ਮਾਂ ਨੂੰ ਜਦੋਂ ਗਿੱਦੜ, ਕੁੱਤੇ, ਗਧੇ ਅਤੇ ਕਾਂ ਦੀ ਬੋਲੀ ਬੋਲਣੀ ਪੈਂਦੀ, ਉਨ੍ਹਾਂ ਨੂੰ ਸ਼ਰਮ ਤਾਂ ਆਉਂਦੀ ਪਰ ਕੀ ਕਰਦੇ? ਰਾਜੇ ਦੇ ਹੁਕਮ ਅੱਗੇ ਕਿਸ ਦਾ ਜ਼ੋਰ? ਰਾਜਾ ਕਿਸ ਆਵਾਜ਼ 'ਤੇ ਖਿਝ ਜਾਏ, ਕੀ ਪਤਾ? ਇਸ ਕਰ ਕੇ ਹਰ ਦਰਬਾਰੀ ਕਈ ਕਈ ਬੋਲੀਆਂ ਸਿਖਣ ਲਈ ਮਜਬੂਰ ਹੁੰਦਾ!

ਮਨੁੱਖਾਂ ਦਾ ਰਾਜਾ ਤਾਂ ਉਹ ਹੈ ਈ ਸੀ, ਜੰਗਲ ਦੇ ਤਮਾਮ ਪਸ਼ੂ ਪੰਛੀਆਂ ਦਾ ਰਾਜਾ ਵੀ ਸੀ। ਦਇਆ, ਤਰਸ, ਹਮਦਰਦੀ ਦਾ ਪੁਤਲਾ! ਮਨੁੱਖਾਂ ਦੀ ਬਜਾਇ ਉਹ ਕੀੜੀਆਂ, ਪਤੰਗਿਆਂ ਤੇ ਹੋਰ ਜੀਵਾਂ ਦਾ ਖਿਆਲ ਵੱਧ ਰੱਖਦਾ। ਜਿਵੇਂ ਵੀ ਹੋਵੇ, ਮਨੁੱਖ ਤਾਂ ਸੱਜੇ ਖੱਬੇ ਕਰ ਕਰਾ ਕੇ ਆਪਣਾ ਪੇਟ ਭਰ ਲੈਂਦੇ ਨੇ ਪਰ ਜੀਵ ਜੰਤੂ ਤਾਂ ਵਿਚਾਰੇ ਬੋਲ ਕੇ ਕੁਝ ਦਸ ਨਹੀਂ ਸਕਦੇ। ਉਨ੍ਹਾਂ ਦੇ ਦਿਲ ਦਾ ਦੁੱਖ ਸਮਝਣ ਦੀ ਜ਼ਿੰਮੇਵਾਰੀ ਰਾਜੇ ਦੀ ਹੈ।

ਗਵਾਂਢੀ ਰਾਜਾਂ ਦੇ ਰਾਜਿਆਂ ਤੋਂ ਸਰਕਾਰ ਵੱਖਰੀ ਤਰ੍ਹਾਂ ਦੀ ਹੋਵੇ, ਇਸ ਕਰ ਕੇ ਰਾਜਾ ਦਿਨ ਵਿਚ ਸੌਂਦਾ ਤੇ ਰਾਤ ਨੂੰ ਜਾਗਦਾ। ਪਰਜਾ ਨੇ ਉਹੀ ਕਰਨਾ ਸੀ ਜੋ ਰਾਜਾ ਕਰੇ। ਸੋ ਪਰਜਾ ਵੀ ਸਾਰਾ ਦਿਨ ਸੌਂਦੀ, ਰਾਤੀਂ ਜਾਗਦੀ। ਉਲੰਘਣਾ ਕਰਨ ਵਾਲੇ ਨੂੰ ਸਿਰਫ ਇਕਾਨਵੇਂ ਕੋੜੇ ਅਤੇ ਦੋ ਡੰਗ ਘਾਹ ਖਾਣਾ ਪੈਂਦਾ। ਕੋੜਿਆਂ ਦੀ ਤਾਂ ਚਲੋ ਕੋਈ ਗੱਲ ਨੀ, ਲੋਕ ਘਾਹ ਚਰਦੇ ਵੱਧ ਔਖੇ ਹੁੰਦੇ, ਸ਼ਰਮਿੰਦੇ ਹੁੰਦੇ। ਇਹੀ ਨਿਆਂ ਪ੍ਰਣਾਲੀ ਪ੍ਰਚੱਲਤ ਸੀ। ਦੂਜੇ ਜੀਵਾਂ ਨੂੰ ਖਾਣ ਪੀਣ ਸੌਣ ਜਾਗਣ ਦੀ ਪੂਰੀ ਖੁੱਲ੍ਹ ਸੀ।

ਇੱਕ ਵਾਰ ਦੂਜ ਦੀ ਚਾਨਣੀ ਰਾਤ ਸੀ, ਖਚਾਖਚ ਭਰੇ ਦਰਬਾਰ ਵਿਚ ਦਇਆ ਦੇ ਅਵਤਾਰ ਰਾਜਾ ਦੇ ਕੰਨਾਂ ਵਿਚ 'ਹੁਆਂ ਹੁਆਂ' ਦਾ ਸ਼ੋਰ ਪਿਆ। ਦਰਬਾਰੀਆਂ ਨੂੰ ਚੁੱਪ ਕਰਨ ਦਾ ਇਸ਼ਾਰਾ ਕਰ ਕੇ ਕੁਝ ਦੇਰ ਪੂਰੇ ਧਿਆਨ ਨਾਲ ਇਹ ਆਵਾਜ਼ਾਂ ਸੁਣਨ ਲੱਗਾ। ਫਿਰ ਅਚਾਨਕ ਦੀਵਾਨ ਵੱਲ ਮੂੰਹ ਕਰ ਕੇ ਹੈਰਾਨੀ ਨਾਲ ਪੁੱਛਿਆ- ਦੀਵਾਨ ਜੀ, ਇਹ ਆਵਾਜ਼ ਅਸੀਂ ਪਹਿਲੀ ਵਾਰ ਸੁਣੀ। ਕਿਹੜੇ ਪੰਛੀ ਬੋਲ ਰਹੇ ਨੇ?

ਸਾਨ੍ਹ ਵਾਂਗ ਤਿੰਨ ਵਾਰ ਜ਼ੋਰ ਦੀ ਬੜ੍ਹਕਣ ਬਾਅਦ ਦੀਵਾਨ ਨੇ ਜਵਾਬ ਦਿੱਤਾ- ਗਿੱਦੜ ਹੁਆਂਕ ਰਹੇ ਨੇ ਅੰਨਦਾਤਾ।

ਅਬੋਧ ਬੱਚੇ ਦੀ ਉਤਸੁਕਤਾ ਨਾਲ ਰਾਜੇ ਨੇ ਪੁੱਛਿਆ- ਇਹ ਪੰਛੀ ਹੁੰਦੇ ਨੇ ਕਿ ਜਾਨਵਰ?

ਸਮਝ ਗਿਆ ਕਿ ਰਾਜਾ ਜਵਾਬ ਸੁਣਨ ਲਈ ਬਹੁਤਾ ਉਤਾਵਲਾ ਹੈ, ਇਸ ਕਰ ਕੇ ਚਤਰ ਦੀਵਾਨ ਇੱਕ ਵਾਰੀ ਬੜ੍ਹਕਣ ਪਿੱਛੋਂ ਬੋਲਿਆ- ਹਜ਼ੂਰ ਨੇ ਸਹੀ ਫਰਮਾਇਆ ਮਹਾਰਾਜ, ਗਿੱਦੜ ਜਾਨਵਰਾਂ ਦੀ ਸ਼੍ਰੇਣੀ ਵਿਚ ਆਉਂਦੇ ਨੇ।

-ਚੰਗੀ ਗੱਲ ਹੈ। ਸੁਣ ਕੇ ਖਸ਼ੀ ਹੋਈ ਪਰ ਰਾਤ ਵੇਲੇ ਇਸ ਤਰ੍ਹਾਂ ਜ਼ੋਰ ਜ਼ੋਰ ਦੀ ਚੀਕਾਂ ਕਿਉਂ ਮਾਰਦੇ ਹਨ? ਇਨ੍ਹਾਂ ਦੇ ਦਿਲ ਵਿਚ ਕੋਈ ਦਰਦ, ਕੋਈ ਚੀਸ ਜ਼ਰੂਰ ਹੋਣੀ ਹੈ।

ਦੀਵਾਨ ਚਤੁਰਾਈ ਵਿਚ ਇਹੋ ਜਿਹਾ ਕਮਾਲ ਕਿ ਹੋਰ ਕਿਸੇ ਰਾਜ ਵਿਚ ਉਸ ਵਰਗਾ ਨਹੀਂ ਸੀ। ਤੁਰਤ ਫੁਰਤ ਤਰੀਕਾ ਸੋਚ ਲਿਆ। ਰਾਜੇ ਨੂੰ ਖੁਸ਼ ਕਰਨ ਵਾਸਤੇ ਪਹਿਲਾਂ ਪੰਜ ਸੱਤ ਵਾਰ ਬੜ੍ਹਕਿਆ, ਫਿਰ ਪੂਰਨ ਨਿਮਰਤਾ ਨਾਲ ਕਹਿਣ ਲੱਗਾ- ਗਿੱਦੜ ਬਹੁਤ ਸ਼ਰੀਫ ਅਤੇ ਸੁਆਮੀ-ਭਗਤ ਹੁੰਦੇ ਨੇ ਗਰੀਬ ਨਵਾਜ! ਤੁਹਾਡੀ ਦੇਖਾ ਦੇਖੀ ਇਹ ਵੀ ਹੁਣ ਦਿਨੇ ਸੌਂਦੇ ਹਨ ਤੇ ਰਾਤ ਨੂੰ ਜਾਗਦੇ ਹਨ। 'ਹੁਆਂ ਹੁਆਂ' ਕਰ ਕੇ ਇਹ ਆਪ ਜੀ ਨੂੰ ਆਪਣੇ ਜਾਗਦੇ ਰਹਿਣ ਦਾ ਸਬੂਤ ਦੇ ਰਹੇ ਨੇ।

-ਸੱਚਮੁੱਚੀ? ਖੁਸ਼ੀ ਨਾਲ ਚਹਿਕਦੇ ਰਾਜਾ ਨੇ ਜਾਣਨਾ ਚਾਹਿਆ। ਹਰ ਨਵੀਂ ਜਾਣਕਾਰੀ ਹਾਸਲ ਕਰਨ ਵਾਸਤੇ ਉਹ ਹਮੇਸ਼ਾਂ ਤਿਆਰ ਰਹਿੰਦਾ। ਉਸ ਨੂੰ ਪਤਾ ਸੀ ਸਰਕਾਰ ਨਿਪੁੰਨਤਾ ਨਾਲ ਚਲਾਉਣੀ ਹੋਵੇ ਤਾਂ ਨਵੀਨਤਮ ਜਾਣਕਾਰੀ ਲੈਣੀ ਬਹੁਤ ਜ਼ਰੂਰੀ ਹੁੰਦੀ ਹੈ।

-ਆਪ ਅੱਗੇ ਝੂਠ ਬੋਲਣ ਦੀ ਗੁਸਤਾਖੀ ਕੌਣ ਕਰ ਸਕਦਾ ਹੈ ਅੰਨਦਾਤਾ? ਮੇਰੇ ਉਪਰ ਰਤਾ ਵੀ ਸ਼ੱਕ ਹੈ ਤਾਂ ਬਾਕੀ ਦਰਬਾਰੀਆਂ ਤੋਂ ਪੁੱਛ ਲਵੋ ਬੇਸ਼ਕ।

ਸਾਰੇ ਸਵਾਮੀ-ਭਗਤ ਦਰਬਾਰੀਆਂ ਨੇ ਆਪੋ ਆਪਣੀਆਂ ਬੋਲੀਆਂ ਦਾ ਇਜ਼ਹਾਰ ਕਰਦਿਆਂ ਹਮਾਇਤ ਕੀਤੀ ਪਰ ਹੈਰਾਨੀ ਦੀ ਗੱਲ ਇਹ ਕਿ ਕਿਸੇ ਵੀ ਦਰਬਾਰੀ ਦੇ ਮੂੰਹੋਂ 'ਹੁਆਂ ਹੁਆਂ' ਦਾ ਅਲਾਪ ਨਹੀਂ ਸੁਣਿਆ ਤਾਂ ਰਾਜਾ ਨੂੰ ਸਾਰਿਆਂ ਉਪਰ ਗੁੱਸਾ ਆਇਆ। ਦੰਦ ਪੀਂਹਦਿਆਂ ਬੋਲਿਆ- ਮੇਰੇ ਰਾਜ ਵਿਚ ਇੱਕ ਵੀ ਸਵਾਮੀ-ਭਗਤ ਨੇਕ ਦਰਬਾਰੀ ਨਹੀਂ ਹੈ? ਤਾਂ ਹੀ ਤਾਂ ਹੁਣ ਤੱਕ ਮੈਂ ਕਿਸੇ ਦੇ ਮੂੰਹੋਂ ਗਿੱਦੜ ਦੀ ਬੋਲੀ ਨਹੀਂ ਸੁਣੀ।

-ਸ਼ਾਇਦ ਇੱਕ ਅੱਧ ਵਾਰ ਸੁਣੀ ਹੈ ਜਹਾਂ ਪਨਾਹ! ਆਪ ਕਿਸੇ ਹੋਰ ਖਿਆਲ ਵਿਚ ਡੁੱਬੇ ਹੋਏ ਹੋਵੋਗੇ। ਆਪ ਦਾ ਖਜ਼ਾਨਚੀ ਗਿੱਦੜ ਦੀ ਬੋਲੀ ਚੰਗੀ ਤਰ੍ਹਾਂ ਜਾਣਦੈ ਪਰ ਉਹ ਬੋਲਦਾ ਬੜਾ ਘੱਟ ਹੈ। ਬੜੀ ਮੁਸ਼ਕਿਲ ਨਾਲ ਹੋਲੀ ਦੀਵਾਲੀ ਨੂੰ ਉਸ ਦਾ ਮੂੰਹ ਰਤਾ ਕੁ ਖੁੱਲ੍ਹਦਾ ਹੈ। ਦੀਵਾਨ ਵਾਸਤੇ ਖਜ਼ਾਨਚੀ ਦੀ ਹਮਾਇਤ ਕਰਨੀ ਜ਼ਰੂਰੀ ਸੀ।

ਵਾਕਈ ਖਜ਼ਾਨਚੀ ਬਹੁਤ ਘੱਟ ਬੋਲਦਾ। ਗਿੱਦੜ ਦੀ ਬੋਲੀ ਬੋਲਦਿਆਂ ਬੜਾ ਸੰਗਦਾ। ਚਤਰ ਰਾਜੇ ਨੇ ਤੁਰਤ ਇਸ ਦਾ ਹੱਲ ਕੱਢ ਲਿਆ। ਦੀਵਾਨ ਵੱਲ ਦੇਖਦਿਆਂ ਬੋਲਿਆ- ਦੀਵਾਨ ਜੀ, ਤੁਹਾਨੂੰ ਹਰ ਵਕਤ ਬੋਲਣ ਦੀ ਲੋੜ ਪੈਂਦੀ ਹੈ। ਅੱਜ ਤੋਂ ਤੁਸੀਂ ਇਨ੍ਹਾਂ ਸਵਾਮੀ-ਭਗਤ ਗਿੱਦੜਾਂ ਦੀ ਬੋਲੀ ਬੋਲਣੀ ਸ਼ੁਰੂ ਕਰ ਦਿਉ, ਠੀਕ ਰਹੇਗਾ। ਤੇ ਇਹ ਖਜ਼ਾਨਚੀ ਹੋਲੀ ਦੀਵਾਲੀ ਦੇ ਦਿਨ ਸਾਨ੍ਹ ਵਾਂਗ ਦਹਾੜੇ ਤਾਂ ਕੋਈ ਹਰਜ ਨਹੀਂ। ਸਾਡੇ ਰਾਜ ਵਿਚ ਹਰ ਕਿਸਮ ਦੇ ਜੀਵ ਚਾਹੀਦੇ ਹਨ।



ਇੱਛਾ ਨਾ ਹੁੰਦਿਆਂ ਵੀ ਦੀਵਾਨ ਨੂੰ ਰਾਜਾ ਦਾ ਹੁਕਮ ਮੰਨਣਾ ਪਿਆ। ਉਤਰੇ ਮੂੰਹ ਨਾਲ ਹੌਲੀ ਦੇ ਕੇ ਬੋਲਿਆ- ਜੋ ਆਪ ਦੀ ਆਗਿਆ।

ਗਿੱਦੜ ਫਿਰ ਜ਼ੋਰ ਜ਼ੋਰ ਨਾਲ ਹੁਆਂਕਣ ਲੱਗੇ। ਕਰੁਣਾ ਦੇ ਸਾਗਰ ਰਾਜਾ ਨੇ ਹਮਦਰਦੀ ਪ੍ਰਗਟਾਉਂਦਿਆਂ ਕਿਹਾ- ਵਿਚਾਰੇ ਸੁਆਮੀ-ਭਗਤ ਗਿੱਦੜ ਚਿਲਾਉਣ ਤੋਂ ਹਟਦੇ ਈ ਨਹੀਂ। ਮੈਨੂੰ ਤਾਂ ਇਨ੍ਹਾਂ ਦੀ ਆਵਾਜ਼ ਵਿਚੋਂ ਮਹਿਸੂਸ ਹੁੰਦੈ ਜਿਵੇਂ ਦੁਖੀ ਹੋਣ।

ਉਤਰਦੇ ਪੋਹ ਦੀ ਭਿਆਨਕ ਠੰਢ ਪੈ ਰਹੀ ਸੀ। ਦੀਵਾਨ ਨੇ ਤੀਹਰਾ ਕੰਬਲ ਓੜ੍ਹ ਰੱਖਿਆ ਸੀ। ਕੰਬਣ ਦਾ ਨਾਟਕ ਕਰਦਿਆਂ ਬੋਲਿਆ- ਹਜ਼ੂਰ ਦੀਆਂ ਤੇਜ਼ ਨਿਗਾਹਾਂ ਤੋਂ ਭਲਾ ਕੀ ਛੁਪ ਸਕਦਾ ਹੈ ਮਹਾਰਾਜ? ਦੁਖਿਆਰੇ ਗਿੱਦੜ ਵਿਚਾਰੇ ਸਾਰੀ ਰਾਤ ਸਰਦੀ ਨਾਲ ਕੰਬਦੇ ਰਹਿੰਦੇ ਨੇ ਤਾਂ ਵੀ ਨਾ ਕਦੀ ਸ਼ਿਕਾਇਤ ਕਰਨ, ਨਾ ਦਾਦ ਫਰਿਆਦ। ਰਾਜ ਦੇ ਖਜ਼ਾਨੇ ਵਿਚੋਂ ਇਨ੍ਹਾਂ ਵਾਸਤੇ ਜੇ ਲੇਫ, ਗਦੈਲਿਆਂ, ਕੰਬਲਾਂ ਦਾ ਬੰਦੋਬਸਤ ਹੋ ਜਾਵੇ ਤਾਂ ਇਨ੍ਹਾਂ ਦੀ ਤਕਲੀਫ ਦੂਰ ਹੋ ਸਕਦੀ ਹੈ ਗਰੀਬ ਪਰਵਰ, ਪਰ ਕੰਬਲ ਮੋਟੇ ਹੋਣ!

ਗੱਲ ਤਾਂ ਜੋ ਕਰਨੀ ਸੀ ਕਰ ਦਿੱਤੀ ਪਰ ਭੁੱਲ ਦਾ ਅਹਿਸਾਸ ਬਾਅਦ ਵਿਚ ਹੋਇਆ ਕਿ ਗਿੱਦੜਾਂ ਦੀ ਬੋਲੀ ਬੋਲਣੀ ਤਾਂ ਭੁੱਲ ਹੀ ਗਿਆ। ਰਾਜਾ ਨੂੰ ਪਤਾ ਲੱਗ ਗਿਆ ਤਾਂ ਫਿਟਕਾਰ ਪਏਗੀ, ਇਸ ਕਰ ਕੇ ਗੱਲ ਪੂਰੀ ਕਰਨ ਬਾਅਦ ਚਾਰ ਪੰਜ ਵਾਰ ਹੁਆਂਕਿਆ। ਇਸ ਪਿੱਛੋਂ ਭੁਲ ਮੁੜ ਕੇ ਕਦੀ ਨਹੀਂ ਹੋਈ।

ਵਿਚੋਂ ਟੋਕਦਿਆਂ ਰਾਜਾ ਨੇ ਕਿਹਾ- ਦੀਵਾਨ ਜੀ ਇਹੋ ਜਿਹੇ ਸੁਆਮੀ-ਭਗਤਾਂ ਦਾ ਖਿਆਲ ਰੱਖਣਾ ਤੁਹਾਡੀ ਜ਼ਿੰਮੇਵਾਰੀ ਹੈ। ਹੁਣ ਜਲਦੀ ਇਨ੍ਹਾਂ ਲਈ ਬੰਦੋਬਸਤ ਕਰੋ।

ਰਾਜਾ ਤੋਂ ਆਗਿਆ ਮਿਲ ਜਾਂਦੀ ਤਾਂ ਦੀਵਾਨ ਕਦੀ ਕੋਈ ਕਮੀ ਨਾ ਰਹਿਣ ਦਿੰਦਾ। ਉਹ ਕਿਹੜਾ ਗਿੱਦੜਾਂ ਤੋਂ ਘੱਟ ਸੁਆਮੀ-ਭਗਤ ਸੀ! ਰਾਜਾ ਦੀ ਆਗਿਆ ਮਿਲੀ, ਖਜ਼ਾਨੇ ਵਿਚੋਂ ਧਨ ਕਢਵਾਇਆ ਤੇ ਦਰਬਾਰ ਦੇ ਗਿੱਦੜਾਂ ਨੇ ਸਾਰਾ ਕੰਮ ਇਉਂ ਉਸਤਾਦੀ ਨਾਲ ਸਿਰੇ ਚਾੜ੍ਹਿਆ ਕਿ ਰਾਜਾ ਨੂੰ ਕਿਸੇ ਗੱਲ ਦੀ ਭਿਣਕ ਨਾ ਪਈ।

ਲਗਾਤਾਰ ਸੱਤ ਦਿਨ ਰਾਜੇ ਨੇ ਗਿੱਦੜਾਂ ਦੇ ਹੁਆਂਕਣ ਦੀ ਆਵਾਜ਼ ਕੰਨ ਲਾ ਕੇ ਸੁਣਨੀ ਚਾਹੀ ਪਰ ਉਸ ਨੂੰ 'ਹੁਆਂ ਹੁਆਂ' ਸੁਣਨ ਨੂੰ ਨਹੀਂ ਮਿਲਿਆ। ਦੀਵਾਨ ਉਪਰ ਬਹੁਤ ਖੁਸ਼ ਹੋ ਕੇ ਮੁਹਰਾਂ ਦੀ ਬਖਸ਼ੀਸ਼ ਦਿੱਤੀ, ਬਖਸ਼ਿਸ਼ਨਾਮਾ ਲਿਖ ਕੇ ਦਿੱਤਾ। ਇੰਤਜ਼ਾਮ ਹੋਵੇ, ਇਹੋ ਜਿਹਾ ਹੋਵੇ। ਇਹੋ ਜਿਹਾ ਦੀਵਾਨ ਕਿਸੇ ਦੇਸ਼ ਨੂੰ ਭਾਗਾਂ ਨਾਲ ਮਿਲਿਆ ਕਰਦੈ। ਦੀਵਾਨ ਜੀ ਦਾ ਬੰਦੋਬਸਤ ਬਿਲਕੁਲ ਸਹੀ ਸੀ ਪਰ ਇੱਕ ਰਾਤ ਫਿਰ 'ਹੁਆਂ ਹੁਆਂ' ਦੀਆਂ ਆਵਾਜ਼ਾਂ ਆਉਣ ਲੱਗੀਆਂ। ਸਰਕਾਰ ਦੇ ਜਿਸ ਮਸਲੇ 'ਤੇ ਗੰਭੀਰ ਬਹਿਸ ਹੋ ਰਹੀ ਸੀ, ਉਸ ਨੂੰ ਇੱਕ ਪਾਸੇ ਕਰਦਿਆਂ ਰਾਜਾ ਨੇ ਤੁਰੰਤ ਪੁੱਛਿਆ- ਦੀਵਾਨ ਜੀ, ਧਿਆਨ ਦਿਉ, ਗਿੱਦੜ ਚੀਕ ਰਹੇ ਨੇ?

ਦੀਵਾਨ ਪਹਿਲਾਂ ਖੁਦ ਹੁਆਂਕਿਆ, ਫਿਰ ਕਿਹਾ- ਹਾਂ ਕਿਰਪਾ ਨਿਧਾਨ, ਤੁਹਾਡੇ ਵਲੋਂ ਕੀਤੀ ਪਛਾਣ ਕਦੇ ਗਲਤ ਨਹੀਂ ਹੁੰਦੀ।

-ਪਰ ਹੁਣ ਇਨ੍ਹਾਂ ਦੇ ਚੀਕਣ ਦਾ ਕਾਰਨ ਕੀ ਹੈ?

ਦੀਵਾਨ ਕਿਸੇ ਜਵਾਬ ਬਾਰੇ ਸੋਚ ਹੀ ਰਿਹਾ ਸੀ ਕਿ ਉਸ ਦੇ ਬੋਲਣ ਤੋਂ ਪਹਿਲਾਂ ਹੀ ਰਾਜ ਕਵੀ ਨੇ ਮਿਆਊਂ ਮਿਆਊਂ ਕੀਤਾ, ਫਿਰ ਕਿਹਾ- ਗਰੀਬ ਪਰਵਰ ਬਾਹਰ ਠੰਢ ਏਨੀ ਪੈ ਰਹੀ ਹੈ ਕਿ ਅੱਗ ਨੂੰ ਵੀ ਕਾਂਬਾ ਛਿੜ ਜਾਵੇ। ਸਿਰਫ ਕੱਪੜਿਆਂ ਨਾਲ ਪੂਰਾ ਨਹੀਂ ਪੈਂਦਾ। ਇਕੱਠੇ ਹੋ ਕੇ ਛੋਟੇ ਮੋਟੇ ਮਕਾਨਾਂ ਵਾਸਤੇ ਫਰਿਆਦ ਕਰ ਰਹੇ ਨੇ।

-ਫਿਰ ਇਸ ਵਿਚ ਪੁੱਛਣ ਗਿੱਛਣ ਦੀ ਕੀ ਲੋੜ? ਤੁਹਾਨੂੰ ਪਤਾ ਨਹੀਂ ਸੀ ਸਰਦੀ ਆਏਗੀ? ਇਨ੍ਹਾਂ ਵਾਸਤੇ ਮਕਾਨਾਂ ਦਾ ਬੰਦੋਬਸਤ ਪਹਿਲਾਂ ਕਰਨਾ ਚਾਹੀਦਾ ਸੀ। ਪਸ਼ੂਆਂ ਪੰਛੀਆਂ ਦਾ ਰਾਜਾ ਮੈਂ ਪਹਿਲਾਂ ਹਾਂ, ਮਨੁੱਖਾਂ ਦਾ ਬਾਅਦ ਵਿਚ। ਸਮਝੇ ਕਿ ਨਹੀਂ?

-ਜੈ ਹੋਵੇ, ਰਾਜ ਰਾਜੇਸ਼ਵਰ ਦੀ ਜੈ-ਜੈਕਾਰ! ਆਪ ਵਰਗੇ ਦਿਆਲੂ ਰਾਜਾ ਸੱਤ ਜਨਮ ਦੀ ਤਪੱਸਿਆ ਕਰਨ ਤੋਂ ਬਾਅਦ ਨਸੀਬ ਹੁੰਦੇ ਨੇ।

ਰਾਜ ਵਿਆਸ ਤਿੰਨ ਵਾਰ ਕਾਂ ਕਾਂ ਕਰਨ ਪਿੱਛੋਂ ਬੋਲਿਆ- ਆਪਦੀ ਆਗਿਆ ਬਿਨ ਕਿਸ ਦੀ ਹਿੰਮਤ ਮਹਾਰਾਜ ਇੱਕ ਪੈਸਾ ਵੀ ਖਰਚ ਸਕੇ? ਹੁਣ ਆਪ ਹੁਕਮ ਕਰੋ, ਮਕਾਨ ਤਿਆਰ ਕਰਵਾ ਦਿਆਂਗੇ।

ਜਨਾਨਖਾਨੇ ਦੇ ਨਾਜਰ ਨੇ ਭੇਡ ਭਾਂਗ ਤਿੰਨ ਵਾਰ 'ਮੇਂ ਮੇਂ' ਕਰਨ ਪਿੱਛੋਂ ਕਿਹਾ- ਅੰਨਦਾਤਾ ਗਿੱਦੜਾਂ ਵਾਸਤੇ ਵੱਖ ਵੱਖ ਮਕਾਨ ਬਣਾ ਕੇ ਦੇਣ ਦੀ ਕੀ ਲੋੜ? ਇਨ੍ਹਾਂ ਵਾਸਤੇ ਤਾਂ ਵੀਹ ਪੱਚੀ ਕਰਮ ਲੰਮਾ ਸੁਰੰਗ ਵਰਗਾ ਗਿੱਦੜਵਾੜਾ ਬਣ ਜਾਏ, ਕਾਫੀ ਰਹੇ!

ਰਾਜਾ ਤਾੜੀ ਵਜਾ ਕੇ ਜ਼ੋਰ ਜ਼ੋਰ ਦੀ ਹੱਸਿਆ, ਕਿਹਾ- ਨਾਜਰ ਜੀ, ਤੁਸੀਂ ਵੀ ਕਿੰਨੀਆਂ ਭੋਲੀਆਂ ਗੱਲਾਂ ਕਰਦੇ ਹੋ। ਤੁਹਾਡੇ ਵਾਂਗ ਗਿੱਦੜ ਨਪੁੰਸਕ ਥੋੜ੍ਹੇ ਹਨ? ਗਿੱਦੜ ਗਿੱਦੜੀਆਂ ਵਾਸਤੇ ਅੱਡੋ ਅੱਡ ਰੰਗ ਮਹਿਲ ਹੋਣੇ ਚਾਹੀਦੇ ਨੇ!

ਨਾਜਰ ਜੀ ਨੂੰ ਮਰਦ ਬੋਲ ਬੋਲਣ ਦੀ ਮਨਾਹੀ ਸੀ। ਬੱਕਰੀ, ਗਾਂ, ਮੱਝ, ਭੇਡ ਆਦਿਕ ਮਾਦਾ ਪ੍ਰਾਣੀਆਂ ਦੀ ਆਵਾਜ਼ ਕੱਢਣ ਦਾ ਅਧਿਕਾਰ ਸੀ। ਪੰਛੀਆਂ ਦੀਆਂ ਬਹੁਤੀਆਂ ਨਸਲਾਂ ਵਿਚ ਨਰ ਮਾਦਾ ਦੀ ਪਛਾਣ ਕਰਨੀ ਔਖੀ ਹੁੰਦੀ ਹੈ, ਇਸ ਕਰ ਕੇ ਦੀਵਾਨ ਦੇ ਕਹਿਣ 'ਤੇ ਉਸ ਨੂੰ ਬੋਲਣ ਤੋਂ ਰੋਕ ਦਿੱਤਾ ਸੀ।

ਰਾਜਾ ਦਾ ਹੁਕਮ ਮਿਲਣ ਸਾਰ ਗਿੱਦੜਾਂ ਵਾਸਤੇ ਅੱਡੋ ਅੱਡ ਫਲੈਟਾਂ ਦੀ ਉਸਾਰੀ ਹੋਣ ਲੱਗੀ, ਖਜ਼ਾਨਾ ਘਟਣ ਲੱਗਾ, ਘਟਣਾ ਹੀ ਸੀ। ਰਾਤ ਦਿਨ ਇੱਕ ਕਰ ਕੇ ਨਿਰਮਾਣ ਕਾਰਜ ਸਿਰੇ ਚਾੜ੍ਹਿਆ। ਚੁਸਤ ਦਰੁਸਤ ਰਾਜਾ ਦੋ ਹਫਤੇ ਪੂਰੇ ਧਿਆਨ ਨਾਲ ਸੁਣਦਾ ਰਿਹਾ ਪਰ ਗਿੱਦੜਾਂ ਦਾ ਹੁਆਂਕਣਾ ਨਹੀਂ ਸੁਣਿਆ। ਦੀਵਾਨ ਦੀ ਨਿਪੁੰਨਤਾ ਦੇਖਦਿਆਂ ਉਸਨੂੰ ਅਸ਼ਵ-ਸਿਰੋਪਾ ਬਖਸ਼ਿਸ਼ ਹੋਇਆ, ਯਾਨੀ ਘੋੜਾ ਅਤੇ ਸਨਮਾਨ ਪੱਤਰ।

ਰਾਜਾ ਤਾਂ ਸ਼ਰੇਆਮ ਦਰਬਾਰ ਵਿਚ ਦੀਵਾਨ ਨੂੰ ਹੀ ਬਖਸ਼ੀਸ਼ ਦਿੰਦਾ ਪਰ ਨਿਰਪੱਖ ਤਿਆਗੀ ਦੀਵਾਨ ਚੁੱਪਚਾਪ ਅੰਦਰਖਾਤੇ ਬਾਕੀ ਦਰਬਾਰੀਆਂ ਵਿਚ ਵੀ ਸਨਮਾਨ ਵਿਚੋਂ ਰਕਮ ਵੰਡ ਦਿੰਦਾ। ਸਾਰੇ ਸੰਤੁਸ਼ਟ। ਬੈਕੁੰਠ ਵਿਚ ਤਾਂ ਹੀ ਜਾ ਸਕਦੇ ਹੋ, ਜੇ ਮਿਲਜੁਲ ਕੇ ਬੈਠੋਗੇ, ਮਿਲਜੁਲ ਕੇ ਖਾਉਗੇ! ਵੱਡੇ ਪ੍ਰਾਜੈਕਟ ਆਖਰ ਬਹੁਤ ਸਾਰੇ ਸਹਿਯੋਗੀਆਂ ਦੀ ਮਦਦ ਨਾਲ ਪੂਰੇ ਹੁੰਦੇ ਨੇ। ਬਸ, ਜਸ ਦਾ ਸਿਹਰਾ ਇਕੱਲੇ ਦੀਵਾਨ ਦੇ ਸਿਰ ਬੰਨ੍ਹਿਆ ਜਾਂਦਾ।

ਦੀਵਾਨ ਦੇ ਸਹੀ ਬੰਦੋਬਸਤ ਵਿਚ ਕਦੇ ਬੇਧਿਆਨੀ ਨਹੀਂ ਹੁੰਦੀ ਸੀ। ਮਹੀਨੇ ਦੀ ਸੋਲ੍ਹਵੀਂ ਅੱਧੀ ਰਾਤ ਢਲਣ ਤੇ ਰਾਜੇ ਦੇ ਕੰਨਾਂ ਵਿਚ ਫਿਰ ਉਹੀ 'ਹੁਆਂ ਹੁਆਂ' ਦੀ ਆਵਾਜ਼ ਪਈ। ਰਾਜੇ ਦੇ ਮੱਥੇ ਉਪਰ ਤਿਊੜੀਆਂ ਉਭਰ ਆਈਆਂ। ਮੁਲਾਜ਼ਮਾਂ ਨੇ ਉਸਾਰੀ ਵਿਚ ਢਿਲ ਕਰ ਦਿੱਤੀ ਹੋਣੀ! ਅੱਖਾਂ ਵਿਚ ਗੁੱਸਾ ਉਤਰ ਆਇਆ, ਕੜਕ ਕੇ ਦੀਵਾਨ ਨੂੰ ਪੁੱਛਿਆ- ਏਨਾ ਸਮਾਂ ਬੀਤ ਗਿਆ, ਅਜੇ ਤੱਕ ਮਕਾਨ ਬਣੇ ਨਹੀਂ?

ਦੀਵਾਨ ਤੋਂ ਪਹਿਲੋਂ ਰਾਜ-ਮੁਨੀਮ ਕਾਫੀ ਦੇਰ ਤੱਕ ਕੁੱਤੇ ਵਾਂਗ ਭੌਂਕਿਆ, ਫਿਰ ਹੋਠਾਂ ਉਪਰ ਮੁਸਕਾਨ ਲਿਆ ਕੇ ਬੋਲਿਆ- ਅੰਨਦਾਤਾ ਆਪ ਦੇ ਹੁਕਮ ਮੂਜਬ ਨਿਰਮਾਣ ਕਾਰਜ ਵਿਚ ਕੋਈ ਕਮੀ ਨਹੀਂ ਰਹੀ। ਹੁਣ ਤਾਂ ਉਹ ਬਸ ਏਨੀ ਫਰਿਆਦ ਕਰ ਰਹੇ ਨੇ ਕਿ ਸਾਡਾ ਵਿਆਹ ਕਰ ਦਿਉ।

ਉਤੇਜਤ ਹੋ ਕੇ ਰਾਜਾ ਨੇ ਪੁੱਛਿਆ- ਕਿਉਂ? ਹੁਣ ਤੱਕ ਇਨ੍ਹਾਂ ਦਾ ਵਿਆਹ ਹੋਇਆ ਕਿਉਂ ਨੀ? ਇਹ ਗੱਲ ਸਾਡੇ ਨਾਲ ਪਹਿਲੋਂ ਕਰਨੀ ਬਣਦੀ ਸੀ। ਤੁਸਾਂ ਲੋਕਾਂ ਨੂੰ ਤਾਂ ਆਪਣੇ ਨੱਕ ਤੋਂ ਅੱਗੇ ਕੁਝ ਦਿਖਦਾ ਈ ਨਹੀਂ। ਅਸੀਂ ਇਕੱਲੇ ਕਿਸ ਕਿਸ ਗੱਲ ਵੱਲ ਧਿਆਨ ਦੇਈਏ?

ਦੀਵਾਨ ਨਾਲ ਅੱਖ ਮਿਲਦਿਆਂ ਹੀ ਇਸ ਵਾਰ ਖਜ਼ਾਨਚੀ ਨੇ ਜ਼ੋਰ ਦੀ ਦਹੂਕਣ ਦੀ ਆਵਾਜ਼ ਕੱਢੀ- ਮਾਲਕ! ਸਾਰੇ ਮਾਮਲਿਆਂ ਦਾ ਧਿਆਨ ਤਾਂ ਤੁਹਾਨੂੰ ਹੀ ਰੱਖਣਾ ਪਏਗਾ। ਨੌਂ ਲੱਖ ਤਾਰਿਆਂ ਵਿਚ ਉਹ ਰੌਸ਼ਨੀ ਕਿੱਥੇ ਜਿਹੜੀ ਇਕੱਲੇ ਚੰਦ ਵਿਚ ਪੂਰਨਮਾਸ਼ੀ ਦੀ ਰਾਤ ਨੂੰ ਹੁੰਦੀ ਹੈ? ਅੰਨਦਾਤਾ, ਤੁਸੀਂ ਹੀ ਫਰਮਾਉ, ਕੀ ਪੂਰਬ ਵਿਚੋਂ ਕਦੀ ਦੋ ਸੂਰਜ ਵੀ ਉਦੈ ਹੁੰਦੇ ਨੇ?

ਅਨੰਦਿਤ ਹੋ ਕੇ ਰਾਜਾ ਮੁਸਕਰਾਉਂਦਿਆਂ ਬੋਲਿਆ- ਖਜ਼ਾਨਚੀ ਪੱਠਾ ਬੋਲਦਾ ਤਾਂ ਕੇਵਲ ਤਿੱਥ ਤਿਉਹਾਰ ਨੂੰ ਹੀ ਹੈ ਪਰ ਗੱਲ ਅਕਲ ਦੀ ਕਰਦੈ। ਮੇਰੀ ਸਮਝ ਵਿਚ ਨਹੀਂ ਆਈ ਇਹ ਗੱਲ ਕਿ ਵਿਚਾਰੇ ਗਿੱਦੜਾਂ ਨੂੰ ਹੁਣ ਤੱਕ ਬ੍ਰਹਮਚਾਰੀ ਰੱਖਿਆ ਕਿਉਂ?

ਇਸ ਵਾਰ ਸੈਨਾਪਤੀ ਦੇਰ ਤੱਕ ਗਧੇ ਵਾਂਗ 'ਢੇਂਚੂ ਢੇਂਚੂ' ਹਿਣਕਦਾ ਰਿਹਾ। ਫਿਰ ਪੰਘੂਰਾ ਮਾਰ ਕੇ ਬੁਲੰਦ ਆਵਾਜ਼ ਵਿਚ ਬੋਲਿਆ- ਸੌ ਨਰ ਗਿੱਦੜਾਂ ਵਿਚ ਇੱਕ ਮਾਦਾ ਗਿਦੜੀ ਮਸਾਂ ਮਿਲਦੀ ਹੈ ਹਜ਼ੂਰ। ਆਪਣੀ ਸਰਕਾਰ ਵਾਂਗ ਇਨ੍ਹਾਂ ਵਿਚ ਵੀ ਇੱਕ ਨਰ ਇੱਕ ਮਾਦਾ ਨਾਲ ਵਿਆਹ ਕਰਾਉਂਦਾ ਹੈ, ਬਾਕੀ ਨੜਿਨਵੇਂ ਗਿੱਦੜ ਤਾਂ ਗਿਦੜੀ ਦਾ ਮੂੰਹ ਵੀ ਨਹੀਂ ਦੇਖਦੇ।

ਵਿਚਕਾਰੋਂ ਹੀ ਉਤੇਜਤ ਹੋ ਕੇ ਰਾਜਾ ਬੋਲਿਆ- ਇਸ ਵਿਚ ਇੰਨੀ ਸੋਚ ਵਿਚਾਰ ਦੀ ਕੀ ਲੋੜ? ਆਪਣੇ ਰਾਜ ਦੀਆਂ ਕੁਆਰੀਆਂ ਕੰਨਿਆਵਾਂ ਗਿੱਦੜਾਂ ਨਾਲ ਵਿਆਹ ਦਿਉ...!

ਤਿੰਨ ਵਾਰ ਹਿਣਕਣ ਪਿੱਛੋਂ ਸੈਨਾਪਤੀ ਫਿਰ ਬੋਲਿਆ- ਆਪਣੇ ਦੇਸ਼ ਦੀਆਂ ਕੰਨਿਆ ਦੇਵੀਆਂ ਦਾ ਸਰਾਪ ਆਪ ਨਾ ਹੀ ਲਵੋ ਤਾਂ ਚੰਗਾ ਰਹੇ। ਆਪ ਦੀ ਆਗਿਆ ਹੋਵੇ ਤਾਂ ਮੈਂ ਆਲੇ ਦੁਆਲੇ ਦੇ ਦੇਸ਼ਾਂ ਦੀਆਂ ਕੰਨਿਆਵਾਂ ਖੋਹ ਲਿਆਉਨਾ? ਆਪਦੇ ਰਹਿੰਦਿਆਂ ਆਪਣੀ ਫੌਜ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ; ਜਾਂ ਫਿਰ ਇੱਕ ਤਰੀਕਾ ਹੋਰ ਵੀ ਹੈ। ਗਵਾਂਢੀ ਅਪਾਹਜ ਤੇ ਕੁੱਬਾ ਰਾਜਾ ਦੇਸ਼ ਦੀਆਂ ਕੁੜੀਆਂ ਆਮ ਵੇਚਦੈ, ਉਹਦੇ ਤੋਂ ਖਰੀਦ ਲਿਆਉਨਾ। ਇੱਕੀ ਮੁਹਰਾਂ ਨਾਲ ਜਿਹੋ

***(ਬਾਕੀ ਅਗਲੇ ਸਫੇ 'ਤੇ)***

# ਗਿੱਦੜਾਂ ਦੀ ਅਸੀਸ

*(ਪਿਛਲੇ ਸਫੇ ਦੀ ਬਾਕੀ)*

ਜਿਹੀ ਮਰਜ਼ੀ ਸੁਹਣੀ ਕੁੜੀ ਖਰੀਦ ਲਿਆਉ, ਕਿਉਂ ਅੰਨਦਾਤਾ?

ਜੰਗਲੀ ਬਿੱਲੇ ਵਾਂਗ ਗੁਰਰਾਉਣ ਬਾਅਦ ਰਾਜ ਪੁਰੋਹਿਤ ਬੋਲਿਆ- ਜਿਹੜੀ ਚੀਜ਼ ਖੁੱਲ੍ਹੇ ਬਾਜ਼ਾਰ ਵਿਕਦੀ ਮਿਲਦੀ ਹੈ, ਉਸ ਵਾਸਤੇ ਬਿਨ ਮਤਲਬ ਫੌਜਾਂ ਚਾੜ੍ਹਨ ਦਾ ਕੀ ਅਰਥ?

ਰਾਜ ਪੁਰੋਹਿਤ ਨੂੰ ਸ਼ਾਬਾਸ਼ ਦੇਣ ਪਿੱਛੋਂ ਰਾਜਾ ਨੇ ਦੀਵਾਨ ਨੂੰ ਹੁਕਮ ਦਿੱਤਾ- ਹੁਣ ਫਿਰ ਇੱਥੇ ਖੜ੍ਹੇ ਖੜ੍ਹੇ ਮੇਰਾ ਮੂੰਹ ਕੀ ਦੇਖ ਰਹੇ ਹੋ? ਮੇਰੇ ਰਾਜ ਵਿਚਲਾ ਕੋਈ ਗਿੱਦੜ ਬ੍ਰਹਮਚਾਰੀ ਨਹੀਂ ਰਹਿਣਾ ਚਾਹੀਦਾ। ਕਿਸੇ ਨੇ ਗੈਰ ਜ਼ਿੰਮੇਵਾਰੀ ਦਿਖਾਈ, ਉਸ ਦੀ ਖੈਰ ਨਹੀਂ! ਤੁਹਾਨੂੰ ਪਤੈ, ਮਾਮੂਲੀ ਭੁੱਲ ਚੁੱਕ ਵੀ ਮੈਂ ਮਾਫ ਨਹੀਂ ਕਰਦਾ ਹੁੰਦਾ!

ਮਿਆਉਂ ਮਿਆਉਂ ਕਰਨ ਬਾਅਦ ਰਾਜ ਕਵੀ ਕੜਕਵੀਂ ਆਵਾਜ਼ ਵਿਚ ਬੋਲਿਆ- ਜਾਣਦੇ ਹਾਂ ਗਰੀਬ ਪਰਵਰ, ਚੰਗੀ ਤਰ੍ਹਾਂ ਜਾਣਦੇ ਹਾਂ। ਆਪ ਦੇ ਇਸ ਮਹਾਨ ਗੁਣ ਦਾ ਕਿਸ ਨੂੰ ਨਹੀਂ ਪਤਾ? ਜਿਸ ਪਾਸ ਦੋ ਸਿਰ ਹੋਣ, ਉਹ ਆਪਦੇ ਹੁਕਮ ਦੀ ਉਲੰਘਣਾ ਕਰੇ! ਇਸੇ ਕਰ ਕੇ ਤਾਂ ਗਵਾਂਢੀ ਰਾਜੇ ਆਪ ਤੋਂ ਥਰ ਥਰ ਕੰਬਦੇ ਹਨ।

ਰਾਜ ਦੇ ਸਾਰੇ ਦਰਬਾਰੀ ਰਾਜੇ ਦੀ ਨਸ ਨਸ ਤੋਂ ਵਾਕਫ! ਫਿਰ ਕਿਸ ਚੀਜ਼ ਦੀ ਢਿੱਲ? ਰਾਜ ਦੇ ਉਹੀ ਘੋੜੇ, ਉਹੀ ਕਮਲੇ ਸਵਾਰ! ਜਿਹੋ ਜਿਹਾ ਅਕਲਮੰਦ ਤੇਜ਼ ਤਰਾਰ ਰਾਜਾ ਮਿਲਿਆ, ਕੋਈ ਪਿੱਛੇ ਨਹੀਂ ਰਹਿਣਾ ਚਾਹੁੰਦਾ। ਸਿਰ ਮੁਨਾਉਣ ਵਿਚ, ਸੇਹਲੀਆਂ, ਪਲਕਾਂ ਸਫਾਚੱਟ ਕਰਵਾਉਣ ਵਿਚ, ਡੰਗਰਾਂ ਵਾਂਗ ਚਾਰ ਪੈਰਾਂ ਸਹਾਰੇ ਚੱਲਣ ਵਿਚ, ਪਸ਼ੂ ਪੰਛੀਆਂ ਦੀਆਂ ਆਵਾਜ਼ਾਂ ਕੱਢਣ ਵਿਚ ਜੇ ਮਨ-ਇੱਛਤ ਫਾਇਦੇ ਮਿਲਦੇ ਹੋਣ ਤਾਂ ਕਿਸੇ ਨੂੰ ਕੋਈ ਦੁਬਿਧਾ ਨਹੀਂ। ਕਲਜੁਗ ਵਿਚ ਏਕਾ ਚਾਹੀਦੇ ਬਸ!

ਡੇਢ ਮਹੀਨੇ ਤੱਕ ਰਾਜੇ ਦੇ ਕੰਨਾਂ ਵਿਚ ਗਿੱਦੜਾਂ ਦੇ ਕੁਰਲਾਉਣ ਨਹੀਂ ਪਈ। ਵਿਚਾਰੇ ਗਿੱਦੜ ਨਾਸ਼ੁਕਰੇ ਤਾਂ ਨਹੀਂ ਨਾ। ਕਿੰਨੇ ਸੰਤੋਖੀ, ਕਿੰਨੇ ਅਦਬ ਨਾਲ ਪੇਸ਼ ਆਉਣ ਵਾਲੇ! ਵਿਆਹਾਂ ਦੀਆਂ ਰੰਗਰਲੀਆਂ ਵਿਚ ਮਸਤ! ਹੋਰ ਗੱਲਾਂ ਵੱਲ ਧਿਆਨ ਹੀ ਨਹੀਂ। ਤੇ ਦੀਵਾਨ? ਇਹੋ ਜਿਹਾ ਸਮਝਦਾਰ ਦੀਵਾਨ ਸੂਰਜ ਨੂੰ ਵੀ ਨਾ ਲੱਭੇ! ਗਲੇ ਲਾ ਕੇ ਰਾਜਾ ਨੇ ਉਸ ਨੂੰ ਹਾਥੀ ਸਿਰੋਪਾ ਦਿੱਤਾ। ਦਰਬਾਰ ਵਿਚ ਖੁਸ਼ੀਆਂ ਦਾ ਜਿਵੇਂ ਤੂਫਾਨ ਆ ਗਿਆ ਹੋਵੇ? ਦੀਵਾਨ ਨੇ ਸ਼ਾਨਦਾਰ ਦਾਅਵਤ ਦਿੱਤੀ, ਰਾਜਾ ਨੇ ਵੀ ਸ਼ਾਮਲ ਹੋਣਾ ਮਨਜ਼ੂਰ ਕਰ ਲਿਆ। ਕਾਬਲ ਦਰਬਾਰੀਆਂ ਦੀ ਸ਼ਾਨੋ-ਸ਼ੌਕਤ ਵਿਚ ਸ਼ਾਮਲ ਨਾ ਹੋਵੇ, ਫਿਰ ਰਾਜਾ ਕਾਹਦਾ? ਹਰ ਇਕ ਯੋਗ ਰਾਜ ਦਾ ਸ਼ਾਮਿਆਨਾ ਯੋਗ ਅਫਸਰਾਂ ਦੇ ਮੋਢਿਆਂ 'ਤੇ ਹੀ ਟਿਕਦਾ ਹੁੰਦਾ ਹੈ।

ਪਰ ਬੇਹੱਦ ਹੈਰਾਨੀ ਹੋਈ ਕਿ ਅੱਧੀ ਰਾਤ ਬੀਤਣ ਪਿੱਛੋਂ ਇੱਕ ਵਾਰ ਫੇਰ ਗਿੱਦੜਾਂ ਦੇ ਹੁਆਂਕਣ ਦਾ ਸ਼ੋਰ ਸੁਣਾਈ ਦਿੱਤਾ। ਤੈਸ਼ ਵਿਚ ਆ ਕੇ ਰਾਜਾ ਨੇ ਦੀਵਾਨ ਤੋਂ ਕਾਰਨ ਪੁੱਛਿਆ। ਇਸ ਹੱਲੇ ਗੁੱਲੇ ਵਿਚ ਦੀਵਾਨ ਵੀ ਏਨਾ ਹੁਆਂਕਣ ਲੱਗਿਆ ਕਿ ਰੁਕੇ ਈ ਨਾ। ਆਖਰ ਖਿਝ ਕੇ ਰਾਜਾ ਨੇ ਕਿਹਾ- ਹੁਣ ਚੁੱਪ ਵੀ ਕਰੋ। ਮੈਨੂੰ ਮਤਲਬ ਦੱਸੋ ਹੁਣ ਕੀ ਘਾਟ ਹੈ, ਗਿੱਦੜ ਕਿਉਂ ਹੁਆਂਕ ਰਹੇ ਨੇ?

ਦੀਵਾਨ ਨੇ ਕਿਹਾ- ਹਜ਼ੂਰ ਭੁੱਖੇ ਨੇ, ਤਾਂ ਹੀ ਵਿਲਕ ਰਹੇ ਨੇ। ਸੁਣਨ ਸਾਰ ਰਾਜਾ ਅੱਗ ਬਗੂਲਾ ਹੋ ਗਿਆ। ਫਟਕਾਰਦਿਆਂ ਕਿਹਾ- ਤੁਸਾਂ ਲੋਕਾਂ ਨੂੰ ਏਨੀ ਅਕਲ ਨਹੀਂ ਕਿ ਮੇਰੀ ਸਲਾਹ ਬਗੈਰ



ਵੀ ਕੋਈ ਕੰਮ ਆਪ ਕਰ ਸਕੋ? ਸਿਆਣੇ ਗਿੱਦੜ ਮੇਰੇ ਕਰ ਕੇ ਚੁੱਪ ਰਹਿੰਦੇ ਨੇ, ਤੁਹਾਡੇ ਵਰਗੇ ਮੁਲਾਜ਼ਮਾਂ ਨੂੰ ਦੋ ਦਿਨ ਰੋਟੀ ਨਾ ਮਿਲੇ, ਆਸਮਾਨ ਸਿਰ 'ਤੇ ਚੁੱਕ ਲਵੋ। ਹੁਣ ਇੱਕ ਪਲ ਦੀ ਦੇਰ ਵੀ ਨਾ ਕਰੋ। ਅਨਾਜ ਅਤੇ ਗੁੜ ਨਾਲ ਉਨ੍ਹਾਂ ਦੇ ਤਹਿਖਾਨੇ ਭਰ ਦਿਉ ਤੇ ਹਿਸਾਬ ਸਿਰ ਦਾ ਤੇਲ ਘਿਉ। ਹੋਰ ਲੋੜ ਪਏ ਅੱਗਾ ਪਿੱਛਾ ਨਹੀਂ ਦੇਖਦਾ। ਸਮਝ ਗਏ?

ਦੇਸ ਦੇ ਮਾਲਕ ਦਾ ਹੁਕਮ ਹੋ ਗਿਆ ਤਾਂ ਆਗਿਆ ਮੰਨਣ ਵਿਚ ਦਰਬਾਰੀ ਕਿਉਂ ਪਿੱਛੇ ਰਹਿੰਦੇ? ਖਜ਼ਾਨਾ ਤੇਜ਼ੀ ਨਾਲ ਘਟਣ ਲੱਗਾ। ਖਜ਼ਾਨਾ ਦੁਬਾਰਾ ਭਰਿਆ ਜਾਏਗਾ। ਹੁਣ ਤਾਂ ਗਿੱਦੜ ਉਸ ਪਿੱਛੋਂ ਹੀ ਅਰਦਾਸ ਕਰਨਗੇ! ਇਉਂ ਸੱਤ ਅੱਠ ਮਹੀਨਿਆਂ ਤੱਕ ਜੰਗਲ ਵਿਚ ਸੰਨਾਟਾ ਛਾ ਗਿਆ। ਦਿਆਲੂ ਰਾਜਾ ਉਨ੍ਹਾਂ ਦੀ ਆਵਾਜ਼ ਉਡੀਕਦਾ ਪਰ ਵਿਅਰਥ! ਕਿਸੇ ਚੀਜ਼ ਦੀ ਕਮੀ ਹੋਵੇ ਤਾਂ ਰੌਲਾ ਪਾਉਣ, ਖਾਹ ਮਖਾਹ ਕਿਉਂ?

ਲੇਕਿਨ ਵਿਆਹ ਦੇ ਨੌਂ ਮਹੀਨਿਆਂ ਬਾਅਦ ਫਿਰ ਉਹੀ 'ਹੁਆਂ ਹੁਆਂ' ਦਾ ਸ਼ੋਰ! ਰਾਜਾ ਦੀ ਹੈਰਾਨੀ ਦੀ ਕੋਈ ਹੱਦ ਨਾ। ਉਚੀ ਸੁਰ ਵਿਚ ਗੱਜਦਿਆਂ ਪੜਤਾਲ ਦਾ ਹੁਕਮ ਹੋਇਆ। ਗਊ ਵਾਂਗ ਰੰਭਣ ਪਿੱਛੋਂ ਨੱਚਦਾ ਹੋਇਆ ਨਾਜਰ ਬੋਲਿਆ- ਅੰਨਦਾਤਾ ਇਨ੍ਹਾਂ ਅਮੀਰਜ਼ਾਦਿਆਂ ਨੂੰ ਦਸਦਿਆਂ ਸੰਕੋਚ ਹੋ ਰਿਹੈ, ਮੈਂ ਦੱਸ ਦਿਨਾ- ਹਰ ਗਿਦੜੀ ਨੇ ਇੱਕੋ ਦਿਨ ਬੱਚਿਆਂ ਨੂੰ ਜਨਮ ਦਿੱਤੇ ਹਨ। ਇਨ੍ਹਾਂ ਦੇ ਘਰ ਵਧੇ ਹਨ ਨਾ ਮਹਾਰਾਜ, ਪੰਜੀਰੀ ਮੰਗ ਰਹੇ ਹਨ।

ਰਾਜਾ ਨੇ ਮੁਸਕਰਾਉਂਦਿਆਂ ਕਿਹਾ- ਵਿਆਹ ਹੋਣ ਪਿੱਛੋਂ ਬੱਚੇ ਤਾਂ ਹੋਣਗੇ ਹੀ। ਪ੍ਰਸੂਤ ਪੀੜਾਂ ਕਰ ਕੇ ਗਿਦੜੀਆਂ ਰੋਂਦੀਆਂ ਰਹੀਆਂ ਹੋਣਗੀਆਂ ਤੇ ਤੁਹਾਨੂੰ ਕੋਈ ਪਰਵਾਹ ਨਹੀਂ? ਉਨ੍ਹਾਂ ਦੀ ਦੁਰਸੀਸ ਲੱਗ ਗਈ ਤਾਂ ਕੋਹੜ ਪੈ ਕੇ ਮਰੋਗੇ ਸਾਰੇ। ਹੁਣੇ ਦੱਸ ਦਿੱਤਾ ਤੁਹਾਨੂੰ। ਹੁਣ ਫੁਰਤੀ ਕਰੋ। ਸੁੰਢ, ਜਵੈਣ, ਗੂੰਦ, ਖੰਡ, ਗੋਕਾ ਘਿਉ, ਨਾਰੀਅਲ, ਬਦਾਮ, ਦਾਖਾਂ ਸਭ ਮੰਗਵਾ ਕੇ ਪੰਜੀਰੀ ਤਿਆਰ ਕਰਵਾਉ। ਮਾੜੀ ਮੋਟੀ ਕਸਰ ਵੀ ਰਹਿ ਗਈ, ਮੈਥੋਂ ਬੁਰਾ ਕੋਈ ਨਹੀਂ ਫੇਰ। ਇੱਕ ਨੂੰ ਵੀ ਮਾਫ ਨਹੀਂ ਕਰਾਂਗਾ। ਯਾਦ ਰੱਖੋਗੇ।

ਇਹੋ ਜਿਹੇ ਇਨਸਾਫ ਪਸੰਦ ਰਾਜਾ ਦੇ ਹੁਕਮ ਦੀ ਤਾਮੀਲ ਕਿਵੇਂ ਨਾ ਹੁੰਦੀ! ਸਾਰੇ ਇੱਕ ਤੋਂ ਵਧ ਕੇ ਇੱਕ ਤਾਬਿਆਦਾਰ! ਫਲਸਰੂਪ ਖਜ਼ਾਨਾ ਤਾਂ ਜਿਵੇਂ ਹਵਨਕੁੰਡ ਵਿਚ ਜਾ ਪਿਆ ਹੋਵੇ! ਪਰ ਗਿੱਦੜਾਂ ਨੇ ਫੇਰ ਵੀ ਆਪਣਾ ਹਠ ਨਾ ਤਿਆਗਿਆ। ਸੱਤਵੇਂ ਦਿਨ ਫੇਰ ਉਹੀ 'ਹੁਆਂ ਹੁਆਂ'! ਏਨੀ ਉਚੀ ਆਵਾਜ਼ ਕਿ ਆਸਮਾਨੀ ਗੂੰਜ!

ਮੁੱਛਾਂ ਕੁੰਢੀਆਂ ਕਰਦਿਆਂ ਰਾਜਾ ਨੇ ਕੜਕਦੀ ਆਵਾਜ਼ ਵਿਚ ਫਿਰ ਪੁੱਛਿਆ। ਪਸ਼ੂ ਪੰਛੀਆਂ ਵਾਂਗ ਆਵਾਜ਼ਾਂ ਕੱਢਦੇ ਦਰਬਾਰੀਆਂ ਨੇ ਕਿਹਾ- ਮਹਾਰਾਜ ਹੁਣ ਨਹੀਂ ਗਿੱਦੜਾਂ ਨੂੰ ਕੁਝ ਚਾਹੀਦਾ। ਤੁਹਾਨੂੰ ਦਿਲੋਂ ਅਸੀਸਾਂ ਦੇ ਰਹੇ ਨੇ! ਹੁਣ ਕਿਉਂ ਰੋਕੀਏ? ਇਨ੍ਹਾਂ ਦੀਆਂ ਅਸੀਸਾਂ ਸਦਕਾ ਤੁਹਾਡੇ ਰਾਜ ਦੀਆਂ ਹੱਦਾਂ ਵਧਣਗੀਆਂ, ਬੇਅੰਤ ਖਜ਼ਾਨਾ ਆਏਗਾ। ਹਜ਼ਾਰਾਂ ਸਾਲਾਂ ਤੱਕ ਤੁਸੀਂ ਸੂਰਜ ਵਾਂਗ ਚਮਕੋਗੇ। ਤੁਹਾਡੀ ਜੈ-ਜੈਕਾਰ ਹੋ ਰਹੀ ਹੈ। ਹੁਕਮ ਕਰੋ ਚੁੱਪ ਕਰਵਾ ਦੇਈਏ?

ਰਾਜਾ ਨੇ ਕੁਝ ਗੰਭੀਰ ਆਵਾਜ਼ ਵਿਚ ਕਿਹਾ- ਤੁਸੀਂ ਮੈਨੂੰ ਬੇਵਕੂਫ ਸਮਝਦੇ ਹੋ ਇਨ੍ਹਾਂ ਨੂੰ ਚੁੱਪ ਕਰਵਾਉਣ ਦਾ ਹੁਕਮ ਦੇ ਦਿਆਂ? ਇਨ੍ਹਾਂ ਭੋਲੇ ਭਾਲੇ ਗਿੱਦੜਾਂ ਦੀ ਅਸੀਸ ਉਪਰ ਮੈਨੂੰ ਪੂਰਾ ਇਤਬਾਰ ਹੈ! ਸੋਚਿਆ ਜਾਵੇ, ਇਨ੍ਹਾਂ ਦੀਆਂ ਅਸੀਸਾਂ ਦੀ ਵੀ ਕੀ ਲੋੜ? ਮੈਂ ਤਾਂ ਰਾਜਾ ਹੋਣ ਦੇ ਨਾਤੇ ਆਪਣਾ ਫਰਜ਼ ਹੀ ਨਿਭਾਇਆ!

ਗਿੱਦੜਾਂ ਦੀ ਅਸੀਸ ਵਿਚ ਇਕਦਮ ਭਾਰੀ ਵਾਧਾ ਹੋ ਗਿਆ। ਯੋਗ ਅਤੇ ਸਿਆਣੇ ਦਰਬਾਰੀ ਜੋਸ਼ ਖਰੋਸ਼ ਨਾਲ 'ਹੁਆਂ ਹੁਆਂ' ਕਰਨ ਲੱਗੇ ਜਿਸ ਕਰ ਕੇ ਜੰਗਲੀ ਗਿੱਦੜਾਂ ਦੀ ਅਸੀਸ ਕੁਝ ਦਬ ਗਈ। ਛੋਟਾ ਵੱਡਾ ਮੁਲਾਜ਼ਮ ਕਿਸੇ ਤੋਂ ਘੱਟ ਸੁਆਮੀ-ਭਗਤ ਨਹੀਂ ਸੀ। ***(ਛਪ ਰਹੀ ਕਿਤਾਬ 'ਰਾਜਸਥਾਨੀ ਕਥਾ ਸਾਗਰ' ਵਿਚੋਂ)***

# ਪੰਜਾਬ ਦਾ ਆਖਰੀ ਰਾਜਾ ਦਲੀਪ ਸਿੰਘ

*(ਸਫਾ 28 ਦੀ ਬਾਕੀ)*

ਦਾ ਦਾਦਾ ਹੋਰ ਜੰਮ ਰਿਹਾ ਸੀ, 'ਕੱਲੀ ਤੀਵੀਂ-ਮਾਨੀ ਕੀ ਕਰ ਲੈਂਦੀ। ਲਾਰਡ ਡਲਹੌਜ਼ੀ ਨੇ ਲਾਹੌਰ ਦੇ ਤੋਸ਼ੇਖਾਨੇ 'ਚੋਂ ਕੋਹਿਨੂਰ ਹੀਰਾ ਲੈ ਕੇ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਨੂੰ ਘੱਲ ਦਿੱਤਾ ਸੀ। ਇਹਦੇ 'ਚ ਅੰਦਰ ਖਾਤੇ ਡਲਹੌਜ਼ੀ ਦਾ ਆਪਣਾ ਸੁਆਰਥ ਸੀ।

ਸਕੀਮ ਅਨੁਸਾਰ ਦਲੀਪ ਸਿੰਘ ਦਾ ਪਾਲਣ ਪੋਸ਼ਣ ਪੱਛਮੀ ਤਰਜ਼-ਏ-ਜ਼ਿੰਦਗੀ ਅਤੇ ਅੰਗਰੇਜ਼ਾਂ ਦੀ ਦੇਖ ਰੇਖ 'ਚ ਹੋਣਾ ਸ਼ੁਰੂ ਹੋ ਗਿਆ ਸੀ। ਇਹ ਜ਼ਿੰਮੇਵਾਰੀ ਡਾ. ਜੋਹਨ ਲੌਗਨ ਨੂੰ ਸੌਂਪੀ ਗਈ ਸੀ। ਇਸੇ ਤਰਬੀਅਤ ਦੇ ਅਸਰ ਅਧੀਨ ਇਸ ਨੇ ਆਪਣੇ (ਸਿੱਖ) ਧਰਮ ਨੂੰ ਤਿਆਗ ਕੇ ਈਸਾਈ ਹੋਣ ਦੀ ਅਤੇ ਵਲੈਤ ਜਾ ਕੇ ਵੱਸ ਜਾਣ ਦੀ ਖਾਹਿਸ਼ ਜ਼ਾਹਿਰ ਕੀਤੀ ਸੀ। ਇਹਨੇ ਡਾ. ਲੌਗਨ ਦੀ ਪਤਨੀ ਨੂੰ ਆਪਣੇ ਕੇਸਾਂ ਦੀ ਇਕ ਲਟ ਕੱਟ ਕੇ ਭੇਜੀ ਸੀ। ਨਾਲ ਇਹ ਵੀ ਲਿਖਿਆ ਸੀ ਕਿ ਮੈਨੂੰ ਖਿਆਲ ਰੱਖਣਾ ਪੈ ਰਿਹਾ ਹੈ ਕਿ ਮੇਰੀ ਦਿੱਖ ਕਿਤੇ ਇਕ ਦਮ ਨਾ ਬਦਲ ਜਾਵੇ। ਫਿਰੰਗੀ ਨੇ ਸੋਚ ਵਿਚਾਰ ਕਰਨ ਤੋਂ ਦੋ ਸਾਲ ਬਾਅਦ ਇਹਦੀ ਇੱਛਾ ਦੀ ਪੂਰਤੀ ਕਰ ਦਿੱਤੀ ਸੀ। ਈਸਾਈ ਇਹ ਭਾਰਤ 'ਚ ਰਹਿੰਦਿਆਂ ਹੋ ਗਿਆ ਸੀ। ਪਾਲਣ ਪੋਸ਼ਣ ਅਤੇ ਸਿੱਖਿਆ ਦਾ ਅਸਰ ਸੀ ਕਿ ਇਹ ਹੁਣ ਪੰਜਾਬੀ ਵੀ ਨਹੀਂ ਸੀ ਦਿਸਣਾ ਚਾਹੁੰਦਾ ਅਤੇ ਵਲੈਤ ਦਾ ਜੈਂਟਲਮੈਨ ਦਿਸਣਾ ਚਾਹੁੰਦਾ ਸੀ। ਅੰਗਰੇਜ਼ ਨੇ ਤਾਂ ਇਸ ਤੋਂ ਖੁਸ਼ ਹੀ ਹੋਣਾ ਸੀ, ਉਨ੍ਹਾਂ ਦੀ ਸਕੀਮ ਸਿਰੇ ਚੜ੍ਹ ਰਹੀ ਸੀ। ਫਿਰੰਗੀ ਮਨਸ਼ੇ ਮੁਜਬ ਦਲੀਪ ਸਿੰਘ ਨੇ ਪੂਰਾ ਅੰਗਰੇਜ਼ਾਂ ਦੀ ਦੇਖ ਰੇਖ 'ਚ ਆਉਣਾ ਸੀ, ਸੋ ਆ ਗਿਆ। ਪੰਦਰਾਂ ਸਾਲ ਦੀ ਉਮਰ 'ਚ ਇਸ ਨੂੰ ਵਲੈਤ ਲਿਜਾਇਆ ਗਿਆ। ਜਦੋਂ ਇਸ ਦਾ ਮਨ ਵਲੈਤ ਦੇਖ ਦੇਖ ਤੋਂ ਭਰ ਗਿਆ ਤਾਂ ਇਸ ਨੂੰ ਯੂਰਪ 'ਚ ਛੁੱਟੀਆਂ ਲਈ ਵੀ ਲਿਜਾਇਆ ਗਿਆ। ਪਹਿਲਾਂ ਇਹ ਲੰਡਨ ਤੇ ਫਿਰ ਸਕੌਟਲੈਂਡ 'ਚ ਦੋ ਥਾਂਈਂ ਕਿਰਾਏ 'ਤੇ ਰਿਹਾ ਸੀ- ਔਕਲਿਨ ਤੇ ਆਬਰਫੈਲਡੀ 'ਚ। ਇਹ ਖਰਚ ਖੁਆਹ ਵਜੋਂ ਮਸ਼ਹੂਰ ਹੋ ਰਿਹਾ ਸੀ। ਫਿਰ ਇਹਨੇ ਇੰਗਲੈਂਡ ਦੇ ਯੌਰਕਸ਼ਾਇਰ ਦਾ 'ਮਲਗਰੇਵ ਕਾਸਲ' ਕਿਰਾਏ 'ਤੇ ਲੈ ਲਿਆ।

ਦਲੀਪ ਸਿੰਘ ਜਦੋਂ ਸੋਲਾਂ ਸਾਲਾਂ ਦਾ ਹੋਇਆ ਸੀ ਤਾਂ ਸਰਕਾਰ ਵਲੋਂ ਇਸ ਨੂੰ ਪੱਚੀ ਹਜ਼ਾਰ ਪੌਂਡ (ਅੱਜ ਦੇ ਹਿਸਾਬ ਢਾਈ ਮਿਲੀਅਨ ਪੌਂਡ) ਦੀ ਪੈਨਸ਼ਨ ਲਾਈ ਗਈ ਸੀ ਜੋ ਵਲੈਤ ਦੇ ਆਮ ਅਮੀਰ-ਕੁਲੀਨਾਂ ਪਰਿਵਾਰਾਂ ਦੀ ਆਮਦਨ ਤੋਂ ਕਿਤੇ ਵੱਧ ਸੀ ਪਰ ਇਹਦੇ ਖਰਚੇ ਦਿਨੋ-ਦਿਨ ਵਧੀ ਜਾਂਦੇ ਸੀ। ਉੱਨੀ ਸਾਲ ਦੀ ਉਮਰ 'ਚ ਇਸ ਨੇ ਖੁਦਮੁਖਤਾਰ ਹੋਣ ਲਈ ਅਰਜ਼ੀ ਦਿੱਤੀ ਜੋ ਮਨਜ਼ੂਰ ਹੋ ਗਈ ਤੇ ਇਹਦੀ ਪੈਨਸ਼ਨ 'ਚ ਵਾਧਾ ਵੀ ਕੀਤਾ ਗਿਆ। ਬਾਅਦ 'ਚ ਇੰਡੀਆ ਆਫਿਸ ਨੇ ਇਹਨੂੰ ਸਤਾਰਾਂ ਹਜ਼ਾਰ ਏਕੜ ਦੀ ਐਲਵਡੇਨ 'ਚ ਜਾਇਦਾਦ ਲੈ ਕੇ ਦਿੱਤੀ ਸੀ। ਇਸ ਨੇ ਏਥੇ ਬੇਤਹਾਸ਼ਾ ਖਰਚ ਕਰ ਕੇ ਇਸ ਨੂੰ ਦੇਸ ਦੇ ਮੁਗਲਈ ਮਹੱਲਾਂ ਦੀ ਤਰਜ਼ 'ਤੇ ਬਣਾ ਲਿਆ ਸੀ। ਕਈ ਤਰ੍ਹਾਂ ਦੇ ਜਾਨਵਰ ਪੰਛੀ ਵਗੈਰਾ ਰੱਖ ਲਏ ਸੀ ਤੇ ਇਹਨੂੰ ਸ਼ਿਕਾਰਗਾਹ ਵੀ ਬਣਾ ਲਈ ਸੀ। ਇਹ ਦਾੜ੍ਹੀ ਨਾਲੋਂ ਮੁੱਛਾਂ ਵਧਾਈ ਜਾਂਦਾ ਸੀ। ਇੰਡੀਆ ਸਰਕਾਰ ਤੋਂ ਇਹ ਹੋਰ ਪੈਸੇ ਲੈਣ ਜਾਂ ਵਧਾਉਣ ਲਈ ਅਰਜ਼ੀਆਂ ਦੇਈ ਜਾਂਦਾ ਸੀ ਜੋ ਆਖੀਰ 'ਚ ਨਾਮਨਜ਼ੂਰ ਹੋਣੀਆਂ ਸ਼ੁਰੂ ਹੋ ਗਈਆਂ। ਮਲਿਕਾ ਵਿਕਟੋਰੀਆ ਨੂੰ ਇਸ ਦਾ ਬੜਾ ਫਿਕਰ ਸੀ। ਉਹ ਆਪਣੇ ਅਮਲੇ ਫੈਲੇ ਨੂੰ ਵੀ ਇਹਦੀ ਮਦਦ ਕਰਨ ਲਈ ਕਹਿੰਦੀ ਰਹਿੰਦੀ ਸੀ ਤੇ ਇਹਨੂੰ ਵੀ ਆਪਣੇ ਖਰਚ 'ਤੇ ਕਾਬੂ ਪਾਉਣ ਲਈ ਕਹਿੰਦੀ ਸੀ ਪਰ ਇਹ ਕਿਸੇ ਦੀ ਸੁਣਦਾ ਹੀ ਨਹੀਂ ਸੀ।

ਮਗਰੋਂ ਦਲੀਪ ਸਿੰਘ ਨੂੰ ਪੰਜਾਹ ਹਜ਼ਾਰ ਪੌਂਡ ਦੀ ਪੈਨਸ਼ਨ ਲਾ ਕੇ ਮਹੱਲ 'ਚ ਸਹਿਜ਼ਾਦਿਆਂ ਵਾਲੀਆਂ ਸਹੂਲਤਾਂ ਦੇ ਦਿੱਤੀਆਂ ਗਈਆਂ। ਮਹਾਰਾਣੀ ਵਿਕਟੋਰੀਆ ਨੇ ਇਹਨੂੰ ਪੁੱਤਾਂ ਵਾਂਗ ਪਿਆਰ ਦਿੱਤਾ ਸੀ; ਇਹ ਸ਼ਾਹੀ ਘਰਾਣੇ ਦੇ ਘੇਰੇ 'ਚ ਵਿਚਰਨ ਲੱਗ ਪਿਆ। ਮਲਿਕਾ ਵਿਕਟੋਰੀਆ ਦੇ ਦਿਲ 'ਚ ਇਹਦੇ ਲਈ ਖਾਸ ਮੋਹ ਸੀ। ਇਸ ਨੂੰ ਬਹੁਤ ਸਾਰੇ ਕੀਮਤੀ ਤੋਹਫੇ ਵੀ ਦਿੱਤੇ ਸੀ ਜਿਨ੍ਹਾਂ 'ਚ ਵਧੀਆ ਨਸਲ ਦਾ ਘੋੜਾ ਵੀ ਸ਼ਾਮਿਲ ਸੀ। ਮਲਿਕਾ ਨੇ ਮੋਹ ਨਾਲ ਦਲੀਪ ਸਿੰਘ ਦੀਆਂ ਭਰ ਜਵਾਨੀ ਦੀਆਂ ਫੋਟੋਆਂ ਖਿਚਵਾਈਆਂ ਅਤੇ ਕੁਝ ਪੇਂਟਿੰਗਾਂ ਵੀ ਚੋਟੀ ਦੇ ਕਲਾਕਾਰਾਂ ਤੋਂ ਬਣਵਾਈਆਂ ਸੀ। ਵਿਹਲੇ ਸਮੇਂ ਮਹਾਰਾਣੀ ਅਤੇ ਦਲੀਪ ਸਿੰਘ ਇਕ ਦੂਜੇ ਦੀਆਂ ਤਸਵੀਰਾਂ ਵਾਹੁੰਦੇ ਰਹਿੰਦੇ। ਦਲੀਪ ਸਿੰਘ ਨੂੰ ਅਕਸਰ ਮਲਿਕਾ ਦੇ ਮਹੱਲਾਂ 'ਚੋਂ ਸੱਦੇ ਆਉਂਦੇ ਰਹਿੰਦੇ ਸੀ। ਜਿਨ੍ਹਾਂ ਨੂੰ ਮਲਿਕਾ ਦੇ ਮਹਿਲਾਂ 'ਚ ਕਿਸੇ ਵੇਲੇ ਵੀ ਜਾਣ ਦੀ ਖੁਲ੍ਹ ਸੀ, ਉਨ੍ਹਾਂ 'ਚ ਦਲੀਪ ਸਿੰਘ ਵੀ ਸ਼ੁਮਾਰ ਹੁੰਦਾ ਸੀ। ਰਾਜਨੀਤਕ ਲੋਕ ਅਤੇ ਹੋਰ ਅਹਿਲਕਾਰ ਦਲੀਪ ਵਲ ਵਿਕਟੋਰੀਆ ਦੀ ਏਨੀ ਖੁੱਲ੍ਹਦਿਲੀ ਅਤੇ ਲਗਾਓ ਤੋਂ ਹੈਰਾਨ ਸੀ। ਇਹ ਵਲੈਤ ਦੇ ਸ਼ਹਿਜ਼ਾਦੇ ਸ਼ਹਿਜ਼ਾਦੀਆਂ ਤੇ ਅਮੀਰਾਂ-ਕੁਲੀਨਾਂ 'ਚ ਪੂਰਾ ਘੁਲ ਮਿਲ ਗਿਆ। ਉਨ੍ਹਾਂ ਨਾਲ ਗੂੜ੍ਹੀਆਂ ਦੋਸਤੀਆਂ ਬਣ ਗਈਆਂ। ਇਹਦੇ ਸ਼ੌਕ ਅਤੇ ਆਦਤਾਂ ਵੀ ਉਨ੍ਹਾਂ ਵਰਗੀਆਂ ਹੋ ਜਾਣੀਆਂ ਸੀ। ਇਹ ਲੰਡਨ ਦੇ ਬਹੁਤ ਮਹਿੰਗੇ ਕਲੱਬਾਂ ਵਿਚ ਸ਼ਾਹੀ ਘਰਾਣੇ ਦੀਆਂ ਪਾਰਟੀਆਂ 'ਚ ਹਾਜ਼ਿਰ ਹੁੰਦਾ ਅਤੇ ਨਾਚ, ਸਿਕਾਰ ਤੇ ਅਯਾਸ਼ੀਆਂ 'ਚ ਪੂਰਾ ਗਲਤਾਨ ਰਹਿੰਦਾ ਸੀ। ਮਲਿਕਾ ਦੇ ਵੱਡੇ ਮੁੰਡੇ ਪ੍ਰਿੰਸ ਐਲਬਰਟ (ਬਰਟੀ) ਅਤੇ ਦਲੀਪ ਦੀਆਂ ਜੂਏਬਾਜ਼ੀ, ਤੀਵੀਬਾਜ਼ੀ, ਵੇਸਵਾਗਮਨੀ ਆਦਿ ਦੀਆਂ ਖਬਰਾਂ ਹੌਲੀ-ਹੌਲੀ ਮਲਿਕਾ ਕੋਲ ਪਹੁੰਚਣੀਆਂ ਸ਼ੁਰੂ ਹੋ ਗਈਆਂ ਸੀ। ਗੱਲ ਹੱਦੋਂ ਵਧਦੀ ਦੇਖ ਕੇ ਮਲਿਕਾ ਨੂੰ ਦੋਹਾਂ ਨੂੰ ਸੱਦ ਕੇ ਤਾੜਨਾ ਪਿਆ ਸੀ ਅਤੇ ਛੇਤੀ ਸਿੱਧੇ ਰਾਹ 'ਤੇ ਆ ਜਾਣ ਦੀ ਹਦਾਇਤ ਕੀਤੀ ਸੀ। ਆਮਦਨ ਤੋਂ ਵੱਧ ਖਰਚ ਕਰਨ ਕਰ ਕੇ ਦਲੀਪ ਸਿੰਘ ਆਮ ਕਰ ਕੇ ਕਰਜ਼ੇ ਹੇਠ ਹੀ ਰਹਿੰਦਾ ਸੀ। ਅੰਗਰੇਜ਼ਾਂ ਨੂੰ ਆਪਣੀ ਪੈਨਸ਼ਨ ਵਧਾਉਣ ਲਈ ਅਰਜ਼ੀਆਂ ਦਿੰਦਾ ਰਹਿੰਦਾ ਸੀ। ਕਈ ਅਰਜ਼ੀਆਂ ਮਨਜ਼ੂਰ ਨਾ ਹੁੰਦੀਆਂ; ਕਦੇ-ਕਦੇ ਹੋਰ ਸ਼ਰਤਾਂ 'ਤੇ ਵਿਆਜੀ ਪੈਸੇ ਦੇ ਦਿੱਤੇ ਜਾਂਦੇ। ਲਾਪ੍ਰਵਾਹੀ 'ਚ ਦਲੀਪ ਸਿੰਘ ਸਾਲੋ-ਸਾਲੀ ਕਰਜ਼ੇ ਦਾ ਭਾਰ ਵਧਾਈ ਜਾਂਦਾ ਸੀ।

ਅੰਗਰੇਜ਼ ਹਾਕਮਾਂ ਨੇ ਦਲੀਪ ਸਿੰਘ ਦੀਆਂ ਆਪਣੀ ਮਾਂ ਨਾਲ ਰਾਬਤਾ ਕਰਨ ਦੀਆਂ ਪਹਿਲੀਆਂ ਕੋਸ਼ਿਸ਼ਾਂ ਕਾਮਯਾਬ ਨਹੀਂ ਸੀ ਹੋਣ ਦਿੱਤੀਆਂ ਪਰ ਅਖੀਰ 'ਚ ਜਨਵਰੀ 1861 ਨੂੰ ਇੰਡੀਆ ਸਰਕਾਰ ਨੇ ਇਹਨੂੰ ਆਪਣੀ ਮਾਂ ਨੂੰ ਕਲਕੱਤੇ ਜਾ ਕੇ ਮਿਲਣ ਦੀ ਆਗਿਆ ਦੇ ਦਿੱਤੀ। ਜਿੰਦਾਂ ਉਦੋਂ ਤਕ ਬਿਮਾਰ ਰਹਿਣ ਲੱਗ ਪਈ ਸੀ ਅਤੇ ਉਹਦੀ ਨਿਗਾਹ ਵੀ ਬਹੁਤ ਘਟ ਗਈ ਸੀ। ਕਿਹਾ ਜਾਂਦਾ ਹੈ ਕਿ ਜਦ ਜਿੰਦਾਂ ਨੇ ਇਹਦੇ ਸਿਰ ਨੂੰ ਟੋਹ ਕੇ ਇਹਨੂੰ ਮੋਨਾ ਜਾਣਿਆ ਤਾਂ ਬਹੁਤ ਦੁਖੀ ਹੋਈ। ਜ਼ਾਹਿਰਾ ਤੌਰ 'ਤੇ ਜਿੰਦਾਂ ਦਾ ਮਨ ਫਿਰੰਗੀਆਂ ਵਲ ਕੌੜ ਨਾਲ ਭਰਿਆ ਪਿਆ ਸੀ। ਇਹ ਮਾਂ ਨੂੰ ਆਪਣੇ ਨਾਲ ਇੰਗਲੈਂਡ ਹੀ ਲੈ ਆਇਆ। ਆਪਣੀ ਮਾਂ ਦੇ ਅਸਰ ਹੇਠ ਮਗਰੋਂ ਜਾ ਕੇ ਇਹ ਇੰਡੀਆ ਆਫਿਸ ਨੂੰ ਆਪਣੀ ਜਾਇਦਾਦ ਅਤੇ ਕੋਹਿਨੂਰ ਹੀਰੇ ਬਾਰੇ ਗੱਲਾਂ ਕਰਨ ਲੱਗ ਪਿਆ। ਪਹਿਲਾਂ ਇਕ ਵਾਰ ਮਲਿਕਾ ਨੇ ਇਹਨੂੰ ਕੋਹਿਨੂਰ ਹੀਰਾ ਦਿਖਾਇਆ ਸੀ ਤਾਂ ਇਹਨੇ ਸਿਰ ਝੁਕਾ ਕੇ ਇਹ ਕਹਿੰਦਿਆਂ ਵਾਪਸ ਦੇ ਦਿੱਤਾ ਸੀ - 'ਵਫਾਦਾਰ ਨਾਗਰਿਕ ਵਜੋਂ ਇਹ ਮੇਰੀ ਸਭ ਤੋਂ ਵੱਡੀ ਖੁਸ਼ੀ ਹੈ ਕਿ ਮੈਂ ਆਪਣੇ ਹੱਥਾਂ ਨਾਲ ਕੋਹਿਨੂਰ ਹੀਰਾ ਆਪਣੇ ਪ੍ਰਭੂਆਂ ਨੂੰ ਸੌਂਪ ਰਿਹਾ ਹਾਂ'; ਜਦ ਕਿ ਵਿਕਟੋਰੀਆ ਦੇ ਮਨ 'ਚ ਡਰ ਸੀ ਕਿ ਇਹ ਹੀਰਾ ਬਾਹਰ ਸੁੱਟ ਦਏਗਾ।

ਦੋ ਸਾਲ ਬਾਅਦ ਜਿੰਦਾਂ 1863 ਵਿਚ ਵਲੈਤ 'ਚ ਹੀ ਪੂਰੀ ਹੋ ਗਈ ਸੀ। ਮਾਂ ਦੁਨੀਆ ਤੋਂ ਤੁਰ ਗਈ ਅਤੇ ਦਲੀਪ ਸਿੰਘ ਉਸ ਦੀਆਂ ਆਖਰੀ ਰਸਮਾਂ ਕਰਨ ਲਈ ਭਾਰਤ ਮੁੜਿਆ। ਜਿੰਦਾਂ ਦੀ ਖਾਹਿਸ਼ ਸੀ ਕਿ ਉਹਦੀਆਂ ਹੱਡੀਆਂ ਇਸ ਨਾਪਾਕ ਮੁਲਕ (ਵਲੈਤ) ਵਿਚ ਨਾ ਰੁਲਣ ਦਿੱਤੀਆਂ ਜਾਣ। ਇਸ ਕਥਨ 'ਚ ਸਚਾਈ ਦਿਸਦੀ ਹੈ ਕਿ ਜਿੰਦਾਂ ਆਪਣੇ ਪੁੱਤ ਨੂੰ ਮੁੜ ਸਿੱਖ ਸਜਣ ਨੂੰ ਮਨਾਉਂਦੀ ਰਹੀ ਸੀ ਤੇ ਆਪਣਾ ਰਾਜ-ਭਾਗ ਪ੍ਰਾਪਤ ਕਰਨ ਲਈ ਵੀ ਕਹਿੰਦੀ ਸੀ ਪਰ ਇਸ 'ਤੇ ਕੋਈ ਅਸਰ ਨਹੀਂ ਸੀ ਹੋਇਆ। ਦਲੀਪ ਸਿੰਘ ਆਪਣੇ ਅਪਣਾਏ ਹੋਏ ਮਾਹੌਲ ਅਤੇ ਵਿਲਾਸਮਈ ਜ਼ਿੰਦਗੀ ਨੂੰ ਮਾਣ ਰਿਹਾ ਸੀ। ਰਾਣੀ ਜਿੰਦਾਂ ਵੀ ਇਹਦੇ ਮਨ 'ਚ ਫਿਰੰਗੀਆਂ ਵਿਰੁਧ ਕੌੜ ਭਰਨ 'ਚ ਕਾਮਯਾਬ ਨਹੀਂ ਸੀ ਹੋਈ। ਮਰਦੇ ਦਮ ਤਾਈਂ ਜਿੰਦਾਂ ਆਪ ਵੀ ਅੰਗਰੇਜ਼ਾਂ ਤੋਂ ਪੈਨਸ਼ਨ ਲੈਂਦੀ ਰਹੀ ਸੀ ਅਤੇ ਇਨ੍ਹਾਂ ਦੇ ਖਿਲਾਫ ਵੀ ਬੋਲਦੀ ਰਹੀ ਸੀ। ਜਿੰਦਾਂ ਦੀ ਮੌਤ ਤੋਂ ਦੋ ਮਹੀਨੇ ਬਾਅਦ ਹੀ ਡਾ. ਜੋਹਨ ਲੌਗਨ ਵੀ ਇਸ ਜਹਾਨ ਤੋਂ ਤੁਰ ਗਿਆ। ਇਸੇ ਡਾ. ਲੌਗਨ ਅਤੇ ਇਹਦੀ ਪਤਨੀ (ਲੇਡੀ ਲੇਨਾ ਲੌਗਨ) ਨੇ ਦਲੀਪ ਸਿੰਘ ਨੂੰ ਪਹਿਲਾਂ ਭਾਰਤ 'ਚ ਅਤੇ ਫਿਰ ਵਲੈਤ 'ਚ ਪਾਲਿਆ ਸੀ ਤੇ ਸਿੱਖਿਆ ਦਿੱਤੀ ਸੀ। ਇਹਨੂੰ ਬੱਚਿਆਂ ਵਾਂਗ ਵੱਡਾ ਕੀਤਾ ਸੀ। ਦਲੀਪ ਸਿੰਘ ਦਾ ਇਨ੍ਹਾਂ ਨਾਲ ਬਹੁਤ ਨੇੜ ਸੀ। ਡਾਕਟਰ ਲੌਗਨ ਦੀ ਦਫਨ ਕਿਰਿਆ ਵੇਲੇ ਦੁਖੀ ਦਲੀਪ ਸਿੰਘ ਨੇ ਬੜਾ ਭਾਵੁਕ ਹੁੰਦਿਆ ਕਿਹਾ ਸੀ- "ਮੈਂ ਆਪਣਾ ਪਿਤਾ ਖੋ ਲਿਆ ਹੈ। ਡਾਕਟਰ ਲੌਗਨ ਮੇਰੇ ਲਈ ਬਾਪ ਸਮਾਨ ਸੀ ਤੇ ਹੋਰ ਵੀ ਬਹੁਤ ਕੁਝ ਸੀ"।

ਜਿੰਦਾਂ ਅਤੇ ਡਾਕਟਰ ਲੌਗਨ ਦੀਆਂ ਅੱਗੜ-ਪਿੱਛੜ ਮੌਤਾਂ ਤੋਂ ਬਾਅਦ ਮਲਿਕਾ ਵਿਕਟੋਰੀਆ ਨੂੰ ਇਸ ਦਾ ਫਿਕਰ ਹੋਰ ਵਧ ਗਿਆ ਅਤੇ ਇਸ ਦੇ ਕਿਸੇ ਤਰ੍ਹਾਂ ਟਿਕ/ਵਸ ਜਾਣ ਲਈ ਫਿਕਰਮੰਦ ਸੀ। ਮਲਿਕਾ ਨੇ ਇਹਦੇ ਲਈ ਕੁਰਗ (ਅੱਜ ਦੇ ਕਰਨਾਟਕ ਰਾਜ ਦਾ ਸਮੁੰਦਰੀ ਕੰਢੇ ਵੱਲ ਦਾ ਇਲਾਕਾ) ਦੀ ਸ਼ਹਿਜ਼ਾਦੀ ਵਿਕਟੋਰੀਆ ਗੋਰੰਮਾ ਨਾਲ ਵਿਆਹ ਦੀ ਗੱਲ ਵੀ ਚਲਾਈ ਸੀ। ਇਹ ਵੀ ਦਲੀਪ ਸਿੰਘ ਵਾਂਗ ਹੀ ਵਲੈਤ ਆਈ ਸੀ। ਇਹਦੇ ਬਾਪ ਚਿੱਕਾ ਵੀਰ ਰਜੇਂਦਰਾ ਦੀ ਸਲਤਨਤ ਵੀ ਅੰਗਰੇਜ਼ਾਂ ਨੇ ਆਪਣੇ ਰਾਜ 'ਚ ਰਲਾ ਲਈ ਸੀ। ਇਹ ਵੀ ਫਿਰੰਗੀਆਂ ਦੀ ਨਿਗਰਾਨੀ ਹੇਠ ਪਰਵਰਿਸ਼ ਪਾ ਕੇ ਈਸਾਈ ਹੋ ਗਈ ਸੀ। ਗੋਰੰਮਾ ਪਤਲੀ, ਗੋਰੀ ਚਿੱਟੀ ਤੇ ਗੋਲ ਮਟੋਲ ਗੱਲ੍ਹਾਂ ਵਾਲੀ ਖੁਸ਼ ਰਹਿਣੇ ਸੁਭਾਅ ਦੀ ਕੁੜੀ ਸੀ। ਮਲਿਕਾ ਭਾਣੇ ਇਹ ਦਲੀਪ ਸਿੰਘ ਲਈ ਬਹੁਤ ਢੁਕਵਾਂ ਜੀਵਨ ਸਾਥੀ ਸੀ। ਇਹ ਦੋਵੇਂ ਭਾਰਤੀ ਸੀ ਅਤੇ ਈਸਾਈ ਵੀ ਬਣੇ ਹੋਏ ਸੀ। ਦਲੀਪ ਸਿੰਘ ਨੇ ਇਹ ਰਿਸ਼ਤਾ ਇਹ ਕਹਿ ਕੇ ਠੁਕਰਾ ਦਿੱਤਾ ਸੀ ਕਿ ਗੋਅਰਾਮਾ ਚੰਚਲ ਅਤੇ ਦਿਲਫੈਂਕ ਤਬੀਅਤ ਵਾਲੀ ਲੜਕੀ ਸੀ। ਇਸ ਨੇ ਕਹਿ ਦਿੱਤਾ ਕਿ ਇਹ ਆਪਣਾ ਪ੍ਰਬੰਧ ਆਪੇ ਕਰ ਲਵੇਗਾ ਪਰ ਮਲਿਕਾ ਵਿਕਟੋਰੀਆ ਦੀ ਚਿੰਤਾ ਘਟੀ ਨਹੀਂ ਸੀ। ਉਹ ਕਿਸੇ ਨਾ ਕਿਸੇ ਵਿਧ ਦਲੀਪ ਸਿੰਘ ਦਾ ਘਰ ਵਸਿਆ ਦੇਖਣਾ ਚਾਹੁੰਦੀ ਸੀ ਤਾਂ ਜੋ ਇਹ ਸੁੱਖ ਸ਼ਾਂਤੀ ਵਾਲੀ ਜ਼ਿੰਦਗੀ ਬਸਰ ਕਰਨ ਲੱਗ ਪਵੇ।

(ਚਲਦਾ)

## ਸਿਆੜ 'ਚ ਉਗਦੀ ਕਵਿਤਾ

ਧਰਤੀ ਦੀ ਹਿੱਕ 'ਤੇ
ਸਿਆੜਾਂ ਨਾਲ ਲਿਖੀ ਜਾ ਰਹੀ ਕਵਿਤਾ
ਬਹੁਤ ਉਦਾਸ ਤੇ ਹਤਾਸ਼ ਹੈ।

ਸ਼ਬਦਾਂ ਵਿਚਲੀਆਂ ਸਿਸਕੀਆਂ
ਤੇ ਅਰਥਾਂ ਦੇ ਅੱਥਰੂਆਂ ਨੇ
ਅਗਵਾ ਕਰ ਲਈ ਏ
ਇਸ ਦੀ ਰਵਾਨਗੀ, ਰੂਹ,
ਰਹਿਮਤ ਤੇ ਰੰਗਰੇਜ਼ਤਾ
ਅਤੇ ਫੱਕਰਾਂ ਵਰਗੀ ਕਵਿਤਾ ਦੀ
ਬਦਲ ਗਈ ਏ
ਤਰਤੀਬ, ਤਾਸੀਰ ਤੇ ਤਹਿਜ਼ੀਬ।

ਹੁਣ ਇਹ ਕਵਿਤਾ
ਸੜਕਾਂ 'ਤੇ ਉਕਰਨ ਲਈ ਅਵਾਜ਼ਾਰ
ਰੇਲ ਪਟੜੀਆਂ 'ਤੇ ਲਿਖੀ ਜਾਣ ਲਈ ਮਜ਼ਬੂਰ
ਹਵੇਲੀ ਤੋਂ ਧਰਨਾ-ਚੌਂਕ ਦਾ ਸਫਰ ਕਰਦੀ।
ਕਵਿਤਾ ਨੂੰ ਪਤਾ ਹੈ ਕਿ
ਰਾਹਾਂ 'ਚ ਉਗੀਆਂ ਸੂਲਾਂ ਦੀ ਪੀੜ ਵੀ ਜਰਨੀ ਹੈ
ਪੱਥਰਾਂ ਦੀ ਬਾਰਸ਼ ਤੋਂ ਵੀ ਬੇਨਿਆਜ਼ ਰਹਿਣਾ ਹੈ
ਤੇ ਇਸ ਦੌਰ ਦੀ ਅਕਵਿਤਾ ਤੋਂ ਵੀ ਮੁਨਕਰ ਹੋ
ਸੋਧਤ ਮਾਰਗ ਦੀ ਤਲਾਸ਼ ਬਣਨਾ ਹੈ।
ਖੇਤਾਂ ਦੀ ਕਵਿਤਾ
ਜਦ ਖਿਆਲ ਦਾ ਰੂਪ ਧਾਰ
ਖਬਤ ਦੀ ਉਂਗਲ ਫੜਦੀ ਹੈ
ਤਾਂ ਇਹ ਮਨੁੱਖੀ ਹੋਂਦ ਦੇ ਸਵਾਲ
ਅਤੇ ਖਾਬ 'ਤੇ ਉਕਰੀ
ਖੁਦਕੁਸ਼ੀ ਨੂੰ ਵੀ ਮੁਖਾਤਬ ਹੁੰਦੀ ਹੈ।
ਇਸ ਕਵਿਤਾ ਨੂੰ ਕਿੰਜ ਕਤਲ ਕਰੋਗੇ
ਇਸ ਨੇ ਤਾਂ ਹਨੇਰਿਆਂ ਦੀ ਨਿਆਈਂਏ
ਸਿਆੜਾਂ ਵਿਚ, ਪੋਰ ਨਾਲ
ਤਾਰਿਆਂ ਨੂੰ ਕੇਰਦੇ ਹੀ ਰਹਿਣਾ ਏ।

***-ਡਾ. ਗੁਰਬਖਸ਼ ਸਿੰਘ ਭੰਡਾਲ***

---

## ਦਰਦ ਕਿਸਾਨਾਂ ਦਾ

ਪਹਿਲਾਂ ਕਿਸੇ ਨਾ ਜਾਣਿਆਂ,
ਜੋ ਸੀ ਦਰਦ ਕਿਸਾਨਾਂ ਦਾ।
ਜਣਾ ਖਣਾ ਹੁਣ ਬਣਿਆ ਫਿਰਦੈ,
ਹਮਦਰਦ ਕਿਸਾਨਾਂ ਦਾ।

ਪਹਿਲਾਂ ਕਾਲੇ ਕਾਨੂੰਨ ਨੂੰ ਏਹ
ਸ਼ਰੇਆਮ ਵਡਿਆਉਂਦੇ ਰਹੇ,
ਹੱਕ ਵਿਚ ਕਾਲੇ ਕਾਨੂੰਨ ਦੇ ਭੁਗਤੇ
ਹਿੰਸਾ ਵੀ ਪਾਉਂਦੇ ਰਹੇ।
ਵਾਅਦੇ ਕਰ ਕੇ ਮੁਆਫ ਨਾ ਕੀਤਾ
ਕਰਜ਼ ਕਿਸਾਨਾਂ ਦਾ...।

ਕਿੰਨਿਆਂ ਕੀਤੀਆਂ ਖੁਦਕੁਸ਼ੀਆਂ
ਨਾ ਕਿਸੇ ਨੂੰ ਦਰਦ ਹੋਇਆ।
ਰੁਲ ਗਏ ਬੱਚੇ ਵਿਧਵਾ ਧੀਆਂ
ਸਰਕਾਰਾਂ ਦਾ ਕੀ ਮੋਇਆ?
ਕਿਸੇ ਨਾ ਚੁੱਕਿਆ ਮੁੱਦਾ ਸਮਝ ਕੇ
ਫਰਜ਼ ਕਿਸਾਨਾਂ ਦਾ...।

ਮਜ਼ਦੂਰ, ਕਿਸਾਨ ਤੇ ਕਿਰਤੀ
ਸਾਰੇ, ਜਾਗੋ ਜਾਗ ਜਾਵੋ।
ਹੱਕ ਪਛਾਣੋ ਆਪੋ ਆਪਣੇ
ਵੋਟਾਂ ਸੋਚ ਸਮਝ ਕੇ ਪਾਵੋ।
ਓਹੀ ਰਾਜਾ ਬਣੇ ਜੋ ਸਮਝੇ
ਮਰਜ਼ ਕਿਸਾਨਾਂ ਦਾ...।

ਏਕਤਾ ਦਾ ਹਥਿਆਰ ਕਿਸਾਨਾ
ਆਪਣੇ ਹੱਥ ਰੱਖੀਂ।
ਬੋਦਲਾਂ ਦਾ ਸੁਖਵਿੰਦਰ ਆਖੇ
ਪੱਕੀ ਜਿੱਤ ਆਪਣੀ ਚੱਖੀਂ।
ਹਿੱਲ ਗਿਆ ਹਾਕਮ ਵੇਖ ਕੇ ਏਕਾ
ਮਰਦ ਕਿਸਾਨਾਂ ਦਾ...।

***-ਸੁਖਵਿੰਦਰ ਬੋਦਲਾਂਵਾਲਾ***

# ਵਸਦੀਆਂ ਉਜੜਦੀਆਂ ਬਸਤੀਆਂ ਦੀ ਗਾਥਾ 'ਮਿਰਾਕਲ ਇਨ ਮਿਲਾਨ'

## ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

*ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ, ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਟਲੀ ਦੇ ਉਘੇ ਫਿਲਮਸਾਜ਼ ਵਿਤੋਰੀਓ ਦਿ ਸੀਕਾ ਦੀ ਫਿਲਮ 'ਮਿਰਾਕਲ ਇਨ ਮਿਲਾਨ' ਬਾਰੇ ਚਰਚਾ ਕੀਤੀ ਗਈ ਹੈ। ਇਸ ਫਿਲਮ ਵਿਚ ਥੁੜ੍ਹਾਂ ਮਾਰੇ ਜਿਊੜਿਆਂ ਦੀ ਜ਼ਿੰਦਗੀ ਦੀਆਂ ਬਾਤਾਂ ਪਾਈਆਂ ਗਈਆਂ ਹਨ। -ਸੰਪਾਦਕ*

ਦੁਨੀਆ ਭਰ ਵਿਚ ਕੋਈ ਸ਼ਹਿਰ ਅਜਿਹਾ ਨਜ਼ਰ ਨਹੀਂ ਆਉਂਦਾ ਜਿੱਥੇ ਗੰਦੀਆਂ ਬਸਤੀਆਂ ਅਤੇ ਉਨ੍ਹਾਂ ਵਿਚ ਕੀੜੇ-ਮਕੌੜਿਆਂ ਵਾਂਗ ਜੂਨ ਭੁਗਤ ਰਹੇ ਔੜਾਂ-ਥੁੜ੍ਹਾਂ ਮਾਰੇ ਗਰੀਬ ਨਾ ਮਿਲਦੇ ਹੋਣ। ਆਖਰ ਇਹ ਕਿਹੋ ਜਿਹੀ ਤਰਾਸਦੀ ਹੈ ਕਿ ਇਨ੍ਹਾਂ ਬਸਤੀਆਂ ਵਿਚ ਵੱਸ ਰਹੇ ਬਹੁਤੇ ਲੋਕਾਂ ਨੂੰ ਇਹ ਵੀ ਸਮਝ ਵਿਚ ਨਹੀਂ ਆਉਂਦਾ ਕਿ ਉਨ੍ਹਾਂ ਦੀ ਇਸ ਗੁਰਬਤ ਅਤੇ ਜ਼ਲਾਲਤ ਦੀ ਇਬਾਰਤ ਲਿਖਦਾ ਕੌਣ ਹੈ?

ਬਹਰਹਾਲ, ਇਹ ਜਾਣਨਾ ਹੋਰ ਵੀ ਭਿਅੰਕਰ ਹੈ ਕਿ ਜੇ ਇਹ ਚਮਤਕਾਰ ਹੋ ਵੀ ਜਾਵੇ ਕਿ ਰਾਤੋ-ਰਾਤ ਕਿਸੇ ਗੰਦੀ ਬਸਤੀ ਦੀ ਕਾਇਆ-ਕਲਪ ਹੋ ਜਾਵੇ ਅਤੇ ਸਾਰੇ ਗਰੀਬਾਂ ਨੂੰ ਉਨ੍ਹਾਂ ਦੀਆਂ ਮਨਪਸੰਦ ਚੀਜ਼ਾਂ, ਖਾਹਿਸ਼ਾਂ ਅਤੇ ਸੁਫਨੇ ਪੂਰੇ ਕਰਨ ਦਾ ਮੌਕਾ ਮਿਲ ਜਾਵੇ ਤਾਂ ਫਿਲਮ 'ਮਿਰਾਕਲ ਇਨ ਮਿਲਾਨ' (ਮਿਲਾਨ ਵਿਚ ਚਮਤਕਾਰ) ਵਾਂਗ ਹਕੀਕਤ ਇਹ ਵੀ ਹੋ ਸਕਦੀ ਹੈ ਕਿ ਉਹ ਲੋਕ ਆਪਣੀ ਬੰਦ-ਖਲਾਸੀ ਕਰਾਉਣ ਦੀ ਥਾਂ ਉਮੀਦਾਂ ਅਤੇ ਸੁਫਨਿਆਂ ਦੇ ਨਾਮ 'ਤੇ ਅਜਿਹੇ ਕੂੜ-ਕਬਾੜ ਅਤੇ ਸੱਭਿਆਚਾਰਕ ਉਤਪਾਦਾਂ ਦੀ ਚੋਣ ਕਰਨ ਜਿਨ੍ਹਾਂ ਬਾਰੇ ਉਨ੍ਹਾਂ ਨੂੰ ਵਹਿਮ ਹੁੰਦਾ ਹੈ ਕਿ ਉਹ 'ਅਮੀਰ' ਹੋਣ ਦੀ ਨਿਸ਼ਾਨੀ ਹਨ। ਇੱਥੋਂ ਤੱਕ ਕਿ ਉਹ ਆਪਣੀ ਗੱਲਬਾਤ ਅਤੇ ਵਰਤੋਂ-ਵਿਹਾਰ ਵਿਚ ਵੀ ਅਮੀਰਾਂ ਦੀ ਨਕਲ ਕਰਨ ਦੀ ਕੋਸ਼ਿਸ ਕਰਨ ਲੱਗ ਪੈਂਦੇ ਹਨ ਜਿਸ ਦੇ ਵਜ਼ਨ ਥੱਲੇ ਉਨ੍ਹਾਂ ਦੇ ਸੋਚਣ-ਸਮਝਣ ਦਾ ਢੰਗ ਅਤੇ ਜ਼ਿੰਦਗੀ ਦੀ ਸੂਝ-ਬੂਝ ਵੀ ਦਬ ਕੇ ਰਹਿ ਜਾਂਦੀ ਹੈ।

ਅਜਿਹੀਆਂ ਬਹੁਤ ਸਾਰੀਆਂ ਕਹਾਣੀਆਂ ਅਤੇ ਫਿਲਮਾਂ ਮੌਜੂਦ ਹਨ ਜਿਨ੍ਹਾਂ ਵਿਚ ਇਸ ਗੱਲ ਦੀ ਵਿਆਖਿਆ ਕੀਤੀ ਗਈ ਹੈ ਕਿ ਮੌਕਾ ਆਉਣ 'ਤੇ ਸਮੂਹਿਕ ਏਕੇ ਅਤੇ ਸਾਂਝੀ ਸਿਆਸੀ ਕਲਪਨਾ ਦੀ ਅਣਹੋਂਦ ਵਿਚ, ਸੰਘਰਸ਼ਾਂ ਵਿਚ ਸਫਲ ਹੋਣ ਅਤੇ ਜਬਰ ਕਰਨ ਵਾਲੇ ਨੂੰ ਖਦੇੜਨ ਦੇ ਬਾਵਜੂਦ ਪੂਰੀ ਲੋਕ-ਸਮਰੱਥਾ ਆਪਾ-ਧਾਪੀ ਜਾਂ ਆਪਸੀ ਖਾਨਾਜੰਗੀ ਦਾ ਸ਼ਿਕਾਰ ਹੋ ਜਾਂਦੀ ਹੈ। ਅਜਿਹੇ ਹਾਲਾਤ ਵਿਚ ਜਾਬਰ ਦਾ ਵਾਪਸ ਪਰਤ ਆਉਣਾ ਜਾਂ ਉਸ ਪੂਰੇ ਸਮੂਹ ਜਾਂ ਗਰੁੱਪ ਦਾ ਹੀ ਜਾਬਰ ਵਾਲਾ ਰਵੱਈਆ ਅਖਤਿਆਰ ਕਰ ਲੈਣਾ ਕੋਈ ਅਣਹੋਣੀ ਗੱਲ ਨਹੀਂ।

ਇਸ ਫਿਲਮ ਵਿਚ ਵਿਤੋਰੀਓ ਦਿ ਸੀਕਾ ਆਪਣੇ ਫਿਲਮਾਂ ਬਣਾਉਣ ਦੇ ਅੰਦਾਜ਼ ਤੋਂ ਅਲੱਗ ਜਾ ਕੇ ਪਰੀ-ਕਥਾ ਦੇ ਰੂਪ ਵਿਚ ਫਿਲਮ ਬਣਾਉਂਦੇ ਹਨ ਜਿਸ ਵਿਚ ਫਿਲਮ ਦੇ ਹੀਰੋ ਨੂੰ ਉਸ ਦੀ ਮਰੀ ਹੋਈ ਦਾਦੀ ਅਜਿਹੀ ਬਤਖ ਤੋਹਫੇ ਵਜੋਂ ਦਿੰਦੀ ਹੈ ਜਿਹੜੀ ਹੀਰੋ ਦੇ ਹੱਥਾਂ ਵਿਚ ਆਉਣ 'ਤੇ ਕਿਸੇ ਦੀ ਕੋਈ ਵੀ ਇੱਛਾ ਪੂਰੀ ਕਰ ਸਕਦੀ ਹੈ। ਇਸ ਫਿਲਮ ਦਾ ਹੀਰੋ ਟੀਟੋ ਅਨਾਥ ਬੱਚਾ ਹੈ ਜਿਹੜਾ ਆਪਣੀ ਦਾਦੀ ਦੀ ਮੌਤ





ਤੋਂ ਬਾਅਦ ਅਨਾਥ ਆਸ਼ਰਮ ਵਿਚ ਰਹਿੰਦਾ ਹੈ। ਹੁਣ ਉਹ ਬਾਲਗ ਹੋ ਚੁੱਕਿਆ ਹੈ ਜਿਸ ਕਾਰਨ ਉਸ ਨੂੰ ਸ਼ਹਿਰ ਦੇ ਪ੍ਰਸ਼ਾਸਨ ਦੀ ਇਹ ਚਿਤਾਵਨੀ ਮਿਲਦੀ ਹੈ ਕਿ ਉਹ ਹੁਣ ਆਪਣਾ ਕਮਾਵੇ ਤੇ ਖਾਵੇ। ਟੀਟੋ ਹੁਣ ਤੱਕ ਅਨਾਥ ਆਸ਼ਰਮ ਦੀ ਘੱਟ ਸਹੂਲਤਾਂ ਵਾਲੀ ਪਰ ਮਨੁੱਖੀ ਨਿੱਘ ਅਤੇ ਦੋਸਤੀਆਂ ਨਾਲ ਭਰੀ ਦੁਨੀਆ ਵਿਚ ਰਹਿ ਰਿਹਾ ਹੈ। ਜਦੋਂ ਉਹ ਬਾਹਰ ਦੀ ਦੁਨੀਆ ਦੇਖਦਾ ਹੈ ਤਾਂ ਉਸ ਨੂੰ ਹਕੀਕਤ ਦਾ ਅੰਦਾਜ਼ਾ ਹੋ ਜਾਂਦਾ ਹੈ ਅਤੇ ਇਹ ਵੀ ਸਮਝ ਆ ਜਾਂਦਾ ਹੈ ਕਿ ਬਾਹਰ ਦੀ ਦੁਨੀਆ ਕਿੰਨੇ ਝੂਠਾਂ ਤੇ ਫਰੇਬਾਂ ਨਾਲ ਭਰੀ ਹੋਈ ਹੈ।

ਟੀਟੋ ਦਾ ਵਾਹ ਅਜਿਹੇ ਲੋਕਾਂ ਨਾਲ ਪੈਣਾ ਸ਼ੁਰੂ ਹੋ ਜਾਂਦਾ ਹੈ ਜਿਹੜੇ ਜ਼ਿੰਦਗੀ ਤੋਂ ਰੁੱਸੇ ਹੋਏ ਹਨ ਅਤੇ ਮੁਸਕਰਾਣਾ ਭੁੱਲ ਚੁੱਕੇ ਹਨ। ਉਸ ਦੀ ਪਹਿਲੀ ਮੁਲਾਕਾਤ ਅਜਿਹੇ ਸ਼ਖਸ ਨਾਲ ਹੁੰਦੀ ਹੈ ਜਿਹੜਾ ਉਸ ਦਾ ਸਮਾਨ ਵਾਲਾ ਬੈਗ ਚੋਰੀ ਕਰ ਲੈਂਦਾ ਹੈ ਅਤੇ ਉਸ ਦੁਆਰਾ ਫੜੇ ਜਾਣ 'ਤੇ ਸ਼ਰਮਿੰਦਾ ਹੋ ਕੇ ਰੋਣ ਲੱਗ ਪੈਂਦਾ ਹੈ। ਉਸ ਨੂੰ ਇਸ ਗੱਲ ਦੀ ਬੇਹੱਦ ਨਾਮੋਸ਼ੀ ਹੈ ਕਿ ਉਸ ਨੇ ਇੱਕ ਚੰਗੇ ਨੌਜਵਾਨ ਦਾ ਆਖਰੀ ਸਮਾਨ ਵੀ ਚੋਰੀ ਕਰਨ ਦੀ ਕੋਸ਼ਿਸ ਕੀਤੀ ਹੈ। ਟੀਟੋ ਉਸ ਦੀ ਗਿਲਾਨੀ ਦੇਖ ਕੇ ਪ੍ਰੇਸ਼ਾਨ ਹੋ ਉਠਦਾ ਹੈ ਅਤੇ ਕਿਤੇ ਵੀ ਰਾਤ ਗੁਜ਼ਾਰਨ ਦਾ ਟਿਕਾਣਾ ਨਾ ਹੋਣ ਕਾਰਨ ਉਸ ਚੋਰ ਦੇ ਨਾਲ ਹੀ ਉਸ ਦੇ ਘਰ ਚਲਾ ਜਾਂਦਾ ਹੈ।

ਜਿਥੇ ਟੀਟੋ ਆਪਣੇ ਇਸ ਸਾਥੀ ਨਾਲ ਪੁੱਜਦਾ ਹੈ, ਉਸ ਥਾਂ ਨੂੰ ਪੂਰੀ ਤਰ੍ਹਾਂ ਘਰ ਵੀ ਨਹੀਂ ਕਿਹਾ ਜਾ ਸਕਦਾ; ਇਹ ਤਾਂ ਸਿਰਫ ਟੀਨ ਦੇ ਡੱਬਿਆਂ ਨੂੰ ਆਪਸ ਵਿਚ ਜੋੜ ਕੇ ਜੁਗਾੜ ਜਿਹਾ ਖੜ੍ਹਾ ਕੀਤਾ ਹੋਇਆ ਹੈ ਜਿਹੜਾ ਕਿਸੇ ਵੀ ਪਲ ਢਹਿ ਸਕਦਾ ਹੈ। ਟੀਟੋ ਲਈ ਇਹ ਥਾਂ ਓਪਰੀ ਹੈ। ਇਸ ਦੇ ਬਾਵਜੂਦ ਉਹ ਇਥੇ ਹੀ ਟਿਕਣ ਦਾ ਇਰਾਦਾ ਕਰ ਲੈਂਦਾ ਹੈ। ਇਨ੍ਹਾਂ ਦਿਨਾਂ ਵਿਚ ਸਾਰੀ ਬਸਤੀ ਬਰਫ ਨਾਲ ਢਕੀ ਹੋਈ ਹੈ ਅਤੇ ਹਰ ਆਉਂਦਾ-ਜਾਂਦਾ ਸਾਹ ਵੀ ਜੰਮ ਰਿਹਾ ਹੈ। ਬਸਤੀ ਦੇ ਬਹੁਤੇ ਲੋਕ ਬੇਰੁਜ਼ਗਾਰ ਹਨ ਅਤੇ ਸਾਰਾ ਦਿਨ ਗਲੀਆਂ ਦੀ ਧੂੜ ਫੱਕਦੇ ਹਨ। ਉਨ੍ਹਾਂ ਵਿਚੋਂ ਕੁਝ ਲੋਕ ਜੁਰਮਾਂ ਦੀ ਦੁਨੀਆ ਵਿਚ ਵੀ ਗਲਤਾਨ ਹਨ ਪਰ ਉਨ੍ਹਾਂ ਨੂੰ ਬਸਤੀ ਦੇ ਬਜ਼ੁਰਗਾਂ ਤੋਂ ਸ਼ਰਮ ਵੀ ਮਹਿਸੂਸ ਹੁੰਦੀ ਹੈ। ਬਹੁਤੇ ਲੋਕਾਂ ਦੀ ਰੋਜ਼ੀ-ਰੋਟੀ ਦਾ ਜ਼ਰੀਆ ਭੀਖ ਮੰਗਣਾ ਹੈ। ਬਸਤੀ ਵਿਚ ਸੂਰਜ ਦੀ ਧੁੱਪ ਨਿਆਮਤ ਵਾਂਗ ਹੀ ਹੈ।

ਸ਼ੁਰੂ ਦੇ ਦਿਨਾਂ ਵਿਚ ਟੀਟੋ ਦੇਖਦਾ ਹੈ ਕਿ ਕਿਵੇਂ ਲੋਕ ਸੂਰਜ ਦੀ ਉਮੀਦ ਵਿਚ ਟਿਕਟਿਕੀ ਲਾ ਅਸਮਾਨ ਵਲ ਤੱਕਦੇ ਰਹਿੰਦੇ ਹਨ ਅਤੇ ਆਪਣੇ ਸਾਰੇ ਕੰਮਾਂ-ਕਾਰਾਂ ਦੀ ਵਿਆਖਿਆਂ ਤੇ ਤਰਤੀਬ ਸੂਰਜ ਦੇ ਰਹਿਮੋ-ਕਰਮ ਨਾਲ ਤੈਅ ਕਰਦੇ ਹਨ। ਉਸ ਨੂੰ ਉਨ੍ਹਾਂ ਦੀ ਜ਼ਿੰਦਗੀ ਨਾਲ ਲਗਾਓ ਹੋ ਜਾਂਦਾ ਹੈ ਅਤੇ ਉਹ ਉਨ੍ਹਾਂ ਨੂੰ ਵਿਹਲੇ ਸਮੇਂ ਵਿਚ ਘਰਾਂ ਦੀ ਮੁਰੰਮਤ ਕਰਨ ਅਤੇ ਟੁੱਟੇ ਕਬਾੜ ਵਿਚੋਂ ਵਰਤੋਂ ਯੋਗ ਚੀਜ਼ਾਂ ਦੀ ਸਾਂਭ-ਸੰਭਾਲ ਕਰਨ ਅਤੇ ਆਪਸ ਵਿਚ ਸਹਿਯੋਗ ਕਰਨ ਲਈ ਮਨਾ ਲੈਂਦਾ ਹੈ। ਇਨ੍ਹਾਂ ਲੋਕਾਂ ਵਿਚ ਹਰ ਤਰ੍ਹਾਂ ਦੇ ਲੋਕ ਸ਼ਾਮਿਲ ਹਨ। ਇੱਕ ਬੁਜ਼ਰਗ ਜਿਸ ਨੇ ਜ਼ਿੰਦਗੀ ਵਿਚ ਕਦੇ ਮੁਰਗਾ ਨਹੀਂ ਚੱਖਿਆ, ਤੇ ਉਸ ਨੂੰ ਡਰ ਹੈ ਕਿ ਜੇ ਉਸ ਨੇ ਕਿਸੇ ਦਿਨ ਪੂਰਾ ਮੁਰਗਾ ਖਾ ਲਿਆ ਤਾਂ ਉਸ ਦੀ ਮੌਤ ਹੋ ਜਾਣੀ ਹੈ! ਸਾਰਾ ਦਿਨ ਬੁੜ-ਬੁੜ ਕਰਨ ਵਾਲੀ ਇਕ ਬੁੱਢੀ ਹੈ ਜਿਸ ਕੋਲ ਕੁਝ ਕੁਰਸੀਆਂ ਹਨ; ਉਸ ਦੀ ਝੌਂਪੜੀ ਤੋਂ ਸੂਰਜ ਕਿਉਂਕਿ ਸਿੱਧਾ ਅਤੇ ਸਭ ਤੋਂ ਪਹਿਲਾ ਦਿਸਦਾ ਹੈ, ਉਹ ਲੋਕਾਂ ਤੋਂ ਕੁਰਸੀਆਂ 'ਤੇ ਬੈਠ ਕੇ ਸੂਰਜ ਦਿਖਾਉਣ ਦੀ ਫੀਸ ਵਸੂਲਦੀ ਹੈ। ਇੱਦਾਂ ਹੀ ਬਸਤੀ ਦੇ ਬਹੁਤੇ ਲੋਕ ਪੈਸੇ ਦੀ ਅਣਹੋਂਦ ਨਾਲ ਘੁਲਦੇ ਹੋਏ ਆਪਣਾ-ਆਪ ਗੁਆ ਰਹੇ ਹਨ। ਉਨ੍ਹਾਂ ਦਿਨਾਂ ਵਿਚ ਹੀ ਬੇਹੱਦ ਚਲਾਕ ਤੇ ਮੁਨਾਫਾਖੋਰ ਪੂੰਜੀਪਤੀ ਦੀ ਨਿਗਾਹ ਇਸ ਬਸਤੀ 'ਤੇ ਪੈਂਦੀ ਹੈ। ਉਹ ਬਸਤੀ ਵਾਲਿਆਂ ਦੀ ਸਮਰੱਥਾ ਜੋਖਣ ਅਤੇ ਉਨ੍ਹਾਂ ਨੂੰ ਲਾਲਚ ਦੇਣ ਦੇ ਇਰਾਦੇ ਨਾਲ ਦੋਸਤੀ ਗੰਢ ਲੈਂਦਾ ਹੈ। ਬਸਤੀ ਦੇ ਮੁਹਤਬਰ ਲੋਕ ਉਸ ਦੀਆਂ ਲੂੰਬੜ ਚਾਲਾਂ ਵਿਚ ਆ ਜਾਂਦੇ ਹਨ ਅਤੇ ਉਸ ਨੂੰ ਆਪਣਾ ਹਮਦਰਦ ਮੰਨ ਲੈਂਦੇ ਹਨ। ਉਹ ਇਨ੍ਹਾਂ ਸਾਰਿਆਂ ਨੂੰ ਬੇਵਕੂਫ ਤੇ ਗਲੀਜ਼ ਸਮਝਦਾ ਹੈ ਅਤੇ ਇਸ ਬਸਤੀ ਨੂੰ ਹੜੱਪਣ ਲਈ ਮੌਕੇ ਦੀ ਤਲਾਸ਼ ਵਿਚ ਹੈ।







*ਇਤਾਲਵੀ ਫਿਲਮਸਾਜ਼ ਵਿਤੋਰੀਓ ਦਿ ਸੀਕਾ ਅਤੇ ਉਸ ਦੀ ਫਿਲਮ 'ਮਿਰਾਕਲ ਇਨ ਮਿਲਾਨ' ਦਾ ਪੋਸਟਰ*



*ਫਿਲਮ 'ਮਿਰਾਕਲ ਇਨ ਮਿਲਾਨ ਦਾ ਇਕ ਭਾਵ-ਭਰਪੂਰ ਦ੍ਰਿਸ਼।*

ਇਸ ਸ਼ਖਸ ਨੂੰ ਇਹ ਮੌਕਾ ਉਸ ਦਿਨ ਮਿਲਦਾ ਹੈ ਜਿਸ ਦਿਨ ਉਸ ਨੂੰ ਪਤਾ ਲਗਦਾ ਹੈ ਕਿ ਬਸਤੀ ਵਿਚ ਜਦੋਂ ਲੋਕ ਪਾਣੀ ਦੀ ਤਲਾਸ਼ ਵਿਚ ਨਵਾਂ ਬੋਰ ਕਰ ਰਹੇ ਸਨ ਤਾਂ ਅਚਾਨਕ ਉਥੋਂ ਤੇਲ ਨਿਕਲਣਾ ਸ਼ੁਰੂ ਹੋ ਗਿਆ ਹੈ। ਲਾਲਚ ਵਿਚ ਉਹ ਹਾਬੜਿਆ ਹੋਇਆ ਸ਼ਹਿਰ ਦੀ ਪੁਲਿਸ ਨਾਲ ਮਿਲ ਕੇ ਬਸਤੀ 'ਤੇ ਧਾਵਾ ਬੋਲ ਦਿੰਦਾ ਹੈ ਅਤੇ ਸ਼ਹਿਰ ਦੇ ਮੁਖੀ ਰਾਹੀਂ ਫੌਜ ਨੂੰ ਤਿਆਰ ਰਹਿਣ ਦਾ ਹੁਕਮ ਚਾੜ੍ਹ ਦਿੰਦਾ ਹੈ। ਇਸ ਤਰ੍ਹਾਂ ਇਹ ਵੀ ਚਿੱਟੇ ਦਿਨ ਵਾਂਗ ਸਾਫ ਹੋ ਜਾਂਦਾ ਹੈ ਕਿ ਅਸਲ ਵਿਚ ਸਾਰੀ ਸਟੇਟ ਮਸ਼ੀਨਰੀ ਅਤੇ ਪ੍ਰਬੰਧ ਦਾ ਹੀ ਭੱਠਾ ਬੈਠ ਚੁੱਕਿਆ ਹੈ ਅਤੇ ਇਸ ਦੇ ਪੁਲਿਸ ਅਤੇ ਫੌਜ ਵਰਗੇ ਹਥਿਆਰਬੰਦ ਅੰਗ ਆਮ ਲੋਕਾਂ ਦੀ ਜ਼ਿੰਦਗੀ ਨੂੰ ਨਰਕ ਬਣਾਉਣ ਲਈ ਪੂੰਜੀਪਤੀਆਂ ਦੇ ਇਸ਼ਾਰਿਆਂ 'ਤੇ ਨੱਚ ਰਹੇ ਹਨ। ਫਿਲਮ ਵਿਚ ਫੌਜ ਤੇ ਪੁਲਿਸ ਬਸਤੀ ਵਾਲਿਆਂ ਨੂੰ ਉਜਾੜਨਾ ਸ਼ੁਰੂ ਕਰ ਦਿੰਦੀ ਹੈ।

ਇਥੇ ਫਿਲਮਸਾਜ਼ ਵਜੋਂ ਡੀ ਸਿੱਕਾ ਦੀ ਕਾਰਗੁਜ਼ਾਰੀ ਕਾਬਲ-ਏ-ਤਾਰੀਫ ਹੈ। ਫਿਲਮ ਵਿਚ ਉਸ ਨੇ ਸਿੱਖੇ-ਸਿਖਾਏ ਅਦਾਕਾਰਾਂ ਦੀ ਥਾਂ ਬਸਤੀ ਵਾਲਿਆਂ ਨਾਲ ਹੀ ਕੰਮ ਕੀਤਾ ਹੈ ਜਿਸ ਕਾਰਨ ਫਿਲਮ ਸੁਭਾਵਿਕ ਅਤੇ ਸਹਿਜ ਬਣੀ ਹੈ। ਬਹੁਤੇ ਦ੍ਰਿਸ਼ ਫਿਲਮ ਦੀ ਬਜਾਏ ਕਿਸੇ ਦਸਤਾਵੇਜ਼ੀ ਫਿਲਮ ਦਾ ਹਿੱਸਾ ਲੱਗਦੇ ਹਨ। ਬਸਤੀ ਵਾਲਿਆਂ ਦੇ ਸਰੀਰਾਂ ਦੇ ਹਾਵ-ਭਾਵ, ਬੋਲਣ ਦਾ ਲਹਿਜਾ ਅਤੇ ਅਦਾਕਾਰੀ ਦਾ ਢੰਗ ਫਿਲਮ ਉਪਰ ਦਰਸ਼ਕਾਂ ਦਾ ਭਰੋਸਾ ਲਗਾਤਾਰ ਬਣਾਈ ਰੱਖਦੇ ਹਨ।

ਬਸਤੀ ਉਪਰ ਹਮਲਾ ਕਰ ਕੇ ਪੂੰਜੀਪਤੀ ਉਸ ਤੇਲ ਦੇ ਖਜ਼ਾਨੇ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਉਹ ਖੁਦ ਆ ਕੇ ਬਸਤੀ ਵਾਲਿਆਂ ਉਪਰ ਧੂੰਏਂ ਵਾਲੇ ਬੰਬ ਅਤੇ ਪਾਣੀ ਦੀ ਵਾਛੜ ਦਾ 'ਆਨੰਦ' ਲੈਣਾ ਚਾਹੁੰਦਾ ਹੈ। ਉਸ ਨੂੰ ਲਗਦਾ ਹੈ ਕਿ ਇਹ ਨਿੱਹਥੇ ਅਤੇ ਉਜੜੇ-ਪੁੱਜੜੇ ਲੋਕ ਕੀ ਕਰ ਸਕਦੇ ਹਨ! ਇਥੇ ਫਿਲਮ ਵਿਚ ਵੱਡਾ ਮੋੜ ਆਉਂਦਾ ਹੈ ਜਦੋਂ ਟੀਟੋ ਦੀ ਮਰੀ ਹੋਈ ਦਾਦੀ ਉਸ ਨੂੰ ਬੱਤਖ ਦੇ ਕੇ ਆਖਦੀ ਹੈ ਕਿ ਇਸ ਨਾਲ ਉਹ ਦੁਨੀਆ ਦਾ ਕੋਈ ਵੀ ਕੰਮ ਮਿੰਟਾਂ ਵਿਚ ਪੂਰਾ ਕਰ ਸਕਦਾ ਹੈ। ਟੀਟੋ ਲਈ ਇਸ ਸਮੇਂ ਸਭ ਤੋਂ ਅਹਿਮ ਉਜਾੜੇ ਦੇ ਇਸ ਹਾਦਸੇ ਨੂੰ ਰੋਕਣਾ ਹੈ। ਉਹ ਬੱਤਖ ਦੀ ਸਹਾਇਤਾ ਨਾਲ ਦੋਵਾਂ ਧਿਰਾਂ ਦਾ ਨੁਕਸਾਨ ਕੀਤੇ ਬਿਨਾ ਹਮਲੇ ਦਾ ਸਾਹਮਣਾ ਤਾਂ ਕਰ ਲੈਂਦਾ ਹੈ ਪਰ ਹੁਣ ਨਵੀਂ ਮੁਸੀਬਤ ਖੜ੍ਹੀ ਹੋ ਜਾਂਦੀ ਹੈ। ਬਸਤੀ ਦੇ ਸਾਰੇ ਲੋਕਾਂ ਨੂੰ ਜਦੋਂ ਇਹ ਪਤਾ ਲਗਦਾ ਹੈ ਕਿ ਇਸ ਬੱਤਖ ਰਾਹੀਂ ਟੀਟੋ ਉਨ੍ਹਾਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰ ਸਕਦਾ ਹੈ ਤਾਂ ਉਨ੍ਹਾਂ ਲਈ ਸਬਰ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਬਸਤੀ ਦੇ ਹਰ ਬਾਸ਼ਿੰਦੇ ਨੂੰ ਕੁਝ ਨਾ ਕੁਝ ਚਾਹੀਦਾ ਹੈ। ਕੋਈ ਉਸ ਤੋਂ ਫੱਰ ਵਾਲਾ ਕੋਟ ਮੰਗਦਾ ਹੈ ਤੇ ਕੋਈ ਲੱਖਾਂ ਦੀ ਨਕਦੀ। ਕਿਸੇ ਨੂੰ ਬੂਟ ਚਾਹੀਦੇ ਹਨ, ਕਿਸੇ ਨੂੰ ਅਲਮਾਰੀ। ਉਨ੍ਹਾਂ ਸਾਰਿਆਂ ਲਈ ਇਹ ਛੋਟੀਆਂ-ਛੋਟੀਆਂ ਚੀਜ਼ਾਂ ਹੀ ਇੰਨੀਆਂ ਮਹੱਤਵਪੂਰਨ ਹੋ ਚੁੱਕੀਆਂ ਹਨ ਕਿ ਉਹ ਇਨ੍ਹਾਂ ਦੀ ਖਾਹਿਸ਼ ਵਿਚ ਹੀ ਖਪਤ ਹੋ ਜਾਂਦੇ ਹਨ ਅਤੇ ਇਹ ਭੁੱਲ ਜਾਂਦੇ ਹਨ ਕਿ ਇਸ ਬੱਤਖ ਰਾਹੀਂ ਉਹ ਇਸ ਗੰਦੀ ਬਸਤੀ ਤੋਂ ਸਦਾ ਲਈ ਛੁਟਕਾਰਾ ਪਾ ਸਕਦੇ ਹਨ ਅਤੇ ਆਪਣੇ ਲਈ ਬਿਹਤਰ ਕੱਲ੍ਹ ਦੀ ਤਲਾਸ਼ ਕਰ ਸਕਦੇ ਹਨ। ਬੱਤਖ ਕੁਝ ਪਲ ਦਾ ਛਲਾਵਾ ਮਾਤਰ ਹੈ ਜਿਵੇਂ ਸਾਬਿਤ ਵੀ ਹੋ ਜਾਂਦਾ ਹੈ: ਅੰਤਿਮ ਦ੍ਰਿਸ਼ਾਂ ਵਿਚ ਉਨ੍ਹਾਂ ਨੂੰ ਮੁਜਰਿਮਾਂ ਵਾਂਗ ਗੱਡੀਆਂ ਵਿਚ ਤੁੰਨ੍ਹ ਕੇ ਥਾਣੇ ਵਲ ਲਿਜਾਇਆ ਜਾ ਰਿਹਾ ਹੈ।

1948 ਵਿਚ ਆਪਣੀ ਸ਼ਾਹਕਾਰ ਫਿਲਮ 'ਦਿ ਬਾਈਸਾਈਕਲ ਥੀਵਜ਼' ਰਾਹੀਂ ਦੁਨੀਆ ਦੇ ਕਈ ਮੁਲਕਾਂ ਦੇ ਫਿਲਮਸਾਜ਼ਾਂ ਨੂੰ ਸਿਨੇਮਾ ਦੀ ਨਵ-ਯਥਾਰਥਵਾਦੀ ਧਾਰਾ ਨਾਲ ਜੋੜਨ ਵਾਲੇ ਵਿਤੋਰੀਓ ਦਿ ਸੀਕਾ ਦੀ ਇਹ ਫਿਲਮ 'ਦਿ ਮਿਰਾਕਲ ਇਨ ਮਿਲਾਨ' ਇਟਲੀ ਦੇ ਅਤੀਤ ਦਾ ਅਣਫਰੋਲਿਆ ਪੰਨਾ ਹੈ। ਦੂਜੀ ਸੰਸਾਰ ਜੰਗ ਵਿਚ ਬੁਰੀ ਤਰ੍ਹਾਂ ਤਬਾਹ ਹੋ ਚੁੱਕੇ ਇਟਲੀ ਵਿਚ ਇਸ ਫਿਲਮ ਦਾ ਵਾਪਰਨ ਦਾ ਸਮਾਂ ਤੇ ਸਥਾਨ ਮਿੱਥਿਆ ਗਿਆ ਹੈ।

ਫਿਲਮ ਕਿਸੇ ਪਰੀ-ਕਥਾ ਵਾਂਗ ਚਲਦੀ ਹੈ ਪਰ ਇਸ ਵਿਚ ਫਿਲਮਾਈਆਂ ਹਕੀਕਤਾਂ ਬਹੁਤ ਡਰਾਵਣੀਆਂ ਅਤੇ ਤਰਾਸਦੀਆਂ ਨਾਲ ਭਰੀਆਂ ਪਈਆਂ ਹਨ। ਫਿਲਮ ਵਿਚ ਗਰੀਬੀ ਅਤੇ ਅਮੀਰੀ ਦੀ ਯੁੱਗਾਂ-ਯੁਗਾਂਤਰਾਂ ਤੋਂ ਤੁਰੀ ਆ ਰਹੀ ਗੈਰ-ਕੁਦਰਤੀ ਅਤੇ ਹਰ ਜੁਰਮ ਦੀ ਜੜ੍ਹ ਖਾਈ ਨੂੰ ਹੀ ਜ਼ੁਬਾਨ ਦਿੱਤੀ ਗਈ ਹੈ ਪਰ ਬਹੁਤ ਕਲਾਤਮਿਕ ਢੰਗ ਨਾਲ ਫਿਲਮਸਾਜ਼ ਨੇ ਇਸ ਤੱਥ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਸਾਂਝੇ ਧਰਾਤਲ 'ਤੇ ਖੜ੍ਹ ਕੇ ਲੜਨ ਅਤੇ ਯਥਾਰਥ ਨਾਲ ਦਸਤਪੰਜਾ ਲਏ ਬਿਨਾ ਲੋਕਾਈ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਕੱਢਿਆ ਜਾ ਸਕਦਾ। ਗਰੀਬੀ ਤੇ ਗੈਰ-ਬਰਾਬਰੀ ਵਰਗੇ ਸਿਆਸੀ ਤੇ ਸਮਾਜਿਕ ਮਸਲਿਆਂ ਵਿਚ ਕਿਸੇ ਦੈਵੀ ਸ਼ਕਤੀ ਜਾਂ ਚਮਤਕਾਰ ਦੀ ਉਮੀਦ ਕਰਨੀ ਖੁਦ ਨੂੰ ਧੋਖਾ ਦੇਣ ਤੋਂ ਸਿਵਾ ਕੁਝ ਵੀ ਨਹੀਂ ਹੋ ਸਕਦੀ।



*ਫਿਲਮ 'ਮਿਰਾਕਲ ਇਨ ਮਿਲਾਨ' ਵਿਚ ਦਰਜ ਇਕ ਬਸਤੀ ਦੀ ਝਲਕ।*

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 48 Cent + Team 58 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com